PANJAB TIMES

# ਪੰਜਾਬ ਟਾਈਮਜ਼

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

£2

4th - 11th September 2025 • Issue No. 3096

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com



IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086388


# ਸਤਲੁਜ ਅਤੇ ਘੱਗਰ ਵਿੱਚ ਪਾਣੀ ਵਧਣ ਕਰਕੇ ਮਾਲਵਾ ਖੇਤਰ ਵਿੱਚ ਦਹਿਸ਼ਤ ਦਾ ਮਾਹੌਲ




## ਪੰਜਾਬ ਵਿੱਚ ਮੀਂਹ ਕਰਕੇ ਹੜ੍ਹਾਂ ਦੀ ਹਾਲਤ ਬਣਨ ਲੱਗੀ ਗੰਭੀਰ; ਮੱਧ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਲਈ 'ਰੈਡ ਅਲਰਟ' ਜਾਰੀ

ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਅਤੇ ਪੰਜਾਬ ਵਿੱਚ ਪਿਛਲੇ 48 ਘੰਟਿਆਂ ਤੋਂ ਰੁਕ ਰੁਕ ਕੇ ਪੈ ਰਹੇ ਮੀਹ ਕਰਕੇ ਹੜ੍ਹਾਂ ਦੇ ਹਾਲਾਤ ਹੋਰ ਗੰਭੀਰ ਬਣਦੇ ਜਾ ਰਹੇ ਹਨ। ਸੂਬੇ ਵਿੱਚ ਪਹਿਲਾਂ ਰਾਵੀ ਅਤੇ ਬਿਆਸ ਦਰਿਆ ਨੇ 8 ਜ਼ਿਲ੍ਹਿਆਂ ਵਿੱਚ ਤਬਾਹੀ ਮਚਾਈ ਹੋਈ ਸੀ, ਪਰ ਹੁਣ ਸਤਲੁਜ ਅਤੇ ਘੱਗਰ ਵਿੱਚ ਵੀ ਪਾਣੀ ਵਧਣ ਕਰਕੇ ਕੁੱਲ 12 ਜ਼ਿਲ੍ਹੇ ਹੜਾਂ ਦੀ ਮਾਰ ਹੇਠ ਆ ਚੁੱਕੇ ਹਨ। ਘੱਗਰ ਅਤੇ ਸਤਲੁਜ ਵਿੱਚ ਪਾਣੀ ਵਧਣ ਕਰਕੇ ਮਾਲਵਾ ਖਿੱਤੇ ਦੇ ਲੋਕਾਂ ਵਿੱਚ ਵੀ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਸਥਾਨਕ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਘੱਗਰ ਤੇ ਸਤਲੁਜ ਸਣੇ ਹੋਰ ਨਦੀਆਂ ਨਾਲਿਆਂ ਨੇੜੇ ਨਾ ਜਾਣ ਦੀ ਅਪੀਲ ਕੀਤੀ ਜਾ ਰਹੀ ਹੈ। ਉਧਰ ਪੰਜਾਬ ਵਿੱਚ ਪਿਛਲੇ 48 ਘੰਟਿਆਂ ਤੋਂ ਪੈ ਰਹੇ ਮੀਂਹ ਕਰਕੇ ਵੀ ਸਥਿਤੀ ਹੋਰ ਗੰਭੀਰ ਹੁੰਦੀ ਜਾ ਰਹੀ ਹੈ। ਪੰਜਾਬ ਵਿੱਚ ਲੰਘੀ ਰਾਤ ਵੀ ਜ਼ਿਆਦਾਤਰ ਸ਼ਹਿਰਾਂ ਵਿੱਚ ਭਾਰੀ ਮੀਂਹ ਪਿਆ ਹੈ ਜੋ ਕਿ ਸਾਰੀ ਰਾਤ ਪੈਂਦਾ ਰਿਹਾ ਹੈ। ਉਧਰ ਮੌਸਮ ਵਿਭਾਗ ਨੇ ਵੀ ਮੱਧ ਪੰਜਾਬ ਦੇ ਸ਼ਹਿਰ ਪਠਾਨਕੋਟ, ਗੁਰਦਾਸਪੁਰ, ਮੁਕੇਰੀਆਂ, ਜਲੰਧਰ, ਸੁਲਤਾਨਪੁਰ ਲੋਧੀ, ਲੁਧਿਆਣਾ, ਮੋਗਾ, ਬਰਨਾਲਾ, ਸੰਗਰੂਰ ਅਤੇ ਮਾਨਸਾ ਦੇ ਕੁਝ ਇਲਾਕਿਆਂ ਵਿੱਚ ਅੱਜ ਭਾਰੀ ਮੀਂਹ ਪੈਣ ਲਈ 'ਰੈੱਡ ਅਲਰਟ' ਜਾਰੀ ਕਰ ਦਿੱਤਾ ਹੈ।

## ਵਿਧਾਇਕ ਹਰਮੀਤ ਸਿੰਘ ਪਠਾਣ ਮਾਜਰਾ ਪੁਲਿਸ ਹਿਰਾਸਤ 'ਚੋਂ ਫਰਾਰ!

### ਪਟਿਆਲਾ ਪੁਲਿਸ ਨੇ ਹਰਿਆਣਾ ਤੋਂ ਕੀਤਾ ਸੀ ਗ੍ਰਿਫ਼ਤਾਰ



ਆਮ ਆਦਮੀ ਪਾਰਟੀ ਦੇ ਪੰਜਾਬ ਦੇ ਸਨੌਰ ਵਿਧਾਨ ਸਭਾ ਸੀਟ ਤੋਂ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਪੁਲਿਸ ਹਿਰਾਸਤ ਵਿੱਚੋਂ ਫਰਾਰ ਹੋ ਗਏ ਹਨ। ਪਠਾਨਮਾਜਰਾ ਨੂੰ ਮੰਗਲਵਾਰ ਸਵੇਰੇ ਪਟਿਆਲਾ ਪੁਲਿਸ ਨੇ ਹਰਿਆਣਾ ਦੇ ਕਰਨਾਲ ਤੋਂ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਉਨ੍ਹਾਂ ਨੂੰ ਪਟਿਆਲਾ ਰਾਹੀਂ ਪੰਜਾਬ ਪੁਲਿਸ ਸਟੇਸ਼ਨ ਲੈ ਜਾ ਰਹੀ ਸੀ, ਜਿੱਥੇ ਰਸਤੇ ਵਿੱਚ ਪਠਾਨਮਾਜਰਾ ਆਪਣੇ ਸਾਥੀਆਂ ਸਮੇਤ ਸਕਾਰਪੀਓ ਤੇ ਫਾਰਚੂਨਰ ਗੱਡੀ ਵਿੱਚ ਫਰਾਰ ਹੋ ਗਿਆ। ਸੂਤਰਾਂ ਮੁਤਾਬਕ ਪਟਿਆਲਾ ਪੁਲਿਸ ਵੱਲੋਂ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੂੰ ਪੁਰਾਣੇ ਜ਼ਬਰ-ਜਨਾਹ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

## ਦਿਲਜੀਤ ਦੁਸਾਂਝ ਨੇ ਹੜ੍ਹ ਪ੍ਰਭਾਵਿਤ 10 ਪਿੰਡਾਂ ਨੂੰ ਗੋਦ ਲੈਣ ਦਾ ਕੀਤਾ ਐਲਾਨ



ਪੰਜਾਬੀ ਗਾਇਕ ਦਿਲਜੀਤ ਦੁਸਾਂਝ ਦੇ ਸਾਂਝ ਫਾਊਂਡੇਸ਼ਨ ਨੇ ਹੜ੍ਹ ਪ੍ਰਭਾਵਿਤ 10 ਪਿੰਡਾਂ ਨੂੰ ਗੋਦ ਲੈਣ ਦਾ ਐਲਾਨ ਕੀਤਾ ਹੈ। ਫਾਊਂਡੇਸ਼ਨ ਨੇ ਐਲਾਨ ਕੀਤਾ ਹੈ ਕਿ ਉਹ ਹੋਰ ਗੈਰ-ਸਰਕਾਰੀ ਸੰਗਠਨਾਂ ਅਤੇ ਸਥਾਨਕ ਪ੍ਰਸ਼ਾਸਨ ਦੇ ਸਹਿਯੋਗ ਨਾਲ ਹੜ੍ਹ ਰਾਹਤ ਕਾਰਜਾਂ ਦੀ ਹਮਾਇਤ ਲਈ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ 10 ਬਹੁਤ ਪ੍ਰਭਾਵਿਤ ਪਿੰਡਾਂ ਨੂੰ ਗੋਦ ਲੈ ਰਿਹਾ ਹੈ।

## ਪੰਜਾਬ ਨੂੰ ਸਾਡੇ ਸਾਥ ਤੇ ਸਹਿਯੋਗ ਦੀ ਲੋੜ: ਜਥੇਦਾਰ ਗੜਗੱਜ



ਪੰਜਾਬ ਵਿਚ ਹੜ੍ਹਾਂ ਨੂੰ ਲੈ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਆਫਤ ਦਾ ਸਾਹਮਣਾ ਕਰ ਰਹੇ ਪੰਜਾਬ ਨੂੰ ਸਾਡੇ ਸਾਥ ਤੇ ਸਹਿਯੋਗ ਦੀ ਲੋੜ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਇਸ ਸੰਕਟ ਦੀ ਘੜੀ 'ਚ ਸਾਨੂੰ ਮਿਲ ਕੇ ਰਾਹਤ ਕੰਮਾਂ 'ਚ ਹਿੱਸਾ ਲੈਣਾ ਚਾਹੀਦਾ ਹੈ।


Get set for Diwali
nectar prices
Nectar Price
£6.50
Without Nectar
£8.50
Sainsbury's Pure Sunflower Oil 5L
PURE SUNFLOWER OIL
Nectar Price
£12
Without Nectar
£19
Laila Basmati Rice 10kg
Laila
BASMATI RICE
10kg
Nectar Price
£5.50
Without Nectar
£7.50
East End Pure Butter Ghee 500g
East End
Pure Butter Ghee
for Cooking
Nectar Price
£7
Without Nectar
£12.50
Elephant Atta Medium Flour 10kg
ELEPHANT ATTA
MEDIUM
CHAPATTI FLOUR
Sainsbury's
Good food for all of us
18+. Nectar card/app required. Available in supermarkets and online, excludes Locals. Nectar Price products vary by store size/online. Delivery charges may apply for online purchases. T&Cs and further exclusions apply. Products subject to availability. Laila Basmati Rice 10kg (with Nectar 12p/100g, without Nectar 19p/100g), Sainsbury's Sunflower Oil 5L (with Nectar 13p/100ml, without Nectar 17p/100ml), Elephant Atta Medium Flour 10kg (with Nectar 7p/100g, without Nectar 13p/100g), East End Pure Butter Ghee 500g (with Nectar £1.10/100g, without Nectar £1.50/100g). For full terms see nectar.com/nectar-prices. End 21/10.

# ਹੜ੍ਹਾਂ ਦੀ ਮਾਰ: ਪੰਜਾਬ ਵਿਚ 1400 ਪਿੰਡ ਪਾਣੀ ਵਿਚ ਡੁੱਬੇ, 4 ਲੱਖ ਏਕੜ ਫਸਲਾਂ ਤਬਾਹ

## ✪ ਸਰਕਾਰ ਦੀਆਂ ਨਾਕਾਮੀਆਂ 'ਤੇ ਸਵਾਲ ✪ ਡੈਮਾਂ 'ਤੇ ਸੰਕਟ: ਭਾਖੜਾ, ਸਤਲੁਜ ਅਤੇ ਘੱਗਰ ਦਾ ਵਧਦਾ ਪਾਣੀ ਬਣਿਆ ਖਤਰਾ ✪ ਟਰੈਕਟਰ ਬਣੇ ਮਸੀਹਾ: 1.98 ਲੱਖ ਟਰੈਕਟਰ ਹੜ੍ਹ ਪੀੜਤਾਂ ਦੀ ਮਦਦ ਲਈ ਜੁਟੇ



ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਉੱਤਰਾਖੰਡ ਵਿੱਚ ਪਿਛਲੇ ਕਈ ਦਿਨਾਂ ਤੋਂ ਜਾਰੀ ਭਾਰੀ ਬਾਰਿਸ਼ਾਂ ਨੇ ਭਾਰੀ ਤਬਾਹੀ ਮਚਾਈ ਹੋਈ ਹੈ। ਪੰਜਾਬ ਵਿੱਚ ਹਾਲਾਤ ਇੰਨੇ ਵਿਗੜ ਗਏ ਹਨ ਕਿ ਸੂਬਾ ਸਰਕਾਰ ਨੇ ਸਾਰੇ 23 ਜ਼ਿਲ੍ਹਿਆਂ ਨੂੰ 'ਆਫ਼ਤ ਪ੍ਰਭਾਵਿਤ ਰਾਜ' ਐਲਾਨ ਦਿੱਤਾ ਹੈ। ਇਸ ਆਫ਼ਤ ਨੇ 1400 ਪਿੰਡਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ, ਜਿਸ ਵਿੱਚ ਸਭ ਤੋਂ ਵੱਧ ਅੰਮ੍ਰਿਤਸਰ ਦੇ 324, ਬਰਨਾਲਾ ਦੇ 134 ਅਤੇ ਹੁਸ਼ਿਆਰਪੁਰ ਦੇ 119 ਪਿੰਡ ਸ਼ਾਮਲ ਹਨ। ਸਾਢੇ ਤਿੰਨ ਲੱਖ ਲੋਕ ਪ੍ਰਭਾਵਿਤ ਹੋਏ ਹਨ, 40 ਦੀਆਂ ਮੌਤਾਂ ਹੋ ਚੁੱਕੀਆਂ ਹਨ ਅਤੇ ਤਿੰਨ ਲੋਕ ਲਾਪਤਾ ਹਨ। ਇਸ ਸੰਕਟ ਨੇ 1988 ਦੀਆਂ ਹੜ੍ਹਾਂ ਨੂੰ ਵੀ ਪਿੱਛੇ ਛੱਡ ਦਿੱਤਾ ਹੈ।

### ਹੜ੍ਹਾਂ ਦੀ ਵਿਆਪਕ ਤਬਾਹੀ

ਪੰਜਾਬ ਦੇ ਦਰਿਆਵਾਂ ਘੱਗਰ, ਸਤਲੁਜ ਅਤੇ ਰਾਵੀ ਦਾ ਪਾਣੀ ਖਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਿਆ ਹੈ। ਘੱਗਰ ਦੇ ਨੱਕੋ-ਨੱਕ ਭਰ ਜਾਣ ਨਾਲ ਮਾਲਵਾ ਖੇਤਰ ਵਿੱਚ ਸਹਿਮ ਦਾ ਮਾਹੌਲ ਹੈ। ਸਤਲੁਜ ਦੇ ਵਧੇ ਹੋਏ ਪਾਣੀ ਨੇ ਗਿੱਦੜਵਿੰਡੀ ਬੰਨ੍ਹ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ 1676 ਫੁੱਟ 'ਤੇ ਪਹੁੰਚ ਗਿਆ ਹੈ, ਜੋ ਖਤਰੇ ਦੇ ਨਿਸ਼ਾਨ ਤੋਂ ਸਿਰਫ 4 ਫੁੱਟ ਦੂਰ ਹੈ। ਮੌਸਮ ਵਿਭਾਗ ਨੇ ਅਗਲੇ ਦਿਨਾਂ ਵਿੱਚ ਹੋਰ ਭਾਰੀ ਮੀਂਹ ਦੀ ਚਿਤਾਵਨੀ ਦਿੱਤੀ ਹੈ, ਜਿਸ ਨਾਲ ਸਥਿਤੀ ਹੋਰ ਵਿਗੜ ਸਕਦੀ ਹੈ।

ਖੇਤੀ ਮਹਿਕਮੇ ਦੀ ਰਿਪੋਰਟ ਅਨੁਸਾਰ, 4.01 ਲੱਖ ਏਕੜ ਖੇਤੀਬਾੜੀ ਜ਼ਮੀਨ ਹੜ੍ਹਾਂ ਦੀ ਮਾਰ ਹੇਠ ਆ ਗਈ ਹੈ। ਝੋਨਾ, ਮੱਕੀ, ਕਪਾਹ ਅਤੇ ਗੰਨੇ ਦੀਆਂ ਫਸਲਾਂ ਨੂੰ ਭਾਰੀ ਨੁਕਸਾਨ ਪੁੱਜਾ ਹੈ। ਖੇਤੀ ਮਾਹਿਰਾਂ ਦਾ ਅੰਦਾਜ਼ਾ ਹੈ ਕਿ ਸਾਉਣੀ ਦੀ ਮੁੱਖ ਫਸਲ ਝੋਨੇ ਦਾ 70 ਤੋਂ 75 ਲੱਖ ਕੁਇੰਟਲ ਤੱਕ ਨੁਕਸਾਨ ਹੋ ਸਕਦਾ ਹੈ। ਸਬਜ਼ੀਆਂ, ਪਸ਼ੂਆਂ ਦਾ ਚਾਰਾ, ਬਾਗ ਅਤੇ ਖੁੰਭਾਂ ਦੇ ਪ੍ਰੋਜੈਕਟ ਵੀ ਬੁਰੀ ਤਰ੍ਹਾਂ ਤਬਾਹ ਹੋਏ ਹਨ। ਖੇਤੀ ਸਹਾਇਕ ਧੰਦਿਆਂ ਜਿਵੇਂ ਡੇਅਰੀ, ਪੋਲਟਰੀ, ਮੱਛੀ ਪਾਲਣ ਅਤੇ ਸੂਰ-ਬੱਕਰੀ ਪਾਲਣ ਨੂੰ ਵੀ ਵੱਡੀ ਮਾਰ ਪਈ ਹੈ। ਘਰਾਂ ਵਿੱਚ ਰੱਖੀਆਂ ਗਈਆਂ ਅਗਲੇ ਸਾਲ ਦੀਆਂ ਫਸਲਾਂ ਦੇ ਬੀਜ ਅਤੇ ਕਣਕ ਵੀ ਪਾਣੀ ਵਿੱਚ ਭਿੱਜ ਕੇ ਬਰਬਾਦ ਹੋ ਗਈ ਹੈ।

ਹੜ੍ਹਾਂ ਦੇ ਪਾਣੀ ਵਿੱਚ ਗਾਰ ਅਤੇ ਰੇਤ ਭਰਨ ਕਾਰਨ ਕਈ ਖੇਤਾਂ ਦੀ ਉਪਜਾਊ ਸ਼ਕਤੀ ਨੂੰ ਲੰਮੇ ਸਮੇਂ ਲਈ ਨੁਕਸਾਨ ਪਹੁੰਚਿਆ ਹੈ, ਜਿਸ ਦਾ ਅਸਰ ਅਗਲੇ ਕਈ ਸਾਲਾਂ ਤੱਕ ਫਸਲਾਂ 'ਤੇ ਦਿਖੇਗਾ।

### ਸਰਕਾਰੀ ਅਤੇ ਗੈਰ-ਸਰਕਾਰੀ ਯਤਨ

ਸਥਾਨਕ ਪ੍ਰਸ਼ਾਸਨ, ਥਲ ਸੈਨਾ, ਜਲ ਸੈਨਾ ਅਤੇ ਐਨ.ਡੀ.ਆਰ.ਐਫ. ਦੀਆਂ 20 ਟੀਮਾਂ ਹੜ੍ਹ ਪੀੜਤਾਂ ਨੂੰ ਸੁਰੱਖਿਅਤ ਕੱਢਣ ਲਈ ਦਿਨ-ਰਾਤ ਜੁਟੀਆਂ ਹੋਈਆਂ ਹਨ। ਹਵਾਈ ਫੌਜ ਦੇ 30-35 ਹੈਲੀਕਾਪਟਰ ਰਾਹਤ ਕਾਰਜਾਂ ਵਿੱਚ ਲੱਗੇ ਹੋਏ ਹਨ। ਧਾਰਮਿਕ ਅਤੇ ਸਮਾਜਿਕ ਸੰਸਥਾਵਾਂ, ਜਿਵੇਂ ਸ਼੍ਰੋਮਣੀ ਕਮੇਟੀ ਅਤੇ ਪੰਥਕ ਜਥੇਬੰਦੀਆਂ, ਰਾਹਤ ਕੈਂਪਾਂ ਵਿੱਚ ਭੋਜਨ, ਪਾਣੀ ਅਤੇ ਹੋਰ ਸਮੱਗਰੀ ਪਹੁੰਚਾ ਰਹੀਆਂ ਹਨ। ਉਹ ਲੋਕ ਜੋ ਆਪਣੇ ਘਰਾਂ ਦੀਆਂ ਛੱਤਾਂ 'ਤੇ ਫਸੇ ਹੋਏ ਹਨ, ਉਨ੍ਹਾਂ ਤੱਕ ਵੀ ਸਹਾਇਤਾ ਪਹੁੰਚਾਉਣ ਦੇ ਯਤਨ ਜਾਰੀ ਹਨ।

ਸਰਕਾਰ ਨੇ ਸਕੂਲ, ਕਾਲਜ, ਯੂਨੀਵਰਸਿਟੀਆਂ ਅਤੇ ਬਹੁ-ਤਕਨੀਕੀ ਸੰਸਥਾਵਾਂ ਨੂੰ 3 ਸਤੰਬਰ ਤੱਕ ਬੰਦ ਕਰ ਦਿੱਤਾ ਹੈ। ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਨੁਕਸਾਨ ਦੀ ਭਰਪਾਈ ਲਈ ਮੈਮੋਰੰਡਮ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਦੇ ਆਧਾਰ 'ਤੇ ਕੇਂਦਰੀ ਟੀਮਾਂ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨਗੀਆਂ।

### ਟਰੈਕਟਰ ਬਣੇ ਰਾਹਤ ਦੇ ਦੂਤ

ਹੜ੍ਹ ਪੀੜਤ ਖੇਤਰਾਂ ਵਿੱਚ ਟਰੈਕਟਰ ਰਾਹਤ ਕਾਰਜਾਂ ਦੀ ਜਾਨ ਬਣੇ ਹੋਏ ਹਨ। ਪੰਜਾਬ ਵਿੱਚ 6.41 ਲੱਖ ਟਰੈਕਟਰਾਂ ਵਿੱਚੋਂ 1.98 ਲੱਖ ਅੱਠ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਕੰਮ ਆ ਰਹੇ ਹਨ। ਸਭ ਤੋਂ ਵੱਧ 55,332 ਟਰੈਕਟਰ ਫਿਰੋਜ਼ਪੁਰ ਵਿੱਚ ਹਨ। ਇਹ ਟਰੈਕਟਰ ਮਿੱਟੀ ਦੇ ਗੱਟੇ ਢੋਣ, ਬੰਨ੍ਹ ਮਜ਼ਬੂਤ ਕਰਨ ਅਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਵਿੱਚ ਮਦਦ ਕਰ ਰਹੇ ਹਨ। ਪਸ਼ੂਆਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਣ ਅਤੇ ਰਾਹਤ ਸਮੱਗਰੀ ਪਹੁੰਚਾਉਣ ਵਿੱਚ ਵੀ ਟਰੈਕਟਰ-ਟਰਾਲੀਆਂ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਅਵਤਾਰ ਸਿੰਘ ਮਹਿਮਾ ਅਤੇ ਸੁਰਜੀਤ ਸਿੰਘ ਫੂਲ ਨੇ ਕਿਹਾ ਕਿ ਟਰੈਕਟਰ ਇਸ ਸੰਕਟ ਵਿੱਚ ਸਭ ਤੋਂ ਵੱਡਾ ਸਹਾਰਾ ਹਨ। ਅਫਸਰ ਅਤੇ ਸਿਆਸੀ ਆਗੂ ਵੀ ਟਰੈਕਟਰਾਂ 'ਤੇ ਸਵਾਰ ਹੋ ਕੇ ਪ੍ਰਭਾਵਿਤ ਖੇਤਰਾਂ ਦਾ ਜਾਇਜ਼ਾ ਲੈ ਰਹੇ ਹਨ।

### ਕੇਂਦਰ ਸਰਕਾਰ ਦਾ ਪੰਜਾਬ ਬਾਰੇ ਕੀ ਰਵੱਈਆ ਹੈ

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਸਮੇਤ ਪ੍ਰਭਾਵਿਤ ਰਾਜਾਂ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਕੇਂਦਰੀ ਟੀਮਾਂ ਬਣਾਉਣ ਦਾ ਐਲਾਨ ਕੀਤਾ ਹੈ। ਇਹ ਟੀਮਾਂ ਜਲਦੀ ਹੀ ਰਿਪੋਰਟਾਂ ਤਿਆਰ ਕਰਨਗੀਆਂ। ਅਮਿਤ ਸ਼ਾਹ ਨੇ ਜੰਮੂ-ਕਸ਼ਮੀਰ ਦਾ ਦੌਰਾ ਕਰਨ ਦੀ ਗੱਲ ਵੀ ਕੀਤੀ ਹੈ। ਪਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੇ ਪੱਤਰ, ਜਿਸ ਵਿੱਚ 60,000 ਕਰੋੜ ਰੁਪਏ ਦੇ ਰੋਕੇ ਗਏ ਫੰਡ ਜਾਰੀ ਕਰਨ ਦੀ ਮੰਗ ਕੀਤੀ ਗਈ ਸੀ, ਦਾ ਅਜੇ ਤੱਕ ਕੋਈ ਜਵਾਬ ਨਹੀਂ ਮਿਲਿਆ। ਸੰਸਦ ਮੈਂਬਰਾਂ ਸੁਖਬੀਰ ਸਿੰਘ ਬਾਦਲ, ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਮੀਤ ਸਿੰਘ ਮੀਤ ਹੇਅਰ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਪ੍ਰਧਾਨ ਮੰਤਰੀ ਨੂੰ ਚਿੱਠੀਆਂ ਲਿਖ ਕੇ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ ਹੈ, ਪਰ ਕੇਂਦਰ ਦੀ ਚੁੱਪੀ 'ਤੇ ਸਵਾਲ ਉੱਠ ਰਹੇ ਹਨ।

## ਆਪ ਸਰਕਾਰੀ ਨਾਕਾਮੀ 'ਤੇ ਸਵਾਲ ਖੜੇ ਹੋਏ

ਇਸ ਆਫਤ ਨੇ ਪੰਜਾਬ ਸਰਕਾਰ ਅਤੇ ਜਲ ਸਰੋਤ ਵਿਭਾਗ ਦੀ ਕਾਰਗੁਜ਼ਾਰੀ 'ਤੇ ਸਵਾਲ ਖੜੇ ਕਰ ਦਿੱਤੇ ਹਨ। ਸਾਬਕਾ ਚੀਫ ਇੰਜੀਨੀਅਰ ਅਮਰਜੀਤ ਸਿੰਘ ਦੁਲੇਟ ਨੇ ਮਾਧੋਪੁਰ ਹੈੱਡਵਰਕਸ ਦੇ ਗੇਟ ਟੁੱਟਣ ਨੂੰ ਇਤਿਹਾਸਕ ਨੁਕਸਾਨ ਦੱਸਿਆ। ਉਨ੍ਹਾਂ ਨੇ ਸਵਾਲ ਉਠਾਇਆ ਕਿ ਅਗਸਤ ਵਿੱਚ ਡੈਮ ਪੂਰੇ ਕਿਵੇਂ ਭਰ ਗਏ, ਜਦਕਿ ਡੈਮ ਮੈਨੂਅਲ ਮੁਤਾਬਕ 30 ਸਤੰਬਰ ਤੱਕ ਭਰਨ ਦਾ ਸਮਾਂ ਹੁੰਦਾ ਹੈ। ਸਤਲੁਜ ਦੀ 2 ਲੱਖ ਕਿਊਸਿਕ ਸਮਰੱਥਾ ਦੇ ਬਾਵਜੂਦ ਵਾਧੂ ਪਾਣੀ ਹੌਲੀ-ਹੌਲੀ ਕਿਉਂ ਨਹੀਂ ਛੱਡਿਆ ਗਿਆ? ਮਾਧੋਪੁਰ ਦੇ ਗੇਟ ਨਾ ਖੋਲ੍ਹਣ ਦੀ ਵਜ੍ਹਾ ਨਾਲ 1.73 ਲੱਖ ਕਿਊਸਿਕ ਪਾਣੀ ਦੀ ਨਿਕਾਸੀ ਸਮੱਸਿਆ ਬਣੀ।

ਜਲ ਸਰੋਤ ਵਿਭਾਗ ਦੇ ਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨਿਸ਼ਾਨੇ 'ਤੇ ਹਨ। ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਉਨ੍ਹਾਂ 'ਤੇ ਸਵਾਲ ਉਠਾਏ ਹਨ। ਹਾਲਾਂਕਿ, ਇੰਜੀਨੀਅਰ ਤਰਜਿੰਦਰ ਸਿੰਘ ਦਾ ਕਹਿਣਾ ਹੈ ਕਿ ਨਦੀਆਂ ਦੇ ਕਮਜ਼ੋਰ ਕੰਢਿਆਂ ਨੂੰ ਪੱਕਾ ਕਰਨ ਅਤੇ ਡਰੇਨ ਸਾਫ ਕਰਨ ਦੀ ਜ਼ਿੰਮੇਵਾਰੀ ਜਲ ਸਰੋਤ ਵਿਭਾਗ ਦੀ ਹੈ। ਭਾਖੜਾ ਅਤੇ ਪੌਂਗ ਡੈਮ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐਮਬੀ) ਦੇ ਅਧੀਨ ਹਨ, ਜਦਕਿ ਰਣਜੀਤ ਸਾਗਰ ਡੈਮ ਪੰਜਾਬ ਸਰਕਾਰ ਦੇ ਅਧੀਨ ਹੈ।

ਅਧਿਕਾਰੀਆਂ ਮੁਤਾਬਕ, ਮਾਧੋਪੁਰ ਹੈੱਡਵਰਕਸ ਦੇ ਗੇਟ ਖੋਲ੍ਹਣ ਨਾਲ ਅੰਤਰਰਾਸ਼ਟਰੀ ਮੁੱਦਾ ਖੜ੍ਹਾ ਹੋ ਜਾਂਦਾ ਹੈ, ਕਿਉਂਕਿ ਹਰਿਆਣਾ ਅਤੇ ਕੇਂਦਰ ਸਰਕਾਰ ਪਾਕਿਸਤਾਨ ਨੂੰ ਪਾਣੀ ਦੇਣ ਦਾ ਮੁੱਦਾ ਉਠਾਉਂਦੀਆਂ ਹਨ।

### ਤਿੰਨੋਂ ਡੈਮਾਂ ਦੀ ਸਥਿਤੀ ਕੀ ਹੈ

ਭਾਖੜਾ: ਵੱਧ ਤੋਂ ਵੱਧ ਪੱਧਰ 1690 ਫੁੱਟ, ਮੌਜੂਦਾ 1676.72 ਫੁੱਟ, ਆਮਦ 107565 ਕਿਊਸਿਕ, ਨਿਕਾਸੀ 56009 ਕਿਊਸਿਕ।

ਪੌਂਗ: ਵੱਧ ਤੋਂ ਵੱਧ 1390 ਫੁੱਟ, ਮੌਜੂਦਾ 1390.63 ਫੁੱਟ, ਆਮਦ 96777 ਕਿਊਸਿਕ, ਨਿਕਾਸੀ 95836 ਕਿਊਸਿਕ।

ਰਣਜੀਤ ਸਾਗਰ: ਵੱਧ ਤੋਂ ਵੱਧ 525 ਮੀਟਰ, ਮੌਜੂਦਾ 524.86 ਮੀਟਰ, ਆਮਦ 38388 ਕਿਊਸਿਕ, ਨਿਕਾਸੀ 41935 ਕਿਊਸਿਕ।

### ਨੁਕਸਾਨ ਦੀ ਜ਼ਿੰਮੇਵਾਰੀ ਕੌਣ ਲਵੇਗਾ?

ਇਹ ਹੜ੍ਹ ਪੰਜਾਬ ਦੀ ਸਭ ਤੋਂ ਵੱਡੀ ਆਫਤ ਮੰਨਿਆ ਜਾ ਰਿਹਾ ਹੈ, ਜਿਸ ਨੇ 2.5 ਲੱਖ ਤੋਂ ਵੱਧ ਲੋਕਾਂ ਅਤੇ 3 ਲੱਖ ਏਕੜ ਤੋਂ ਵੱਧ ਖੇਤੀ ਜ਼ਮੀਨ ਨੂੰ ਤਬਾਹ ਕਰ ਦਿੱਤਾ। ਮਾਧੋਪੁਰ ਹੈੱਡਵਰਕਸ ਦੇ ਗੇਟ ਟੁੱਟਣ ਨੇ ਸਰਕਾਰੀ ਪ੍ਰਬੰਧਾਂ 'ਤੇ ਸਵਾਲ ਖੜੇ ਕੀਤੇ ਹਨ। ਨਦੀਆਂ ਦੇ ਕੰਢਿਆਂ ਦੀ ਮਜ਼ਬੂਤੀ ਅਤੇ ਡਰੇਨਾਂ ਦੀ ਸਫਾਈ ਵਿੱਚ ਨਾਕਾਮੀ ਨੇ ਸਥਿਤੀ ਨੂੰ ਹੋਰ ਵਿਗਾੜਿਆ। ਕੇਂਦਰ ਅਤੇ ਸੂਬਾ ਸਰਕਾਰ ਦੀਆਂ ਨੀਤੀਆਂ ਅਤੇ ਫੈਸਲਿਆਂ 'ਤੇ ਬਹਿਸ ਛਿੜ ਗਈ ਹੈ, ਜਦਕਿ ਪੀੜਤ ਲੋਕ ਰਾਹਤ ਦੀ ਉਡੀਕ ਵਿੱਚ ਹਨ।

ਇਸ ਸੰਕਟ ਵਿੱਚ ਟਰੈਕਟਰਾਂ ਦੀ ਭੂਮਿਕਾ ਅਤੇ ਰਾਹਤ ਕਾਰਜਾਂ ਦੀਆਂ ਕੋਸ਼ਿਸ਼ਾਂ ਸਰਾਹੁਣਯੋਗ ਹਨ, ਪਰ ਸਰਕਾਰੀ ਪ੍ਰਬੰਧਾਂ ਦੀ ਕਮੀ ਅਤੇ ਕੇਂਦਰ ਦੀ ਚੁੱਪੀ ਨੇ ਲੋਕਾਂ ਦਾ ਗੁੱਸਾ ਵਧਾਇਆ ਹੈ। ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ, ਤੁਰੰਤ ਅਤੇ ਪ੍ਰਭਾਵੀ ਕਦਮਾਂ ਦੀ ਲੋੜ ਹੈ।

# ਹਫਤਾਵਾਰ ਪੰਜਾਬ ਟਾਈਮਜ਼ ਨੂੰ 'ਪੰਦਰਵਾੜਾ' ਕਰਨ ਲਈ ਵਿਚਾਰ

## ਪੰਜਾਬੀ ਬੋਲੀ ਤੇ ਪੰਜਾਬੀ ਮੀਡੀਆ ਨੂੰ ਪਿਆਰ ਕਰਨ ਵਾਲਿਆਂ ਨੂੰ ਇਸ ਸਬੰਧੀ ਆਪਣੇ ਸੁਝਾਅ ਭੇਜਣ ਲਈ ਬੇਨਤੀ

## ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮਰਥਕਾਂ ਦੇ ਰੂਬਰੂ–

ਹਫ਼ਤਾਵਾਰ ਪੰਜਾਬ ਟਾਈਮਜ਼ ਪਰਚਾ 1965 ਤੋਂ ਪੰਜਾਬੀ ਭਾਈਚਾਰੇ, ਪੰਜਾਬੀ ਬੋਲੀ ਅਤੇ ਪੰਜਾਬੀਅਤ ਦੀ ਸੇਵਾ ਕਰਦਾ ਆ ਰਿਹਾ ਹੈ। ਕਾਗਜ਼, ਛਪਾਈ ਦਾ ਸਮਾਨ ਮਸ਼ਿਨਰੀ ਮਹਿੰਗੀ ਹੋਣ ਅਤੇ ਡਾਕ ਖਰਚ ਵਧਣ ਦੇ ਨਾਲ ਪਰਚੇ ਨੂੰ ਮਾਇਕ ਤੋਰ ਤੇ ਕਾਫ਼ੀ ਸੰਘਰਸ਼ ਕਰਨਾ ਪੈ ਰਿਹਾ ਹੈ। ਬੀਤੇ ਸਮੇਂ ਵਿੱਚ ਵਪਾਰਕ ਤੇ ਕਾਰੋਬਾਰੀ ਅਦਾਰਿਆਂ ਤੇ ਗੁਰਦੁਆਰਿਆਂ ਦੇ ਇਸ਼ਤਿਹਾਰਾਂ ਵਿੱਚ ਵੀ ਭਾਰੀ ਕਮੀ ਆਈ ਹੈ। ਜਿਹਨਾਂ ਕਰਕੇ ਪਰਚਾ ਤਿਆਰ ਕਰਨ 'ਤੇ ਹੁੰਦਾ ਖਰਚਾ ਹੀ ਪੂਰਾ ਨਹੀਂ ਹੋ ਰਿਹਾ। ਅਦਾਰੇ ਦੇ ਸੰਚਾਲਕਾਂ ਕੋਲ ਹੋਰ ਦੂਜਾ ਕਾਰੋਬਾਰ ਹੋਣ ਕਰਕੇ ਕੋਲੋਂ ਖਰਚਾ ਪਾ ਕੇ ਪਰਚੇ ਨੂੰ ਚੱਲਦਾ ਰੱਖਿਆ ਜਾ ਰਿਹਾ ਹੈ। ਇਸ ਸਮੇਂ ਪਰਚੇ ਦੇ ਜ਼ਿਆਦਾਤਰ ਬਜ਼ੁਰਗ ਪਾਠਕ ਹਨ, ਜਿਹਨਾਂ ਲਈ ਆਪਣੇ ਭਾਈਚਾਰੇ ਦੀਆਂ ਖ਼ਬਰਾਂ ਨਾਲ ਜੁੜੇ ਰਹਿਣ ਅਤੇ ਆਪਣਾ ਸਮਾਂ ਗੁਜ਼ਾਰਨ ਦਾ ਇਹ ਵੀ ਇੱਕ ਜ਼ਰੀਆ ਹੈ। ਉਹਨਾਂ ਵਾਸਤੇ ਅਸੀਂ ਇਹ ਪਰਚਾ ਜਾਰੀ ਰੱਖ ਰਹੇ ਹਾਂ। ਪਰ ਰੋਇਲ ਮੇਲ ਵੱਲੋਂ ਡਾਕ ਖਰਚ ਵਧਣ ਕਰਕੇ ਡਾਕ ਰਾਹੀਂ ਪਰਚਾ ਭੇਜਣਾ ਬਹੁਤ ਮਹਿੰਗਾ ਪੈ ਰਿਹਾ ਹੈ, ਇੱਕ ਪਰਚਾ ਡਾਕ ਰਾਹੀਂ ਭੇਜਣ 'ਤੇ 4 ਪੌਂਡ ਡਾਕ ਖਰਚ ਆਉਂਦਾ ਹੈ। ਅਸੀਂ ਕੇਵਲ ਡਾਕ ਖਰਚ ਹੀ ਪਾਠਕ ਪਾਸੋਂ ਲੈਂਦੇ ਹਾਂ, ਪਰਚੇ ਦੀ ਕੀਮਤ ਵਸੂਲ ਨਹੀਂ ਕੀਤੀ ਜਾਂਦੀ।

ਯੂ ਕੇ ਵਿੱਚ ਇਸ ਸਮੇਂ ਛਪਣ ਵਾਲਾ ਇੱਕੋ ਇੱਕ ਪਰਚਾ 'ਪੰਜਾਬ ਟਾਈਮਜ਼' ਹੀ ਹੈ। ਅਸੀਂ ਪਰਚਾ ਬੰਦ ਤਾਂ ਨਹੀਂ ਕਰਨਾ ਚਾਹੁੰਦੇ ਪਰ ਮਜਬੂਰੀ ਕਾਰਨ ਇਸ ਨੂੰ ਪੰਦਰਵਾੜਾ' ਭਾਵ ਦੋ ਹਫ਼ਤਿਆਂ ਪਿੱਛੋਂ ਛਾਪਣ ਬਾਰੇ ਵਿਚਾਰ ਕਰ ਰਹੇ ਹਾਂ। ਆਉਂਦੇ ਸਮੇਂ ਵਿੱਚ ਇਹ ਪਰਚਾ ਪਾਠਕਾਂ ਨੂੰ ਦੋ ਹਫ਼ਤਿਆਂ ਬਾਅਦ ਮਿਲਿਆ ਕਰੇਗਾ। ਪਰ ਆਨ ਲਾਈਨ (ਇੰਟਰਨੈੱਟ) 'ਤੇ ਪੰਜਾਬ ਟਾਈਮਜ਼ ਪਹਿਲਾਂ ਵਾਂਗ ਹੀ ਲਗਾਤਾਰ ਮਿਲਦਾ ਰਹੇਗਾ, ਜੋ ਹਜ਼ਾਰਾਂ ਦੀ ਗਿਣਤੀ ਵਿੱਚ ਦੇਸ਼ ਵਿਦੇਸ਼, ਅਮਰੀਕਾ, ਕੈਨੇਡਾ ਤੇ ਯੂਰਪ ਵਿੱਚ ਪੜ੍ਹਿਆ ਜਾਂਦਾ ਹੈ। ਅਗਰ ਸਾਡੇ ਪਾਠਕ ਅਤੇ ਪੰਜਾਬੀ ਬੋਲੀ ਨੂੰ ਪਿਆਰ ਕਰਨ ਵਾਲੇ ਸਾਡੇ ਸਮਰਥਕ, ਕਾਰੋਬਾਰੀ ਅਦਾਰੇ, ਬਿਜਨੈਸਮੈਨ ਅਤੇ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧਕ ਸੱਜਣ ਪਰਚੇ ਨੂੰ ਇਸ਼ਤਿਹਾਰ ਦੇ ਕੇ ਸਹਿਯੋਗ ਦੇ ਸਕਦੇ ਹਨ ਤਾਂ ਪਰਚਾ ਪਹਿਲਾਂ ਵਾਂਗ ਹਫ਼ਤਾਵਾਰ ਰੱਖਿਆ ਜਾ ਸਕਦਾ ਹੈ।

ਉਮੀਦ ਹੈ ਕਿ ਸਾਡੇ ਪਾਠਕ ਅਤੇ ਸਮਰਥਕ ਸੱਜਣ ਇੱਕੋ-ਇੱਕ ਪੰਜਾਬੀ ਪਰਚੇ ਨੂੰ ਚੱਲਦਾ ਰੱਖਣ ਲਈ ਸਹਿਯੋਗ ਦੇਣਗੇ ਤਾਂ ਜੋ ਆਪਾਂ ਸਾਰੇ ਮਿਲ ਕੇ ਪੰਜਾਬੀ ਬੋਲੀ ਦੀ ਸੇਵਾ ਜਾਰੀ ਰੱਖ ਸਕੀਏ।

*ਨੋਟ:- ਜਿਹੜੇ ਪਾਠਕ ਚੰਦਾ ਦੇ ਕੇ ਪਰਚਾ ਘਰ ਮੰਗਵਾਉਂਦੇ ਹਨ, ਪੰਦਰਵਾੜਾ ਪੇਪਰ ਹੋਣ ਤੇ ਉਹਨਾਂ ਦੇ ਪਰਚੇ ਦਾ ਸਮਾਂ ਵਧਾ ਦਿੱਤਾ ਜਾਵੇਗਾ, ਭਾਵ ਉਹਨਾਂ ਨੂੰ ਜ਼ਿਆਦਾ ਅੰਕ ਮਿਲਣਗੇ।*

**ਪੰਜਾਬ ਟਾਈਮਜ਼ – PANJAB TIMES**

**BRIDLE GATE LANE, ALVASTON, DERBY, DE24 0QW, U.K.**

**Contact: 07966 388 388 / www.panjabtimes.uk / Panjabtimes@aol.com**

### -ਮਾਮਲਾ ਪਠਾਣਮਾਜਰਾ ਨੂੰ ਗ੍ਰਿਫ਼ਤਾਰੀ ਲਈ ਪੰਜਾਬ ਪੁਲੀਸ ਵੱਲੋਂ ਹਰਿਆਣਾ ਗੁਰਦੁਆਰਾ ਕਮੇਟੀ ਮੈਂਬਰ ਦੇ ਘਰ ਛਾਪਾ ਮਾਰਨ ਦਾ-

# ਕਰਨਾਲ ਜ਼ਿਲ੍ਹੇ ਦੇ ਦਬਰੀ ਪਿੰਡ ਵਿਚ ਤਣਾਅ; ਪਰਿਵਾਰ ਵੱਲੋਂ ਪੁਲੀਸ ’ਤੇ ਘਰ ‘ਚੋਰਾਂ ਵਾਂਗ’ ਵੜਨ ਦਾ ਦੋਸ਼

## ✪ ਪੁਲੀਸ ਨੇ ਹਵਾਈ ਫਾਇਰਿੰਗ ਦੇ ਡਿਊਟੀ ਵਿਚ ਵਿਘਨ ਪਾਉਣ ਦੀ ਸ਼ਿਕਾਇਤ ਦਰਜ ਕਰਵਾਈ

ਕਰਨਾਲ-ਪੰਜਾਬ ਪੁਲੀਸ ਨੇ ਪਿੰਡ ਦਬਰੀ ਵਿਚ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਸਾਬਕਾ ਸਰਪੰਚ ਗੁਰਨਾਮ ਸਿੰਘ ਲਾਡੀ ਦੀ ਰਿਹਾਇਸ਼ ’ਤੇ ਛਾਪਾ ਮਾਰਿਆ ਜਿਸ ਮਗਰੋਂ ਪਿੰਡ ਵਿਚ ਤਣਾਅ ਫੈਲ ਗਿਆ। ਪਿੰਡ ਵਾਸੀਆਂ ਨੇ ਪੁਸ਼ਟੀ ਕੀਤੀ ਕਿ ਪੰਜਾਬ ਪੁਲੀਸ ਦੇ ਮੁਲਾਜ਼ਮ ਪੰਜਾਬ ਤੋਂ ‘ਆਪ’ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਗ੍ਰਿਫ਼ਤਾਰ ਕਰਨ ਲਈ ਆਏ ਸਨ, ਜੋ ਛਾਪਾ ਮਾਰੇ ਜਾਣ ਮੌਕੇ ਲਾਡੀ ਦੇ ਘਰ ਵਿਚ ਮੌਜੂਦ

ਸੀ। ਲਾਡੀ ਦੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਨੇ ਦੋਸ਼ ਲਾਇਆ ਕਿ ਪੰਜਾਬ ਪੁਲੀਸ ‘ਚੋਰਾਂ ਵਾਂਗ’ ਘਰ ਵਿਚ ਦਾਖਲ ਹੋਈ ਤੇ ਉਨ੍ਹਾਂ ਦੀ ਨਿੱਜਤਾ ਦੀ ਉਲੰਘਣਾ ਕੀਤੀ। ਉਨ੍ਹਾਂ ਦੋਸ਼ ਲਾਇਆ ਪੁਲੀਸ ਟੀਮ ਤੜਕੇ ਬਾਹਰਲੀ ਕੰਧ ਟੱਪ ਕੇ ਘਰ ਵਿਚ ਦਾਖਲ ਹੋਈ।




ਪਰਿਵਾਰ ਦੀ ਇੱਕ ਔਰਤ ਨੇ ਦੋਸ਼ ਲਾਇਆ, “ਉਨ੍ਹਾਂ ਨੂੰ ਇਸ ਤਰੀਕੇ ਨਾਲ ਸਾਡੇ ’ਚ ਦਾਖਲ ਹੋਣ ਦਾ ਕੋਈ ਅਧਿਕਾਰ ਨਹੀਂ ਹੈ। ਸਾਡੇ ਬੱਚੇ ਅਤੇ ਅਸੀਂ ਖ਼ੌਫ਼ਜ਼ਦਾ ਹਾਂ।” ਉਨ੍ਹਾਂ ਨੇ ਪੁਲੀਸ ’ਤੇ ਫਾਇਰਿੰਗ, ਪੱਥਰਬਾਜ਼ੀ ਜਾਂ ਹਮਲੇ ਦੀ ਘਟਨਾ ਤੋਂ ਇਨਕਾਰ ਕੀਤਾ ਤੇ ਦਾਅਵਾ ਕੀਤਾ ਕਿ ਸਗੋਂ ਉਨ੍ਹਾਂ ਨੇ ਪੁਲੀਸ ਮੁਲਜ਼ਮਾਂ ਚਾਹ-ਪਾਣੀ ਵੀ ਪੁੱਛਿਆ ਸੀ।

ਪਿੰਡ ਵਾਸੀਆਂ ਨੇ ਕਿਹਾ, “ਲਾਡੀ ਇਕ ਰਸੂਖਦਾਰ ਵਿਅਕਤੀ ਹੈ। ਵਿਧਾਇਕ ਇੱਥੇ ਆਰਾਮ ਸੁੱਤੇ ਹੋਏ ਸਨ। ਉਨ੍ਹਾਂ ਨੇ ਉਨ੍ਹਾਂ ਗੱਲਬਾਤ ਕੀਤੀ ਹੈ।” ਪਿੰਡ ਵਾਸੀਆਂ ਨੇ ਇਹ ਵੀ ਫਿਕਰ ਜਤਾਇਆ ਕਿ ਗੁਰਨਾਮ ਸਿੰਘ ਵਿਰੁੱਧ ਐਫਆਈਆਰ ਦਰਜ ਕੀਤੀ ਜਾ ਸਕਦੀ ਹੈ। ਛਾਪਾ ਮਾਰੇ ਜਾਣ ਮਗਰੋਂ ਉਨ੍ਹਾਂ ਦਾ ਮੋਬਾਈਲ ਫੋਨ ਬੰਦ ਹੈ ਅਤੇ ਟਿਕਾਣੇ ਬਾਰੇ ਕੋਈ ਪਤਾ ਨਹੀਂ ਹੈ। ਇਹ ਛਾਪਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਵਿਰੁੱਧ ਉਨ੍ਹਾਂ ਦੀ ਸਾਬਕਾ ਪਤਨੀ ਦੀ ਸ਼ਿਕਾਇਤ ’ਤੇ ਜਬਰ-ਜਨਾਹ ਦਾ ਮਾਮਲਾ ਦਰਜ ਹੋਣ ਤੋਂ ਬਾਅਦ ਮਾਰਿਆ ਗਿਆ।

ਕਰਨਾਲ ਪੁਲੀਸ ਨੇ ਛਾਪਾ ਮਾਰੇ ਜਾਣ ਤੋਂ ਪਹਿਲਾਂ ਪੰਜਾਬ ਪੁਲੀਸ ਵੱਲੋਂ ਦਿੱਤੀ ਗਈ ਜਾਣਕਾਰੀ ’ਤੇ ਚੁੱਪ ਵੱਟੀ ਹੋਈ ਹੈ ਪਰ ਪੁਲੀਸ ਸੂਤਰਾਂ ਨੇ ਦਾਅਵਾ ਕੀਤਾ ਕਿ ਛਾਪੇ ਤੋਂ ਪਹਿਲਾਂ ਸਥਾਨਕ ਪੁਲੀਸ ਨੂੰ ਸੂਚਿਤ ਨਹੀਂ ਕੀਤਾ ਗਿਆ ਅਤੇ ਸਥਿਤੀ ਵਿਗੜਨ ਮਗਰੋਂ ਹੀ ਜਾਣਕਾਰੀ ਦਿੱਤੀ ਗਈ ਸੀ।

ਇਸ ਦੌਰਾਨ ਪੰਜਾਬ ਪੁਲੀਸ ਨੇ ਸਦਰ ਪੁਲੀਸ ਕਰਨਾਲ ਕੋਲ ਸ਼ਿਕਾਇਤ ਦਰਜ ਕਰਵਾਈ, ਜਿਸ ਵਿੱਚ ਵਿਧਾਇਕ ਨੂੰ ਹਿਰਾਸਤ ਵਿੱਚ ਲੈਣ ’ਤੇ ਕਿਸੇ ਹਵਾਈ ਫਾਇਰਿੰਗ ਕਰਨ ਅਤੇ ਪਿੰਡ ਵਾਸੀਆਂ ਵੱਲੋਂ ਡਿਊਟੀ ਵਿੱਚ ਅੜਿੱਕਾ ਪਾਉਣ ਦਾ ਦੋਸ਼ ਲਗਾਇਆ ਗਿਆ।

ਐਸਪੀ ਗੰਗਾਰਾਮ ਨੇ ਸ਼ਿਕਾਇਤ ਦੀ ਪੁਸ਼ਟੀ ਕੀਤੀ ਅਤੇ ਕਿਹਾ, “ਸਾਨੂੰ ਹਵਾਈ ਫਾਇਰਿੰਗ ਅਤੇ ਡਿਊਟੀ ਵਿੱਚ ਵਿਘਨ ਪਾਉਣ ਦੀ ਸ਼ਿਕਾਇਤ ਮਿਲੀ ਹੈ। ਇਸ ਸਬੰਧੀ ਢੁੱਕਵੀਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਹੜ੍ਹਾਂ ਕਾਰਣ ਕਰਤਾਰਪੁਰ ਗੁਰਦੁਆਰਾ ਸ਼ਰਧਾਲੂਆਂ ਲਈ ਅਜੇ ਬੰਦ





ਲਾਹੌਰ-ਕਰਤਾਰਪੁਰ ਕਾਰੀਡੋਰ ਕੰਪਲੈਕਸ, ਜੋ ਹਾਲ ਹੀ ’ਚ ਹੜ੍ਹ ਦੇ ਪਾਣੀ ’ਚ ਡੁੱਬ ਗਿਆ ਸੀ, ਉਸ ਨਾਲ ਜੁੜੀ ਵੱਡੀ ਖਬਰ ਸਾਹਮਣੇ ਆਈ ਹੈ। ਪਾਕਿਸਤਾਨ ਦੇ ਪੰਜਾਬ ਸੂਬੇ ਵਿਚ ਸਤਿਕਾਰਯੋਗ ਸਿੱਖ ਧਾਰਮਿਕ ਸਥਾਨ ’ਤੇ ਚੱਲ ਰਹੇ ਮੁਰੰਮਤ ਦੇ ਕੰਮ ਕਾਰਨ ਸ਼ਰਧਾਲੂਆਂ ਲਈ ਇਸ ਨੂੰ ਅਜੇ ਬੰਦ ਰੱਖਿਆ ਜਾਵੇਗਾ।

ਸਰਕਾਰੀ ਰੇਡੀਓ ਪਾਕਿਸਤਾਨ ਰਿਪੋਰਟ ਅਨੁਸਾਰ ਪਿਛਲੇ ਹਫ਼ਤੇ ਹੜ੍ਹ ਆਉਣ ਤੋਂ ਬਾਅਦ ਪਾਕਿਸਤਾਨ ਫੌਜ ਅਤੇ ਸਿਵਲ ਪ੍ਰਸ਼ਾਸਨ ਕਰਤਾਰਪੁਰ ਵਿਖੇ ਗੁਰਦੁਆਰਾ ਦਰਬਾਰ ਸਾਹਿਬ ਵਿਖੇ ਮੁਰੰਮਤ ਦਾ ਕੰਮ ਜਾਰੀ ਰੱਖ ਰਹੇ ਹਨ। ਇਸ ਦੌਰਾਨ ਕੰਪਲੈਕਸ ਵਿਚ ਚੱਲ ਰਹੇ ਮੁਰੰਮਤ ਦੇ ਕੰਮ ਦਾ ਇੱਕ ਵੀਡੀਓ ਵੀ ਅਪਲੋਡ ਕੀਤਾ। ਪਿਛਲੇ ਹਫ਼ਤੇ, ਪੰਜਾਬ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਕਰਤਾਰਪੁਰ ਸਾਹਿਬ ਕਾਰੀਡੋਰ ਅਤੇ ਗੁਰਦੁਆਰਾ ਦਰਬਾਰ ਸਾਹਿਬ ਤੋਂ ਹੜ੍ਹ ਦਾ ਪਾਣੀ ਹਟਾ ਦਿੱਤਾ ਗਿਆ ਹੈ ਅਤੇ ਇਹ ਇਸ ਹਫ਼ਤੇ ਦੇ ਸ਼ੁਰੂ ਵਿੱਚ ਸ਼ਰਧਾਲੂਆਂ ਲਈ ਖੁੱਲ੍ਹਾ ਰਹੇਗਾ। ਇਹ ਦਾਅਵਾ ਫੌਜ ਮੁਖੀ ਅਸੀਮ ਮੁਨੀਰ ਵੱਲੋਂ ਦਰਬਾਰ ਸਾਹਿਬ ਦਾ ਦੌਰਾ ਕਰਨ ਅਤੇ ਅਧਿਕਾਰੀਆਂ ਨੂੰ ਇਸਨੂੰ ਬਹਾਲ ਕਰਨ ਲਈ ਕਹਿਣ ਤੋਂ ਬਾਅਦ ਆਇਆ।

ਪੰਜਾਬ ਦੀ ਸੀਨੀਅਰ ਮੰਤਰੀ ਮਰੀਅਮ ਔਰੰਗਜ਼ੇਬ ਨੇ ਬੀਤੇ ਸ਼ੁੱਕਰਵਾਰ ਨੂੰ ਇੱਕ ਬਿਆਨ ਵਿੱਚ ਦਾਅਵਾ ਕੀਤਾ ਸੀ ਕਿ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਦੇ ਨਿਰਦੇਸ਼ ’ਤੇ, ਇਤਿਹਾਸਕ ਕਰਤਾਰਪੁਰ ਸਾਹਿਬ ਸ਼ੁੱਕਰਵਾਰ ਨੂੰ ਬਹਾਲ ਕਰ ਦਿੱਤਾ ਗਿਆ ਸੀ। ਇਸਨੂੰ ਤਿੰਨ ਤੋਂ ਚਾਰ ਦਿਨਾਂ ਦੇ ਅੰਦਰ ਸਿੱਖ ਯਾਤਰੀਆਂ (ਤੀਰਥ ਯਾਤਰੀਆਂ) ਲਈ ਦੁਬਾਰਾ ਖੋਲ੍ਹ ਦਿੱਤਾ ਜਾਵੇਗਾ। ਹੜ੍ਹ ਦੇ ਪਾਣੀ ਕਾਰਨ ਕਰਤਾਰਪੁਰ ਲਾਂਘਾ ਪਾਣੀ ਵਿਚ ਡੁੱਬ ਗਿਆ ਸੀ, ਜਿਸ ਕਾਰਨ ਲਗਭਗ 150 ਸਥਾਨਕ ਸਿੱਖ ਯਾਤਰੀ ਅਤੇ ਅਧਿਕਾਰੀ ਫਸ ਗਏ ਸਨ। ਉਨ੍ਹਾਂ ਨੂੰ ਬਾਅਦ ਵਿੱਚ ਇੱਕ ਹੈਲੀਕਾਪਟਰ ਅਤੇ ਕਿਸ਼ਤੀਆਂ ਰਾਹੀਂ ਬਚਾਇਆ ਗਿਆ। ਹੜ੍ਹਾਂ ਕਾਰਨ ਕਰਤਾਰਪੁਰ ਸਾਹਿਬ ਗੁਰਦੁਆਰਾ ਕੰਪਲੈਕਸ ਵਿੱਚ 10 ਤੋਂ 12 ਫੁੱਟ ਪਾਣੀ ਵੜ੍ਹ ਗਿਆ ਸੀ। ਪਾਕਿਸਤਾਨ ਦਾ ਪੰਜਾਬ ਵਿਨਾਸ਼ਕਾਰੀ ਹੜ੍ਹਾਂ ਦੇ ਪ੍ਰਭਾਵ ਨਾਲ ਜੂਝ ਰਿਹਾ ਹੈ ਜਿਸ ਨਾਲ 2.4 ਮਿਲੀਅਨ ਤੋਂ ਵੱਧ ਲੋਕ ਬੇਘਰ ਹੋ ਗਏ ਹਨ।

23 ਅਗਸਤ ਨੂੰ ਤਿੰਨ ਦਰਿਆਵਾਂ, ਰਾਵੀ, ਚਨਾਬ ਅਤੇ ਸਤਲੁਜ ਵਿੱਚ ਹੜ੍ਹ ਸ਼ੁਰੂ ਹੋਣ ਤੋਂ ਬਾਅਦ ਲਗਭਗ 10 ਲੱਖ ਲੋਕਾਂ ਨੂੰ ਸੁਰੱਖਿਅਤ ਖੇਤਰਾਂ ਵਿੱਚ ਤਬਦੀਲ ਕੀਤਾ ਗਿਆ ਹੈ। 130 ਮਿਲੀਅਨ ਲੋਕਾਂ ਦੇ ਸੂਬੇ ਪੰਜਾਬ ਵਿੱਚ ਹੁਣ ਤੱਕ ਲਗਭਗ 2.4 ਮਿਲੀਅਨ ਲੋਕ ਬੇਘਰ ਹੋ ਗਏ ਹਨ ਅਤੇ ਹੜ੍ਹਾਂ ਵਿੱਚ 41 ਲੋਕਾਂ ਦੀ ਜਾਨ ਚਲੀ ਗਈ ਹੈ। ਪੰਜਾਬ ਦੀ ਸੂਚਨਾ ਮੰਤਰੀ ਅਜ਼ਮਾ ਬੋਖਾਰੀ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਇਸ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਹੜ੍ਹਾਂ ਨਾਲ ਕੁੱਲ 3,243 ਪਿੰਡ ਡੁੱਬ ਗਏ ਹਨ।

# ਰੂਸੀ ਤੇਲ ਨਾਲ ਕੀ ਬ੍ਰਾਹਮਣਾਂ ਨੂੰ ਫਾਇਦਾ ਹੋ ਰਿਹਾ ਹੈ...

## ✪ ਟਰੰਪ ਦੇ ਸਲਾਹਕਾਰ ਪੀਟਰ ਨਵਾਰੋ ਦੇ ਬਿਆਨ ਵਿੱਚ ਕੀ ਹੈ ਸੱਚਾਈ ? ✪ ਭਾਰਤ ਕਿਉਂ ਡਰਿਆ ਇਸ ਬਿਆਨ ਤੋਂ ? ✪ ਆਖ਼ਿਰ ਰੂਸੀ ਤੇਲ ਖਰੀਦਣ ਵਾਲੇ ਕਿਸ ਜਾਤੀ ਨਾਲ ਸਬੰਧ ਰੱਖਦੇ ਹਨ ?

ਖਾਸ ਖਬਰ

ਵਾਸ਼ਿੰਗਟਨ ਤੋਂ ਆਈ ਇੱਕ ਵਿਵਾਦ ਪੂਰਨ ਖ਼ਬਰ ਨੇ ਭਾਰਤੀ ਸਿਆਸੀ ਤੇ ਸਮਾਜੀ ਮਾਹੌਲ ਨੂੰ ਗਰਮਾ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਪਾਰਕ ਸਲਾਹਕਾਰ ਪੀਟਰ ਨਵਾਰੋ ਨੇ ਭਾਰਤ ਨੂੰ ਰੂਸੀ ਤੇਲ ਖਰੀਦਣ ਤੇ ਨਿਸ਼ਾਨਾ ਬਣਾਉਂਦਿਆਂ ਕਿਹਾ ਹੈ ਕਿ ਇਸ ਨਾਲ "ਬ੍ਰਾਹਮਣਾਂ ਨੂੰ ਫਾਇਦਾ ਹੋ ਰਿਹਾ ਹੈ, ਭਾਰਤੀ ਲੋਕਾਂ ਦੀ ਕੀਮਤ ਤੇ।" ਇਹ ਬਿਆਨ 1 ਸਤੰਬਰ 2025 ਨੂੰ ਆਇਆ ਸੀ ਤੇ ਇਸ ਨੇ ਭਾਰਤ ਵਿੱਚ ਵੱਡਾ ਹੰਗਾਮਾ ਖੜ੍ਹਾ ਕਰ ਦਿੱਤਾ ਹੈ। ਨਵਾਰੋ ਨੇ ਇਹ ਗੱਲ ਟਰੰਪ ਪ੍ਰਸ਼ਾਸਨ ਵੱਲੋਂ ਭਾਰਤ ਤੇ ਲਗਾਏ ਗਏ 25 ਪ੍ਰਤੀਸ਼ਤ ਵਪਾਰਕ ਟੈਰਿਫ ਨੂੰ ਜਾਇਜ਼ ਠਹਿਰਾਉਂਦਿਆਂ ਕਹੀ ਹੈ। ਉਹਨਾਂ ਨੇ ਭਾਰਤ ਨੂੰ ਰੂਸੀ ਤੇਲ ਲਈ "ਕ੍ਰੈਮਲਿਨ ਦਾ ਲਾਂਡਰੋਮੈਟ" ਵੀ ਕਿਹਾ ਹੈ, ਮਤਲਬ ਰੂਸ ਨੂੰ ਯੂਕਰੇਨ ਜੰਗ ਵਿੱਚ ਮੱਦਦ ਕਰਨ ਵਾਲਾ ਇੱਕ ਮਾਧਿਅਮ ਦਸਿਆ ਸੀ।




ਪਹਿਲਾਂ ਵੀ ਨਵਾਰੋ ਨੇ ਭਾਰਤ ਤੇ ਅਜਿਹੇ ਇਲਜ਼ਾਮ ਲਾਏ ਸਨ। ਕੁਝ ਦਿਨ ਪਹਿਲਾਂ ਉਹਨਾਂ ਨੇ ਯੂਕਰੇਨ ਜੰਗ ਨੂੰ "ਮੋਦੀ ਦੀ ਜੰਗ" ਕਿਹਾ ਸੀ ਤੇ ਕਿਹਾ ਸੀ ਕਿ ਭਾਰਤ ਰੂਸੀ ਤੇਲ ਖਰੀਦ ਕੇ ਰੂਸ ਨੂੰ ਜੰਗ ਲੜਨ ਲਈ ਫੰਡ ਦੇ ਰਿਹਾ ਹੈ। ਫਿਰ ਉਹਨਾਂ ਨੇ ਭਾਰਤੀ ਵਪਾਰੀਆਂ ਨੂੰ ਨਿਸ਼ਾਨਾ ਬਣਾਇਆ ਤੇ ਹੁਣ ਬਾਹਮਣ ਜਾਤੀ ਨੂੰ ਵਿਚਕਾਰ ਲਿਆਂਦਾ ਹੈ। ਮਾਹਿਰਾਂ ਮੁਤਾਬਕ, ਇਹ ਅਮਰੀਕਾ ਦੀ ਉਹ ਨੀਤੀ ਹੈ ਜਿਸ ਵਿੱਚ ਉਹ ਭਾਰਤ ਨੂੰ ਰੂਸੀ ਤੇਲ ਖਰੀਦਣ ਤੋਂ ਰੋਕਣਾ ਚਾਹੁੰਦਾ ਹੈ। ਅਮਰੀਕਾ ਚਾਹੁੰਦਾ ਹੈ ਕਿ ਭਾਰਤ ਰੂਸ ਨੂੰ ਆਰਥਿਕ ਮੱਦਦ ਨਾ ਦੇਵੇ ਤਾਂ ਜੋ ਯੂਕਰੇਨ ਜੰਗ ਵਿੱਚ ਰੂਸ ਕਮਜ਼ੋਰ ਹੋ ਜਾਵੇ। ਨਵਾਰੋ ਨੇ ਕਿਹਾ ਕਿ ਭਾਰਤ ਰੂਸੀ ਤੇਲ ਨੂੰ ਸਸਤੇ ਵਿੱਚ ਖਰੀਦ ਕੇ ਰਿਫਾਇਨ ਕਰਦਾ ਹੈ ਤੇ ਯੂਰਪ, ਅਫਰੀਕਾ ਤੇ ਏਸ਼ੀਆ ਨੂੰ ਮਹਿੰਗੇ ਵਿੱਚ ਵੇਚਦਾ ਹੈ, ਜਿਸ ਨਾਲ ਰੂਸ ਨੂੰ ਡਾਲਰ ਮਿਲਦੇ ਹਨ ਤੇ ਜੰਗ ਜਾਰੀ ਰੱਖਣ ਵਿੱਚ ਮੱਦਦ ਮਿਲਦੀ ਹੈ।

ਭਾਰਤ ਵਿੱਚ ਇਹ ਬਿਆਨ ਨੂੰ ਜਾਤੀ ਵੰਡ ਨੂੰ ਭੜਕਾਉਣ ਵਾਲਾ ਮੰਨਿਆ ਜਾ ਰਿਹਾ ਹੈ। ਅਮਰੀਕੀ ਥਿੰਕ ਟੈਂਕ ਸੀਐਨਏਐਸ ਦੇ ਇੰਡੋ-ਪੈਸੀਫਿਕ ਵਿਸ਼ਲੇਸ਼ਕ ਡੈਰਿਕ ਜੇ. ਗ੍ਰੌਸਮੈਨ ਨੇ ਕਿਹਾ ਹੈ ਕਿ "ਭਾਰਤ ਵਿੱਚ ਜਾਤੀ ਅਸ਼ਾਂਤੀ ਨੂੰ ਵਧਾਉਣਾ ਅਮਰੀਕੀ ਵਿਦੇਸ਼ ਨੀਤੀ ਨਹੀਂ ਹੋਣੀ ਚਾਹੀਦੀ।" ਟਵਿੱਟਰ ਤੇ ਇੱਕ ਅਕਾਊਂਟ 'ਦਿ ਸਕਿਨ ਡਾਕਟਰ' ਨੇ ਕਿਹਾ ਕਿ "ਕੋਈ ਭਾਰਤੀ ਆਪਣੀ ਘ੍ਰਿਣਾ ਨਾਲ ਭਰਿਆ ਵਿਅਕਤੀ ਉਹਨਾਂ ਨੂੰ ਭਾਰਤ ਦੀਆਂ ਕਮਜ਼ੋਰੀਆਂ ਤੇ ਹਮਲਾ ਕਰਨ ਲਈ ਗਾਈਡ ਕਰ ਰਿਹਾ ਹੈ, ਜਾਂ ਉਹ ਉਹਨਾਂ ਨਾਲ ਮਿਲੇ ਹੋਏ ਹਨ ਜੋ ਜਾਤੀ ਜੰਗਾਂ ਨੂੰ ਵਧਾ ਕੇ ਭਾਰਤ ਵਿੱਚ ਸੱਤਾ ਹਾਸਲ ਕਰਨਾ ਚਾਹੁੰਦੇ ਹਨ।" ਇਹ ਬਿਆਨ ਨੂੰ ਭਾਰਤ ਵਿੱਚ ਅਸ਼ਾਂਤੀ ਫੈਲਾਉਣ ਵਾਲੀ ਕੋਸ਼ਿਸ਼ ਵਜੋਂ ਵੇਖਿਆ ਜਾ ਰਿਹਾ ਹੈ, ਜਿਵੇਂ ਬੰਗਲਾਦੇਸ਼ ਤੇ ਪਾਕਿਸਤਾਨ ਵਿੱਚ ਅਮਰੀਕਾ ਨੇ ਸੱਤਾ ਬਦਲੀ ਹੈ।

### ਅਮਰੀਕੀ ਅਖ਼ਬਾਰਾਂ ਦੀ ਰਾਏ ਕੀ ਹੈ ?

ਵਾਸ਼ਿੰਗਟਨ ਪੋਸਟ ਨੇ ਨਵਾਰੋ ਨੂੰ ਹਵਾਲਾ ਦਿੱਤਾ ਹੈ ਤੇ ਕਿਹਾ ਹੈ ਕਿ ਅਮਰੀਕਾ ਭਾਰਤ ਨੂੰ ਰੂਸੀ ਤੇਲ ਖਰੀਦਣ ਤੋਂ ਰੋਕਣਾ ਚਾਹੁੰਦਾ ਹੈ ਤਾਂ ਜੋ ਟੈਰਿਫ ਘਟਾਏ ਜਾ ਸਕਣ। ਪਰ ਅਮਰੀਕੀ ਮੀਡੀਆ ਵਿੱਚ ਇਸ ਬਿਆਨ ਨੂੰ ਜ਼ਿਆਦਾ ਕਵਰ ਨਹੀਂ ਮਿਲਿਆ, ਜਦਕਿ ਭਾਰਤੀ ਮੀਡੀਆ ਵਿੱਚ ਇਹ ਵੱਡੀ ਖ਼ਬਰ ਬਣੀ ਹੈ। ਫੌਕਸ ਬਿਜ਼ਨੈੱਸ ਤੇ ਯਾਹੂ ਨਿਊਜ਼ ਨੇ ਵੀ ਨਵਾਰੋ ਦੇ ਬਿਆਨ ਨੂੰ 'ਸ਼ਰਮਨਾਕ' ਕਿਹਾ ਹੈ, ਕਿਉਂਕਿ ਉਹ ਚੀਨ ਵਲੋਂ ਰੂਸੀ ਤੇਲ ਖਰੀਦਣ ਤੇ ਚੁੱਪ ਰਹਿੰਦੇ ਹਨ ਜਦਕਿ ਭਾਰਤ ਤੇ ਹਮਲਾ ਕਰਦੇ ਹਨ। ਅਮਰੀਕੀ ਮੀਡੀਆ ਇਸ ਨੂੰ ਟਰੰਪ ਦੀ ਵਪਾਰ ਨੀਤੀ ਦਾ ਹਿੱਸਾ ਮੰਨਦਾ ਹੈ, ਜਿਸ ਵਿੱਚ ਭਾਰਤ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ।

ਕਾਂਗਰਸ ਆਗੂ ਪ੍ਰਿਯੰਕਾ ਚਤੁਰਵੇਦੀ ਤੇ ਸੰਜੀਵ ਸਨਿਆਲ ਨੇ ਇਸ ਬਿਆਨ ਨੂੰ ਨਸਲਵਾਦੀ ਤੇ ਜਾਤੀਵਾਦੀ ਕਿਹਾ ਹੈ।

ਬੀਜੇਪੀ ਨੇ ਕਿਹਾ ਹੈ ਕਿ ਭਾਰਤ ਦੀ ਊਰਜਾ ਨੀਤੀ ਸੁਤੰਤਰ ਹੈ ਤੇ ਇਹ ਖਰੀਦ 1.4 ਅਰਬ ਲੋਕਾਂ ਲਈ ਸਸਤੀ ਊਰਜਾ ਲਈ ਹੈ, ਨਾ ਕਿ ਕਿਸੇ ਜਾਤੀ ਲਈ। ਵਿਦੇਸ਼ ਮੰਤਰਾਲੇ ਨੇ ਪਹਿਲਾਂ ਵੀ ਅਜਿਹੇ ਇਲਜ਼ਾਮਾਂ ਨੂੰ ਖਾਰਜ ਕੀਤਾ ਹੈ ਤੇ ਕਿਹਾ ਹੈ ਕਿ ਭਾਰਤ ਮਾਰਕੀਟ ਨੂੰ ਸਥਿਰ ਰੱਖ ਰਿਹਾ ਹੈ।

ਕਾਂਗਰਸ ਆਗੂ ਉਦਿਤ ਰਾਜ ਨੇ ਇਸ ਨਾਲ ਸਹਿਮਤੀ ਜਤਾਈ ਹੈ ਤੇ ਕਿਹਾ ਹੈ ਕਿ ਉੱਚ ਜਾਤੀ ਵਾਲੇ ਕਾਰਪੋਰੇਟ ਘਰਾਣੇ ਫਾਇਦਾ ਲੈ ਰਹੇ ਹਨ।

ਗੌਤਮ ਅਡਾਨੀ ਅਡਾਨੀ ਗਰੁੱਪ ਦੇ ਚੇਅਰਮੈਨ ਹਨ, ਜੋ ਭਾਰਤ ਦੀ ਵੱਡੀ ਕੰਪਨੀ ਹੈ ਤੇ ਊਰਜਾ, ਬੰਦਰਗਾਹਾਂ ਤੇ ਇਨਫਰਾਸਟ੍ਰਕਚਰ ਵਿੱਚ ਕੰਮ ਕਰਦੀ ਹੈ। ਮੁਕੇਸ਼ ਅੰਬਾਨੀ ਰਿਲਾਇੰਸ ਇੰਡਸਟਰੀਜ਼ ਦੇ ਮਾਲਕ ਹਨ, ਜੋ ਤੇਲ ਰਿਫਾਇਨਿੰਗ, ਟੈਲੀਕਾਮ ਤੇ ਰਿਟੇਲ ਵਿੱਚ ਵੱਡੀ ਹੈ। ਦੋਵੇਂ ਗੁਜਰਾਤੀ ਵਪਾਰੀ ਤੇ ਬਾਣੀਆਂ ਜਾਤੀ ਨਾਲ ਸਬੰਧਿਤ ਹਨ ਤੇ ਭਾਰਤੀ ਅਰਥਵਿਵਸਥਾ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਰਿਲਾਇੰਸ ਨੂੰ ਰੂਸੀ ਤੇਲ ਨਿਰਯਾਤ ਵਿੱਚ ਵੱਡੀ ਕੰਪਨੀ ਮੰਨਿਆ ਜਾਂਦਾ ਹੈ। ਭਾਰਤ ਨੇ ਰੂਸੀ ਤੇਲ ਖਰੀਦ ਕੇ ਅਸਲ ਵਿੱਚ ਮਹਿੰਗਾਈ ਤੇ ਪੈਟਰੋਲ ਦੀਆਂ ਕੀਮਤਾਂ ਨੂੰ ਕੰਟਰੋਲ ਵਿੱਚ ਰੱਖਿਆ ਹੈ। ਜੰਗ ਤੋਂ ਪਹਿਲਾਂ ਭਾਰਤ ਰੂਸ ਤੋਂ ਜ਼ੀਰੋ ਤੇਲ ਖਰੀਦਦਾ ਸੀ, ਪਰ ਹੁਣ ਇਹ ਸਸਤਾ ਵਿਕਲਪ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਨਵਾਰੋ ਨੇ ਇਸ ਨੂੰ ਗਲਤ ਰੰਗ ਦਿੱਤਾ ਹੈ ਤੇ ਜਾਤੀ ਨੂੰ ਵਿਚਕਾਰ ਲਿਆ ਕੇ ਵਿਵਾਦ ਪੈਦਾ ਕੀਤਾ ਹੈ। ਭਾਰਤੀ ਮਾਹਿਰ ਕਹਿੰਦੇ ਹਨ ਕਿ ਇਹ ਅਮਰੀਕਾ ਦੀ ਵੰਡ ਤੇ ਰਾਜ ਕਰਨ ਵਾਲੀ ਨੀਤੀ ਹੈ। ਇਸ ਨਾਲ ਭਾਰਤ-ਅਮਰੀਕਾ ਸਬੰਧਾਂ ਤੇ ਅਸਰ ਪੈ ਸਕਦਾ ਹੈ, ਪਰ ਭਾਰਤ ਨੇ ਆਪਣੀ ਨੀਤੀ ਨੂੰ ਸੁਤੰਤਰ ਰੱਖਿਆ ਹੈ।

## ਨਵੇਂ ਅਕਾਲੀ ਦਲ ਦੀ ਵਰਕਿੰਗ ਕਮੇਟੀ ਇਸੇ ਮਹੀਨੇ ਬਣੇਗੀ-ਗਿਆਨੀ ਹਰਪ੍ਰੀਤ ਸਿੰਘ ਦਾ ਐਲਾਨ

ਸੰਗਰੂਰ-ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਪਾਰਟੀ ਦੀ ਵਰਕਿੰਗ ਕਮੇਟੀ ਇਸੇ ਮਹੀਨੇ ਬਣ ਜਾਵੇਗੀ। ਲੌਂਗੋਵਾਲ ਵਿਖੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਬੇਟੀ ਦੇ ਭੋਗ ਸਮਾਗਮ ਵਿਚ ਪਹੁੰਚੇ ਗਿਆਨੀ ਹਰਪ੍ਰੀਤ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਸੇ ਮਕਸਦ ਲਈ 6 ਸਤੰਬਰ ਨੂੰ ਡੈਲੀਗੇਟ ਇਜਲਾਸ ਬੁਲਾਇਆ ਗਿਆ ਸੀ ਪਰ ਹੜ੍ਹਾਂ ਦੀ ਸਥਿਤੀ ਕਾਰਨ ਇਹ ਇਜਲਾਸ ਮੁਲਤਵੀ ਕਰਨਾ ਪੈ ਗਿਆ।



ਹੁਣ ਇਹ ਇਜਲਾਸ ਇਸੇ ਮਹੀਨੇ ਕਿਸੇ ਵੀ ਦਿਨ ਬੁਲਾ ਕੇ ਵਰਕਿੰਗ ਕਮੇਟੀ ਬਣਾ ਦਿੱਤੀ ਜਾਵੇਗੀ। 2027 ਦੀਆਂ ਵਿਧਾਨ ਸਭਾ ਚੋਣਾਂ ਲਈ ਪਾਰਟੀ ਦੀ ਤਿਆਰੀ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਵਰਕਿੰਗ ਕਮੇਟੀ ਤੋਂ ਬਾਅਦ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਤਿਆਰੀ ਆਰੰਭ ਕਰ ਦਿੱਤੀ ਜਾਵੇਗੀ। ਜਦ ਉਨ੍ਹਾਂ ਨੂੰ ਭਾਜਪਾ ਨਾਲ ਸੰਭਾਵਿਤ ਗੱਠਜੋੜ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਹ ਗੱਲਾਂ ਬਾਅਦ ਦੀਆਂ ਹਨ ਪਹਿਲਾਂ ਵਰਕਿੰਗ ਕਮੇਟੀ ਬਣਾ ਕੇ ਚੋਣਾਂ ਦੀ ਤਿਆਰੀ ਲਈ ਕਮਰਕੱਸੇ ਕਸ ਲਈਏ। ਅਕਾਲੀ ਦਲ (ਬ) ਨਾਲ ਸਮਝੌਤੇ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਸਪਸ਼ਟ ਕਿਹਾ ਕਿ ਸਮਝੌਤਾ ਇਕੋ ਸੂਰਤ ਵਿਚ ਹੋ ਸਕਦਾ ਹੈ, ਜੇ ਸੁਖਬੀਰ ਸਿੰਘ ਬਾਦਲ ਦਿਲੋਂ ਮੁਆਫ਼ੀ ਮੰਗ ਕੇ ਆਪਣੇ ਧੜੇ ਦੀ ਪ੍ਰਧਾਨਗੀ ਤੋਂ ਇਕ ਪਾਸੇ ਹੋ ਜਾਣ।

## ਵੱਖ-ਵੱਖ ਅਦਾਲਤਾਂ ਵਿੱਚ ਸੀਬੀਆਈ ਜਾਂਚ ਨਾਲ ਸਬੰਧਤ 7,072 ਭ੍ਰਿਸ਼ਟਾਚਾਰ ਦੇ ਮਾਮਲੇ ਪੈਂਡਿੰਗ

ਨਵੀਂ ਦਿੱਲੀ-ਕੇਂਦਰੀ ਵਿਜੀਲੈਂਸ ਕਮਿਸ਼ਨ (ਸੀਵੀਸੀ) ਦੀ ਨਵੀਂ ਸਾਲਾਨਾ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ ਦੇਸ਼ ਭਰ ਦੀਆਂ ਵੱਖ-ਵੱਖ ਅਦਾਲਤਾਂ ਵਿੱਚ ਸੀਬੀਆਈ ਜਾਂਚ ਨਾਲ ਸਬੰਧਤ 7,072 ਭ੍ਰਿਸ਼ਟਾਚਾਰ ਦੇ ਮਾਮਲੇ ਪੈਂਡਿੰਗ ਹਨ। ਚਿੰਤਾ ਦੀ ਗੱਲ ਇਹ ਹੈ ਕਿ ਕੁੱਲ ਪੈਂਡਿੰਗ ਮਾਮਲਿਆਂ ਵਿੱਚੋਂ 2,660 ਮਾਮਲੇ 10 ਸਾਲ ਤੋਂ ਵੱਧ ਪੁਰਾਣੇ ਹਨ।

ਰਿਪੋਰਟ ਦੇ ਅਨੁਸਾਰ ਇਨ੍ਹਾਂ 'ਚੋਂ 379 ਮਾਮਲੇ 20 ਸਾਲਾਂ ਤੋਂ ਵੱਧ ਸਮੇਂ ਤੋਂ ਪੈਂਡਿੰਗ ਹਨ। ਜਦਕਿ 2,281 ਮਾਮਲੇ 10 ਤੋਂ 20 ਸਾਲਾਂ ਦੇ ਵਿਚਕਾਰ ਹਨ। 31 ਦਸੰਬਰ 2024 ਤੱਕ 1,506 ਮਾਮਲੇ 3 ਸਾਲਾਂ ਤੋਂ ਘੱਟ ਸਮੇਂ ਤੋਂ ਲੰਬਿਤ ਸਨ, 791 ਮਾਮਲੇ 3 ਤੋਂ 5 ਸਾਲਾਂ ਦੇ ਵਿਚਕਾਰ ਸਨ ਅਤੇ 2,115 ਮਾਮਲੇ 5 ਤੋਂ 10 ਸਾਲਾਂ ਦੇ ਵਿਚਕਾਰ ਸਨ। ਸੀਬੀਆਈ ਅਤੇ ਦੋਸ਼ੀਆਂ ਦੀਆਂ 13,100 ਅਪੀਲਾਂ ਅਤੇ ਰੀਵੀਜ਼ਨ ਪਟੀਸ਼ਨਾਂ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿੱਚ ਲੰਬਿਤ ਹਨ। ਇਹਨਾਂ ਵਿੱਚੋਂ 606 ਅਪੀਲਾਂ 20 ਸਾਲਾਂ ਤੋਂ ਵੱਧ ਸਮੇਂ ਤੋਂ ਲੰਬਿਤ ਹਨ ਅਤੇ 1,227 ਅਪੀਲਾਂ 15 ਤੋਂ 20 ਸਾਲਾਂ ਦੇ ਵਿਚਕਾਰ ਲੰਬਿਤ ਹਨ। 2024 'ਚ ਕੁੱਲ 644 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ।

ਇਨ੍ਹਾਂ ਵਿੱਚੋਂ 392 ਮਾਮਲਿਆਂ ਨੂੰ ਦੋਸ਼ੀ ਠਹਿਰਾਇਆ ਗਿਆ, 154 ਨੂੰ ਦੋਸ਼ ਮੁਕਤ ਕੀਤਾ ਗਿਆ, 21 ਆਰੋਪੀਆਂ ਨੂੰ ਬਰੀ ਕਰ ਦਿੱਤਾ ਗਿਆ ਜਦਕਿ 77 ਮਾਮਲਿਆਂ ਦਾ ਨਿਪਟਾਰਾ ਹੋਰ ਕਾਰਨਾਂ ਕਰਕੇ ਕੀਤਾ ਗਿਆ। ਰਿਪੋਰਟ ਦੇ ਅਨੁਸਾਰ 2024 'ਚ ਸਜ਼ਾ ਦਰ 69.14% ਰਹੀ ਅਤੇ 2023 ਵਿੱਚ ਇਹ 71.47% ਸੀ।

# ਮਹਾਨ ਕੋਸ਼ ਵਿਵਾਦ: ਪੰਜਾਬੀ ਯੂਨੀਵਰਸਿਟੀ 'ਤੇ ਬੇਅਦਬੀ ਦਾ ਦੋਸ਼, ਵੀਸੀ ਤੇ ਹੋਰਨਾਂ ਖ਼ਿਲਾਫ਼ ਐੱਫਆਈਆਰ

**✪ ਵਿਦਿਆਰਥੀਆਂ ਦਾ ਰੋਸ: ਮਹਾਨ ਕੋਸ਼ ਦੀਆਂ ਕਾਪੀਆਂ ਨੂੰ ਟੋਏ 'ਚ ਦੱਬਣ 'ਤੇ ਧਰਨਾ ✪ ਐੱਸਜੀਪੀਸੀ ਨੇ ਮਹਾਨ ਕੋਸ਼ ਦੇ ਸਸਕਾਰ ਲਈ ਗੋਇੰਦਵਾਲ ਸਾਹਿਬ ਭੇਜੀਆਂ ਕਾਪੀਆਂ ✪ ਬੀਬੀ ਕਿਰਨਜੋਤ ਵਲੋਂ ਨਿੰਦਾ: ਪੁਲਿਸ ਕਾਰਵਾਈ ਨੂੰ ਗਲਤ ਕਰਾਰ ਦਿੱਤਾ**

## ਨਿਊਜ਼ ਵਿਸ਼ਲੇਸ਼ਣ

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਮਹਾਨ ਕੋਸ਼ ਦੀਆਂ ਗਲਤੀ ਵਾਲੀਆਂ ਕਾਪੀਆਂ ਨੂੰ ਨਸ਼ਟ ਕਰਨ ਵਾਲੇ ਤਰੀਕੇ ਨੇ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਇਹ ਮਾਮਲਾ ਹੁਣ ਬੇਅਦਬੀ ਦੇ ਨਾਂ ਨਾਲ ਜਾਣਿਆ ਜਾ ਰਿਹਾ ਹੈ, ਜਿਸ ਵਿੱਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਸਮੇਤ ਚਾਰ ਅਧਿਕਾਰੀਆਂ ਖ਼ਿਲਾਫ਼ ਭਾਰਤੀ ਨਿਆ ਸੰਹਿਤਾ (ਬੀਐੱਨਐੱਸ) ਦੀ ਧਾਰਾ 298 ਅਧੀਨ ਐੱਫਆਈਆਰ ਦਰਜ ਹੋ ਚੁੱਕੀ ਐ। ਇਹ ਧਾਰਾ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਮਾਮਲੇ ਵਿੱਚ ਲਾਗੂ ਹੁੰਦੀ ਹੈ, ਜਿਸ ਵਿੱਚ ਦੋ ਸਾਲਾਂ ਤੱਕ ਕੈਦ ਜਾਂ ਜੁਰਮਾਨਾ ਹੋ ਸਕਦਾ ਹੈ। ਪਰ ਇਸ ਸਾਰੇ ਵਿਵਾਦ ਨੇ ਵੱਡੇ ਸਵਾਲ ਖੜ੍ਹੇ ਕੀਤੇ ਨੇ ਕਿ ਕੀ ਮਹਾਨ ਕੋਸ਼ ਨੂੰ ਬੇਅਦਬੀ ਵਾਲਾ ਮਾਮਲਾ ਬਣਾਉਣਾ ਠੀਕ ਹੈ? ਮਸਲਾ ਤਾਂ ਅਸਲ ਵਿੱਚ ਇਸ ਕੋਸ਼ ਦੀ ਮੁੜ-ਛਪਾਈ ਵਿੱਚ ਹੋਈ ਹੇਰਾ-ਫੇਰੀ ਅਤੇ ਗਲਤੀਆਂ ਦਾ ਸੀ, ਉਸ ਉੱਤੇ ਕੇਸ ਕਿਉਂ ਨਹੀਂ ਦਰਜ ਹੋਇਆ? ਕੀ ਮਹਾਨ ਕੋਸ਼ ਨੂੰ ਗੁਰੂ ਗ੍ਰੰਥ ਸਾਹਿਬ ਵਾਂਗ ਪਵਿੱਤਰ ਗ੍ਰੰਥ ਮੰਨ ਕੇ ਧਾਰਮਿਕ ਕੇਸ ਪਾਉਣਾ ਸਹੀ ਐ?





ਬੀਬੀ ਕਿਰਨਜੋਤ ਕੌਰ

### ਡਾ. ਗੰਡਾ ਸਿੰਘ ਪੰਜਾਬੀ ਰੈਫਰੈਂਸ ਲਾਇਬਰੇਰੀ ਅਤੇ ਪ੍ਰੋ. ਕਿਰਪਾਲ ਸਿੰਘ ਦੀ ਲਾਇਬਰੇਰੀ ਕਿਉਂ ਖ਼ਤਰੇ ਵਿੱਚ ਨੇ?

ਇਹ ਲਾਇਬਰੇਰੀਆਂ ਪੰਜਾਬੀ ਯੂਨੀਵਰਸਿਟੀ ਵਿੱਚ ਨੇ ਅਤੇ ਇੱਥੇ ਦੁਰਲੱਭ ਸਿੱਖ ਸਾਹਿਤ, ਪੁਸਤਕਾਂ ਅਤੇ ਹੱਥ-ਲਿਖਤਾਂ ਹਨ। ਵਿਦਵਾਨਾਂ ਨੇ ਕਿਹਾ ਕਿ ਇਹਨਾਂ ਦੀ ਸੰਭਾਲ ਠੀਕ ਨਹੀਂ ਹੋ ਰਹੀ। ਕੁਝ ਪੁਸਤਕਾਂ ਗਾਇਬ ਨੇ, ਕੁਝ ਨੂੰ ਨੁਕਸਾਨ ਪਹੁੰਚਿਆ ਐ ਅਤੇ ਡਿਜੀਟਲਾਈਜ਼ੇਸ਼ਨ ਨਹੀਂ ਹੋਇਆ। ਜਥੇਦਾਰ ਗੜਗੱਜ ਨੇ ਕਿਹਾ ਕਿ ਲਾਇਬਰੇਰੀ ਦਾ ਹਾਲ ਚੰਗਾ ਨਹੀਂ ਅਤੇ ਕਾਫ਼ੀ ਵਿਰਾਸਤ ਚੋਰੀ ਹੋਈ ਜਾਂ ਰੱਦੀ ਵਿੱਚ ਵੇਚੀ ਗਈ। ਪ੍ਰੋ. ਕਿਰਪਾਲ ਸਿੰਘ, ਜੋ 2019 ਵਿੱਚ ਗੁਜ਼ਰ ਗਏ ਨੇ, ਉਹਨਾਂ ਦੀ ਨਿੱਜੀ ਲਾਇਬਰੇਰੀ ਵੀ ਯੂਨੀਵਰਸਿਟੀ ਕੋਲ ਐ ਅਤੇ ਉਸੇ ਤਰ੍ਹਾਂ ਦੀਆਂ ਸ਼ਿਕਾਇਤਾਂ ਨੇ। ਇਹ ਲਾਇਬਰੇਰੀਆਂ ਸਿੱਖ ਇਤਿਹਾਸ ਅਤੇ ਸਾਹਿਤ ਦਾ ਖ਼ਜ਼ਾਨਾ ਨੇ, ਪਰ ਇਸ ਬਾਰੇ ਨਾ ਤਾਂ ਐੱਸਜੀਪੀਸੀ ਨਾਲ ਸਹਿਯੋਗ ਲਿਆ ਗਿਆ ਅਤੇ ਨਾ ਹੀ ਢੁੱਕਵੀਂ ਸੰਭਾਲ ਹੈ।

ਇਥੇ ਜ਼ਿਕਰਯੋਗ ਹੈ ਕਿ ਮਹਾਨ ਕੋਸ਼, ਜਿਸ ਨੂੰ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਵੀ ਕਿਹਾ ਜਾਂਦਾ ਐ, ਸਿੱਖ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਨੇ 1930 ਵਿੱਚ ਤਿਆਰ ਕੀਤਾ ਸੀ। ਇਹ ਪੰਜਾਬੀ ਭਾਸ਼ਾ ਦਾ ਇੱਕ ਵਿਸ਼ਾਲ ਕੋਸ਼ ਐ, ਜਿਸ ਵਿੱਚ ਲਗਭਗ 80 ਹਜ਼ਾਰ ਸ਼ਬਦਾਂ ਦੇ ਅਰਥ ਅਤੇ ਵਿਆਖਿਆਵਾਂ ਨੇ। ਪੰਜਾਬੀ ਯੂਨੀਵਰਸਿਟੀ ਨੇ ਇਸ ਨੂੰ ਕੁਝ ਸਾਲ ਪਹਿਲਾਂ ਮੁੜ ਛਾਪਿਆ ਸੀ, ਪਰ ਛਪਾਈ ਵਿੱਚ 3 ਹਜ਼ਾਰ ਤੋਂ ਵੱਧ ਗਲਤੀਆਂ ਹੋ ਗਈਆਂ ਸਨ। ਇਹ ਗਲਤੀਆਂ ਅਰਥਾਂ ਨਾਲ ਹੇਰਾ-ਫੇਰੀ ਵਰਗੀਆਂ ਸਨ, ਜਿਸ ਨੇ ਵਿਦਵਾਨਾਂ ਨੂੰ ਨਾਰਾਜ਼ ਕੀਤਾ ਸੀ। ਸਿੱਖ ਵਿਦਵਾਨਾਂ ਜਿਵੇਂ ਡਾ. ਅਮਰਜੀਤ ਸਿੰਘ ਧਵਨ ਨੇ ਇਸ ਨੂੰ ਵਾਪਸ ਲੈਣ ਅਤੇ ਨਸ਼ਟ ਕਰਨ ਦੀ ਮੰਗ ਕੀਤੀ ਸੀ। ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ, ਅਗਸਤ 2025 ਵਿੱਚ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਮੀਟਿੰਗ ਵਿੱਚ ਯੂਨੀਵਰਸਿਟੀ ਨੇ 15 ਦਿਨਾਂ ਵਿੱਚ ਇਹ ਕਾਪੀਆਂ ਨਸ਼ਟ ਕਰਨ ਦਾ ਵਾਅਦਾ ਕੀਤਾ ਸੀ।

ਪਰ ਮਸਲਾ ਉੱਠਿਆ ਉਸ ਵੇਲੇ ਜਦੋਂ 28 ਅਗਸਤ 2025 ਨੂੰ ਯੂਨੀਵਰਸਿਟੀ ਨੇ ਇਹਨਾਂ 15 ਹਜ਼ਾਰ ਤੋਂ ਵੱਧ ਕਾਪੀਆਂ ਨੂੰ ਕੈਂਪਸ ਵਿੱਚ ਟੋਏ ਪੁੱਟ ਕੇ ਉਸ ਵਿੱਚ ਪਾਣੀ ਪਾ ਕੇ ਦੱਬਣ ਦੀ ਕੋਸ਼ਿਸ਼ ਕੀਤੀ ਸੀ। ਵਿਦਿਆਰਥੀ ਆਗੂ ਯਾਦਵਿੰਦਰ ਸਿੰਘ ਯਾਦੂ ਅਤੇ ਕੁਲਦੀਪ ਸਿੰਘ ਝਿੰਜਰ ਨੇ ਇਸ ਨੂੰ ਬੇਅਦਬੀ ਕਰਾਰ ਦਿੱਤਾ ਕਿਉਂਕਿ ਮਹਾਨ ਕੋਸ਼ ਵਿੱਚ ਗੁਰਬਾਣੀ ਦੀਆਂ ਤੁਕਾਂ ਨੇ ਅਤੇ ਇਸ ਨੂੰ ਸਿੱਖ ਮਰਿਆਦਾ ਅਨੁਸਾਰ ਸਸਕਾਰ ਕਰਨਾ ਚਾਹੀਦਾ ਸੀ। ਵਿਦਿਆਰਥੀਆਂ ਨੇ ਰੋਸ ਧਰਨਾ ਦਿੱਤਾ ਅਤੇ ਕਾਰਵਾਈ ਰੋਕੀ। ਐੱਸਜੀਪੀਸੀ ਨੇ ਸਖ਼ਤ ਨੋਟਿਸ ਲਿਆ ਸੀ ਅਤੇ ਇੱਕ ਵਫ਼ਦ ਸੁਰਜੀਤ ਸਿੰਘ ਗੜ੍ਹੀ ਦੀ ਅਗਵਾਈ ਵਿੱਚ ਯੂਨੀਵਰਸਿਟੀ ਪਹੁੰਚਿਆ ਸੀ। ਉਹਨਾਂ ਨੇ ਕਾਪੀਆਂ ਨੂੰ ਗੋਇੰਦਵਾਲ ਸਾਹਿਬ ਲੈ ਕੇ ਜਾਣ ਅਤੇ ਮਰਿਆਦਾ ਅਨੁਸਾਰ ਸਸਕਾਰ ਕਰਨ ਦੀ ਸੇਵਾ ਕੀਤੀ ਸੀ। ਐੱਸਜੀਪੀਸੀ ਨੇ ਕਿਹਾ ਕਿ ਧਾਰਮਿਕ ਗ੍ਰੰਥਾਂ ਨੂੰ ਨਸ਼ਟ ਕਰਨ ਲਈ ਵਿਧੀ ਵਿਧਾਨ ਹੁੰਦਾ ਐ ਅਤੇ ਯੂਨੀਵਰਸਿਟੀ ਨੇ ਉਹਨਾਂ ਨੂੰ ਇਤਲਾਹ ਵੀ ਨਹੀਂ ਕੀਤੀ।

ਹੁਣ ਸਵਾਲ ਇਹ ਐ ਕਿ ਬੇਅਦਬੀ ਵਾਲਾ ਕੇਸ ਬਣਨਾ ਠੀਕ ਹੈ ਜਾਂ ਨਹੀਂ? ਵਿਦਿਆਰਥੀ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਸਿੱਖ ਮਰਿਆਦਾ ਦੀ ਉਲੰਘਣਾ ਮੰਨਿਆ ਅਤੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਨੂੰ "ਅਤਿ ਨਿੰਦਣਯੋਗ" ਅਤੇ "ਸਿੱਖ ਵਿਰੋਧੀ ਮਾਨਸਿਕਤਾ" ਕਿਹਾ। ਉਹਨਾਂ ਨੇ ਪੰਜਾਬ ਪੁਲਿਸ ਨੂੰ ਸਖ਼ਤ ਕਾਰਵਾਈ ਦੇ ਨਿਰਦੇਸ਼ ਦਿੱਤੇ ਅਤੇ ਯੂਨੀਵਰਸਿਟੀ ਨੂੰ ਕੈਂਪਸ ਗੁਰਦੁਆਰੇ ਵਿੱਚ ਅਖੰਡ ਪਾਠ ਅਤੇ ਅਰਦਾਸ ਕਰਨ ਦੀ ਹਦਾਇਤ ਕੀਤੀ ਹੈ। ਪਰ ਬਹੁਤੇ ਬੁੱਧੀਜੀਵੀ ਤੇ ਪੰਥਕ ਜਥੇਬੰਦੀਆਂ ਮਹਾਨ ਕੋਸ਼ ਨੂੰ ਧਾਰਮਿਕ ਤੇ ਪਵਿੱਤਰ ਨਹੀਂ ਮੰਨਦੀਆਂ। ਉਹਨਾਂ ਦਾ ਮੰਨਣਾ ਹੈ ਕਿ ਮਹਾਨ ਕੋਸ਼ ਇੱਕ ਵਿਸ਼ਵਕੋਸ਼ ਹੈ, ਨਾ ਕਿ ਗੁਰੂ ਗ੍ਰੰਥ ਸਾਹਿਬ ਵਾਂਗ ਪਵਿੱਤਰ ਗ੍ਰੰਥ। ਇਸ ਵਿੱਚ ਗੁਰਬਾਣੀ ਹਵਾਲੇ ਨੇ, ਪਰ ਇਹ ਧਾਰਮਿਕ ਗ੍ਰੰਥ ਨਹੀਂ ਹੈ। ਕੇਸ ਪਾਉਣ ਨੂੰ ਇਸੇ ਕਰਕੇ ਬਹੁਤੇ ਸਿੱਖ ਠੀਕ ਨਹੀਂ ਮੰਨਦੇ। ਅਸਲ ਮਸਲਾ ਮੁੜ-ਛਪਾਈ ਵਿੱਚ ਗਲਤੀਆਂ ਅਤੇ ਹੇਰਾ-ਫੇਰੀ ਦਾ ਐ। ਇਸ ਵਿੱਚ 2.5 ਕਰੋੜ ਰੁਪਏ ਖਰਚ ਹੋਏ, 25 ਤੋਂ 30 ਹਜ਼ਾਰ ਕਾਪੀਆਂ ਛਾਪੀਆਂ ਗਈਆਂ ਅਤੇ ਗਲਤ ਤੱਥ ਛੱਪੇ ਹਨ। ਵਿਦਵਾਨਾਂ ਨੇ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ ਸੀ ਅਤੇ ਹਾਈਕੋਰਟ ਨੇ ਵਿਕਰੀ ਤੇ ਰੋਕ ਲਾਈ ਸੀ। ਪਰ ਇਸ ਹੇਰਾ-ਫੇਰੀ ਉੱਤੇ ਕੋਈ ਕੇਸ ਨਹੀਂ ਦਰਜ ਹੋਇਆ।ਸਿੱਖ ਵਿਦਵਾਨ ਡਾ. ਪਰਮਿੰਦਰ ਸਿੰਘ ਸ਼ੌਕੀ ਨੇ ਕਿਹਾ ਕਿ ਇਹ ਗਿਆਨ ਦੀ ਪਵਿੱਤਰਤਾ ਤੇ ਵਾਰ ਹੈ ਅਤੇ ਪੰਜਾਬੀ ਯੂਨੀਵਰਸਿਟੀ ਰਾਹੀਂ ਕੁਕਰਮ ਹੋਇਆ ਹੈ। ਪ੍ਰਿਤਪਾਲ ਸਿੰਘ ਨੇ ਪ੍ਰੋਫੈਸਰ ਧਨਵੰਤ ਕੌਰ ਸਮੇਤ ਯੂਨੀਵਰਸਿਟੀ ਪ੍ਰੋਫੈਸਰਾਂ ਬਾਰੇ ਕਿਹਾ ਕਿ ਇਹਨਾਂ ਨੇ ਯੂਨੀਵਰਸਿਟੀ ਦੇ ਵੱਕਾਰ ਨੂੰ ਸੱਟ ਮਾਰੀ ਹੈ।

ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਇਸ ਨੂੰ ਸਿੱਖ ਵਿਰੋਧੀ ਮਾਨਸਿਕਤਾ ਕਰਾਰ ਦਿੱਤਾ ਅਤੇ ਕਿਹਾ ਕਿ ਇਹ ਸਿੱਖ ਵਿਰਾਸਤ ਨੂੰ ਤਬਾਹ ਕਰਨ ਦੀ ਸਾਜ਼ਿਸ਼ ਐ। ਉਹਨਾਂ ਨੇ ਯੂਨੀਵਰਸਿਟੀ ਵਿੱਚ ਮੌਜੂਦ ਪੁਰਾਤਨ ਹੱਥ-ਲਿਖਤਾਂ ਅਤੇ ਗ੍ਰੰਥਾਂ ਦੀ ਸੰਭਾਲ ਬਾਰੇ ਸਪੱਸ਼ਟੀਕਰਨ ਮੰਗਿਆ।

ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਦਾ ਬਿਆਨ ਇਸ ਸਬੰਧੀ ਵਿਚਾਰਧਾਰਕ ਤੇ ਸਿਧਾਂਤਕ ਨਜ਼ਰੀਏ ਨੂੰ ਦਰਸਾਉਂਦਾ ਹੈ, ਜੋ ਸਿੱਖ ਰਹਿਤ ਮਰਿਆਦਾ ਦੇ ਤਕਨੀਕੀ ਪਹਿਲੂ ਨੂੰ ਉਜਾਗਰ ਕਰਦਾ ਹੈ। ਉਹਨਾਂ ਅਨੁਸਾਰ, ਸਿਖ ਮਰਿਆਦਾ ਅਨੁਸਾਰ ਸਿਰਫ ਗੁਰੂ ਗ੍ਰੰਥ ਸਾਹਿਬ ਜੀ ਪਵਿੱਤਰ ਗ੍ਰੰਥ ਹਨ ਅਤੇ ਮਹਾਨ ਕੋਸ਼ ਜਾਂ ਹੋਰ ਕਿਤਾਬਾਂ ਨੂੰ ਇਸੇ ਮਰਿਆਦਾ ਵਿੱਚ ਨਹੀਂ ਜੋੜਿਆ ਜਾ ਸਕਦਾ। ਮਹਾਨਕੋਸ਼ ਨੂੰ ਪਾਵਨ ਮੰਨਕੇ ਕੇਸ ਬਣਾਉਣਾ ਗਲਤ ਹੈ। ਬੀਬੀ ਕਿਰਨਜੋਤ ਦਾ ਬਿਆਨ ਸਹੀ ਹੈ ਕਿ ਹਰ ਸਿੱਖ ਗ੍ਰੰਥ ਤੇ ਪੁਸਤਕ 'ਤੇ ਗੁਰੂ ਦੀ ਮਰਿਆਦਾ ਨਹੀਂ ਲਾਗੂ ਹੋ ਸਕਦੀ।

### ਸ਼੍ਰੋਮਣੀ ਕਮੇਟੀ ਨੂੰ ਅੱਗੇ ਕੀ ਕਰਨਾ ਚਾਹੀਦਾ ਹੈ?

ਸ਼੍ਰੋਮਣੀ ਕਮੇਟੀ ਨੇ ਪਹਿਲਾਂ ਹੀ ਇੱਕ ਕਮੇਟੀ ਗਠਿਤ ਕੀਤੀ ਹੈ ਜੋ ਮਾਮਲੇ ਦੀ ਜਾਂਚ ਕਰੇਗੀ ਅਤੇ ਡਾ. ਗੰਡਾ ਸਿੰਘ ਲਾਇਬਰੇਰੀ ਦੀ ਹਾਲਤ ਦਾ ਜਾਇਜ਼ਾ ਲਵੇਗੀ। ਜਥੇਦਾਰ ਗੜਗੱਜ ਨੇ ਕਿਹਾ ਕਿ ਪੰਜਾਬ ਪੁਲਿਸ ਨੂੰ ਗੰਭੀਰ ਜਾਂਚ ਕਰਕੇ ਦੋਸ਼ੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਨੂੰ ਯੂਨੀਵਰਸਿਟੀ ਨਾਲ ਮਿਲ ਕੇ ਲਾਇਬਰੇਰੀਆਂ ਨੂੰ ਡਿਜੀਟਲਾਈਜ਼ ਕਰਨਾ ਚਾਹੀਦਾ ਐ ਅਤੇ ਸਿੱਖ ਵਿਰਾਸਤ ਦੀ ਸੰਭਾਲ ਲਈ ਢੁੱਕਵੇਂ ਪ੍ਰਬੰਧ ਕਰਨੇ ਚਾਹੀਦੇ ਨੇ। ਦੂਸਰੇ ਪਾਸੇ ਵੀਸੀ ਨੇ ਮੁਆਫ਼ੀ ਮੰਗੀ ਹੈ, ਕਿਹਾ ਕਿ ਇਰਾਦਾ ਨੇਕ ਸੀ ਅਤੇ ਇਹ ਈਕੋ-ਫਰੈਂਡਲੀ ਤਰੀਕਾ ਸੀ ਪਰ ਸਿੱਖ ਮਰਿਆਦਾ ਨਹੀਂ ਅਪਣਾਈ ਗਈ। ਹੁਣ ਯੂਨੀਵਰਸਿਟੀ ਗੁਰਦੁਆਰੇ ਵਿੱਚ ਅਖੰਡ ਪਾਠ ਕਰ ਰਹੀ ਐ ਅਤੇ ਐੱਸਜੀਪੀਸੀ ਦੇ ਨਿਰਦੇਸ਼ਾਂ ਅਨੁਸਾਰ ਕੰਮ ਕਰੇਗੀ। ਇਹ ਵਿਵਾਦ ਪੰਜਾਬੀ ਯੂਨੀਵਰਸਿਟੀ ਦੀ ਸਿੱਖ ਸਾਹਿਤ ਪ੍ਰਤੀ ਸੰਵੇਦਨਸ਼ੀਲਤਾ ਤੇ ਸਵਾਲ ਖੜ੍ਹੇ ਕਰਦਾ ਐ। ਅਸਲ ਮਸਲਾ ਬੇਅਦਬੀ ਵਾਲਾ ਨਹੀਂ ਹੈ। ਅਸਲ ਜੜ੍ਹ ਛਪਾਈ ਵਿੱਚ ਗਲਤੀਆਂ ਅਤੇ ਵਿੱਤੀ ਗਬਨ ਵਰਗੇ ਮਸਲੇ ਨੇ, ਜਿਨ੍ਹਾਂ ਤੇ ਵੱਡੀ ਜਾਂਚ ਹੋਣੀ ਚਾਹੀਦੀ ਐ।



ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਛੋਟੇ ਕੱਦ ਵਾਲਾ ਸਿਆਣਾ ਬੰਦਾ ਲੰਬੇ ਕੱਦ ਵਾਲੇ ਮੂਰਖ ਨਾਲੋਂ ਕਿਤੇ ਵਧਕੇ ਚੰਗਾ ਹੁੰਦਾ ਹੈ ।

# ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਮਸਜਿਦ ਵਿੱਚ ਬਦਲਣ ਦੀ ਮੰਗ ਵਾਲੀ ਪਟੀਸ਼ਨ ਖਾਰਜ ਕਰਨ ਦਾ ਮਾਮਲਾ ਤੇ ਫਿਰਕੂਵਾਦ

ਪਾਕਿਸਤਾਨ ਦੀ ਇਸਲਾਮਾਬਾਦ ਹਾਈ ਕੋਰਟ ਨੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨੂੰ ਮਸਜਿਦ ਵਿੱਚ ਬਦਲਣ ਦੀ ਮੰਗ ਵਾਲੀ ਇੱਕ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਜੱਜ ਜਸਟਿਸ ਇਨਾਮ ਅਮੀਨ ਮਿਨਹਾਸ ਨੇ ਇਸ ਪਟੀਸ਼ਨ ਨੂੰ ਉਲਟਾ ਨਾ ਮੰਨਦੇ ਹੋਏ ਖਾਰਜ ਕੀਤਾ, ਕਿਉਂਕਿ ਪਟੀਸ਼ਨਕਰਤਾ ਬਿਸਮਾ ਨੂਰੀਨ ਅਦਾਲਤ ਵਿੱਚ ਪੇਸ਼ ਨਹੀਂ ਹੋਈ। ਇਹ ਫੈਸਲਾ 2 ਸਤੰਬਰ ਨੂੰ ਸੁਣਾਇਆ ਗਿਆ ਅਤੇ ਇਸ ਨੇ ਸਿੱਖ ਭਾਈਚਾਰੇ ਵਿੱਚ ਰਾਹਤ ਦੀ ਲਹਿਰ ਪੈਦਾ ਕੀਤੀ ਹੈ, ਜੋ ਇਸ ਗੁਰੂ ਘਰ ਨੂੰ ਆਪਣੀ ਧਾਰਮਿਕ ਵਿਰਾਸਤ ਦਾ ਅਹਿਮ ਹਿੱਸਾ ਮੰਨਦਾ ਹੈ। ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਦੀ ਤਹਿਸੀਲ ਸ਼ਕਰਗੜ੍ਹ ਵਿੱਚ ਸਥਿਤ ਹੈ ਅਤੇ ਇਹ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨਾਲ ਜੁੜਿਆ ਹੋਇਆ ਹੈ। ਗੁਰੂ ਨਾਨਕ ਜੀ ਨੇ ਆਪਣੇ ਜੀਵਨ ਦੇ ਆਖਰੀ ਸਾਲ ਇੱਥੇ ਬਿਤਾਏ ਸਨ ਅਤੇ ਇਹ ਜਗ੍ਹਾ ਸਿੱਖਾਂ ਲਈ ਪਵਿੱਤਰ ਹੈ। 2019 ਵਿੱਚ ਭਾਰਤ ਅਤੇ ਪਾਕਿਸਤਾਨ ਨੇ ਕਰਤਾਰਪੁਰ ਕੋਰੀਡੋਰ ਖੋਲ੍ਹਿਆ ਸੀ, ਜਿਸ ਨਾਲ ਭਾਰਤੀ ਸਿੱਖ ਯਾਤਰੂ ਵੀਜ਼ਾ ਤੋਂ ਬਿਨਾਂ ਇੱਥੇ ਦਰਸ਼ਨ ਕਰ ਸਕਦੇ ਹਨ। ਪਰ ਹਾਲ ਹੀ ਵਿੱਚ ਬਿਸਮਾ ਨੂਰੀਨ ਨੇ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਸੀ ਕਿ ਇਸ ਨੂੰ ਮਸਜਿਦ ਵਿੱਚ ਬਦਲ ਦਿੱਤਾ ਜਾਵੇ। ਇਸ ਪਟੀਸ਼ਨ ਨੂੰ ਅਦਾਲਤ ਨੇ ਖਾਰਜ ਕਰਨ ਵੇਲੇ ਨੋਟ ਕੀਤਾ ਕਿ ਪਟੀਸ਼ਨਕਰਤਾ ਨੇ ਕੋਈ ਵੀ ਵਕੀਲ ਜਾਂ ਖੁਦ ਪੇਸ਼ ਨਹੀਂ ਹੋਈ, ਜਿਸ ਨੂੰ ਅੰਗਰੇਜ਼ੀ ਵਿੱਚ 'ਨਾਨ-ਪ੍ਰੋਸੀਕਿਊਸ਼ਨ' ਕਿਹਾ ਜਾਂਦਾ ਹੈ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਬਿਸਮਾ ਨੂਰੀਨ ਦੀ ਪਟੀਸ਼ਨ ਖਾਰਜ ਹੋਈ ਹੈ; ਉਸ ਨੇ ਪਹਿਲਾਂ ਵੀ ਕਈ ਵਿਵਾਦਤ ਪਟੀਸ਼ਨਾਂ ਦਾਇਰ ਕੀਤੀਆਂ ਹਨ, ਜਿਵੇਂ ਕਿ 'ਔਰਤ ਮਾਰਚ' ਨੂੰ ਬੰਦ ਕਰਨ ਦੀ ਮੰਗ ਅਤੇ 'ਮੇਰਾ ਜਿਸਮ ਮੇਰੀ ਮਰਜ਼ੀ' ਨਾਅਰੇ ਨੂੰ ਅਸ਼ਲੀਲ ਕਹਿਣ ਵਾਲੀ ਪਟੀਸ਼ਨ, ਜਿਸ ਤੇ ਅਦਾਲਤ ਨੇ ਉਸ ਨੂੰ ਜੁਰਮਾਨਾ ਵੀ ਲਾਇਆ ਸੀ। ਬਿਸਮਾ ਨੂਰੀਨ ਨੂੰ ਅਮੀਰ ਜਹਾਂ ਵਜੋਂ ਵੀ ਜਾਣਿਆ ਜਾਂਦਾ ਹੈ ਅਤੇ ਉਹ ਇੱਕ ਨਾਗਰਿਕ ਅਧਿਕਾਰ ਕਾਰਕੁਨ ਵਜੋਂ ਜਾਣੀ ਜਾਂਦੀ ਹੈ, ਪਰ ਉਸ ਦੀਆਂ ਪਟੀਸ਼ਨਾਂ ਅਕਸਰ ਵਿਵਾਦਤ ਅਤੇ ਬੇਬੁਨਿਆਦ ਹੁੰਦੀਆਂ ਹਨ।

ਅਦਾਲਤ ਨੇ ਇਸ ਨੂੰ ਖਾਰਜ ਕਰਨ ਦਾ ਮੁੱਖ ਕਾਰਨ ਪਟੀਸ਼ਨਕਰਤਾ ਦੀ ਗੈਰ-ਹਾਜ਼ਰੀ ਨੂੰ ਦੱਸਿਆ। ਪਾਕਿਸਤਾਨੀ ਮੀਡੀਆ ਅਨੁਸਾਰ, ਬਿਸਮਾ ਨੂਰੀਨ ਨੇ ਅਦਾਲਤ ਵਿੱਚ ਨਾ ਤਾਂ ਖੁਦ ਹਾਜ਼ਰ ਹੋਈ ਅਤੇ ਨਾ ਹੀ ਕੋਈ ਵਕੀਲ ਭੇਜਿਆ। ਇਸ ਕਾਰਨ ਅਦਾਲਤ ਨੇ ਇਸ ਨੂੰ ਗੈਰ-ਸੰਜੀਦਾ ਮੰਨਦੇ ਹੋਏ ਖਾਰਜ ਕਰ ਦਿੱਤਾ। ਇਸ ਤੋਂ ਇਲਾਵਾ, ਅਦਾਲਤ ਨੇ ਨੋਟ ਕੀਤਾ ਕਿ ਬਿਸਮਾ ਨੂਰੀਨ ਦੀਆਂ ਪਹਿਲਾਂ ਵੀ ਕਈ ਪਟੀਸ਼ਨਾਂ ਖਾਰਜ ਹੋ ਚੁੱਕੀਆਂ ਹਨ, ਜੋ ਉਸ ਨੂੰ ਇੱਕ 'ਹੈਬੀਚੂਅਲ ਪਟੀਸ਼ਨਰ' ਬਣਾਉਂਦੀਆਂ ਹਨ। ਇਹ ਫੈਸਲਾ ਧਾਰਮਿਕ ਸਹਿਣਸ਼ੀਲਤਾ ਅਤੇ ਘੱਟ ਗਿਣਤੀ ਅਧਿਕਾਰਾਂ ਦੀ ਰੱਖਿਆ ਵੱਲ ਇੱਕ ਕਦਮ ਵਜੋਂ ਵੇਖਿਆ ਜਾ ਰਿਹਾ ਹੈ।

ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਮਸਜਿਦ ਵਿੱਚ ਬਦਲਣ ਦੀ ਮੰਗ ਨਵੀਂ ਨਹੀਂ ਹੈ ਅਤੇ ਇਹ ਧਾਰਮਿਕ ਵਿਵਾਦਾਂ ਨਾਲ ਜੁੜੀ ਹੋਈ ਹੈ। ਕੁਝ ਕੱਟੜਪੰਥੀ ਸਮੂਹਾਂ ਵੱਲੋਂ ਅਜਿਹੀਆਂ ਮੰਗਾਂ ਉਠਾਈਆਂ ਜਾਂਦੀਆਂ ਹਨ ਕਿ ਕੁਝ ਧਾਰਮਿਕ ਸਥਾਨਾਂ ਉੱਤੇ ਪਹਿਲਾਂ ਮਸਜਿਦਾਂ ਸਨ ਜਾਂ ਉਹ ਮੁਸਲਿਮ ਵਿਰਾਸਤ ਨਾਲ ਜੁੜੇ ਹੋਏ ਹਨ। ਉਦਾਹਰਨ ਵਜੋਂ, 2020 ਵਿੱਚ ਲਾਹੌਰ ਵਿੱਚ ਗੁਰਦੁਆਰਾ ਸ਼ਹੀਦੀ ਅਸਥਾਨ ਭਾਈ ਤਾਰੂ ਸਿੰਘ ਨੂੰ ਮਸਜਿਦ ਵਿੱਚ ਬਦਲਣ ਦੀ ਕੋਸ਼ਿਸ਼ ਨੇ ਵਿਵਾਦ ਪੈਦਾ ਕੀਤਾ ਸੀ। ਉੱਥੇ ਇੱਕ ਵੀਡੀਓ ਵਾਇਰਲ ਹੋਇਆ ਸੀ ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇਹ ਜਗ੍ਹਾ 19ਵੀਂ ਸਦੀ ਵਿੱਚ ਇੱਕ ਮਸਜਿਦ ਸੀ ਅਤੇ ਸਿੱਖਾਂ ਨੇ ਇਸ ਨੂੰ ਜ਼ਬਰਦਸਤੀ ਗੁਰਦੁਆਰਾ ਬਣਾ ਲਿਆ ਸੀ। ਇਸ ਵਿਵਾਦ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਵਧਾਇਆ ਸੀ ਅਤੇ ਭਾਰਤ ਨੇ ਇਸ ਨੂੰ ਘਟਗਿਣਤੀ ਅਧਿਕਾਰਾਂ ਦੀ ਉਲੰਘਣਾ ਕਿਹਾ ਸੀ।

ਕਰਤਾਰਪੁਰ ਸਾਹਿਬ ਬਾਰੇ ਵੀ ਅਜਿਹੇ ਬੇਬੁਨਿਆਦ ਦਾਅਵੇ ਕੀਤੇ ਜਾਂਦੇ ਹਨ। ਕੱਟੜਪੰਥੀ ਸਮੂਹ ਜਿਵੇਂ ਤਹਿਰੀਕ-ਏ-ਲੈਬਬੈਕ ਪਾਕਿਸਤਾਨ (ਟੀਐਲਪੀ) ਨੇ ਕਈ ਵਾਰ ਇਸ ਗੁਰੂ ਘਰ ਪ੍ਰਤੀ ਇਤਰਾਜ਼ਯੋਗ ਸ਼ਬਦਾਵਲੀ ਵਰਤੀ ਹੈ। ਟੀਐਲਪੀ, ਜੋ ਬਲਾਸਫੈਮੀ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਵਾਲੀ ਪਾਰਟੀ ਹੈ, ਨੇ ਵੱਖ-ਵੱਖ ਸਮਾਗਮਾਂ ਵਿੱਚ ਕਰਤਾਰਪੁਰ ਕੋਰੀਡੋਰ ਨੂੰ ਇੱਕ 'ਵਿਦੇਸ਼ੀ ਸਾਜ਼ਿਸ਼' ਕਹਿ ਕੇ ਨਿਸ਼ਾਨਾ ਬਣਾਇਆ ਹੈ। ਉਹ ਇਸ ਨੂੰ ਕਬਜ਼ਾ ਕਰਨਾ ਚਾਹੁੰਦੇ ਹਨ ਕਿਉਂਕਿ ਉਹਨਾਂ ਨੂੰ ਲੱਗਦਾ ਹੈ ਕਿ ਇਹ ਜਗ੍ਹਾ ਮੁਸਲਿਮ ਧਰਮ ਨਾਲ ਜੁੜੀ ਹੋ ਸਕਦੀ ਹੈ ਜਾਂ ਇਸ ਨਾਲ ਧਾਰਮਿਕ ਉੱਤੇਜਨਾ ਪੈਦਾ ਕਰ ਕੇ ਰਾਜਨੀਤਿਕ ਲਾਭ ਲਿਆ ਜਾ ਸਕਦਾ ਹੈ। ਹਾਲਾਂਕਿ, ਇਤਿਹਾਸਕ ਤੌਰ ਤੇ ਕਰਤਾਰਪੁਰ ਸਾਹਿਬ ਸਿੱਖ ਧਰਮ ਨਾਲ ਜੁੜਿਆ ਹੈ ਅਤੇ ਗੁਰੂ ਨਾਨਕ ਜੀ ਨੇ 1504 ਵਿੱਚ ਇੱਥੇ ਵੱਸ ਵਸਾਇਆ ਸੀ। ਕੋਈ ਭਰੋਸੇਯੋਗ ਸਬੂਤ ਨਹੀਂ ਹੈ ਕਿ ਇੱਥੇ ਪਹਿਲਾਂ ਮਸਜਿਦ ਸੀ। ਇਸ ਵਿਵਾਦ ਨੇ ਧਾਰਮਿਕ ਸਹਿਣਸ਼ੀਲਤਾ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। ਪਾਕਿਸਤਾਨ ਸਰਕਾਰ ਨੇ ਕਰਤਾਰਪੁਰ ਕੋਰੀਡੋਰ ਨੂੰ ਆਪਣੀ ਸਕਾਰਾਤਮਕ ਚਿੱਤਰ ਵਜੋਂ ਪੇਸ਼ ਕੀਤਾ ਹੈ ਅਤੇ ਇਸ ਨੂੰ ਘੱਟਗਿਣਤੀ ਅਧਿਕਾਰਾਂ ਦੀ ਰੱਖਿਆ ਵਜੋਂ ਵੇਖਦੀ ਹੈ। ਸਿੱਖ ਆਗੂਆਂ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ ਅਤੇ ਮੰਗ ਕੀਤੀ ਹੈ ਕਿ ਅਜਿਹੀਆਂ ਬੇਬੁਨਿਆਦ ਮੰਗਾਂ ਨੂੰ ਰੋਕਿਆ ਜਾਵੇ।

**NEWS & VIEWS**

# IMPACT OF FLOODS DUE TO LACK OF INDIAN ENVIRONMENTAL PLANNING



Gurmukh Singh OBE

Once again, recent floods have shown that India has no long-term plans for the devastating impact of global climate change. In addition to loss of life, floods cause massive damage to infrastructure and property. Crops are destroyed, livestock lost, travel is affected and floods cause disease. The economic cost at national level is huge.

With the floods, starts the blame-game, with politicians, official planners and senior bureaucrats pointing fingers at each other. Massive scale agro-industrial pollution, poor planning of water flows and dams, cleaning of river beds to keep water flowing, de-forestation, short-term policies by an inefficient bureaucracy and polluting habits of an increasing population are linked to climate change.

Colonial style administrators to the highest positions have hardly any work ethic or personal conviction that honest and hard work is a reward in itself. There are no performance measure and they seem to have no moral compass to do their duty as public servants. Often, their excuse for taking direct or indirect bribes is that *this is how things are done here.*

Otherwise, there is no shortage of well-qualified people and there is no shortage of expert advice. Economically, Indian skills, private sector enterprise, a large home-market, and a very large cheap and young labour force have pushed India to a respectable global position. However, the success of India hides the longer-term consequences of short-term gains.

According to one estimate, northern parts of the Indian sub-continent are the worst areas affected by annual floods accounting for over one-fifth of all flood-related deaths globally. Heavy rainfall starts landslides and flash floods. Roads are broken and blocked and much property, structures like bridges and agricultural land are submerged in water. In addition to human suffering, the economic cost is enormous and will keep on increasing due to climate change for which India is ill-prepared.

Quite interestingly, public debates about the floods have linked many aspects of Indian way of life and negative consequences for the environment. For example, the environmental and food-chain consequences of rubbish carelessly thrown on the roads and public places is discussed. It is sadly amusing for diaspora Indians to receive impressive photos of lavish-style houses from wealthy Indian relatives and friends, knowing fully well what lies outside! Rubbish heaps and broken roads are accepted as part of the environment. The domestic servants they boast about, have hardly anywhere to live a life with dignity. Essential toilet facilities for all, proper drainage and disposal of rubbish are often missing.

The average Indian, especially travellers and tourists, believe it is their right to throw rubbish anywhere. The most attractive tourist sites and sacred shrines in the beautiful hills and mountains are littered with rubbish. Yet, the same people change their habits when they come abroad (or maybe not when I look at own town, Southall, the UK Panjabi Town!)

The floods have also brought out the best and the worst in the people. For example, the Panjabi farmers are distributing food while elsewhere the Indian shop-keepers are exploiting by raising prices of goods in affected areas.

The inefficiency of the Indian system becomes obvious annually through floods and crumbling structures. The economic, employment and social consequences for an ever-increasing population will continue to be even more disastrous. As we have seen in recent decades, migrations from Panjab and India will continue to increase. Environmental and climate change issues are complex and require long term policies and systematic planning and implementation over decades.

**Gurmukh Singh OBE,** Ret'd Principal Civil Servant (UK) sewauk2005@yahoo.co.uk


ਰਜਿੰਦਰ ਸਿੰਘ ਪੁਰੇਵਾਲ

## ਸੰਪਾਦਕੀ

# ਪੰਜਾਬੀ ਸਿਆਸਤ ਵਿੱਚ ਨਵਾਂ ਡਰਾਮਾ: ਵਿਧਾਇਕ ਪਠਾਨਮਾਜਰਾ ਦੀ ਗ੍ਰਿਫ਼ਤਾਰੀ ਤੇ ਫਰਾਰੀ ਦੇ ਪਿੱਛੇ ਕੀ ਰਹੱਸ ਹੈ ?

ਪੰਜਾਬ ਦੀ ਸਿਆਸੀ ਧਰਤੀ ਤੇ ਇੱਕ ਵਾਰ ਫਿਰ ਤੂਫਾਨ ਆ ਗਿਆ ਹੈ। ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੂੰ ਪੰਜਾਬ ਪੁਲਿਸ ਨੇ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਵਿੱਚੋਂ ਗ੍ਰਿਫ਼ਤਾਰ ਕੀਤਾ ਸੀ, ਪਰ ਮਿੰਟਾਂ ਵਿੱਚ ਹੀ ਉਹ ਗੋਲੀਬਾਰੀ ਅਤੇ ਪਥਰਾਅ ਦੀ ਆੜ ਵਿੱਚ ਫਰਾਰ ਹੋ ਗਿਆ ਸੀ। ਇਹ ਘਟਨਾ ਬੀਤੇ ਮੰਗਲਵਾਰ ਸਵੇਰੇ ਵਾਪਰੀ ਅਤੇ ਹੁਣ ਤੱਕ ਵਿਧਾਇਕ ਫਰਾਰ ਹੈ। ਪੁਲਿਸ ਨੇ ਉਸ ਦੇ ਸਾਥੀ ਬਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਤਿੰਨ ਹਥਿਆਰ ਤੇ ਇੱਕ ਫਾਰਚੂਨਰ ਕਾਰ ਬਰਾਮਦ ਕੀਤੀ ਹੈ। ਇਸ ਮਾਮਲੇ ਨੇ ਨਾ ਸਿਰਫ਼ ਆਪ ਸਰਕਾਰ ਨੂੰ ਸਵਾਲਾਂ ਦੇ ਘੇਰੇ ਵਿੱਚ ਖੜ੍ਹਾ ਕੀਤਾ ਹੈ, ਸਗੋਂ ਪੰਜਾਬੀ ਜਨਤਾ ਨੂੰ ਵੀ ਸੋਚਣ ਤੇ ਮਜਬੂਰ ਕਰ ਦਿੱਤਾ ਹੈ ਕਿ ਕੀ ਇਹ ਸਿਆਸੀ ਵਿਰੋਧ ਨੂੰ ਦਬਾਉਣ ਦੀ ਚਾਲ ਹੈ ਜਾਂ ਅਸਲ ਕਾਨੂੰਨੀ ਕਾਰਵਾਈ ?

ਹਰਮੀਤ ਪਠਾਨਮਾਜਰਾ, ਜੋ ਸਨੌਰ ਹਲਕੇ ਤੋਂ ਵਿਧਾਇਕ ਹਨ, ਨੇ ਹਾਲ ਹੀ ਵਿੱਚ ਪੰਜਾਬ ਵਿੱਚ ਆਏ ਹੜ੍ਹਾਂ ਬਾਰੇ ਆਪਣੀ ਹੀ ਪਾਰਟੀ ਨੂੰ ਨਿਸ਼ਾਨਾ ਬਣਾਇਆ ਸੀ। ਉਨ੍ਹਾਂ ਨੇ ਸਿੰਚਾਈ ਵਿਭਾਗ ਦੇ ਸੀਨੀਅਰ ਅਧਿਕਾਰੀ ਕ੍ਰਿਸ਼ਨ ਕੁਮਾਰ ਤੇ ਇਲਜ਼ਾਮ ਲਾਏ ਕਿ ਉਸ ਨੇ ਸਰਕਾਰ ਨੂੰ ਗੁਮਰਾਹ ਕੀਤਾ ਅਤੇ ਹੜ੍ਹ ਰੋਕਥਾਮ ਲਈ ਬੇਨਤੀਆਂ ਨੂੰ ਅਣਡਿੱਠਾ ਕੀਤਾ, ਜਿਸ ਕਰਕੇ ਉਨ੍ਹਾਂ ਦੇ ਹਲਕੇ ਵਿੱਚ ਪਿੰਡ ਡੁੱਬ ਗਏ। ਉਨ੍ਹਾਂ ਨੇ ਖੁੱਲ੍ਹ ਕੇ ਕਿਹਾ ਕਿ ਜੇ ਅਧਿਕਾਰੀਆਂ ਦੀ ਗੱਲ ਸੁਣੀ ਤਾਂ ਸੂਬਾ ਡੁੱਬ ਜਾਵੇਗਾ ਅਤੇ ਉਹ ਪਾਰਟੀ ਤੋਂ ਮੁਅੱਤਲ ਹੋਣ ਨੂੰ ਵੀ ਤਿਆਰ ਹਨ। ਇਸ ਬਿਆਨ ਤੋਂ ਇੱਕ ਦਿਨ ਬਾਅਦ ਹੀ ਉਨ੍ਹਾਂ ਦੀ ਸੁਰੱਖਿਆ ਵਾਪਸ ਲੈ ਲਈ ਗਈ ਅਤੇ ਫਿਰ 1 ਸਤੰਬਰ 2025 ਨੂੰ ਇੱਕ ਪੁਰਾਣੇ ਰੇਪ ਕੇਸ ਵਿੱਚ ਐਫਆਈਆਰ ਦਰਜ ਹੋ ਗਈ, ਜਿਸ ਵਿੱਚ ਇੱਕ ਔਰਤ ਨੇ ਆਰੋਪ ਲਾਏ ਕਿ ਪਠਾਨਮਾਜਰਾ ਨੇ ਉਸ ਨੂੰ ਵਿਆਹ ਦੇ ਝੂਠੇ ਵਾਅਦੇ ਨਾਲ ਧੋਖਾ ਦਿੱਤਾ ਅਤੇ ਸਰੀਰਕ ਸ਼ੋਸ਼ਣ ਕੀਤਾ। ਇਹ ਮਾਮਲਾ 2014 ਤੋਂ 2024 ਤੱਕ ਦਾ ਦੱਸਿਆ ਜਾ ਰਿਹਾ ਹੈ।

ਆਪ ਪਾਰਟੀ ਦੇ ਆਗੂ ਬਲਤੇਜ ਪੰਨੂ ਨੇ ਕਿਹਾ ਕਿ ਵਿਧਾਇਕ ਨੇ ਰੇਪ ਕੇਸ ਤੋਂ ਧਿਆਨ ਹਟਾਉਣ ਲਈ ਹੜ੍ਹਾਂ ਤੇ ਬਿਆਨਬਾਜ਼ੀ ਸ਼ੁਰੂ ਕੀਤੀ ਅਤੇ ਔਰਤ ਨੂੰ ਨਿੱਜੀ ਤਸਵੀਰਾਂ ਵਾਇਰਲ ਕਰਨ ਦੀ ਧਮਕੀ ਵੀ ਦਿੱਤੀ। ਪਰ ਵਿਧਾਇਕ ਦੇ ਵਕੀਲ ਸਿਮਰਨਜੀਤ ਸਿੰਘ ਸੱਗੂ ਨੇ ਇਸ ਨੂੰ ਸਿਆਸੀ ਸਾਜ਼ਿਸ਼ ਕਿਹਾ ਅਤੇ ਕਿਹਾ ਕਿ ਮਾਮਲਾ ਹਾਈ ਕੋਰਟ ਵਿੱਚ ਵਿਚਾਰ ਅਧੀਨ ਸੀ ਅਤੇ ਗ੍ਰਿਫ਼ਤਾਰੀ ਗੈਰ-ਕਾਨੂੰਨੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਅਫ਼ਸਰਸ਼ਾਹੀ ਅਤੇ ਵਿਧਾਇਕਾਂ ਵਿਚਕਾਰ ਰੱਸਾਕਸ਼ੀ ਹੈ।

ਪਠਾਨਮਾਜਰਾ ਨੇ ਕ੍ਰਿਸ਼ਨ ਕੁਮਾਰ ਨੂੰ ਹੜ੍ਹਾਂ ਦਾ ਜ਼ਿੰਮੇਵਾਰ ਠਹਿਰਾਇਆ ਸੀ ਅਤੇ ਕਿਹਾ ਕਿ ਅਧਿਕਾਰੀ ਨੇ ਰੋਕਥਾਮ ਉਪਾਵਾਂ ਨੂੰ ਨਜ਼ਰਅੰਦਾਜ਼ ਕੀਤਾ ਸੀ। ਪੰਜਾਬ ਵਿੱਚ ਹੜ੍ਹਾਂ ਨੇ ਕਈ ਪਿੰਡ ਤਬਾਹ ਕੀਤੇ ਹਨ ਅਤੇ ਜਨਤਾ ਸਰਕਾਰ ਨੂੰ ਨਿਸ਼ਾਨੇ ਤੇ ਲੈ ਰਹੀ ਹੈ। ਇਸ ਘਟਨਾ ਤੋਂ ਇਹ ਨਜ਼ਰ ਆ ਰਿਹਾ ਹੈ ਕਿ ਸਰਕਾਰ ਅੰਦਰੂਨੀ ਵਿਰੋਧ ਨੂੰ ਦਬਾਉਣ ਲਈ ਪੁਰਾਣੇ ਕੇਸ ਵਰਤ ਰਹੀ ਹੈ। ਗ੍ਰਿਫ਼ਤਾਰੀ ਤੋਂ ਪਹਿਲਾਂ ਪਠਾਨਮਾਜਰਾ ਨੇ ਸੋਸ਼ਲ ਮੀਡੀਆ ਤੇ ਵੀਡੀਓ ਜਾਰੀ ਕੀਤਾ ਅਤੇ ਸਮਰਥਕਾਂ ਨੂੰ ਪਟਿਆਲਾ ਡੀਸੀ ਅਤੇ ਐੱਸਐੱਸਪੀ ਦਫ਼ਤਰ ਘੇਰਨ ਦਾ ਸੱਦਾ ਦਿੱਤਾ ਸੀ। ਉਨ੍ਹਾਂ ਨੇ ਕਿਹਾ ਕਿ ਇਹ ਪੰਜਾਬ ਨੂੰ ਚੁਣਨਾ ਹੈ ਜਾਂ ਦਿੱਲੀ ਵਾਲਿਆਂ ਨੂੰ। ਇਹ ਵੀਡੀਓ ਵਾਇਰਲ ਹੋਇਆ ਅਤੇ ਪੁਲਿਸ ਨੇ ਸੁਰੱਖਿਆ ਵਧਾ ਦਿੱਤੀ। ਇਸ ਨੇ ਪੰਜਾਬੀ ਜਨਤਾ ਵਿੱਚ ਗੁੱਸਾ ਪੈਦਾ ਕੀਤਾ ਹੈ ਕਿ ਕੀ ਆਵਾਜ਼ ਚੁੱਕਣ ਵਾਲਿਆਂ ਨੂੰ ਅਜਿਹੇ ਢੰਗ ਨਾਲ ਕੁਚਲਿਆ ਜਾ ਰਿਹਾ ਹੈ ? ਆਪ ਪਾਰਟੀ, ਜੋ ਆਮ ਆਦਮੀ ਨੂੰ ਨੁਮਾਇੰਦਗੀ ਦੇਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ, ਹੁਣ ਆਪਣੇ ਸਿਧਾਂਤਾਂ ਤੇ ਵਾਅਦਿਆਂ ਤੋਂ ਥਿੜਕ ਰਹੀ ਹੈ।

ਪੰਜਾਬ ਵਿੱਚ ਅਜਿਹੀਆਂ ਘਟਨਾਵਾਂ ਨਵੀਆਂ ਨਹੀਂ ਹਨ। ਅਕਸਰ ਸਿਆਸੀ ਵਿਰੋਧੀਆਂ ਨੂੰ ਪੁਰਾਣੇ ਕੇਸਾਂ ਨਾਲ ਨਿਪਟਾਇਆ ਜਾਂਦਾ ਹੈ। ਪਰ ਇੱਥੇ ਸਵਾਲ ਜਨਤਕ ਨੁਕਸਾਨ ਦਾ ਹੈ। ਹੜ੍ਹਾਂ ਨੇ ਹਜ਼ਾਰਾਂ ਨੂੰ ਬੇਘਰ ਕੀਤਾ ਅਤੇ ਸਰਕਾਰ ਨੇ ਅਜੇ ਵੀ ਪੂਰੀ ਰਾਹਤ ਨਹੀਂ ਦਿੱਤੀ। ਵਿਧਾਇਕ ਨੇ ਇਹ ਮੁੱਦਾ ਚੁੱਕਿਆ ਤਾਂ ਉਸ ਨੂੰ ਫਸਾਇਆ ਗਿਆ ਜਾਂ ਨਹੀਂ, ਇਹ ਅਦਾਲਤ ਨਿਰਣਾ ਕਰੇਗੀ। ਪਰ ਸਰਕਾਰ ਨੂੰ ਚਾਹੀਦਾ ਹੈ ਕਿ ਅੰਦਰੂਨੀ ਵਿਵਾਦਾਂ ਨੂੰ ਹੱਲ ਕਰੇ ਅਤੇ ਜਨਤਕ ਮੁੱਦਿਆਂ ਤੇ ਧਿਆਨ ਦੇਵੇ। ਫਰਾਰ ਵਿਧਾਇਕ ਨੂੰ ਫੜਨ ਲਈ ਐਂਟੀ-ਗੈਂਗਸਟਰ ਟਾਸਕ ਫੋਰਸ ਲਗਾਈ ਗਈ ਹੈ।

ਅੰਤ ਵਿੱਚ, ਇਹ ਘਟਨਾ ਪੰਜਾਬੀ ਸਿਆਸਤ ਨੂੰ ਸ਼ੀਸ਼ਾ ਵਿਖਾਉਂਦੀ ਹੈ। ਜੇ ਸੱਤਾਧਾਰੀ ਪਾਰਟੀ ਅੰਦਰੂਨੀ ਆਲੋਚਨਾ ਨੂੰ ਨਹੀਂ ਝੱਲ ਸਕਦੀ ਤਾਂ ਆਮ ਆਦਮੀ ਦੀ ਆਵਾਜ਼ ਕਿੱਥੇ ਸੁਣੇਗੀ ? ਪੰਜਾਬ ਨੂੰ ਅਜਿਹੇ ਡਰਾਮੇ ਨਹੀਂ ਚਾਹੀਦੇ, ਸਗੋਂ ਸੱਚੀ ਜਵਾਬਦੇਹੀ ਅਤੇ ਵਿਕਾਸ ਚਾਹੀਦਾ ਹੈ। ਜੇ ਪਠਾਨਮਾਜਰਾ ਨੇ ਗਲਤੀ ਕੀਤੀ ਤਾਂ ਸਜ਼ਾ ਮਿਲੇ, ਪਰ ਜੇ ਇਹ ਸਿਆਸੀ ਬਦਲਾ ਹੈ ਤਾਂ ਇਹ ਪੰਜਾਬੀਆਂ ਵਿਚ ਰੋਸ ਵਧੇਗਾ।

-ਰਜਿੰਦਰ ਸਿੰਘ ਪੁਰੇਵਾਲ

# ਬ੍ਰਿਟੇਨ ਦੀ ਅਰਥਵਿਵਸਥਾ ਕਿਉਂ ਹੋ ਰਹੀ ਹੈ ਬੇਕਾਬੂ ?

## ✪ ਬਾਂਡ ਰਿਵਾਰਡ ਵਧਣ ਨਾਲ ਵਧੀ ਸਰਕਾਰੀ ਉਧਾਰ ਲਾਗਤ
## ✪ ਪੀਐੱਮ ਸਟਾਰਮਰ ਨੇ ਵਿੱਤ ਟੀਮ ਵਿੱਚ ਕੀਤਾ ਵੱਡਾ ਫੇਰਬਦਲ



ਲੰਡਨ-ਬ੍ਰਿਟੇਨ ਦੀ ਅਰਥਵਿਵਸਥਾ ਇਸ ਵੇਲੇ ਭਾਰੀ ਉਤਰਾਅ-ਚੜ੍ਹਾਅ ਵਿੱਚੋਂ ਲੰਘ ਰਹੀ ਹੈ, ਜਿਸ ਕਾਰਨ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਆਪਣੇ ਵਿੱਤ ਮੰਤਰਾਲੇ ਦੀ ਟੀਮ ਵਿੱਚ ਵੱਡੇ ਬਦਲਾਅ ਕਰਨੇ ਪਏ ਹਨ। ਬ੍ਰਿਟੇਨ ਦੇ 30 ਸਾਲਾਂ ਵਾਲੇ ਸਰਕਾਰੀ ਬਾਂਡਾਂ ਦੇ ਰਿਵਾਰਡ (ਯੀਲਡ) 1998 ਤੋਂ ਬਾਅਦ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਏ ਹਨ, ਜਿਸ ਨਾਲ ਸਰਕਾਰ ਨੂੰ ਉਧਾਰ ਲੈਣਾ ਮਹਿੰਗਾ ਪੈ ਰਿਹਾ ਹੈ ਅਤੇ ਅਰਥਵਿਵਸਥਾ 'ਤੇ ਦਬਾਅ ਵਧ ਰਿਹਾ ਹੈ। ਇਹ ਰਿਵਾਰਡ 2 ਸਤੰਬਰ ਨੂੰ 5.723 ਫੀਸਦੀ ਤੱਕ ਪਹੁੰਚ ਗਏ ਹਨ, ਜੋ ਕਿ ਅਪ੍ਰੈਲ ਵਿੱਚ ਦਰਜ ਕੀਤੇ ਗਏ ਪਿਛਲੇ ਉੱਚੇ ਪੱਧਰ ਤੋਂ ਵੀ ਵੱਧ ਹਨ।

ਬ੍ਰਿਟੇਨ ਦੀ ਅਰਥਵਿਵਸਥਾ ਬੇਕਾਬੂ ਕਿਉਂ ਹੋ ਰਹੀ ਹੈ ? -ਮਾਹਿਰਾਂ ਅਨੁਸਾਰ, ਇਸ ਦੇ ਪਿੱਛੇ ਕਈ ਕਾਰਨ ਹਨ। ਪਹਿਲਾਂ ਤਾਂ ਵਧਦੀ ਮਹਿੰਗਾਈ ਅਤੇ ਆਰਥਿਕ ਵਿਕਾਸ ਦੀ ਹੌਲੀ ਗਤੀ ਨੇ ਨਿਵੇਸ਼ਕਾਂ ਵਿੱਚ ਬੇਚੈਨੀ ਪੈਦਾ ਕੀਤੀ ਹੈ। ਅਗਸਤ 2025 ਵਿੱਚ ਯੂਕੇ ਦੀ ਮਹਿੰਗਾਈ ਦਰ 3.3 ਫੀਸਦੀ ਅਨੁਮਾਨਿਤ ਹੈ, ਜੋ ਕਿ ਪਿਛਲੇ ਅੰਦਾਜ਼ਿਆਂ ਤੋਂ ਵੱਧ ਹੈ। ਇਸ ਨਾਲ ਬਾਂਡਾਂ ਦੀਆਂ ਕੀਮਤਾਂ ਡਿੱਗ ਰਹੀਆਂ ਹਨ ਅਤੇ ਰਿਵਾਰਡ ਵਧ ਰਹੇ ਹਨ, ਜਿਸ ਨਾਲ ਸਰਕਾਰ ਨੂੰ ਵੱਧ ਵਿਆਜ ਅਦਾ ਕਰਨਾ ਪੈ ਰਿਹਾ ਹੈ। ਨਤੀਜੇ ਵਜੋਂ, ਪਾਊਂਡ ਦੀ ਕੀਮਤ ਵੀ ਘਟ ਰਹੀ ਹੈ, ਜਿਸ ਨਾਲ ਆਯਾਤ ਮਹਿੰਗੀ ਹੋ ਰਹੀ ਹੈ ਅਤੇ ਆਮ ਲੋਕਾਂ ਦੇ ਜੀਵਨ 'ਤੇ ਅਸਰ ਪੈ ਰਿਹਾ ਹੈ। ਇਸ ਤੋਂ ਇਲਾਵਾ, ਲੇਬਰ ਪਾਰਟੀ ਦੀ ਸਰਕਾਰ ਵੱਲੋਂ ਵੱਡੇ ਜਨਤਕ ਖਰਚੇ ਅਤੇ ਟੈਕਸ ਵਧਾਉਣ ਦੀਆਂ ਅਫਵਾਹਾਂ ਨੇ ਨਿਵੇਸ਼ਕਾਂ ਨੂੰ ਚਿੰਤਤ ਕੀਤਾ ਹੈ। ਯੂਰੇਸ਼ੀਆ ਗਰੁੱਪ ਦੇ ਮਾਹਿਰ ਮੁਜਤਬਾ ਰਹਿਮਾਨ ਨੇ ਕਿਹਾ ਹੈ ਕਿ ਇਹ ਸਥਿਤੀ ਸਟਾਰਮਰ ਲਈ ਬੇਹੱਦ ਚੁਣੌਤੀਪੂਰਨ ਹੈ।

ਇਸ ਅਸਥਿਰਤਾ ਨੂੰ ਰੋਕਣ ਲਈ ਪੀਐੱਮ ਕੀਰ ਸਟਾਰਮਰ ਨੇ ਵਿੱਤ ਮੰਤਰਾਲੇ ਦੀ ਟੀਮ ਵਿੱਚ ਵੱਡਾ ਫੇਰਬਦਲ ਕੀਤਾ ਹੈ। ਬੈਂਕ ਆਫ ਇੰਗਲੈਂਡ ਦੀ ਸਾਬਕਾ ਡਿਪਟੀ ਗਵਰਨਰ ਮਿਨੂਸ਼ ਸ਼ਫੀਕ ਨੂੰ ਆਪਣਾ ਮੁੱਖ ਆਰਥਿਕ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਸ਼ਫੀਕ, ਜੋ ਕਿ ਕੋਲੰਬੀਆ ਯੂਨੀਵਰਸਿਟੀ ਦੀ ਸਾਬਕਾ ਪ੍ਰੈਜ਼ੀਡੈਂਟ ਵੀ ਰਹਿ ਚੁੱਕੀ ਹੈ, ਆਰਥਿਕ ਨੀਤੀਆਂ ਵਿੱਚ ਮਾਹਿਰ ਹੈ ਅਤੇ ਉਸ ਨੇ ਪਹਿਲਾਂ ਰਿਟਾਇਰਮੈਂਟ ਉਮਰ ਵਧਾਉਣ ਵਰਗੇ ਵਿਵਾਦਤ ਸੁਝਾਅ ਵੀ ਦਿੱਤੇ ਸਨ। ਇਸ ਤੋਂ ਇਲਾਵਾ, ਰਾਹੇਲ ਰੀਵਜ਼ ਦੇ ਡਿਪਟੀ ਡੈਰੇਨ ਜੋਨਸ ਨੂੰ ਡਾਊਨਿੰਗ ਸਟ੍ਰੀਟ ਵਿੱਚ ਮੁੱਖ ਸਕੱਤਰ ਵਜੋਂ ਭੇਜਿਆ ਗਿਆ ਹੈ। ਵਿਸ਼ਲੇਸ਼ਕ ਇਸ ਨੂੰ ਵਿੱਤ ਮੰਤਰੀ ਰੀਵਜ਼ ਲਈ ਅਪਮਾਨ ਵਜੋਂ ਵੇਖ ਰਹੇ ਹਨ, ਪਰ ਸਟਾਰਮਰ ਇਸ ਨੂੰ ਆਰਥਿਕ ਅਕਸ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਹਿ ਰਹੇ ਹਨ। ਇਹ ਬਦਲਾਅ ਅਜਿਹੇ ਸਮੇਂ ਆਏ ਹਨ ਜਦੋਂ ਸਰਕਾਰ ਦੀ ਅਪ੍ਰੂਵਲ ਰੇਟਿੰਗ ਬਹੁਤ ਨੀਵੀਂ ਹੈ। ਯੂਗਾਵ ਪੋਲ ਅਨੁਸਾਰ, ਸਟਾਰਮਰ ਦੀ ਫੇਵਰੇਬਿਲਟੀ ਸਿਰਫ਼ 23 ਫੀਸਦੀ ਹੈ ਅਤੇ ਸਰਕਾਰ ਦੀ ਨੈੱਟ ਅਪ੍ਰੂਵਲ -56 ਫੀਸਦੀ ਹੈ।

ਇਸ ਫੇਰਬਦਲ ਦਾ ਮਕਸਦ ਅਗਲੇ ਵਿੰਟਰ ਸੀਜ਼ਨ ਬਜਟ ਨੂੰ ਮਜ਼ਬੂਤੀ ਨਾਲ ਤਿਆਰ ਕਰਨਾ ਹੈ, ਜੋ ਕਿ ਪੱਤਝੜ ਦੇ ਅਖੀਰ ਵਿੱਚ ਜਾਰੀ ਹੋਵੇਗਾ। ਰੀਵਜ਼ ਨੂੰ 40 ਪੌਂਡ ਬਿਲੀਅਨ ਦੇ ਬਜਟ ਘਾਟੇ ਨੂੰ ਪੂਰਾ ਕਰਨ ਲਈ ਟੈਕਸ ਵਧਾਉਣੇ ਪੈਣਗੇ। ਸੰਭਾਵਿਤ ਟੈਕਸ ਵਾਧੇ ਵਿੱਚ ਕੈਪੀਟਲ ਗੇਨਜ਼ ਟੈਕਸ, ਇਨਹੈਰੀਟੈਂਸ ਟੈਕਸ ਅਤੇ ਪੈਨਸ਼ਨ ਰਿਲੀਫ਼ ਸ਼ਾਮਲ ਹੋ ਸਕਦੇ ਹਨ। ਇਸ ਤੋਂ ਇਲਾਵਾ, ਵਿੰਟਰ ਫਿਊਲ ਪੇਮੈਂਟਸ ਵਰਗੀਆਂ ਕਟੌਤੀਆਂ ਵੀ ਅਨੁਮਾਨਿਤ ਹਨ। ਸਰਕਾਰ ਨੇ ਆਪਣੇ ਮਾਲੀਆ ਨਿਯਮਾਂ 'ਤੇ ਟਿਕੇ ਰਹਿਣ ਦਾ ਵਾਅਦਾ ਕੀਤਾ ਹੈ, ਜਿਸ ਵਿੱਚ ਕਰਜ਼ਾ ਘਟਾਉਣਾ ਅਤੇ ਉਧਾਰ 'ਤੇ ਨਕੇਲ ਕੱਸਣਾ ਸ਼ਾਮਲ ਹੈ।

ਯੂਕੇ ਦੇ ਲੋਕਾਂ ਅਤੇ ਦੇਸ਼ 'ਤੇ ਕੀ ਅਸਰ ਪਵੇਗਾ ?-ਆਮ ਲੋਕਾਂ ਲਈ, ਵਧਦੇ ਟੈਕਸ ਅਤੇ ਕਟੌਤੀਆਂ ਨਾਲ ਜੀਵਨ ਮਹਿੰਗਾ ਹੋ ਜਾਵੇਗਾ। ਵਿੰਟਰ ਫਿਊਲ ਅਲਾਊਂਸ ਕੱਟਣ ਨਾਲ ਬਜ਼ੁਰਗਾਂ ਨੂੰ ਠੰਢ ਵਿੱਚ ਮੁਸ਼ਕਲ ਹੋਵੇਗੀ। ਵੱਧ ਰਿਵਾਰਡ ਨਾਲ ਮੌਰਟਗੇਜ ਰੇਟਸ ਵਧ ਸਕਦੀਆਂ ਹਨ, ਜਿਸ ਨਾਲ ਘਰ ਖਰੀਦਣ ਵਾਲੇ ਪ੍ਰਭਾਵਿਤ ਹੋਣਗੇ। ਪਾਊਂਡ ਦੀ ਕਮਜ਼ੋਰੀ ਨਾਲ ਆਯਾਤੀ ਸਾਮਾਨ ਮਹਿੰਗਾ ਹੋਵੇਗਾ, ਜਿਸ ਨਾਲ ਮਹਿੰਗਾਈ ਵਧੇਗੀ ਅਤੇ ਖਪਤਕਾਰਾਂ ਦੀ ਖਰੀਦ ਸਮਰੱਥਾ ਘਟੇਗੀ। ਦੇਸ਼ ਲਈ, ਇਹ ਅਸਥਿਰਤਾ ਆਰਥਿਕ ਵਿਕਾਸ ਨੂੰ ਰੋਕੇਗੀ। ਓਬੀਆਰ ਦੇ ਅੰਦਾਜ਼ੇ ਅਨੁਸਾਰ, ਵਿਕਾਸ ਦਰ ਹੌਲੀ ਰਹੇਗੀ ਅਤੇ ਘਾਟਾ ਵਧੇਗਾ। ਹਾਲਾਂਕਿ, ਸਟਾਰਮਰ ਦੀ ਨਵੀਂ ਟੀਮ ਨਾਲ ਉਮੀਦ ਹੈ ਕਿ ਬਜਟ ਵਿੱਚ ਲੰਮੀ ਮਿਆਦ ਦੇ ਨਿਵੇਸ਼ ਜਿਵੇਂ ਸਿਹਤ, ਰੱਖਿਆ ਅਤੇ ਇਨਫਰਾਸਟ੍ਰਕਚਰ 'ਤੇ ਧਿਆਨ ਦਿੱਤਾ ਜਾਵੇਗਾ।

ਵਿਸ਼ਲੇਸ਼ਕਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਬਜਟ ਵਿੱਚ ਸੰਤੁਲਨ ਨਾ ਬਣਾਇਆ ਗਿਆ ਤਾਂ ਬਾਂਡ ਮਾਰਕੀਟ ਵਿੱਚ ਵੱਡੀ ਵਿਕਰੀ ਹੋ ਸਕਦੀ ਹੈ, ਜਿਸ ਨਾਲ ਅਰਥਵਿਵਸਥਾ ਹੋਰ ਡਿੱਗ ਸਕਦੀ ਹੈ। ਸਟਾਰਮਰ ਨੇ ਵਾਅਦਾ ਕੀਤਾ ਹੈ ਕਿ ਉਹ ਬ੍ਰਿਟਿਸ਼ ਲੋਕਾਂ ਲਈ ਬਦਲਾਅ ਤੇ ਵਿਕਾਸ ਲਿਆਉਣਗੇ, ਪਰ ਇਸ ਸਮੇਂ ਚੁਣੌਤੀਆਂ ਬਹੁਤ ਵੱਡੀਆਂ ਹਨ। ਆਉਣ ਵਾਲੇ ਮਹੀਨੇ ਯੂਕੇ ਦੀ ਅਰਥਵਿਵਸਥਾ ਲਈ ਨਿਰਣਾਇਕ ਹੋਣਗੇ।

# ਅਮਰੀਕੀ ਵਸਤਾਂ ਦਾ ਬਾਈਕਾਟ: ਸਵਦੇਸ਼ੀ ਮੁਹਿੰਮ ਦੀ ਨਵੀਂ ਲਹਿਰ ਛਿੜੀ, ਕਿੰਨੀ ਕੁ ਸਫਲ ਹੋਵੇਗੀ?

**✪ ਟਰੰਪ ਦੇ ਟੈਰਿਫਾਂ ਨੇ ਵਧਾਇਆ ਰੋਸ, ਭਗਵਿਆਂ ਵਿੱਚ ਅਮਰੀਕੀ ਕੰਪਨੀਆਂ 'ਤੇ ਗੁੱਸਾ ✪ ਮੋਦੀ ਦਾ ਸਵਦੇਸ਼ੀ ਸੱਦਾ: 'ਮੇਡ ਇਨ ਇੰਡੀਆ' ਨੂੰ ਅਪਣਾਉਣ ਦੀ ਅਪੀਲ ✪ ਸਾਧ ਰਾਮਦੇਵ ਦੀ ਨਵੀਂ ਕਲਾਕਾਰੀ: ਅਮਰੀਕੀ ਬ੍ਰਾਂਡਾਂ ਨੂੰ ਚੁਣੌਤੀ**

**ਖਾਸ ਖਬਰ**

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ 'ਤੇ ਲਗਾਏ ਗਏ ਮਨਮਰਜ਼ੀ ਵਾਲੇ ਟੈਰਿਫਾਂ ਨੇ ਭਾਰਤ ਵਿੱਚ ਭਗਵੇਂ ਰਾਸ਼ਟਰਵਾਦੀਆਂ ਵਿੱਚ ਰੋਸ ਦੀ ਲਹਿਰ ਪੈਦਾ ਕਰ ਦਿੱਤੀ ਹੈ। ਟਰੰਪ ਨੇ ਭਾਰਤ ਨੂੰ ਰੂਸੀ ਤੇਲ ਖਰੀਦਣ ਦੇ ਬਹਾਨੇ ਨਾਲ 25 ਫੀਸਦੀ ਵਾਧੂ ਟੈਰਿਫ ਲਗਾਏ ਹਨ, ਜਿਸ ਨਾਲ ਕੁੱਲ ਟੈਰਿਫ 50 ਫੀਸਦੀ ਤੱਕ ਪਹੁੰਚ ਗਏ ਹਨ। ਇਸ ਫੈਸਲੇ ਨੂੰ ਭਾਰਤ ਨੇ ਗਲਤ ਅਤੇ ਬੇਇਨਸਾਫੀ ਵਾਲਾ ਦੱਸਦਿਆਂ ਕਿਹਾ ਕਿ ਅਸੀਂ ਆਪਣੇ ਰਾਸ਼ਟਰੀ ਹਿੱਤਾਂ ਦੀ ਰਾਖੀ ਲਈ ਹਰ ਕਦਮ ਚੁੱਕਾਂਗੇ। ਭਗਵਿਆਂ ਵਲੋਂ ਕੋਕਾ-ਕੋਲਾ, ਪੈਪਸੀ, ਕੇਐੱਫਸੀ, ਮੈਕਡਾਨਲਡਸ ਅਤੇ ਸਬਵੇ ਵਰਗੀਆਂ ਅਮਰੀਕੀ ਦਿੱਗਜ ਕੰਪਨੀਆਂ ਦਾ ਬਾਈਕਾਟ ਕਰਨ ਦੀ ਮੰਗ ਉੱਠ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਾਲ ਕਿਲੇ ਤੋਂ ਆਪਣੇ ਭਾਸ਼ਣ ਵਿੱਚ ਸਵਦੇਸ਼ੀ ਅਪਣਾਉਣ ਦੀ ਅਪੀਲ ਕੀਤੀ ਹੈ, ਜਦਕਿ ਯੋਗ ਗੁਰੂ ਬਾਬਾ ਰਾਮਦੇਵ ਨੇ ਨਵੀਂ ਛੁਰਲੀ ਛਡਦਿਆਂ ਅਮਰੀਕੀ ਵਸਤਾਂ ਨੂੰ ਪੂਰੀ ਤਰ੍ਹਾਂ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ।





ਭਾਰਤ ਵਿੱਚ ਭਗਵੇਂ ਰਾਸ਼ਟਰਵਾਦੀ ਅਤੇ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਵੱਲੋਂ ਇਸ ਨੂੰ ਅਮਰੀਕੀ ਹੰਕਾਰ ਵਜੋਂ ਵੇਖਿਆ ਜਾ ਰਿਹਾ ਹੈ। ਕੁਝ ਲੋਕਾਂ ਨੇ ਤਾਂ ਅਮਰੀਕੀ ਸਾਮਾਨ ਖਰੀਦਣ ਤੋਂ ਪਹਿਲਾਂ ਹੀ ਪਰਹੇਜ਼ ਸ਼ੁਰੂ ਕਰ ਦਿੱਤਾ ਹੈ। ਬਾਬਾ ਰਾਮਦੇਵ ਨੇ ਟਵੀਟ ਕਰਕੇ ਕਿਹਾ, "ਪੈਪਸੀ, ਕੋਕਾ-ਕੋਲਾ, ਕੇਐੱਫਸੀ ਅਤੇ ਮੈਕਡਾਨਲਡਸ ਵਰਗੇ ਅਮਰੀਕੀ ਬ੍ਰਾਂਡਾਂ ਦੇ ਕਾਊਂਟਰਾਂ 'ਤੇ ਇੱਕ ਵੀ ਭਾਰਤੀ ਨਹੀਂ ਦਿਸਣਾ ਚਾਹੀਦਾ। ਬਾਈਕਾਟ ਇੰਨਾ ਵੱਡਾ ਹੋਵੇ ਕਿ ਅਮਰੀਕਾ ਤੱਕ ਅਸਰ ਪਹੁੰਚੇ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਫਰਾਂਸ, ਬ੍ਰਿਟੇਨ ਅਤੇ ਕੈਨੇਡਾ ਵਰਗੇ ਦੇਸ਼ਾਂ ਵਿੱਚ ਵੀ ਅਮਰੀਕੀ ਵਸਤਾਂ ਦਾ ਬਾਈਕਾਟ ਹੋ ਚੁੱਕਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਭਾਸ਼ਣ ਵਿੱਚ ਕਿਹਾ, "ਇਹ ਤਿਉਹਾਰਾਂ ਦਾ ਮੌਸਮ ਹੈ - ਨਵਰਾਤਰੀ, ਵਿਜੈਦਸ਼ਮੀ, ਧਨਤੇਰਸ ਅਤੇ ਦੀਵਾਲੀ। ਇਹ ਸਾਡੀ ਸੰਸਕ੍ਰਿਤੀ ਦੇ ਉਤਸਵ ਹਨ ਪਰ ਇਨ੍ਹਾਂ ਨੂੰ ਆਤਮਨਿਰਭਰਤਾ ਦੇ ਉਤਸਵ ਵੀ ਬਣਾਉਣੇ ਚਾਹੀਦੇ ਹਨ। ਅਸੀਂ ਜੋ ਵੀ ਖਰੀਦਾਂਗੇ, ਉਹ ਮੇਡ ਇਨ ਇੰਡੀਆ ਹੋਵੇਗਾ।" ਮੋਦੀ ਪਿਛਲੇ 11 ਸਾਲਾਂ ਤੋਂ ਆਤਮਨਿਰਭਰ ਭਾਰਤ ਅਤੇ ਮੇਕ ਇਨ ਇੰਡੀਆ ਮੁਹਿੰਮ ਚਲਾ ਰਹੇ ਹਨ। ਪਰ ਅਸਲੀ ਸਵਾਲ ਇਹ ਹੈ ਕਿ ਇਹ ਸੱਦਾ ਕਿਉਂ ਦਿੱਤਾ ਗਿਆ? ਮਾਹਿਰਾਂ ਮੁਤਾਬਕ, ਇਹ ਟਰੰਪ ਦੇ ਟੈਰਿਫਾਂ ਨੂੰ ਜਵਾਬ ਵਜੋਂ ਵੇਖਿਆ ਜਾ ਰਿਹਾ ਹੈ।

ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਅਸ਼ੋਕ ਕੁਮਾਰ ਮਿੱਤਲ ਨੇ ਟਰੰਪ ਨੂੰ ਖੁੱਲ੍ਹਾ ਪੱਤਰ ਲਿਖ ਕੇ 1905 ਦੇ ਸਵਦੇਸ਼ੀ ਅੰਦੋਲਨ ਦੀ ਯਾਦ ਦਿਵਾਈ। ਉਨ੍ਹਾਂ ਕਿਹਾ ਕਿ ਜੇ 146 ਕਰੋੜ ਭਾਰਤੀ ਉਸੇ ਭਾਵਨਾ ਨਾਲ ਅਮਰੀਕੀ ਕੰਪਨੀਆਂ 'ਤੇ ਰਣਨੀਤਕ ਰੋਕ ਲਗਾਉਣ ਤਾਂ ਅਸਰ ਅਮਰੀਕਾ 'ਤੇ ਭਾਰਤ ਤੋਂ ਵੱਧ ਹੋਵੇਗਾ। ਪੈਪਸੀਕੋ ਲਈ ਭਾਰਤ ਦੁਨੀਆ ਦੇ ਟਾਪ-15 ਬਾਜ਼ਾਰਾਂ ਵਿੱਚ ਸ਼ਾਮਲ ਹੈ ਅਤੇ ਕੰਪਨੀ ਨੇ ਪਿਛਲੇ ਤਿੰਨ ਸਾਲਾਂ ਵਿੱਚ ਇੱਥੇ 3500-4000 ਕਰੋੜ ਰੁਪਏ ਨਿਵੇਸ਼ ਕੀਤੇ ਹਨ। ਇਸ ਲਈ ਬਾਈਕਾਟ ਨੇ ਇਨ੍ਹਾਂ ਕੰਪਨੀਆਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ।

### ਪਰ ਇਹ ਮੁਹਿੰਮ ਕਿੰਨੀ ਸਫਲ ਹੋਵੇਗੀ?

ਇਤਿਹਾਸ ਵੇਖੀਏ ਤਾਂ 1915 ਵਿੱਚ ਮਹਾਤਮਾ ਗਾਂਧੀ ਨੇ ਵਿਦੇਸ਼ੀ ਵਸਤਾਂ ਦਾ ਬਾਈਕਾਟ ਕੀਤਾ ਸੀ ਅਤੇ ਲੋਕਾਂ ਨੇ ਅੰਗਰੇਜ਼ੀ ਸਾਮਾਨ ਨੂੰ ਅੱਗ ਲਗਾਈ ਸੀ। ਪਰ ਅੱਜ ਦਾ ਜ਼ਮਾਨਾ ਵੱਖਰਾ ਹੈ। ਦੁਨੀਆ ਇੱਕ ਗਲੋਬਲ ਵਿਲੇਜ ਬਣ ਗਈ ਹੈ। ਕੋਈ ਵੀ ਦੇਸ਼ ਪੂਰੀ ਤਰ੍ਹਾਂ ਆਤਮਨਿਰਭਰ ਨਹੀਂ ਹੋ ਸਕਦਾ। ਭਾਰਤ ਦੀ ਚੀਨ 'ਤੇ ਨਿਰਭਰਤਾ ਵਧੀ ਹੈ - ਵਪਾਰ ਘਾਟਾ ਦਿਨ ਦੂਣੀ ਰਾਤ ਚੌਗਣੀ ਵਧ ਰਿਹਾ ਹੈ। ਤੇਲ ਆਯਾਤ 80 ਤੋਂ 82 ਫੀਸਦੀ ਤੱਕ ਪਹੁੰਚ ਗਿਆ ਹੈ। ਅਮਰੀਕਾ ਤੋਂ ਊਰਜਾ ਖਰੀਦ ਵੀ ਦੂਣੀ ਹੋ ਗਈ ਹੈ। ਪਿਛਲੇ 11 ਸਾਲਾਂ ਵਿੱਚ ਆਤਮਨਿਰਭਰਤਾ ਦੀ ਬਜਾਏ ਨਿਰਭਰਤਾ ਵਧੀ ਹੈ। ਛੋਟੇ ਉਦਮੀਆਂ ਨੂੰ ਹੱਲਾਸ਼ੇਰੀ ਨਹੀਂ ਮਿਲੀ ਅਤੇ ਉਹ ਵਪਾਰੀ ਬਣ ਗਏ, ਚੀਨ ਤੋਂ ਸਾਮਾਨ ਲਿਆ ਕੇ ਵੇਚਣ ਲੱਗੇ।

### ਰਾਮਦੇਵ ਦੀ ਨਵੀਂ ਛੁਰਲੀ ਦੇ ਅਰਥ ਕੀ ਹਨ?

ਰਾਮਦੇਵ ਨਾ ਸਿਰਫ ਅਮਰੀਕੀ ਕੰਪਨੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ ਬਲਕਿ ਪਤੰਜਲੀ ਵਰਗੇ ਆਪਣੇ ਬ੍ਰਾਂਡਾਂ ਨੂੰ ਵਧਾਉਣਾ ਚਾਹੁੰਦੇ ਹਨ। ਪਰ ਵਿਹਾਰਕ ਤੌਰ 'ਤੇ ਇਹ ਮੁਸ਼ਕਲ ਹੈ। ਅੱਜ ਲੋਕਾਂ ਦੀ ਜ਼ਿੰਦਗੀ ਵਿੱਚ ਅਮਰੀਕੀ ਬ੍ਰਾਂਡ ਘੁਲਮਿਲ ਗਏ ਹਨ। ਨੌਜਵਾਨ ਕੋਲਾ ਅਤੇ ਫਾਸਟ ਫੂਡ ਤੋਂ ਪਰਹੇਜ਼ ਕਰਨਾ ਮੁਸ਼ਕਲ ਸਮਝਦੇ ਹਨ। ਫਿਰ ਵੀ, ਸੋਸ਼ਲ ਮੀਡੀਆ 'ਤੇ #BoycottAmericanGoods ਅਤੇ #SwadeshiAndolan ਵਰਗੇ ਹੈਸ਼ਟੈਗ ਟ੍ਰੈਂਡ ਕਰ ਰਹੇ ਹਨ। ਕੁਝ ਸ਼ਹਿਰਾਂ ਵਿੱਚ ਪ੍ਰਦਰਸ਼ਨ ਵੀ ਹੋ ਰਹੇ ਹਨ।

### ਇਸ ਮੁਹਿੰਮ ਦਾ ਅਸਰ ਕੀ ਹੋਵੇਗਾ?

ਜੇ ਸਫਲ ਹੋਈ ਤਾਂ ਭਾਰਤੀ ਉਦਮੀਆਂ ਨੂੰ ਬੂਸਟ ਮਿਲੇਗਾ। ਛੋਟੀਆਂ ਵਸਤਾਂ ਜਿਵੇਂ ਰੋਜ਼ਮਰਾ ਦੇ ਸਾਮਾਨ ਦਾ ਉਤਪਾਦਨ ਵਧੇਗਾ। ਆਪਣੇ ਸੋਸ਼ਲ ਮੀਡੀਆ ਪਲੇਟਫਾਰਮ, ਸਰਚ ਇੰਜਨ ਅਤੇ ਈ-ਕਾਮਰਸ ਵਿਕਸਿਤ ਹੋਣਗੇ। ਪਰ ਜੇ ਅਸਫਲ ਹੋਈ ਤਾਂ ਇਹ ਸਿਰਫ ਨਾਰੇਬਾਜ਼ੀ ਬਣ ਕੇ ਰਹਿ ਜਾਵੇਗੀ। ਮਾਹਿਰ ਕਹਿੰਦੇ ਹਨ ਕਿ ਆਤਮਨਿਰਭਰਤਾ ਲਈ ਛੋਟੇ ਕਦਮ ਚਾਹੀਦੇ ਹਨ - ਉਦਮੀਆਂ ਨੂੰ ਉਤਸ਼ਾਹਿਤ, ਤਕਨੀਕ ਵਿੱਚ ਨਿਵੇਸ਼ ਅਤੇ ਨੀਤੀਆਂ ਵਿੱਚ ਸੁਧਾਰ। ਆਖਰ ਵਿੱਚ, ਇਹ ਮੁਹਿੰਮ ਭਾਰਤ ਨੂੰ ਮਜ਼ਬੂਤ ਬਣਾਉਣ ਵਾਲੀ ਹੈ ਪਰ ਇਸ ਨੂੰ ਵਿਹਾਰਕ ਬਣਾਉਣ ਲਈ ਨੈਤਿਕ ਅਤੇ ਵਿਵਹਾਰਕ ਤਾਕਤ ਚਾਹੀਦੀ ਹੈ।

## ਗਿਆਨੀ ਹਰਪ੍ਰੀਤ ਸਿੰਘ ਨੇ ਹੜ੍ਹਾਂ ਦੀ ਸਥਿਤੀ ਨੂੰ ਵੇਖਦੇ ਹੋਏ ਅਕਾਲੀ ਦਲ ਦਾ ਡੈਲੀਗੇਟ ਮੁਲਤਵੀ ਕੀਤਾ

**✪ ਵਰਕਰਾਂ ਨੂੰ ਰਾਹਤ ਕਾਰਜਾਂ ਵਿਚ ਜੁਟਣ ਦੀ ਮੁੜ ਕੀਤੀ ਅਪੀਲ**



ਚੰਡੀਗੜ੍ਹ-ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ 6 ਸਤੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੁਲਾਏ ਗਏ ਸਟੇਟ ਡੈਲੀਗੇਟ ਇਜਲਾਸ ਨੂੰ ਤੁਰੰਤ ਪ੍ਰਭਾਵ ਨਾਲ ਮੁਲਤਵੀ ਕਰ ਦਿੱਤਾ ਗਿਆ ਹੈ। ਪਾਰਟੀ ਦੇ ਮੁੱਖ ਦਫਤਰ ਤੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਵੇਲੇ ਸਰਹੱਦ ਨਾਲ ਲੱਗਦੇ ਜ਼ਿਲੇ ਪੂਰੀ ਤਰਾਂ ਹੜ੍ਹ ਤੋ ਪ੍ਰਭਾਵਿਤ ਹੋ ਚੁੱਕੇ ਹਨ। ਅਜਿਹੇ ਵਿੱਚ ਜਿੱਥੇ ਸਾਰੇ ਵੱਡੇ ਸਿਆਸੀ ਪ੍ਰੋਗਰਾਮ ਪਹਿਲਾਂ ਹੀ ਮੁਲਤਵੀ ਕੀਤਾ ਜਾ ਚੁੱਕੇ ਹਨ, ਹਾਲਾਤ ਸੁਖਾਵੇਂ ਹੋਣ ਤੱਕ ਸਟੇਟ ਡੈਲੀਗੇਟ ਇਜਲਾਸ ਨੂੰ ਮੁਲਤਵੀ ਕੀਤਾ ਜਾਂਦਾ ਹੈ। ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਜਿੱਥੇ ਖੁਦ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਾ ਰਹੇ ਹਨ, ਉੱਥੇ ਹੀ ਓਹਨਾ ਵਲੋਂ ਪਾਰਟੀ ਦੇ ਲੀਡਰ ਸਾਹਿਬਾਨ ਅਤੇ ਵਰਕਰਾਂ ਨੂੰ ਵੀ ਰਾਹਤ ਕਾਰਜਾਂ ਵਿੱਚ ਜੁਟਣ ਦੀ ਅਪੀਲ ਕੀਤੀ ਗਈ ਹੈ।

## ਭਈਏ ਨੇ ਆਪਣੇ ਹੀ ਸਾਥੀ ਦਾ ਪੈਸਿਆਂ ਲਈ ਕੀਤਾ ਕਤਲ, ਲਾਸ਼ ਮਿੱਟੀ ਵਿਚ ਦੱਬੀ

ਤਪਾ ਮੰਡੀ-ਪਿੰਡ ਢਿੱਲਵਾਂ ਡਰੇਨ ਨਜ਼ਦੀਕ ਲਾਲੂਕੇ ਵਾਲੇ ਰਾਹ 'ਤੇ ਲਗਭਗ ਸਵਾ ਮਹੀਨਾ ਪਹਿਲਾਂ ਝੋਨਾ ਲਾਉਣ ਆਏ ਪ੍ਰਵਾਸੀ ਮਜ਼ਦੂਰਾਂ ਨੇ ਪੈਸਿਆਂ ਖਾਤਰ ਆਪਣੇ ਹੀ ਸਾਥੀ ਦਾ ਕਤਲ ਕਰਕੇ ਲਾਸ਼ ਜ਼ਮੀਨ ਵਿਚ ਦੱਬ ਦਿੱਤੇ ਜਾਣ ਦਾ ਸਮਾਚਾਰ ਸਾਹਮਣੇ ਆਇਆ ਹੈ। ਜਿਸਨੂੰ ਲੈ ਕੇ ਪੁਲਿਸ ਨੇ ਦੋ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰ ਕੇ ਬਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਮੁਖੀ ਸ਼ਰੀਫ ਖਾਨ ਨੇ ਦੱਸਿਆ ਕਿ ਮ੍ਰਿਤਕ ਪ੍ਰਵਾਸੀ ਮਜ਼ਦੂਰ ਦੀ ਪਤਨੀ ਸੰਗੀਤਾ ਨੇ ਦੱਸਿਆ ਕਿ ਉਸਦਾ ਪਤੀ ਅਕਸ਼ੇ ਕੁਮਾਰ ਸ਼ੰਕਰ ਉਮਰ 27 ਸਾਲ, ਬਿਹਾਰ, ਜੋ ਆਪਣੇ ਸਾਥੀਆਂ ਨਾਲ ਝੋਨਾ ਲਗਾਉਣ ਲਈ ਪੰਜਾਬ ਆਇਆ ਸੀ। ਝੋਨੇ ਦਾ ਸੀਜਨ ਖ਼ਤਮ ਹੋਣ 'ਤੇ ਜਦ ਉਸਦਾ ਪਤੀ ਪਿੰਡ ਨਾ ਪਹੁੰਚਿਆ ਤਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਨਾਲ ਦੇ ਸਾਥੀਆਂ ਨੂੰ ਅਕਸ਼ੇ ਸਬੰਧੀ ਪੁੱਛਿਆ, ਜਿਸਦਾ ਉਨ੍ਹਾਂ ਨੇ ਤਸੱਲੀ ਬਖਸ਼ ਜਵਾਬ ਨਾ ਦਿੱਤਾ ਤਾਂ ਉਨ੍ਹਾਂ ਜ਼ਿਲ੍ਹਾ ਪੂਰਨੀਆਂ ਬਿਹਾਰ ਵਿਖੇ ਸਬੰਧਤ ਥਾਣੇ ਵਿਚ ਸੂਚਨਾ ਦਿੱਤੀ। ਉਪਰੰਤ ਪੁਲਿਸ ਨੇ ਜਦ ਪੁੱਛਗਿੱਛ ਸ਼ੁਰੂ ਕੀਤੀ ਤਾਂ ਮ੍ਰਿਤਕ ਦੇ ਸਾਥੀ ਉੱਥੋਂ ਫ਼ਰਾਰ ਹੋ ਗਏ। ਇਸ ਤੋਂ ਬਾਅਦ ਤਪਾ ਪੁਲਿਸ ਨੇ ਮਾਮਲਾ ਦਰਜ ਕਰਕੇ ਦੋ ਪ੍ਰਵਾਸੀਆਂ ਨੂੰ ਕਾਬੂ ਕੀਤਾ। ਜਦ ਤਪਾ ਫੜੇ ਗਏ ਪ੍ਰਵਾਸੀ ਮਜ਼ਦੂਰਾਂ ਨਾਲ ਸਖ਼ਤੀ ਕੀਤੀ ਤਾਂ ਉਨ੍ਹਾਂ ਖੁਲਾਸਾ ਕੀਤਾ ਕਿ ਉਨ੍ਹਾਂ ਦੇ ਸਾਥੀਆਂ ਦਾ ਮ੍ਰਿਤਕ ਨਾਲ ਰੁਪਈਆਂ ਨੂੰ ਲੈ ਕੇ ਝਗੜਾ ਹੋ ਗਿਆ ਸੀ। ਪੁਲਿਸ ਨੇ ਦੱਸਿਆ ਕਿ ਮ੍ਰਿਤਕ ਨੇ ਆਪਣੀਆਂ ਕਿਸ਼ਤਾਂ ਭਰਨ ਲਈ ਆਪਣੇ ਸਾਥੀਆਂ ਤੋਂ ਆਪਣੀ ਬਣਦੀ ਮਜ਼ਦੂਰੀ 'ਚੋਂ ਪੰਜ ਹਜ਼ਾਰ ਰੁਪਏ ਦੀ ਮੰਗ ਕੀਤੀ ਸੀ ਇਸ ਗੱਲ ਨੂੰ ਲੈ ਕੇ ਆਪਸ ਵਿਚ ਝਗੜਾ ਹੋ ਗਿਆ ਤੇ ਨਾਲ ਦੇ ਸਾਥੀਆਂ ਨੇ ਉਸ ਦਾ ਕਤਲ ਕਰ ਦਿੱਤਾ।

# ਯੂ ਕੇ ਵਿੱਚ ਜਿਨਸੀ ਅਪਰਾਧਾਂ ਦੀਆਂ ਸਜ਼ਾਵਾਂ ਪ੍ਰਾਪਤ ਕਰਨ ਵਾਲੇ ਵਿਦੇਸ਼ੀ ਦੋਸ਼ੀਆਂ ਵਿੱਚ ਸਭ ਤੋਂ ਵੱਧ ਭਾਰਤੀ

## ਵਿਦਿਆਰਥੀ ਵੀਜ਼ੇ ਤੇ ਆਏ ਲੋਕਾਂ ਨੇ ਸਭ ਤੋਂ ਵੱਧ ਰਾਜਸੀ ਸ਼ਰਨ ਲਈ ਦਿੱਤੀਆਂ ਅਰਜ਼ੀਆਂ 5474 ਭਾਰਤੀਆਂ 'ਚੋਂ ਸਿਰਫ 20 ਨੂੰ ਮਿਲੀ ਸ਼ਰਨ, 2691 ਦੀਆਂ ਅਰਜ਼ੀਆਂ ਰੱਦ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਨਿਆਂ ਮੰਤਰਾਲੇ ਦੁਆਰਾ ਇਕੱਤਰ ਕੀਤੇ ਗਏ ਅੰਕੜਿਆਂ ਮੁਤਾਬਿਕ ਬਰਤਾਨੀਆਂ ਵਿੱਚ ਵਿਦੇਸ਼ੀ ਜਿਨਸੀ ਅਪਰਾਧੀਆਂ ਦੀ ਗਿਣਤੀ ਵਿੱਚ ਭਾਰਤੀ ਸਭ ਤੋਂ ਅੱਗੇ ਹਨ। ਜਿਨਸੀ ਅਪਰਾਧਾਂ ਦੀਆਂ ਸਜ਼ਾਵਾਂ ਵਿੱਚ ਭਾਰਤੀਆਂ ਦਾ 257 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਜਦ ਕਿ ਨਾਈਜੀਰੀਅਨ ਨਾਗਰਿਕ (166 ਪ੍ਰਤੀਸ਼ਤ) ਅਤੇ ਇਰਾਕੀ (160 ਪ੍ਰਤੀਸ਼ਤ) ਹਨ। ਨਵੇਂ ਅੰਕੜਿਆਂ ਤੋਂ ਪਤਾ ਲੱਗਿਆ ਹੈ ਕਿ 2021 ਤੋਂ 2024 ਦੇ ਵਿਚਕਾਰ ਯੂ ਕੇ ਵਿੱਚ ਭਾਰਤੀ ਨਾਗਰਿਕਾਂ ਨੂੰ ਕਿਸੇ ਵੀ ਹੋਰ ਅਪਰਾਧ ਨਾਲੋਂ ਵੱਧ ਜਿਨਸੀ ਅਪਰਾਧਾਂ ਦੇ ਦੋਸ਼ੀ ਠਹਿਰਾਇਆ ਗਿਆ ਹੈ।*

ਯੂ ਕੇ ਦੇ ਨਿਆਂ ਮੰਤਰਾਲੇ ਦੁਆਰਾ ਇਕੱਤਰ ਕੀਤੇ ਗਏ ਅੰਕੜਿਆਂ ਵਿੱਚ ਕਿਹਾ ਗਿਆ ਹੈ ਕਿ ਬਰਤਾਨੀਆਂ ਵਿੱਚ ਭਾਰਤੀਆਂ ਦੇ ਜਿਨਸੀ ਅਪਰਾਧਾਂ ਦੀਆਂ ਸਜ਼ਾਵਾਂ ਵਿੱਚ 257 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਇਸ ਤੋਂ ਬਾਅਦ ਨਾਈਜੀਰੀਅਨ ਨਾਗਰਿਕ (166 ਪ੍ਰਤੀਸ਼ਤ) ਅਤੇ ਇਰਾਕੀ (160 ਪ੍ਰਤੀਸ਼ਤ) ਹਨ। 2024 ਵਿੱਚ ਭਾਰਤੀਆਂ ਨੂੰ ਘੱਟੋ-ਘੱਟ 100 ਜਿਨਸੀ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਗਿਆ ਸੀ, ਜਦੋਂ ਕਿ 2021 ਵਿੱਚ ਇਹ ਗਿਣਤੀ 28 ਸੀ।

2021 ਅਤੇ 2024 ਦੇ ਵਿਚਕਾਰ, ਭਾਰਤੀ ਨਾਗਰਿਕਾਂ ਨੇ ਸਾਰੀਆਂ ਵਿਦੇਸ਼ੀ ਕੌਮੀਅਤਾਂ ਵਿੱਚੋਂ ਗੰਭੀਰ ਅਪਰਾਧਾਂ ਲਈ ਸਜ਼ਾਵਾਂ ਵਿੱਚ ਤੀਜਾ ਸਭ ਤੋਂ ਵੱਡਾ ਵਾਧਾ ਦੇਖਿਆ, ਜਿਸ ਵਿੱਚ 115 ਪ੍ਰਤੀਸ਼ਤ ਵਾਧਾ ਹੋਇਆ। 2024 ਵਿੱਚ ਸਭ ਤੋਂ ਵੱਧ ਵਾਧਾ ਮਿਸਰੀਆਂ ਨੇ ਦਰਜ ਕੀਤਾ, ਉਸ ਤੋਂ ਬਾਅਦ ਅਲਜੀਰੀਆ ਦੇ ਲੋਕ ਹਨ। ਗੰਭੀਰ ਅਪਰਾਧਾਂ ਲਈ ਭਾਰਤੀ ਨਾਗਰਿਕਾਂ ਨੂੰ 588 ਸਜ਼ਾਵਾਂ ਦਿੱਤੀਆਂ ਗਈਆਂ, ਜੋ ਕਿ 2021 ਵਿੱਚ 273 ਸਨ।

ਨਵੇਂ ਇਮੀਗ੍ਰੇਸ਼ਨ ਡੇਟਾ ਤੋਂ ਆਏ ਐਮ ਓ ਜੇ ਡੇਟਾ ਦਰਸਾਉਂਦਾ ਹੈ ਕਿ ਪਿਛਲੇ ਸਾਲ ਕੁੱਲ 293 ਭਾਰਤੀ ਨਾਗਰਿਕ ਛੋਟੀ ਕਿਸ਼ਤੀ ਰਾਹੀਂ ਗੈਰ-ਕਾਨੂੰਨੀ ਤੌਰ 'ਤੇ ਯੂ ਕੇ ਪਹੁੰਚੇ ਸਨ, ਜਦੋਂ ਕਿ ਇਸ ਸਾਲ ਜਨਵਰੀ ਅਤੇ ਜੂਨ ਦੇ ਵਿਚਕਾਰ 206 ਭਾਰਤੀ ਯੂ ਕੇ ਵਿੱਚ ਦਾਖਲ ਹੋਏ। ਜੂਨ 2025 ਤੱਕ ਦੇ ਬੀਤੇ ਇੱਕ ਸਾਲ ਵਿੱਚ ਯੂ ਕੇ ਬੰਦਰਗਾਹਾਂ 'ਤੇ ਗੈਰ-ਕਾਨੂੰਨੀ ਆਮਦ ਦਾ 15 ਪ੍ਰਤੀਸ਼ਤ ਭਾਰਤੀਆਂ ਦਾ ਸੀ। ਇਸ ਸਮੇਂ ਦੌਰਾਨ 5,474 ਭਾਰਤੀ ਨਾਗਰਿਕਾਂ ਨੇ ਰਾਜਸੀ ਸ਼ਰਣ ਲਈ ਅਰਜ਼ੀਆਂ ਜਮ੍ਹਾਂ ਕਰਵਾਈਆਂ। ਇਹਨਾਂ ਵਿੱਚੋਂ ਲਗਭਗ 4,000 ਉਹ ਲੋਕ ਸਨ ਜੋ ਸ਼ੁਰੂ ਵਿੱਚ ਕਾਨੂੰਨੀ ਵੀਜ਼ਿਆਂ 'ਤੇ ਯੂ ਕੇ ਵਿੱਚ ਦਾਖਲ ਹੋਏ ਸਨ, ਜਿਹਨਾਂ ਵਿੱਚ ਜ਼ਿਆਦਾ ਵਿਦਿਆਰਥੀ ਵੀਜ਼ੇ ਵਾਲੇ ਹਨ, ਲਗਭਗ 400 ਉਹ ਬਿਨ੍ਹੇਕਾਰ ਹਨ ਜੋ ਛੋਟੀਆਂ ਕਿਸ਼ਤੀਆਂ ਰਾਹੀਂ ਪਹੁੰਚੇ ਅਤੇ ਬਾਕੀ ਹੋਰ ਤਰੀਕਿਆਂ ਨਾਲ ਦਾਖਲ ਹੋਏ। ਭਾਰਤੀ ਬਿਨੈਕਾਰਾਂ ਲਈ ਸ਼ੁਰੂਆਤੀ ਸ਼ਰਣ ਫੈਸਲਿਆਂ ਦੇ ਸੰਬੰਧ ਵਿੱਚ, 2,691 ਨੂੰ ਰੱਦ ਕਰ ਦਿੱਤਾ ਗਿਆ ਸੀ, ਸਿਰਫ 20 ਨੂੰ ਹੀ ਸ਼ਰਣ ਦਿੱਤੀ ਗਈ, ਅਤੇ ਬਾਕੀ ਅਜੇ ਵੀ ਫੈਸਲੇ ਲਈ ਉਡੀਕ ਕਰ ਰਹੇ ਸਨ।

# ਨਸਲੀ ਹਮਲੇ ਦੇ ਪੀੜਤ ਪੰਜਾਬੀ ਬਜ਼ੁਰਗ ਆਏ ਮੀਡੀਆ ਸਾਹਮਣੇ


ਸਤਨਾਮ ਸਿੰਘ ਅਤੇ ਜਸਬੀਰ ਸਿੰਘ ਸੰਘਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਧਰਮ ਨਾਲ ਸਬੰਧਿਤ ਪੰਜਾਬੀ ਮੂਲ ਦੇ ਦੋ ਬਜ਼ੁਰਗਾਂ ਟੈਕਸੀ ਡਰਾਇਵਰਾਂ ਤੇ ਬੀਤੇ ਦਿਨੀ ਕੀਤੇ ਗਏ ਨਸਲੀ ਹਮਲੇ ਤੋਂ ਬਾਅਦ ਦੋਵੇਂ ਪੀੜਤ ਮੀਡੀਆ ਸਾਹਮਣੇ ਆਏ ਹਨ। ਗੱਲ ਕਰਦਿਆਂ ਜਸਬੀਰ ਸਿੰਘ ਸੰਘਾ ਨੇ ਦੱਸਿਆ ਕਿ ਵੁਲਵਰਹੈਂਪਟਨ ਰੇਲਵੇ ਸ਼ਟੇਸ਼ਨ ਦੇ ਬਾਹਰ ਉਹਨਾਂ ਤੇ ਗੋਰੇ ਵਿਅਕਤੀਆਂ ਵੱਲੋਂ ਨਸਲੀ ਟਿੱਪਣੀਆਂ ਕੀਤੀਆਂ ਗਈਆਂ ਅਤੇ ਉਪਰੰਤ ਉਹਨਾਂ ਤੇ ਹਮਲਾ ਕੀਤਾ। ਜਿਸ ਨਾਲ ਜਸਬੀਰ ਸਿੰਘ ਸੰਘਾ ਦੀਆਂ ਦੋ ਪੱਸਲੀਆਂ ਟੁੱਟ ਗਈਆਂ। ਇਸ ਮੌਕੇ ਇੱਕ ਹੋਰ ਟੈਕਸੀ ਡਰਾਇਵਰ ਸਤਨਾਮ ਸਿੰਘ ਤੇ ਵੀ ਹਮਲਾ ਕੀਤਾ ਗਿਆ ਅਤੇ ਉਸ ਦੀ ਦਸਤਾਰ ਦੀ ਬੇਅਦਬੀ ਹੋਈ।**

ਜਸਬੀਰ ਸਿੰਘ ਨੇ ਦੱਸਿਆ ਕਿ ਉਹ ਅਤੇ ਉਹਨਾਂ ਦੇ ਸਾਥੀ ਸਤਨਾਮ ਸਿੰਘ ਅਜੇ ਵੀ ਪੀੜਾ ਵਿੱਚ ਹਨ। ਬ੍ਰਿਟਿਸ਼ ਟ੍ਰਾਂਸਪੋਰਟ ਪੁਲਿਸ ਨੇ ਇਸ ਮਾਮਲੇ ਵਿੱਚ ਇੱਕ 17 ਸਾਲਾ ਲੜਕਾ ਅਤੇ 19 ਅਤੇ 25 ਸਾਲ ਦੇ ਦੋ ਆਦਮੀਆਂ ਨੂੰ ਹਮਲੇ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਅਤੇ ਬਾਅਦ ਵਿੱਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਸੰਘਾ ਨੇ ਦੱਸਿਆ ਕਿ ਸਟੇਸ਼ਨ ਦੇ ਬਹਾਰ ਇਹਨਾਂ ਵਿਅਕਤੀਆਂ ਨੇ ਟੈਕਸੀ ਦੀ ਮੰਗ ਕਰਦਿਆਂ ਨਸਲੀ ਭਾਸ਼ਾ ਦੀ ਵਰਤੋਂ ਕੀਤੀ ਅਤੇ ਉਹਨਾਂ ਦਾ ਵਿਵਹਾਰ ਠੀਕ ਨਹੀਂ ਸੀ। ਸਤਨਾਮ ਸਿੰਘ ਇੱਕ ਅੰਮ੍ਰਿਤਧਾਰੀ ਸਿੰਘ ਹੋਣ ਕਰਕੇ ਉਸ ਦੀ ਦਸਤਾਰ ਇਸ ਤਰ੍ਹਾਂ ਉਤਾਰਨੀ ਬਹੁਤ ਦੁੱਖਦਾਈ ਹੈ। ਉਹਨਾਂ ਮੌਕੇ ਤੇ ਹਾਜ਼ਰ ਦੋ ਬੀਬੀਆਂ ਦਾ ਧੰਨਵਾਦ ਕੀਤਾ ਜਿਹਨਾਂ ਨੇ ਹਮਲੇ ਦੌਰਾਨ ਮਦਦ ਕੀਤੀ। ਸਿੱਖ ਫੈਡਰੇਸ਼ਨ ਯੂ ਕੇ ਦੇ ਭਾਈ ਜਸ ਸਿੰਘ ਨੇ ਕਿਹਾ ਕਿ ਸਰਕਾਰ ਨੂੰ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਠੋਸ ਕਦਮ ਉਠਾਉਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਇੱਕ ਸਾਲ ਬੀਤੇ ਜਾਣ ਬਾਅਦ ਵੀ ਲੇਬਰ ਸਰਕਾਰ ਨੇ ਨਸਲਵਾਦੀ ਹਮਲਿਆਂ ਨੂੰ ਰੋਕਣ ਲਈ ਢੁਕਵੇਂ ਕਦਮ ਨਹੀਂ ਉਠਾਏ।

# ਗੋਲਡਨ ਸਟਾਰ ਮਲਕੀਤ ਸਿੰਘ ਦੇ ਨਵੇਂ ਗੀਤ ਦਾ ਪੋਸਟਰ ਜਾਰੀ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਗਾਇਕੀ ਵਿੱਚ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਆਪਣੀ ਮਿੱਠੀ ਆਵਾਜ਼ ਰਾਹੀਂ ਪੰਜਾਬੀਆਂ ਦੇ ਦਿਲਾਂ ਤੇ ਰਾਜ ਕਰਨ ਵਾਲੇ ਗਾਇਕ ਗੋਲਡਨ ਸਟਾਰ ਮਲਕੀਤ ਸਿੰਘ ਦੇ ਨਵੇਂ ਗੀਤ "ਕੀ ਖਾਨੀ ਏ ਸੋਹਣੀ ਹੁੰਦੀ ਜਾਨੀ ਏ" ਪੋਸਟਰ ਲੰਡਨ ਵਿੱਚ ਜਾਰੀ ਕੀਤਾ ਗਿਆ। ਮਲਕੀਤ ਸਿੰਘ ਦੇ ਲਿਖੇ ਅਤੇ ਗਾਏ ਇਸ ਗੀਤ ਨੂੰ ਗਬਜ਼ੀ ਨੇ ਸੰਗੀਤ ਦਿੱਤਾ ਹੈ ਅਤੇ ਇੰਗਲੈਂਡ ਵਿੱਚ ਹੀ ਫਿਲਮਾਇਆ ਗਿਆ ਹੈ। ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਨੱਚਣ ਟੱਪਣ ਵਾਲੇ ਇਸ ਗੀਤ ਨੂੰ ਸਰੋਤੇ ਪਹਿਲਾਂ ਵਾਂਗ ਹੀ ਪਸੰਦ ਕਰਨਗੇ।

LEASE FOR SALE

ਗਰੀਨਫੋਰਡ ਵਿਖੇ ਐਸ ਐਸ ਧਾਲੀਵਾਲ ਕੇਟਰਿੰਗ, ਦੁਕਾਨ ਵਿਕਾਊ
ਕੀਮਤ (ਲੀਜ਼) = £1,10,000 (1 ਲੱਖ 10 ਹਜ਼ਾਰ)

Lease Price - £1,10,000

EST: 35 YEARS
Gary of GREENFORD
Now on Just Eat and Uber Eats
Open 7 Days a week: 1:00pm to 10:00pm
Collection Only
Buy One Pizza Get One FREE

ਪੀਜ਼ਾ ਅਤੇ ਲਜ਼ੀਜ਼ ਦੇਸੀ/ਪੰਜਾਬੀ ਖਾਣੇ





Weddings - Anniversaries, Birthdays-Engagements, Receptions - Corporate Events, Exhibitions, Private Parties

ਵਿਆਹ, ਜਨਮ ਦਿਨ, ਵਰ੍ਹੇਗੰਢ, ਮੰਗਣੀ/ ਕੁੜਮਾਈ ਅਤੇ ਹਰ ਤਰ੍ਹਾਂ ਦੀਆਂ ਵੱਡੀਆਂ ਛੋਟੀਆਂ ਪਾਰਟੀਆਂ ਲਈ ਕੇਟਰਿੰਗ ਕਰਦੇ ਹਾਂ:

ਵਧੇਰੇ ਜਾਣਕਾਰੀ ਲਈ ਮਿ: ਧਾਲੀਵਾਲ ਨਾਲ ਸੰਪਰਕ ਕਰੋ:

SS DHALIWAL CATERING
Tel: 0208 575 3600 / Mo: 07910 922 879
65 Marnham Crescent, Greenford, Middx, UB6 9SP

# ਸੰਤ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸੰਤ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਅਕਾਲ ਚਲਾਣਾ ਕਰ ਜਾਣ 'ਤੇ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਪ੍ਰਧਾਨ ਜਤਿੰਦਰ ਸਿੰਘ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਭਾਈ ਜਤਿੰਦਰ ਸਿੰਘ ਨੇ ਕਿਹਾ ਸੰਤ ਬਾਬਾ ਬਲਜਿੰਦਰ ਸਿੰਘ ਵੱਲੋਂ ਗੁਰਬਾਣੀ ਨੂੰ ਡਿਜੀਟਲ ਮਾਧਿਅਮ ਰਾਹੀਂ ਸੰਗਤਾਂ ਤੱਕ ਪਹੁੰਚਾਉਣ ਲਈ ਤਿਆਰ ਕੀਤਾ ਈਸ਼ਰ ਮਾਈਕਰੋ ਮੀਡੀਆ ਕੌਮ ਲਈ ਵੱਡੀ ਦੇਣ ਹੈ। ਅੱਜ ਦੇ ਇੰਟਰਨੈੱਟ ਦੇ ਯੁੱਗ ਅੰਦਰ ਉਨ੍ਹਾਂ ਦੀ ਇਸ ਦੇਣ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਬਾਬਾ ਬਲਜਿੰਦਰ ਸਿੰਘ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਮਹਾਂਪੁਰਸ਼ਾਂ ਦੇ ਜਾਣ ਨਾਲ ਸਿੱਖ ਕੌਮ ਨੂੰ ਬਹੁਤ ਵੱਡਾ ਘਾਟਾ ਪਿਆ ਹੈ।**


ਸੰਤ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲੇ

# ਪੰਜਾਬ ਸੰਤਾਪ ਨਾਲ ਜੁੜੇ ਕੇਸਾਂ ਵਿਚੋਂ ਰਿਹਾਅ ਹੋਏ ਸਿੱਖਾਂ ਨਾਲ ਰਾਜਸਥਾਨ ਸਰਕਾਰ ਕਿਉਂ ਕਰ ਰਹੀ ਏ ਵਿਤਕਰਾ ?

## ✪ ਪੰਥਕ ਜਥੇਬੰਦੀਆਂ ਅਤੇ ਸ਼੍ਰੋਮਣੀ ਕਮੇਟੀ ਦੀ ਚੁੱਪੀ: ਸਿੱਖ ਭਾਈਚਾਰੇ ਵਿੱਚ ਨਿਰਾਸ਼ਾ
## ✪ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ: ਦੂਹਰੇ ਮਾਪਦੰਡ ਅਤੇ ਸਿੱਖਾਂ ਨਾਲ ਅਨਿਆਂ ਕਿਉਂ ?

**ਖਾਸ ਰਿਪੋਟ**

ਬਘੇਲ ਸਿੰਘ ਧਾਲੀਵਾਲ
99142-58142



ਭਾਰਤ ਵਿੱਚ ਘੱਟ ਗਿਣਤੀ ਵਰਗਾਂ ਨੂੰ ਆਏ ਦਿਨ ਵੱਖ-ਵੱਖ ਤਰੀਕਿਆਂ ਨਾਲ ਨਿਸ਼ਾਨਾ ਬਣਾਉਣ ਦੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ, ਪਰ ਰਾਜਸਥਾਨ ਵਿੱਚ ਭਾਜਪਾ ਸਰਕਾਰ ਵੱਲੋਂ ਸਿੱਖ ਭਾਈਚਾਰੇ ਨੂੰ ਜਾਣ ਬੁੱਝ ਕੇ ਪਰੇਸ਼ਾਨ ਕੀਤੇ ਜਾਣ ਦੇ ਆਰੋਪ ਬਹੁਤ ਗੰਭੀਰ ਅਤੇ ਚਿੰਤਾਜਨਕ ਹਨ। ਰਾਜਸਥਾਨ ਪੁਲਿਸ ਵੱਲੋਂ 1984 ਦੇ ਸਮੇਂ ਨਾਲ ਜੁੜੇ ਕੇਸਾਂ ਵਿੱਚ ਸਜ਼ਾ ਭੁਗਤ ਚੁੱਕੇ ਜਾਂ ਬਰੀ ਹੋ ਚੁੱਕੇ ਸਿੱਖ ਵਿਅਕਤੀਆਂ ਨੂੰ ਮੁੜ ਥਾਣਿਆਂ ਵਿੱਚ ਬੁਲਾ ਕੇ ਹੈਰਾਨ ਕੀਤੇ ਜਾਣ ਦੀਆਂ ਖਬਰਾਂ ਨੇ ਸਿੱਖ ਭਾਈਚਾਰੇ ਵਿੱਚ ਰੋਸ ਪੈਦਾ ਕਰ ਦਿੱਤਾ ਹੈ। ਇਸ ਮਾਮਲੇ ਵਿੱਚ ਪੀੜਤ ਸਿੱਖਾਂ ਨੇ ਆਪਣੀ ਵੀਡੀਓ ਜਨਤਕ ਕਰਕੇ ਆਪਣੀ ਵੇਦਨਾ ਜ਼ਾਹਰ ਕੀਤੀ ਹੈ, ਜਿਸ ਵਿੱਚ ਉਹਨਾਂ ਨੇ ਨਾ ਸਿਰਫ਼ ਰਾਜਸਥਾਨ ਸਰਕਾਰ ਨੂੰ ਨਿਸ਼ਾਨੇ ਤੇ ਰੱਖਿਆ ਹੈ ਬਲਕਿ ਸਿੱਖ ਆਗੂਆਂ ਅਤੇ ਕੇਂਦਰ ਸਰਕਾਰ ਨੂੰ ਵੀ ਸਵਾਲ ਕੀਤੇ ਹਨ।

### ਰਾਜਸਥਾਨ ਸਰਕਾਰ ਵੱਲੋਂ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦਾ ਵਰਤਾਰਾ

ਰਾਜਸਥਾਨ ਵਿੱਚ ਭਾਜਪਾ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਘੱਟ ਗਿਣਤੀ ਵਰਗਾਂ, ਖਾਸ ਕਰਕੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੇ ਕਈ ਮਾਮਲੇ ਸਾਹਮਣੇ ਆਏ ਹਨ। ਇਸ ਵਿੱਚ ਤਾਜ਼ਾ ਮਾਮਲਾ ਸ੍ਰੀ ਗੰਗਾ ਨਗਰ ਜ਼ਿਲ੍ਹੇ ਨਾਲ ਜੁੜਿਆ ਹੈ, ਜਿੱਥੇ ਪੁਲਿਸ ਚੌਂਕੀ ਵਿੱਚ ਬੈਠੇ ਅਧਿਕਾਰੀਆਂ ਵੱਲੋਂ ਪੁਰਾਣੇ ਕੇਸਾਂ ਵਿੱਚ ਸ਼ਾਮਲ ਰਹੇ ਸਿੱਖ ਵਿਅਕਤੀਆਂ ਨੂੰ ਬੁਲਾ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਪੀੜਤਾਂ ਅਨੁਸਾਰ, ਇਹ ਸਭ 1984 ਦੇ ਅੰਦੋਲਨ ਜਾਂ ਘਟਨਾਵਾਂ ਨਾਲ ਜੁੜੇ ਕੇਸਾਂ ਨੂੰ ਬਹਾਨਾ ਬਣਾ ਕੇ ਕੀਤਾ ਜਾ ਰਿਹਾ ਹੈ। ਉਹਨਾਂ ਨੂੰ ਆਪਣੀ ਜਾਇਦਾਦ ਦੇ ਵੇਰਵੇ ਦੇਣ ਲਈ ਕਿਹਾ ਜਾ ਰਿਹਾ ਹੈ ਅਤੇ ਬਿਨਾਂ ਕਿਸੇ ਕਨੂੰਨੀ ਨੋਟਿਸ ਜਾਂ ਸ਼ਿਕਾਇਤ ਦੇ ਥਾਣਿਆਂ ਵਿੱਚ ਬੁਲਾਇਆ ਜਾ ਰਿਹਾ ਹੈ।

ਰਾਜਿਸਥਾਨ ਦੇ ਸਿੱਖਾਂ ਦਾ ਕਹਿਣਾ ਹੈ ਕਿ ਇਹ ਨਾ ਸਿਰਫ਼ ਅਨਿਆਂ ਹੈ ਬਲਕਿ ਸਿੱਖ ਭਾਈਚਾਰੇ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲਾ ਵੀ ਹੈ। ਉਹਨਾਂ ਨੇ ਕਿਹਾ ਹੈ ਕਿ ਭਾਰਤ ਵਿੱਚ ਆਮ ਤੌਰ ਤੇ ਘੱਟ ਗਿਣਤੀਆਂ ਨੂੰ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਰਾਜਸਥਾਨ ਵਿੱਚ ਇਹ ਵਰਤਾਰਾ ਵਧੇਰੇ ਤੇਜ਼ੀ ਨਾਲ ਵੱਧ ਰਿਹਾ ਹੈ।

ਸ੍ਰੀ ਗੰਗਾ ਨਗਰ ਵਿੱਚ ਰਹਿੰਦੇ ਸਿੱਖ ਪਰਿਵਾਰਾਂ ਨੇ ਦੱਸਿਆ ਕਿ ਉਹਨਾਂ ਦੇ ਬਜ਼ੁਰਗ ਮੈਂਬਰ, ਜਿਨ੍ਹਾਂ ਦੀ ਉਮਰ 80-90 ਸਾਲਾਂ ਤੱਕ ਪਹੁੰਚ ਚੁੱਕੀ ਹੈ, ਨੂੰ ਵੀ ਥਾਣਿਆਂ ਵਿੱਚ ਬੁਲਾ ਕੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਇਹ ਵਿਅਕਤੀ 40 ਸਾਲ ਪਹਿਲਾਂ ਦੇ ਕੇਸਾਂ ਵਿੱਚ ਸ਼ਾਮਲ ਰਹੇ ਸਨ ਅਤੇ ਉਹਨਾਂ ਨੂੰ ਅਦਾਲਤਾਂ ਵੱਲੋਂ ਬਰੀ ਕੀਤਾ ਜਾਂ ਸਜ਼ਾ ਪੂਰੀ ਕਰਨ ਤੋਂ ਬਾਅਦ ਰਿਹਾਅ ਕੀਤਾ ਗਿਆ ਸੀ।

ਕਈ ਸਿੱਖ ਸੰਗਠਨਾਂ ਨੇ ਇਸ ਨੂੰ ਵਿਤਕਰੇ ਵਾਲੀ ਨੀਤੀ ਕਰਾਰ ਦਿੱਤਾ ਹੈ ਅਤੇ ਮੰਗ ਕੀਤੀ ਹੈ ਕਿ ਅਜਿਹੀਆਂ ਕਾਰਵਾਈਆਂ ਨੂੰ ਤੁਰੰਤ ਰੋਕਿਆ ਜਾਵੇ। ਰਾਜਸਥਾਨ ਵਿੱਚ ਸਿੱਖ ਆਬਾਦੀ ਵਧੇਰੇ ਗੰਗਾ ਨਗਰ, ਹਨੂੰਮਾਨਗੜ੍ਹ ਅਤੇ ਬੀਕਾਨੇਰ ਵਰਗੇ ਇਲਾਕਿਆਂ ਵਿੱਚ ਹੈ, ਜਿੱਥੇ ਉਹ ਖੇਤੀਬਾੜੀ ਅਤੇ ਵਪਾਰ ਨਾਲ ਜੁੜੇ ਹੋਏ ਹਨ। ਇਹਨਾਂ ਇਲਾਕਿਆਂ ਵਿੱਚ ਪੁਲਿਸ ਦੀ ਇਸ ਕਾਰਵਾਈ ਨੇ ਉਹਨਾਂ ਦੇ ਰੋਜ਼ਾਨਾ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

ਪੀੜਤਾਂ ਅਨੁਸਾਰ, ਉਹਨਾਂ ਨੂੰ ਬਿਨਾਂ ਕਿਸੇ ਨਵੇਂ ਦੋਸ਼ ਜਾਂ ਸ਼ਿਕਾਇਤ ਦੇ ਬੁਲਾਇਆ ਜਾ ਰਿਹਾ ਹੈ ਅਤੇ ਉਹਨਾਂ ਦੀ ਜਾਇਦਾਦ, ਪਰਿਵਾਰ ਅਤੇ ਕੰਮ ਧੰਦੇ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ। ਇਹ ਕਾਰਵਾਈ 25-40 ਸਾਲ ਪੁਰਾਣੇ ਕੇਸਾਂ ਨੂੰ ਬਹਾਨਾ ਬਣਾ ਕੇ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿੱਚ ਉਹ ਵਿਅਕਤੀ ਪਹਿਲਾਂ ਹੀ ਬਰੀ ਹੋ ਚੁੱਕੇ ਹਨ ਜਾਂ ਸਜ਼ਾ ਭੁਗਤ ਚੁੱਕੇ ਹਨ।

ਕਨੂੰਨੀ ਮਾਹਿਰਾਂ ਅਨੁਸਾਰ, ਅਦਾਲਤ ਵੱਲੋਂ ਬਰੀ ਹੋ ਚੁੱਕੇ ਵਿਅਕਤੀ ਨੂੰ ਬਿਨਾਂ ਨਵੇਂ ਸਬੂਤ ਜਾਂ ਕੇਸ ਦੇ ਮੁੜ ਬੁਲਾਉਣਾ ਕਨੂੰਨੀ ਤੌਰ ਤੇ ਗਲਤ ਹੈ। ਸ੍ਰੀ ਗੰਗਾ ਨਗਰ ਦੇ ਬੱਸ ਸਟੈਂਡ ਪੁਲਿਸ ਚੌਂਕੀ ਵਿੱਚ ਜਨਤਕ ਹੋਈ ਵੀਡੀਓ ਵਿੱਚ ਪੀੜਤ ਸਿੱਖਾਂ ਨੇ ਆਪਣੀ ਵੇਦਨਾ ਜ਼ਾਹਰ ਕੀਤੀ ਹੈ ਅਤੇ ਕਿਹਾ ਹੈ ਕਿ ਉਹਨਾਂ ਨੂੰ ਆਪਣੇ ਪੁਰਾਣੇ ਅੰਦੋਲਨਾਂ ਲਈ ਸਜ਼ਾ ਮਿਲ ਚੁੱਕੀ ਹੈ ਅਤੇ ਹੁਣ ਉਹ ਆਪਣੇ ਪਰਿਵਾਰ ਨਾਲ ਆਮ ਜੀਵਨ ਜੀ ਰਹੇ ਹਨ।

ਇਸ ਮਾਮਲੇ ਵਿੱਚ ਪੀੜਤਾਂ ਨੇ ਭਾਜਪਾ ਵਿੱਚ ਬੈਠੇ ਸਿੱਖ ਆਗੂਆਂ ਨੂੰ ਵੀ ਨਿਹੋਰੇ ਦਿੱਤੇ ਹਨ ਕਿ ਉਹ ਆਪਣੀ ਕੌਮ ਨਾਲ ਹੋ ਰਹੇ ਅਨਿਆਂ ਵਿਰੁੱਧ ਅਵਾਜ਼ ਉਠਾਉਣ। ਖਾਸ ਕਰਕੇ ਦਿੱਲੀ ਅਤੇ ਪੰਜਾਬ ਦੇ ਸਿੱਖ ਆਗੂਆਂ ਨੂੰ ਸੰਬੋਧਨ ਕਰਦੇ ਹੋਏ ਉਹਨਾਂ ਨੇ ਕਿਹਾ ਹੈ ਕਿ ਜਿਹੜੀ ਪਾਰਟੀ ਸਿੱਖਾਂ ਦੀ ਹੋਂਦ ਮਿਟਾਉਣ ਲਈ ਜਤਨ ਕਰ ਰਹੀ ਹੈ, ਉਸ ਨਾਲ ਜੁੜ ਕੇ ਚੇਅਰਮੈਨੀਆਂ ਅਤੇ ਵਜ਼ੀਰੀਆਂ ਦੇ ਲਾਲਚ ਵਿੱਚ ਆਪਣੀ ਕੌਮ ਨੂੰ ਭੁੱਲ ਜਾਣਾ ਗਲਤ ਹੈ।

ਇਹ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀ ਹੈ ਅਤੇ ਇਸ ਨੇ ਸਿੱਖ ਭਾਈਚਾਰੇ ਵਿੱਚ ਚਰਚਾ ਛੇੜ ਦਿੱਤੀ ਹੈ। ਪੀੜਤਾਂ ਨੇ ਹੋਰ ਸਮਾਜਾਂ ਜਿਵੇਂ ਜਾਟ, ਰਾਜਪੂਤ ਅਤੇ ਮੀਣੇ ਨੂੰ ਉਦਾਹਰਣ ਵਜੋਂ ਪੇਸ਼ ਕੀਤਾ ਹੈ ਕਿ ਉਹ ਅਜਿਹੀਆਂ ਸਥਿਤੀਆਂ ਵਿੱਚ ਇੱਕਜੁੱਟ ਹੋ ਜਾਂਦੇ ਹਨ ਅਤੇ ਆਪਣੇ ਹੱਕ ਲੈ ਲੈਂਦੇ ਹਨ, ਪਰ ਸਿੱਖ ਭਾਈਚਾਰਾ ਇਸ ਵਿੱਚ ਪਿੱਛੇ ਰਹਿ ਜਾਂਦਾ ਹੈ।

### ਪੰਥਕ ਜਥੇਬੰਦੀਆਂ ਅਤੇ ਸ਼੍ਰੋਮਣੀ ਕਮੇਟੀ ਦੀ ਚੁੱਪੀ ਦੇ ਕਾਰਨ

ਇਸ ਮਸਲੇ ਵਿੱਚ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਪੰਥਕ ਜਥੇਬੰਦੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਕਿਉਂ ਚੁੱਪ ਹਨ ? ਸਿੱਖ ਭਾਈਚਾਰੇ ਦੇ ਹੱਕਾਂ ਲਈ ਲੜਨ ਵਾਲੀਆਂ ਇਹਨਾਂ ਸੰਸਥਾਵਾਂ ਨੂੰ ਅਜਿਹੇ ਮਾਮਲਿਆਂ ਵਿੱਚ ਅਵਾਜ਼ ਉਠਾਉਣੀ ਚਾਹੀਦੀ ਹੈ, ਪਰ ਉਹਨਾਂ ਦੀ ਚੁੱਪੀ ਨੇ ਪੀੜਤਾਂ ਨੂੰ ਨਿਰਾਸ਼ ਕੀਤਾ ਹੈ।

ਪੰਥਕ ਜਥੇਬੰਦੀਆਂ ਜਿਵੇਂ ਅਕਾਲੀ ਦਲ, ਦਮਦਮੀ ਟਕਸਾਲ ਅਤੇ ਹੋਰ ਸਿੱਖ ਸੰਗਠਨਾਂ ਨੇ ਅਜੇ ਤੱਕ ਇਸ ਮਸਲੇ ਤੇ ਕੋਈ ਬਿਆਨ ਨਹੀਂ ਜਾਰੀ ਕੀਤਾ। ਐੱਸਜੀਪੀਸੀ, ਜਿਹੜੀ ਸਿੱਖ ਧਾਰਮਿਕ ਮਾਮਲਿਆਂ ਦੀ ਨੁਮਾਇੰਦਗੀ ਕਰਦੀ ਹੈ, ਨੇ ਵੀ ਚੁੱਪੀ ਸਾਧੀ ਹੋਈ ਹੈ। ਪੀੜਤਾਂ ਨੇ ਇਸ ਚੁੱਪੀ ਨੂੰ ਸ਼ਰਮਨਾਕ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਜੇਕਰ ਹੋਰ ਸਮਾਜ ਆਪਣੇ ਮੈਂਬਰਾਂ ਲਈ ਇੱਕਜੁੱਟ ਹੋ ਜਾਂਦੇ ਹਨ ਤਾਂ ਸਿੱਖ ਕਿਉਂ ਨਹੀਂ ? ਇਸ ਚੁੱਪੀ ਦੇ ਪਿੱਛੇ ਰਾਜਨੀਤਿਕ ਕਾਰਨ ਵੀ ਹੋ ਸਕਦੇ ਹਨ, ਕਿਉਂਕਿ ਕਈ ਪੰਥਕ ਆਗੂ ਭਾਜਪਾ ਨਾਲ ਜੁੜੇ ਹੋਏ ਹਨ। ਇਸ ਨੇ ਸਿੱਖ ਭਾਈਚਾਰੇ ਵਿੱਚ ਵੰਡ ਪੈਦਾ ਕੀਤੀ ਹੈ ਅਤੇ ਆਮ ਸਿੱਖ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਹੈ।




### ਕੇਂਦਰ ਸਰਕਾਰ ਸਿੱਖ ਮਸਲਿਆਂ ਤੇ ਅਧਿਕਾਰਾਂ ਬਾਰੇ ਕਿਉਂ ਚੁੱਪ

ਇਸ ਮਸਲੇ ਵਿੱਚ ਕੇਂਦਰ ਸਰਕਾਰ ਦੀ ਚੁੱਪੀ ਵੀ ਸਵਾਲੀਆ ਨਿਸ਼ਾਨ ਹੈ। ਇੱਕ ਪਾਸੇ ਕੇਂਦਰ ਅਤੇ ਸੂਬਾ ਸਰਕਾਰਾਂ ਸਿੱਖ ਗੁਰੂ ਸਾਹਿਬਾਨਾਂ ਦੇ ਸ਼ਹੀਦੀ ਦਿਹਾੜੇ ਵੱਡੇ ਪੱਧਰ ਤੇ ਮਨਾਉਂਦੀਆਂ ਹਨ, ਜਿਵੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ, ਪਰ ਦੂਜੇ ਪਾਸੇ ਸਿੱਖਾਂ ਨਾਲ ਅਨਿਆਂ ਹੋ ਰਹੇ ਹਨ। ਇਹ ਦੂਹਰੇ ਮਾਪਦੰਡ ਨੂੰ ਦਰਸਾਉਂਦਾ ਹੈ ਅਤੇ ਸਿੱਖਾਂ ਦੇ ਜਖਮਾਂ ਤੇ ਲੂਣ ਛਿੜਕਣ ਵਰਗਾ ਹੈ। ਕੇਂਦਰ ਨੂੰ ਰਾਜਸਥਾਨ ਵਰਗੇ ਸੂਬਿਆਂ ਨੂੰ ਅਜਿਹੀਆਂ ਕਾਰਵਾਈਆਂ ਤੋਂ ਰੋਕਣਾ ਚਾਹੀਦਾ ਹੈ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਸਿੱਖ ਮਨਾਂ ਵਿੱਚ ਬੇਗਾਨਗੀ ਵਧੇਗੀ ਅਤੇ ਇਸ ਦੇ ਦੂਰਗਾਮੀ ਨਤੀਜੇ ਹੋ ਸਕਦੇ ਹਨ। ਕੇਂਦਰ ਨੂੰ ਸਿੱਖਾਂ ਨਾਲ ਚੰਗੇ ਸਬੰਧ ਰੱਖਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਇਸ ਮਸਲੇ ਨੇ ਇੱਕ ਵਾਰ ਫਿਰ ਸਾਬਤ ਕੀਤਾ ਹੈ ਕਿ ਘੱਟ ਗਿਣਤੀ ਵਰਗਾਂ ਨੂੰ ਨਿਆਂ ਮਿਲਣ ਵਿੱਚ ਅਜੇ ਵੀ ਕਮੀ ਹੈ ਅਤੇ ਇਸ ਨੂੰ ਰੋਕਣ ਲਈ ਸਮੂਹ ਸਮਾਜ ਨੂੰ ਇੱਕਜੁੱਟ ਹੋਣਾ ਪਵੇਗਾ।

# ਐਸਸੀਓ ਸੰਮੇਲਨ: ਅਮਰੀਕੀ ਨੀਤੀਆਂ ਵਿਰੁੱਧ ਭਾਰਤ-ਚੀਨ-ਰੂਸ ਦੀ ਏਕਤਾ

**✪ ਟਰੰਪ ਦੀ ਟੈਰਿਫ ਨੀਤੀਆਂ ਕਾਰਣ ਭਾਰਤ 'ਤੇ ਦਬਾਅ ਅਤੇ ਭਾਰਤ-ਚੀਨ-ਰੂਸ ਤਿੱਕੜੀ ਦਾ ਉਭਾਰ ✪ ਰੂਸੀ ਤੇਲ ਖਰੀਦ ਵਿਚ ਅੰਬਾਨੀ ਅਤੇ ਅਡਾਨੀ ਨੇ ਖਟਿਆ ਮੁਨਾਫਾ ✪ ਅਮਰੀਕੀ ਟੈਰਿਫ ਕਾਰਣ ਭਾਰਤ ਦੀ ਅਰਥਵਿਵਸਥਾ ਅਤੇ ਕੂਟਨੀਤੀ 'ਤੇ ਕੀ ਅਸਰ ਹੋਵੇਗਾ?**

## ਨਿਊਜ਼ ਵਿਸ਼ਲੇਸ਼ਣ



ਚੀਨ ਦੇ ਤਿਆਨਜਿਨ ਸ਼ਹਿਰ ਵਿੱਚ ਹੋਏ ਸ਼ੰਘਾਈ ਸਹਿਯੋਗ ਸੰਗਠਨ (ਐਸਸੀਓ) ਸੰਮੇਲਨ ਨੇ ਵਿਸ਼ਵ ਰਾਜਨੀਤੀ ਵਿੱਚ ਇੱਕ ਨਵਾਂ ਮੋੜ ਆਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਮੁਲਾਕਾਤ ਨੇ ਨਾ ਸਿਰਫ਼ ਸੰਮੇਲਨ ਨੂੰ ਸੁਰਖੀਆਂ ਵਿੱਚ ਲਿਆਂਦਾ, ਸਗੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਟੈਰਿਫ ਨੀਤੀਆਂ ਵਿਰੁੱਧ ਇੱਕ ਸਪੱਸ਼ਟ ਸੰਦੇਸ਼ ਵੀ ਦਿੱਤਾ। ਇਸ ਸੰਮੇਲਨ ਦੌਰਾਨ ਤਿੰਨਾਂ ਨੇਤਾਵਾਂ ਦੀ ਗਰਮਜੋਸ਼ੀ ਅਤੇ ਆਪਸੀ ਸਹਿਯੋਗ ਨੇ ਅਮਰੀਕੀ ਨੀਤੀਆਂ ਦੇ ਵਿਰੁੱਧ ਇੱਕ ਮਜ਼ਬੂਤ ਗਠਜੋੜ ਦੀ ਸੰਭਾਵਨਾ ਨੂੰ ਉਜਾਗਰ ਕੀਤਾ।

ਪੀਐਮ ਮੋਦੀ ਦੀ ਸੱਤ ਸਾਲਾਂ ਬਾਅਦ ਚੀਨ ਦੀ ਯਾਤਰਾ ਅਤੇ ਸ਼ੀ ਜਿਨਪਿੰਗ ਨਾਲ ਉਨ੍ਹਾਂ ਦੀ ਦੁਵੱਲੀ ਮੁਲਾਕਾਤ ਨੇ ਸਰਹੱਦੀ ਵਿਵਾਦਾਂ ਨੂੰ ਪਿੱਛੇ ਛੱਡ ਕੇ ਵਪਾਰ ਅਤੇ ਨਿਵੇਸ਼ ਵਧਾਉਣ 'ਤੇ ਜ਼ੋਰ ਦਿੱਤਾ ਹੈ। ਸ਼ੀ ਜਿਨਪਿੰਗ ਨੇ ਆਪਣੇ ਭਾਸ਼ਣ ਵਿੱਚ ਪੱਛਮੀ ਦੇਸ਼ਾਂ ਦੀ ਹੰਕਾਰੀ ਨੀਤੀਆਂ ਦੀ ਆਲੋਚਨਾ ਕੀਤੀ, ਜਦਕਿ ਪੁਤਿਨ ਨੇ ਯੂਕਰੇਨ ਯੁੱਧ ਲਈ ਪੱਛਮੀ ਦੇਸ਼ਾਂ ਨੂੰ ਜ਼ਿੰਮੇਵਾਰ ਠਹਿਰਾਇਆ। ਇਸ ਸੰਮੇਲਨ ਨੇ ਸਪੱਸ਼ਟ ਕੀਤਾ ਕਿ ਭਾਰਤ, ਚੀਨ ਅਤੇ ਰੂਸ ਅਮਰੀਕਾ ਦੀ 'ਅਮਰੀਕਾ ਫਸਟ' ਨੀਤੀ ਦੇ ਸਾਹਮਣੇ ਝੁਕਣ ਨੂੰ ਤਿਆਰ ਨਹੀਂ। ਅਮਰੀਕੀ ਮੀਡੀਆ, ਜਿਵੇਂ ਕਿ ਵਾਸ਼ਿੰਗਟਨ ਪੋਸਟ ਅਤੇ ਨਿਊਯਾਰਕ ਟਾਈਮਜ਼, ਨੇ ਇਸ ਮੁਲਾਕਾਤ ਨੂੰ ਅਮਰੀਕੀ ਹਿੱਤਾਂ ਲਈ ਚੁਣੌਤੀ ਮੰਨਿਆ ਅਤੇ ਚਿੰਤਾ ਜਤਾਈ ਕਿ ਭਾਰਤ ਚੀਨ ਅਤੇ ਰੂਸ ਦੇ ਨੇੜੇ ਜਾ ਰਿਹਾ ਹੈ।

ਇਸ ਸੰਮੇਲਨ ਦਾ ਸਭ ਤੋਂ ਵੱਡਾ ਸੰਦੇਸ਼ ਸੀ ਤਿੰਨ ਮਹੱਤਵਪੂਰਨ ਦੇਸ਼ਾਂ ਦੀ ਏਕਤਾ, ਜੋ ਅਮਰੀਕੀ ਟੈਰਿਫ ਅਤੇ ਆਰਥਿਕ ਦਬਾਅ ਦੇ ਵਿਰੁੱਧ ਇੱਕ ਸਾਂਝੀ ਰਣਨੀਤੀ ਦੀ ਸੰਭਾਵਨਾ ਨੂੰ ਦਰਸਾਉਂਦੀ ਹੈ। ਐਸਸੀਓ, ਜੋ ਪਹਿਲਾਂ ਸੁਰੱਖਿਆ ਮੰਚ ਸੀ, ਹੁਣ ਸ਼ੀ ਜਿਨਪਿੰਗ ਦੀ ਅਗਵਾਈ ਵਿੱਚ ਇੱਕ ਆਰਥਿਕ ਅਤੇ ਵਪਾਰਕ ਗਠਜੋੜ ਵਜੋਂ ਵੀ ਉਭਰ ਰਿਹਾ ਹੈ।

### ਟਰੰਪ ਦੀ ਟੈਰਿਫ ਨੀਤੀ: ਭਾਰਤ 'ਤੇ ਦਬਾਅ ਅਤੇ ਵਿਵਾਦ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ, ਚੀਨ ਅਤੇ ਰੂਸ 'ਤੇ ਆਰਥਿਕ ਦਬਾਅ ਵਧਾਉਣ ਲਈ ਟੈਰਿਫ ਨੀਤੀ ਨੂੰ ਹਥਿਆਰ ਵਜੋਂ ਵਰਤਿਆ ਹੈ। 6 ਅਗਸਤ 2025 ਨੂੰ ਭਾਰਤ 'ਤੇ 25% ਟੈਰਿਫ ਲਗਾਇਆ ਗਿਆ, ਜਿਸ ਨੂੰ ਬਾਅਦ ਵਿੱਚ 50% ਤੱਕ ਵਧਾ ਦਿੱਤਾ ਗਿਆ। ਟਰੰਪ ਦਾ ਦਾਅਵਾ ਹੈ ਕਿ ਭਾਰਤ ਦੀ ਰੂਸ ਤੋਂ ਸਸਤੇ ਤੇਲ ਦੀ ਖਰੀਦ ਨੇ ਯੂਕਰੇਨ ਯੁੱਧ ਵਿੱਚ ਰੂਸ ਦੀ ਅਰਥਵਿਵਸਥਾ ਨੂੰ ਸਹਾਰਾ ਦਿੱਤਾ ਹੈ। ਉਨ੍ਹਾਂ ਨੇ ਟਰੂਥ ਸੋਸ਼ਲ 'ਤੇ ਲਿਖਿਆ ਸੀ ਕਿ ਭਾਰਤ ਨੇ ਅਮਰੀਕਾ ਨਾਲ 'ਇਕਤਰਫ਼ਾ ਵਪਾਰਕ ਸਬੰਧ' ਬਣਾਏ ਹਨ, ਜਿਸ ਵਿੱਚ ਅਮਰੀਕੀ ਕਾਰੋਬਾਰਾਂ ਨੂੰ ਭਾਰਤ ਵਿੱਚ ਵਪਾਰ ਕਰਨ ਲਈ ਉੱਚ ਟੈਰਿਫ ਦਾ ਸਾਹਮਣਾ ਕਰਨਾ ਪੈਂਦਾ ਹੈ।

ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਭਾਰਤ ਨੇ ਜ਼ੀਰੋ ਟੈਰਿਫ ਦੀ ਪੇਸ਼ਕਸ਼ ਕੀਤੀ, ਪਰ ਹੁਣ 'ਬਹੁਤ ਦੇਰ ਹੋ ਚੁੱਕੀ ਹੈ।' ਉਨ੍ਹਾਂ ਨੇ ਭਾਰਤ ਦੀ ਰੂਸ ਤੋਂ 36-44% ਤੇਲ ਖਰੀਦ ਨੂੰ ਨਿਸ਼ਾਨਾ ਬਣਾਇਆ ਅਤੇ ਕਿਹਾ ਕਿ ਇਸ ਨੇ ਰੂਸ ਦੀ ਜੰਗੀ ਮਸ਼ੀਨ ਨੂੰ ਚੱਲਦਾ ਰੱਖਿਆ ਹੈ। ਟਰੰਪ ਦੀਆਂ ਨੀਤੀਆਂ ਨੇ ਭਾਰਤ-ਅਮਰੀਕਾ ਸਬੰਧਾਂ ਵਿੱਚ ਤਣਾਅ ਪੈਦਾ ਕਰ ਦਿੱਤਾ ਹੈ। ਜੂਨ 2025 ਦੀ ਘਟਨਾ ਤੋਂ ਬਾਅਦ, ਜਦੋਂ ਟਰੰਪ ਨੇ ਮੋਦੀ ਨੂੰ 'ਸੱਚਾ ਦੋਸਤ' ਕਿਹਾ ਸੀ, ਸਬੰਧ ਅਧਿਕਾਰਤ ਤੌਰ 'ਤੇ ਖਰਾਬ ਹੋ ਗਏ। ਟਰੰਪ ਦਾ ਭਾਰਤ ਵਿੱਚ ਹੋਣ ਵਾਲੇ ਕਵਾਡ ਸੰਮੇਲਨ ਵਿੱਚ ਸ਼ਾਮਲ ਨਾ ਹੋਣ ਦਾ ਫੈਸਲਾ ਵੀ ਇਸ ਤਣਾਅ ਦਾ ਸੰਕੇਤ ਹੈ।

ਭਾਰਤ ਨੇ ਟਰੰਪ ਦੇ ਦਾਅਵਿਆਂ ਨੂੰ ਖਾਰਜ ਕਰਦਿਆਂ ਕਿਹਾ ਕਿ ਤੇਲ ਦੀ ਖਰੀਦ ਬਾਜ਼ਾਰ ਦੇ ਹਾਲਾਤ ਅਤੇ 1.4 ਅਰਬ ਲੋਕਾਂ ਦੀ ਊਰਜਾ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਂਦੀ ਹੈ। ਵਿਦੇਸ਼ ਮੰਤਰਾਲੇ ਨੇ ਅਮਰੀਕੀ ਟੈਰਿਫ ਨੂੰ 'ਗੈਰ-ਵਾਜਬ' ਕਰਾਰ ਦਿੱਤਾ ਅਤੇ ਸਪੱਸ਼ਟ ਕੀਤਾ ਕਿ ਭਾਰਤ ਆਪਣੇ ਰਾਸ਼ਟਰੀ ਹਿੱਤਾਂ ਦੀ ਰਾਖੀ ਲਈ ਹਰ ਜ਼ਰੂਰੀ ਕਦਮ ਚੁੱਕੇਗਾ।

### ਭਾਰਤ ਦੀ ਰੂਸੀ ਤੇਲ ਖਰੀਦ: ਅੰਬਾਨੀ ਅਤੇ ਅਡਾਨੀ ਦਾ ਕਾਰੋਬਾਰ

ਭਾਰਤ ਦੀ ਰੂਸ ਤੋਂ ਸਸਤੇ ਤੇਲ ਦੀ ਖਰੀਦ ਨੇ 17 ਅਰਬ ਡਾਲਰ ਦੀ ਬਚਤ ਕੀਤੀ, ਪਰ ਇਸ ਨੇ ਅਮਰੀਕੀ ਨੀਤੀਆਂ ਦਾ ਗੁੱਸਾ ਵੀ ਖਿੱਚਿਆ। 2021 ਵਿੱਚ ਰੂਸ ਤੋਂ ਸਿਰਫ਼ 0.2% ਤੇਲ ਖਰੀਦਣ ਵਾਲਾ ਭਾਰਤ 2025 ਤੱਕ 36-44% ਰੂਸੀ ਤੇਲ ਦਾ ਖਰੀਦਦਾਰ ਬਣ ਗਿਆ। ਇਸ ਵਿੱਚ ਰਿਲਾਇੰਸ ਇੰਡਸਟ੍ਰੀਜ਼ ਦਾ 33% ਅਤੇ ਨਾਇਰਾ ਐਨਰਜੀ (ਅਡਾਨੀ ਸਮੂਹ ਦੀ ਸਹਿਯੋਗੀ) ਦਾ 12-15% ਹਿੱਸਾ ਸੀ।

ਰਿਲਾਇੰਸ ਦੀ ਜਾਮਨਗਰ ਰਿਫਾਇਨਰੀ, ਜੋ ਦੁਨੀਆ ਦੀ ਸਭ ਤੋਂ ਵੱਡੀਆਂ ਰਿਫਾਇਨਰੀਆਂ ਵਿੱਚੋਂ ਇੱਕ ਹੈ, ਨੇ ਜੂਨ 2025 ਵਿੱਚ 7,46,000 ਬੈਰਲ ਰੋਜ਼ਾਨਾ ਰੂਸੀ ਤੇਲ ਦਰਾਮਦ ਕੀਤਾ ਸੀ। ਇਸ ਤੋਂ ਸੋਧਿਆ ਡੀਜ਼ਲ, ਜੋ 67% ਯੂਰਪ ਨੂੰ ਬਰਾਮਦ ਹੋਇਆ, ਨੇ ਰਿਲਾਇੰਸ ਨੂੰ 6 ਅਰਬ ਡਾਲਰ ਦਾ ਮੁਨਾਫਾ ਦਿੱਤਾ। ਅਡਾਨੀ ਸਮੂਹ ਦੀ ਨਾਇਰਾ ਐਨਰਜੀ ਨੇ ਵੀ ਸਸਤੇ ਰੂਸੀ ਤੇਲ ਦਾ ਫਾਇਦਾ ਉਠਾਇਆ ਅਤੇ ਆਪਣੇ ਕਾਰੋਬਾਰ ਨੂੰ ਵਧਾਇਆ ਹੈ।

ਪਰ ਸਵਾਲ ਇਹ ਹੈ ਕਿ ਇਸ ਸਸਤੇ ਤੇਲ ਦਾ ਫਾਇਦਾ ਭਾਰਤ ਦੇ ਆਮ ਨਾਗਰਿਕਾਂ ਨੂੰ ਕਿਉਂ ਨਹੀਂ ਮਿਲਿਆ? ਜੀਐਸਟੀ ਅਤੇ ਸਰਕਾਰੀ ਕੰਪਨੀਆਂ ਦੇ ਪੁਰਾਣੇ ਨੁਕਸਾਨਾਂ ਦੇ ਬਹਾਨੇ ਨੇ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਨੂੰ ਘਟਣ ਨਹੀਂ ਦਿੱਤਾ। ਅਮਰੀਕੀ ਸਲਾਹਕਾਰ ਪੀਟਰ ਨਵਾਰੋ ਨੇ ਮੁਕੇਸ਼ ਅੰਬਾਨੀ 'ਤੇ 'ਜੰਗੀ ਮੁਨਾਫਾਖੋਰੀ' ਦਾ ਦੋਸ਼ ਲਗਾਇਆ, ਜਦਕਿ ਅਡਾਨੀ ਸਮੂਹ ਨੇ ਵੀ ਇਸ ਮੌਕੇ ਦਾ ਭਰਪੂਰ ਫਾਇਦਾ ਉਠਾਇਆ।

### ਕੀ ਨਤੀਜੇ ਨਿਕਲਣਗੇ ਅਤੇ ਭਵਿੱਖ ਦੀ ਵਿਸ਼ਵ ਰਾਜਨੀਤੀ ਦੀਆਂ ਕੀ ਸੰਭਾਵਨਾਵਾਂ ਨੇ

ਅਮਰੀਕੀ ਟੈਰਿਫ ਨੇ ਭਾਰਤ ਦੇ ਕਈ ਉਦਯੋਗਾਂ, ਜਿਵੇਂ ਕਿ ਕੱਪੜਾ, ਹੀਰਾ, ਚਮੜਾ, ਮੱਛੀ, ਆਟੋਮੋਟਿਵ ਅਤੇ ਫਾਰਮਾਸਿਊਟੀਕਲ, 'ਤੇ ਗੰਭੀਰ ਅਸਰ ਪਾਇਆ ਹੈ। ਗਲੋਬਲ ਟਰੇਡ ਰਿਸਰਚ ਇਨੀਸ਼ੀਏਟਿਵ ਦੇ ਅਨੁਸਾਰ, 48 ਅਰਬ ਡਾਲਰ ਦੀਆਂ ਬਰਾਮਦਾਂ ਪ੍ਰਭਾਵਤ ਹੋਣਗੀਆਂ ਅਤੇ 10 ਲੱਖ ਨੌਕਰੀਆਂ ਖਤਰੇ ਵਿੱਚ ਹਨ। ਇਸ ਨੇ ਭਾਰਤ ਨੂੰ ਆਰਥਿਕ ਅਤੇ ਕੂਟਨੀਤਕ ਚੁਣੌਤੀਆਂ ਦੇ ਸਾਹਮਣੇ ਖੜ੍ਹਾ ਕਰ ਦਿੱਤਾ ਹੈ।

ਐਸਸੀਓ ਸੰਮੇਲਨ ਨੇ ਦਿਖਾਇਆ ਕਿ ਭਾਰਤ, ਚੀਨ ਅਤੇ ਰੂਸ ਦੀ ਤਿੱਕੜੀ ਅਮਰੀਕੀ ਦਬਾਅ ਦੇ ਵਿਰੁੱਧ ਇੱਕ ਮਜ਼ਬੂਤ ਗਠਜੋੜ ਬਣਾ ਸਕਦੀ ਹੈ। ਅਮਰੀਕੀ ਮੀਡੀਆ ਦੀ ਚਿੰਤਾ ਸਪੱਸ਼ਟ ਹੈ ਕਿ ਭਾਰਤ ਸ਼ਾਇਦ ਵਾਸ਼ਿੰਗਟਨ ਤੋਂ ਦੂਰੀ ਬਣਾ ਰਿਹਾ ਹੈ। ਪੀਐਮ ਮੋਦੀ ਦੀ 'ਆਤਮਨਿਰਭਰ ਭਾਰਤ' ਨੀਤੀ ਅਤੇ ਸਥਾਨਕ ਉਤਪਾਦਾਂ ਨੂੰ ਉਤਸ਼ਾਹਿਤ ਕਰਨ ਦੀ ਅਪੀਲ ਨੇ ਵੀ ਇਸ ਗੱਲ ਨੂੰ ਮਜ਼ਬੂਤੀ ਦਿੱਤੀ ਹੈ। ਭਾਰਤ-ਚੀਨ-ਰੂਸ ਦੀ ਏਕਤਾ ਅਤੇ ਅਮਰੀਕੀ ਟੈਰਿਫ ਦੇ ਜਵਾਬ ਵਿੱਚ ਨਵੀਆਂ ਵਪਾਰਕ ਰਣਨੀਤੀਆਂ ਵਿਸ਼ਵ ਰਾਜਨੀਤੀ ਵਿੱਚ ਨਵੇਂ ਸਮੀਕਰਨ ਪੈਦਾ ਕਰ ਸਕਦੀਆਂ ਹਨ।

## ਅੰਮ੍ਰਿਤਪਾਲ ਸਿੰਘ ਜੇਲ੍ਹ ਵਿੱਚੋਂ ਉਪ ਰਾਸ਼ਟਰਪਤੀ ਚੋਣ ਲਈ ਪਾਉਣਗੇ ਵੋਟ



ਨਵੀਂ ਦਿੱਲੀ-ਕੌਮੀ ਸੁਰੱਖਿਆ ਐਕਟ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਉਪ ਰਾਸ਼ਟਰਪਤੀ ਦੀ ਚੋਣ ਵਿੱਚ ਵੋਟ ਅਧਿਕਾਰ ਦੀ ਵਰਤੋਂ ਕਰਨਗੇ। ਚੋਣ ਕਮਿਸ਼ਨ ਨੇ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਅਸਾਮ ਸਰਕਾਰ ਦੇ ਮੁੱਖ ਸਕੱਤਰ ਨੂੰ ਨਿਰਦੇਸ਼ ਦਿੱਤੇ ਕਿ ਉਹ ਇਹ ਯਕੀਨੀ ਬਣਾਉਣ ਕਿ ਅੰਮ੍ਰਿਤਪਾਲ ਸਿੰਘ ਵੱਲੋਂ ਨਿਸ਼ਾਨ ਲੱਗਿਆ ਪੋਸਟਲ ਬੈਲਟ ਵਾਲਾ ਸੀਲਬੰਦ ਲਿਫ਼ਾਫ਼ਾ ਅਸਾਮ ਦੇ ਡਿਬਰੂਗੜ੍ਹ ਤੋਂ ਇੱਕ ਵਿਸ਼ੇਸ਼ ਸੰਦੇਸ਼ਵਾਹਕ ਰਾਹੀਂ ਲਿਜਾਇਆ ਜਾਵੇ ਤਾਂ ਜੋ ਇਹ ਵੋਟਾਂ ਦੀ ਗਿਣਤੀ ਲਈ ਨਿਰਧਾਰਤ ਮਿਤੀ 9 ਸਤੰਬਰ ਨੂੰ ਸ਼ਾਮ 6 ਵਜੇ ਤੋਂ ਪਹਿਲਾਂ ਰਿਟਰਨਿੰਗ ਅਫ਼ਸਰ ਕੋਲ ਪਹੁੰਚ ਜਾਵੇ।


# ਪੰਜਾਬ ਵਿੱਚ ਹੜ੍ਹ ਪੀੜਤਾਂ ਲਈ ਪੰਜਾਬੀ ਗਾਇਕ ਤੇ ਕਲਾਕਾਰ ਸਰਗਰਮ

**ਖਾਸ ਖ਼ਬਰ**

## ✪ ਗਾਇਕਾਂ ਅਤੇ ਅਦਾਕਾਰਾਂ ਨੇ ਖੁੱਲ੍ਹੇ ਦਿਲ ਨਾਲ ਯੋਗਦਾਨ ਪਾਇਆ


ਸਤਿੰਦਰ ਸਰਤਾਜ


ਦਿਲਜੀਤ ਦੁਸਾਂਝ


ਗੁਰੂ ਰੰਧਾਵਾ


ਕਰਨ ਔਜਲਾ


ਇੰਦਰਜੀਤ ਨਿੱਕੂ

ਪੰਜਾਬ ਵਿੱਚ ਲਗਾਤਾਰ ਹੋ ਰਹੀਆਂ ਹੜ੍ਹਾਂ ਨੇ ਹਜ਼ਾਰਾਂ ਪਿੰਡਾਂ ਨੂੰ ਬਰਬਾਦ ਕਰ ਦਿੱਤਾ ਹੈ। ਰਾਵੀ, ਬਿਆਸ ਅਤੇ ਸਤਲੁਜ ਨਦੀਆਂ ਦੇ ਤੇਜ਼ ਵਹਾਅ ਕਾਰਨ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਫਾਜ਼ਿਲਕਾ ਅਤੇ ਹੋਰ ਜ਼ਿਲ੍ਹਿਆਂ ਵਿੱਚ ਭਾਰੀ ਨੁਕਸਾਨ ਹੋਇਆ ਹੈ। 1018 ਪਿੰਡ ਪ੍ਰਭਾਵਿਤ ਹੋਏ ਹਨ, 16 ਹਜ਼ਾਰ ਤੋਂ ਵੱਧ ਲੋਕਾਂ ਨੂੰ ਬਚਾਇਆ ਗਿਆ ਹੈ ਅਤੇ 23 ਲੋਕਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ। ਇਸ ਔਖੇ ਸਮੇਂ ਵਿੱਚ ਸਿਆਸੀ ਆਗੂਆਂ ਅਤੇ ਐੱਨਜੀਓਆਂ ਨਾਲ ਹੀ ਪੰਜਾਬੀ ਗਾਇਕਾਂ ਅਤੇ ਕਲਾਕਾਰਾਂ ਨੇ ਵੀ ਰਾਹਤ ਕਾਰਜਾਂ ਵਿੱਚ ਹਿੱਸਾ ਪਾਇਆ ਹੈ। ਬਾਲੀਵੁੱਡ ਅਤੇ ਪੰਜਾਬੀ ਸਿਨੇਮਾ ਦੇ ਕਲਾਕਾਰ ਵੀ ਅੱਗੇ ਆਏ ਹਨ, ਜਿਨ੍ਹਾਂ ਨੇ ਰਾਸ਼ਨ, ਫੰਡ ਅਤੇ ਹੋਰ ਸਹਾਇਤਾ ਪ੍ਰਦਾਨ ਕੀਤੀ ਹੈ। ਇਹ ਸਭ ਪੰਜਾਬੀਅਤ ਦੀ ਅਟੱਲ ਭਾਵਨਾ ਨੂੰ ਦਰਸਾਉਂਦਾ ਹੈ।

ਮਸ਼ਹੂਰ ਸੂਫੀ ਗਾਇਕ ਸਤਿੰਦਰ ਸਰਤਾਜ ਨੇ ਇੱਕ ਵੱਡੀ ਪਹਿਲਕਦਮੀ ਲਈ ਹੈ। ਉਨ੍ਹਾਂ ਨੇ ਆਪਣੀ ਫਾਊਂਡੇਸ਼ਨ ਰਾਹੀਂ ਅੰਮ੍ਰਿਤਸਰ ਦੇ ਅਜਨਾਲਾ, ਫਾਜ਼ਿਲਕਾ ਅਤੇ ਤਰਨ ਤਾਰਨ ਵਿੱਚ ਲਗਭਗ 500 ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਹਨ। ਇਸ ਵਿੱਚ ਇੱਕ ਮਹੀਨੇ ਦਾ ਭੋਜਨ ਅਤੇ ਜ਼ਰੂਰੀ ਵਸਤਾਂ ਸ਼ਾਮਲ ਸਨ ।ਸਤਿੰਦਰ ਸਰਤਾਜ ਨੇ ਕਿਹਾ, "ਇਸ ਔਖੇ ਸਮੇਂ ਵਿੱਚ ਸਾਰਿਆਂ ਨੂੰ ਇਨਸਾਨੀਅਤ ਦੇ ਨਾਤੇ ਪੀੜਤਾਂ ਨਾਲ ਖੜ੍ਹੇ ਹੋਣਾ ਚਾਹੀਦਾ ਹੈ।" ਉਨ੍ਹਾਂ ਦੀ ਟੀਮ ਨੇ ਹਰੀਕੇ ਪੱਟਨ ਵਿੱਚ ਵੀ ਰਾਸ਼ਨ ਵੰਡਿਆ। ਇਸ ਨਾਲ ਹਜ਼ਾਰਾਂ ਪਰਿਵਾਰਾਂ ਨੂੰ ਰਾਹਤ ਮਿਲੀ।



ਸ਼ਿਲਪਾ ਸ਼ੈੱਟੀ ਤੇ ਰਾਜ ਕੁੰਦਰਾ

ਦਿਲਜੀਤ ਦੁਸਾਂਝ ਨੇ ਵੀ ਪੰਜਾਬ ਦੇ 22 ਪਿੰਡਾਂ ਨੂੰ ਗੋਦ ਲੈਣ ਦਾ ਐਲਾਨ ਕੀਤਾ ਹੈ। ਉਨ੍ਹਾਂ ਦੀ ਮੈਨੇਜਰ ਸੋਨਾਲੀ ਸਿੰਘ ਆਪਣੀ ਟੀਮ ਨਾਲ ਅੰਮ੍ਰਿਤਸਰ ਪਹੁੰਚ ਗਈ ਹੈ ਅਤੇ ਰਾਹਤ ਸਮੱਗਰੀ ਵੰਡ ਰਹੀ ਹੈ। ਸੋਨਾਲੀ ਨੇ ਕਿਹਾ, "ਦਿਲਜੀਤ ਨੇ ਹਰ ਪ੍ਰਭਾਵਿਤ ਪਿੰਡ ਵਿੱਚ ਜ਼ਰੂਰੀ ਵਸਤਾਂ ਪਹੁੰਚਾਉਣ ਲਈ ਫੰਡ ਜਾਰੀ ਕੀਤੇ ਹਨ। ਅਸੀਂ ਵਾਲੰਟੀਅਰਾਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ।" ਇਸ ਨਾਲ ਪੀੜਤਾਂ ਨੂੰ ਭੋਜਨ, ਪਾਣੀ ਅਤੇ ਦਵਾਈਆਂ ਮਿਲ ਰਹੀਆਂ ਹਨ।

ਗਾਇਕ ਗੁਰੂ ਰੰਧਾਵਾ ਨੇ ਡੇਰਾ ਬਾਬਾ ਨਾਨਕ ਅਤੇ ਪਿੰਡ ਧਾਰੋਵਾਲੀ ਵਿੱਚ ਰਾਹਤ ਕੈਂਪ ਲਗਾਏ ਹਨ। ਉਨ੍ਹਾਂ ਨੇ ਇੱਕ ਰਿਲੀਫ ਫੰਡ ਵੀ ਸ਼ੁਰੂ ਕੀਤਾ ਹੈ ਅਤੇ ਆਪਣੇ ਫੈਨਾਂ ਨੂੰ ਯੋਗਦਾਨ ਪਾਉਣ ਲਈ ਅਪੀਲ ਕੀਤੀ ਹੈ। ਰੰਧਾਵਾ ਨੇ ਇੰਸਟਾਗ੍ਰਾਮ 'ਤੇ ਵੀਡੀਓ ਸਾਂਝੇ ਕਰਦਿਆਂ ਕਿਹਾ, "ਪੰਜਾਬ ਅਤੇ ਹੋਰ ਰਾਜਾਂ ਲਈ ਦੁਆਵਾਂ। ਅਸੀਂ ਹਰ ਤਰ੍ਹਾਂ ਨਾਲ ਮਦਦ ਕਰੀਏ। ਉਨ੍ਹਾਂ ਦੀ ਟੀਮ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਭੋਜਨ ਅਤੇ ਜ਼ਰੂਰੀ ਸਾਮਾਨ ਵੰਡਿਆ। ਇਸ ਵੇਲੇ ਉਹ ਆਪਣੇ ਗੀਤਾਂ 'ਅਜ਼ੂਲ' ਅਤੇ 'ਸਿਰ੍ਹਾ' ਨਾਲ ਵਿਵਾਦਾਂ ਵਿੱਚ ਵੀ ਹਨ, ਪਰ ਉਨ੍ਹਾਂ ਨੇ ਰਾਹਤ ਨੂੰ ਤਰਜੀਹ ਦਿੱਤੀ।"

ਕਰਨ ਔਜਲਾ ਨੇ ਲੁਧਿਆਣਾ ਅਧਾਰਤ ਐੱਨਜੀਓ 'ਇਨੀਸ਼ੀਏਟਰਜ਼ ਆਫ ਚੇਂਜ' ਨੂੰ ਇੱਕ ਮੋਟਰ ਬੋਟ ਦਾਨ ਕੀਤੀ ਹੈ। ਇਹ ਬੋਟ 3.5 ਲੱਖ ਰੁਪਏ ਦੀ ਹੈ ਅਤੇ ਕੋਲਕਾਤਾ ਤੋਂ ਹਵਾਈ ਜਹਾਜ਼ ਰਾਹੀਂ ਲਿਆਂਦੀ ਗਈ। ਐੱਨਜੀਓ ਦੇ ਸੰਸਥਾਪਕ ਗੌਰਵਦੀਪ ਸਿੰਘ ਨੇ ਦੱਸਿਆ, "ਔਜਲਾ ਨੇ ਸਾਡੇ ਇੰਸਟਾਗ੍ਰਾਮ ਨੂੰ ਵੇਖ ਕੇ ਸੰਪਰਕ ਕੀਤਾ। ਅਸੀਂ ਅਜਨਾਲਾ, ਫਾਜ਼ਿਲਕਾ ਅਤੇ ਰਾਮਦਾਸ ਖੇਤਰਾਂ ਲਈ ਬੋਟ ਦੀ ਲੋੜ ਦੱਸੀ। ਉਨ੍ਹਾਂ ਨੇ ਤੁਰੰਤ ਫੰਡ ਪ੍ਰਬੰਧ ਕੀਤੇ। ਇਹ ਛੇ ਸੀਟ ਵਾਲੀ ਬੋਟ 600 ਕਿਲੋ ਭਾਰ ਸਹਿ ਸਕਦੀ ਹੈ ਅਤੇ ਹੁਣ ਵਾਲੰਟੀਅਰ ਇਸ ਨਾਲ ਰਾਸ਼ਨ ਵੰਡ ਰਹੇ ਹਨ।"

ਅੰਦਰਜੀਤ ਨਿੱਕੂ ਅਤੇ ਜੱਸ ਬਾਜਵਾ ਨੇ ਵੀ ਬਚਾਅ ਅਤੇ ਰਾਹਤ ਲਈ ਫੰਡ ਅਤੇ ਸਮੱਗਰੀ ਦਾਨ ਕੀਤੀ ਹੈ। ਗਾਇਕ ਜਸਬੀਰ ਜੱਸੀ ਨੇ ਅਜਨਾਲਾ ਬਲਾਕ ਵਿੱਚ ਪੂਰਾ ਦਿਨ ਬਿਤਾਇਆ ਅਤੇ ਲੋਕਾਂ ਨੂੰ ਹਰ ਤਰ੍ਹਾਂ ਦੀ ਮਦਦ ਕੀਤੀ। ਉਨ੍ਹਾਂ ਨੇ ਇੱਕ ਵੀਡੀਓ ਵਿੱਚ ਅਪੀਲ ਕੀਤੀ, "ਪ੍ਰਸ਼ਾਸਨ 'ਤੇ ਨਿਰਭਰ ਨਾ ਰਹੋ, ਆਪਣੀ ਸਮਰੱਥਾ ਮੁਤਾਬਕ ਯੋਗਦਾਨ ਦਿਓ।" ਜੱਸੀ ਨੇ ਰਾਹਤ ਸਮੱਗਰੀ ਵੰਡਣ ਲਈ ਸੰਪਰਕ ਨੰਬਰ ਵੀ ਸਾਂਝਾ ਕੀਤਾ। ਰਣਜੀਤ ਬਾਵਾ ਨੇ ਆਪਣੇ ਕੈਨੇਡਾ ਦੇ ਪਹਿਲੇ ਸ਼ੋਅ ਦੀ ਆਮਦਨੀ ਹੜ੍ਹ ਪੀੜਤਾਂ ਲਈ ਦਾਨ ਕਰਨ ਦਾ ਐਲਾਨ ਕੀਤਾ ਹੈ।

ਬਾਲੀਵੁੱਡ ਅਦਾਕਾਰਾ ਸ਼ਿਲਪਾ ਸ਼ੈੱਟੀ ਦੇ ਪਤੀ ਅਤੇ ਪ੍ਰੋਡਿਊਸਰ ਰਾਜ ਕੁੰਦਰਾ ਨੇ ਆਪਣੀ ਆਉਣ ਵਾਲੀ ਪੰਜਾਬੀ ਫਿਲਮ 'ਮੇਹਰ' ਦੀ ਪਹਿਲੇ ਦਿਨ ਦੀ ਬਾਕਸ ਆਫਿਸ ਕਮਾਈ ਹੜ੍ਹ ਪੀੜਤਾਂ ਨੂੰ ਦੇਣ ਦਾ ਐਲਾਨ ਕੀਤਾ ਹੈ। ਰਾਜ ਨੇ ਕੁਝ ਪ੍ਰਭਾਵਿਤ ਪਿੰਡਾਂ ਦਾ ਦੌਰਾ ਵੀ ਕੀਤਾ ਅਤੇ ਲੋਕਾਂ ਨੂੰ ਇਕੱਠੇ ਹੋਣ ਦੀ ਅਪੀਲ ਕੀਤੀ।

**ਮਾਮਲਾ ਸ਼ਹੀਦੀ ਸਮਾਗਮ ਵਿੱਚ ਨਾਚ ਗਾਣ ਕਰਨ ਦਾ**

# ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਅਕਾਲ ਤਖ਼ਤ ਵਿਖੇ ਤਲਬ, ਤਨਖਾਹ ਬਾਅਦ ਵਿਚ ਲੱਗੇਗੀ

ਅੰਮ੍ਰਿਤਸਰ-ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਨੇ ਬੀਤੇ ਦਿਨੀਂ ਅਕਾਲ ਤਖ਼ਤ ਵਿਖੇ ਪੁੱਜ ਕੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਕੋਲ ਆਪਣਾ ਪੱਖ ਰੱਖਿਆ ਹੈ।

ਕਾਬਿਲੇਗੌਰ ਹੈ ਕਿ ਪੰਜਾਬ ਸਰਕਾਰ ਵੱਲੋਂ ਬੀਤੇ ਦਿਨੀਂ ਸ੍ਰੀਨਗਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ ਸੀ, ਜਿਸ ਵਿੱਚ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਵਿੱਚ ਨਾਚ ਗਾਣ ਆਦਿ ਦਿਖਾਇਆ ਗਿਆ ਸੀ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਸੱਟ ਵੱਜੀ ਸੀ। ਇਸ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੀਆਂ ਸ਼ਿਕਾਇਤਾਂ ਉਪਰੰਤ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਨੂੰ ਅਕਾਲ ਤਖ਼ਤ 'ਤੇ ਸੱਦਿਆ ਗਿਆ ਸੀ। ਇਸੇ ਤਹਿਤ ਜਸਵੰਤ ਸਿੰਘ ਪੇਸ਼ ਹੋਏ ਅਤੇ ਜਥੇਦਾਰ ਦੇ ਸਨਮੁਖ ਆਪਣਾ ਪੱਖ ਰੱਖਿਆ। ਜਸਵੰਤ ਸਿੰਘ ਨੇ ਪੇਸ਼ ਹੋਣ ਮੌਕੇ ਆਪਣਾ ਦਾਹੜਾ ਬੰਨ੍ਹਿਆ ਹੋਇਆ ਸੀ। ਜਥੇਦਾਰ



ਗੜਗੱਜ ਦੇ ਆਦੇਸ਼ ਅਨੁਸਾਰ ਮਗਰੋਂ ਉਹ ਦਾਹੜਾ ਖੋਲ੍ਹ ਕੇ ਪੇਸ਼ ਹੋਏ ਹਨ।

ਦੱਸਣ ਯੋਗ ਹੈ ਕਿ ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਵੀ ਆਪਣੀ ਗਲਤੀ ਮੰਨੀ ਸੀ ਅਤੇ ਖਿਮਾ ਯਾਚਨਾ ਕੀਤੀ ਸੀ। ਜਿਸ ਤੋਂ ਬਾਅਦ ਉਨ੍ਹਾਂ ਨੂੰ ਤਨਖਾਹ ਲਾਈ ਗਈ ਸੀ। ਉਹ ਆਪਣੀ ਤਨਖਾਹ ਪੂਰੀ ਕਰਨ ਮਗਰੋਂ ਖਿਮਾ ਯਾਚਨਾ ਦੀ ਅਰਦਾਸ ਕਰਵਾ ਚੁੱਕੇ ਹਨ। ਇਸੇ ਮਾਮਲੇ ਵਿੱਚ ਪੰਜਾਬੀ ਗਾਇਕ ਬੀਰ ਸਿੰਘ ਵੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਮਿਲ ਕੇ ਖਿਮਾ ਯਾਚਨਾ ਦੀ ਅਪੀਲ ਕਰ ਚੁੱਕੇ ਹਨ। ਹੁਣ ਅਕਾਲ ਤਖਤ ਸਾਹਿਬ ਦੀ ਅਗਲੀ ਮੀਟਿੰਗ ਵਿਚ ਡਾਇਰੈਕਟਰ ਜਸਵੰਤ ਸਿੰਘ ਦੀ ਤਨਖਾਹ ਨਿਸਚਿਤ ਹੋਵੇਗੀ।

# ਭਾਰਤੀ ਹਾਈ ਕਮਿਸ਼ਨ ਲੰਡਨ ਵੱਲੋਂ ਅਜ਼ਾਦੀ ਦਿਵਸ ਨੂੰ ਸਮਰਪਿਤ ਸਲਾਨਾ ਸਮਾਗਮ 'ਚ 15000 ਤੋਂ ਵੱਧ ਲੋਕਾਂ ਨੇ ਕੀਤੀ ਸ਼ਿਰਕਤ

## ਲੋਕਤੰਤਰ ਅਤੇ ਅਜ਼ਾਦੀ ਨੂੰ ਕਾਇਮ ਰੱਖਣ ਦੀ ਹੁਣ ਜਿੰਮੇਵਾਰੀ ਨੌਜਵਾਨਾਂ ਦੀ ਹੈ- ਵਰਿੰਦਰ ਸ਼ਰਮਾ




ਭਾਰਤ ਦੇ ਅਜ਼ਾਦੀ ਜਸ਼ਨਾਂ ਦੀਆਂ ਝਲਕੀਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਹਾਈ ਕਮਿਸ਼ਨ ਲੰਡਨ ਵੱਲੋਂ ਅਜ਼ਾਦੀ ਦਿਵਸ ਸਬੰਧੀ ਸਲਾਨਾ ਸਮਾਗਮ ਹੇਜ਼ ਵਿਖੇ ਕਰਵਾਇਆ ਗਿਆ, ਜਿਸ ਵਿੱਚ 15000 ਤੋਂ ਵੱਧ ਭਾਰਤੀ ਮੂਲ ਦੇ ਲੋਕਾਂ ਨੇ ਕੀਤੀ ਸ਼ਿਰਕਤ ਕੀਤੀ। ਇਸ ਮੌਕੇ ਭਾਰਤੀ ਸੱਭਿਆਚਾਰ ਦੀਆਂ ਝਲਕੀਆਂ ਪੇਸ਼ ਕੀਤੀਆਂ ਗਈਆਂ। ਵੱਖ-ਵੱਖ ਰਾਜਾਂ ਦੇ ਲੋਕ ਨ੍ਰਿਤ, ਪਹਿਰਾਵੇ ਅਤੇ ਖਾਣੇ ਲੋਕਾਂ ਦੀ ਖਿੱਚ ਦਾ ਕੇਂਦਰ ਬਣੇ।

ਭਾਰਤੀ ਹਾਈ ਕਮਿਸ਼ਨਰ ਵਿਕਰਮ ਦੁਰਾਇਸਵਾਮੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਭਾਰਤ ਵਿਸ਼ਵ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਉਨ੍ਹਾਂ ਭਾਰਤ ਦੀ ਮਜ਼ਬੂਤੀ ਲਈ ਪ੍ਰਵਾਸੀ ਭਾਰਤੀਆਂ ਦੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ। ਸਾਬਕਾ ਐਮ ਪੀ ਵਰਿੰਦਰ ਸ਼ਰਮਾ ਨੇ ਕਿਹਾ ਕਿ ਭਾਰਤ ਅਤੇ ਯੂ ਕੇ ਦੇ ਆਪਸੀ ਸਬੰਧ ਬਹੁਤ ਮਜ਼ਬੂਤ ਹਨ। ਦੋਵੇਂ ਦੇਸ਼ ਹਰ ਖੇਤਰ ਵਿੱਚ ਅੱਗੇ ਵਧ ਰਹੇ ਹਨ। ਜਿਸ ਲਈ ਪ੍ਰਵਾਸੀਆਂ ਨੇ ਪੁਲ ਵਾਂਗ ਕੰਮ ਕਰਦੇ ਹੋਏ ਮੈਂ ਖੁਦ ਵੇਖਿਆ ਹੈ। ਉਨ੍ਹਾਂ ਕਿਹਾ ਕਿ ਭਾਰਤ ਅੱਜ ਤੀਜੀ ਵੱਡੀ ਅਰਥਵਿਵਸਥਾ ਹੈ, ਸਾਡੇ ਲੋਕਤੰਤਰ ਅਤੇ ਅਜ਼ਾਦੀ ਨੂੰ ਕਾਇਮ ਰੱਖਣ ਦੀ ਹੁਣ ਜਿੰਮੇਵਾਰੀ ਨੌਜਵਾਨਾਂ ਦੀ ਹੈ। ਲਾਰਡ ਰੰਮੀ ਰੇਂਜ਼ਰ ਨੇ ਕਿਹਾ ਕਿ ਭਾਰਤ ਅੱਜ ਦੁਨੀਆ ਦੀ ਵੱਡੀ ਤਾਕਤ ਹੈ। ਸਟੇਜ਼ ਦੀ ਕਾਰਵਾਈ ਬਲਜਿੰਦਰ ਸਿੰਘ ਰਾਠੌਰ ਅਤੇ ਪੇਸ਼ਕਾਰ ਰਵੀ ਸ਼ਰਮਾ ਨੇ ਨਿਭਾਈ।

# ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡਾ ਝਟਕਾ, ਅਦਾਲਤ ਨੇ ਟੈਰਿਫ ਨੂੰ ਐਲਾਨਿਆ ਗੈਰ-ਕਾਨੂੰਨੀ



ਅਮਰੀਕਾ ਦੀ ਇੱਕ ਸੰਘੀ ਅਦਾਲਤ ਨੇ ਸ਼ੁੱਕਰਵਾਰ (ਸਥਾਨਕ ਸਮੇਂ) ਨੂੰ ਇੱਕ ਵੱਡਾ ਫੈਸਲਾ ਸੁਣਾਇਆ। ਅਦਾਲਤ ਨੇ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਕੋਲ ਟੈਰਿਫ ਲਗਾਉਣ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਟਰੰਪ ਦੇ ਜ਼ਿਆਦਾਤਰ ਟੈਰਿਫ ਗੈਰ-ਕਾਨੂੰਨੀ ਹਨ। ਅਦਾਲਤ ਦਾ ਇਹ ਫੈਸਲਾ ਉਸ ਨੀਤੀ ਲਈ ਇੱਕ ਵੱਡਾ ਝਟਕਾ ਹੈ ਜਿਸ ਵਿੱਚ ਟਰੰਪ ਨੇ ਟੈਰਿਫ ਨੂੰ ਆਪਣੀ ਅੰਤਰਰਾਸ਼ਟਰੀ ਆਰਥਿਕ ਰਣਨੀਤੀ ਦਾ ਇੱਕ ਵੱਡਾ ਹਥਿਆਰ ਬਣਾਇਆ ਸੀ।ਹਾਲਾਂਕਿ, ਅਦਾਲਤ ਨੇ ਇਹ ਵੀ ਕਿਹਾ ਕਿ ਇਹ ਟੈਰਿਫ 14 ਅਕਤੂਬਰ ਤੱਕ ਲਾਗੂ ਰਹਿਣਗੇ, ਤਾਂ ਜੋ ਟਰੰਪ ਪ੍ਰਸ਼ਾਸਨ ਨੂੰ ਸੁਪਰੀਮ ਕੋਰਟ ਵਿੱਚ ਅਪੀਲ ਕਰਨ ਦਾ ਸਮਾਂ ਮਿਲ ਸਕੇ। ਤੁਹਾਨੂੰ ਦੱਸ ਦੇਈਏ ਕਿ ਟਰੰਪ ਨੇ ਵੱਖ-ਵੱਖ ਦੇਸ਼ਾਂ ਫ਼ਲਸਤੁੱਤੇ ਟੈਰਿਫ ਲਗਾਏ ਸਨ।ਹਾਲਾਂਕਿ, ਅਦਾਲਤ ਦੇ ਫੈਸਲੇ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਸਾਰੇ ਟੈਰਿਫ ਅਜੇ ਵੀ ਲਾਗੂ ਹਨ। ਉਨ੍ਹਾਂ ਨੇ ਟਰੂਥ ਸੋਸ਼ਲ ਫ਼ਲਸਤੁੱਤੇ ਇੱਕ ਪੋਸਟ ਵਿੱਚ ਲਿਖਿਆ ਕਿ ਅੱਜ ਇੱਕ ਬਹੁਤ ਹੀ ਪੱਖਪਾਤੀ ਅਦਾਲਤ ਨੇ ਗਲਤੀ ਨਾਲ ਕਿਹਾ ਕਿ ਸਾਡੇ ਟੈਰਿਫ ਹਟਾ ਦਿੱਤੇ ਜਾਣੇ ਚਾਹੀਦੇ ਹਨ, ਪਰ ਉਹ ਜਾਣਦੇ ਹਨ ਕਿ ਜਿੱਤ ਅਮਰੀਕਾ ਦੀ ਹੀ ਹੋਵੇਗੀ। ਟਰੰਪ ਨੇ ਅੱਗੇ ਲਿਖਿਆ ਕਿ ਜੇ ਇਹ ਟੈਰਿਫ ਹਟਾ ਵੀ ਦਿੱਤੇ ਜਾਂਦੇ ਹਨ, ਤਾਂ ਇਹ ਅਮਰੀਕਾ ਲਈ ਇੱਕ ਵੱਡੀ ਆਫ਼ਤ ਹੋਵੇਗੀ।

# ਪੰਜਾਬੀ ਗਾਇਕ ਗੋਲਡਨ ਸਟਾਰ ਮਲਕੀਤ ਸਿੰਘ ਨੇ ਐਨ.ਆਰ.ਆਈਜ ਨੂੰ ਵਧ ਚੜ ਕੇ ਹੜ੍ਹ ਪੀੜਤਾਂ ਦੀ ਮਦਦ ਕਰਨ ਦੀ ਕੀਤੀ ਭਾਵੁਕ ਅਪੀਲ

## *ਵੱਖ ਵੱਖ ਦੇਸ਼ਾਂ ਚ ਵੱਸਦੇ ਪੰਜਾਬੀ ਹਮੇਸ਼ਾ ਦੀ ਤਰ੍ਹਾਂ ਇਸ ਵਾਰ ਵੀ ਹੜ੍ਹ ਪੀੜਤਾਂ ਦੇ ਨਾਲ ਖੜੇ ਹਨ -ਗੋਲਡਨ ਸਟਾਰ ਮਲਕੀਤ ਸਿੰਘ



ਮਲਕੀਤ ਸਿੰਘ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਪ੍ਰਸਿੱਧ ਪੰਜਾਬੀ ਗਾਇਕ ਗੋਲਡਨ ਸਟਾਰ ਮਲਕੀਤ ਸਿੰਘ ਨੇ ਵੱਖ-ਵੱਖ ਦੇਸ਼ਾਂ ਚ ਵੱਸਦੇ ਐਨ. ਆਰ. ਆਈਜ ਨੂੰ ਭਾਵੁਕ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਸ ਵੇਲੇ ਆਪਣੇ ਵਤਨ ਪੰਜਾਬ ਦੇ ਨਾਲ ਖੜਨਾ ਚਾਹੀਦਾ ਹੈ, ਗਾਇਕ ਮਲਕੀਤ ਸਿੰਘ ਨੇ ਇੱਕ ਵੀਡੀਓ ਰਾਹੀਂ ਅਪੀਲ ਕਰਦਿਆਂ ਕਿਹਾ ਕਿ ਹੜ ਪ੍ਰਭਾਵਿਤ ਲੋਕਾਂ ਦੀ ਐਨ.ਆਰ.ਆਈਜ ਨੂੰ ਇਸ ਵੇਲੇ ਬੇਹੱਦ ਚਿੰਤਾ ਹੈ,ਅਤੇ ਉਹ ਉਹਨਾਂ ਦੀ ਮਦਦ ਲਈ ਹਰੇਕ ਤਰ੍ਹਾਂ ਦਾ ਯਤਨ ਕਰਨ ਦੀ ਤਿਆਰ ਹਨ ।ਗੋਲਡਨ ਸਟਾਰ ਕਾਇਕ ਮਲਕੀਤ ਸਿੰਘ ਨੇ ਕਿਹਾ ਕਿ ਵਿਦੇਸ਼ਾਂ ਚ ਵਸਦੇ ਪੰਜਾਬੀ ਹਮੇਸ਼ਾ ਹੀ ਆਪਣੇ ਵਤਨ ਪੰਜਾਬ ਨਾਲ ਬਹੁਤ ਮੋਹ ਕਰਦੇ ਹਨ ਅਤੇ ਜਦ ਵੀ ਪੰਜਾਬ ਤੋਂ ਉਹਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਬੁਰੀ ਖਬਰ ਆਉਂਦੀ ਹੈ ਤਾਂ ਉਹ ਉਹਨਾਂ ਆਫਤਾਂ ਤੋਂ ਪੰਜਾਬ ਨੂੰ ਬਚਾਉਣ ਲਈ ਹਰੇਕ ਤਰ੍ਹਾਂ ਦੀ ਮਦਦ ਕਰਨ ਲਈ ਤਿਆਰ ਰਹਿੰਦੇ ਹਨ। ਗੋਲਡਨ ਸਟਾਰ ਮਲਕੀਤ ਸਿੰਘ ਨੇ ਦੂਸਰੇ ਸੂਬਿਆਂ ਤੇ ਲੇਕਾ ਅਤੇ ਆਗੂਆਂ ਤੇ ਗਿਲਾ ਕਰਦਿਆਂ ਕਿਹਾ ਕਿ ਹਮੇਸ਼ਾ ਹੀ ਜਦ ਵੀ ਕਿਸੇ ਨਾ ਕਿਸੇ ਸੂਬੇ ਚ ਕੋਈ ਆਫਤ ਆਉਂਦੀ ਹੈ ਤਾਂ ਪੰਜਾਬੀ ਹਮੇਸ਼ਾ ਹੀ ਵੱਧ ਚੜ ਕੇ ਉਸ ਜਗ੍ਹਾ ਜਾ ਕੇ ਲੰਗਰ ਲਗਾਉਂਦੇ ਹਨ ਅਤੇ ਪੀੜਤ ਪਰਿਵਾਰਾਂ ਦੀ ਸਾਰ ਲੈਂਦੇ ਹਨ, ਪ੍ਰੰਤੂ ਜਦ ਹੁਣ ਪੰਜਾਬ ਵਿੱਚ ਹੜਾਂ ਦੇ ਪ੍ਰਕੋਪ ਕਾਰਨ ਕਈ ਘਰ ਢੈਹ ਢੇਰੀ ਹੋ ਚੁੱਕੇ ਹਨ, ਲੋਕ ਬੇਘਰ ਹੋ ਚੁੱਕੇ ਹਨ, ਫਸਲਾਂ ਮਾਰੀਆਂ ਗਈਆਂ ਹਨ, ਡੰਗਰ ਮਰ ਚੁੱਕੇ ਹਨ। ਪਰੰਤੂ ਇਹਨਾਂ ਹਾਲਾਤਾਂ ਚ ਕੋਈ ਵੀ ਬਾਹਰਲੇ ਸੂਬੇ ਦਾ ਵਿਅਕਤੀ ਜਾਂ ਆਗੂ ਪੰਜਾਬ ਵਿੱਚ ਹੜ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਲਈ ਨਹੀਂ ਬਹੁੜਿਆ। ਗਾਇਕ ਮਲਕੀਤ ਸਿੰਘ ਨੇ ਕਿਹਾ ਕਿ ਪੰਜਾਬੀਆਂ ਨੂੰ ਹਮੇਸ਼ਾ ਹੀ ਪਰਮਾਤਮਾ ਦਾ ਆਸਰਾ ਰਿਹਾ ਹੈ ਤੇ ਇਸ ਵਾਰ ਵੀ ਪਰਮਾਤਮਾ ਕਿਰਪਾ ਕਰੇਗਾ ਕੁਝ ਸਮੇਂ ਬਾਅਦ ਮੁੜ ਪੰਜਾਬ ਦੇ ਹੜ ਪੀੜਤ ਇਲਾਕੇ ਚ ਹਰਿਆਲੀ ਹੋਵੇਗੀ ਹਾਲਾਤ ਆਮ ਵਰਗੇ ਹੋਣਗੇ । ਉਹਨਾਂ ਨੇ ਪੰਜਾਬ ਦੇ ਸਿਆਸੀ ਆਗੂਆਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਇਸ ਵੇਲੇ ਪਾਰਟੀ ਬਾਜੀਆਂ ਤੋਂ ਉੱਪਰ ਉੱਠ ਕੇ ਇੱਕਜੁੱਟ ਹੋ ਕੇ ਹੜ ਪੀੜਤ ਲੋਕਾਂ ਦੀ ਮਦਦ ਕਰਨ ਲਈ ਉਹ ਅੱਗੇ ਆਉਣ। ਗਾਇਕ ਮਲਕੀਤ ਸਿੰਘ ਨੇ ਕਿਹਾ ਹੈ ਕਿ ਵਿਦੇਸ਼ਾਂ ਚ ਵੱਸਦੇ ਐਨ. ਆਰ. ਆਈ ਹੜ ਪ੍ਰਭਾਵਿਤ ਲੋਕਾਂ ਦੀ ਹਰੇਕ ਤਰ੍ਹਾਂ ਦੀ ਮਦਦ ਕਰਨ ਲਈ ਬਿਲਕੁਲ ਤਿਆਰ ਹਨ।

VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਰਾਹੁਲ ਗਾਂਧੀ 'ਤੇ ਸਿਆਸੀ ਹਮਲੇ ਦਾ ਨੈਰੇਟਿਵ: 'ਪੱਪੂ' ਤੋਂ 'ਦੇਸ਼ ਵਿਰੋਧੀ' ਤੱਕ

## ✪ ਭਾਰਤ ਜੋੜੋ ਯਾਤਰਾ ਨੇ ਰਾਹੁਲ ਦਾ ਸਿਆਸੀ ਅਕਸ ਸੁਧਾਰਿਆ ✪ ਭਾਜਪਾ ਵਲੋਂ ਜਾਰਜ ਸੋਰੋਸ ਅਤੇ ਰਾਹੁਲ ਦੀ ਸਾਜ਼ਿਸ਼ ਦਾ ਦਾਅਵਾ ✪ ਭਾਜਪਾ ਨੇ ਕਾਂਗਰਸ 'ਵਿਚ ਵੰਡ ਪਾਉਣ ਦੀ ਰਣਨੀਤੀ ਘੜੀ



ਰਾਹੁਲ ਗਾਂਧੀ ਨੂੰ ਸਿਆਸੀ ਤੌਰ 'ਤੇ ਨਿਸ਼ਾਨਾ ਬਣਾਉਣ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਰਣਨੀਤੀ ਪਿਛਲੇ ਕੁਝ ਸਾਲਾਂ ਵਿਚ ਕਾਫੀ ਬਦਲ ਗਈ ਹੈ। ਜਦੋਂ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੇ 2014 ਵਿਚ ਭਾਜਪਾ ਦੀ ਕਮਾਨ ਸੰਭਾਲੀ, ਉਦੋਂ ਤੋਂ ਰਾਹੁਲ ਗਾਂਧੀ ਨੂੰ 'ਪੱਪੂ' ਸਾਬਤ ਕਰਨ ਦਾ ਇੱਕ ਵੱਡਾ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ ਗਈ। ਇਸ ਮੁਹਿੰਮ ਦਾ ਮਕਸਦ ਸੀ ਰਾਹੁਲ ਨੂੰ ਇੱਕ ਨਾਸਮਝ, ਬੁੱਧੀਹੀਣ ਅਤੇ ਜਬਰਦਸਤੀ ਸਿਆਸਤ ਵਿਚ ਲਿਆਂਦਾ ਗਿਆ ਨੇਤਾ ਸਾਬਤ ਕਰਨਾ। ਭਾਜਪਾ ਦਾ ਹਰ ਨੇਤਾ, ਖਾਸ ਕਰਕੇ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਣ ਵਾਲੇ ਨੇਤਾਵਾਂ ਨੂੰ, ਰਾਹੁਲ ਬਾਰੇ ਅਜਿਹੇ ਬਿਆਨ ਦੇਣ ਲਈ ਕਿਹਾ ਜਾਂਦਾ ਸੀ ਜਿਸ ਨਾਲ ਜਨਤਾ ਵਿਚ ਇਹ ਸੁਨੇਹਾ ਜਾਵੇ ਕਿ ਰਾਹੁਲ ਨੂੰ ਸਿਆਸਤ ਦੀ ਕੋਈ ਸਮਝ ਨਹੀਂ ਅਤੇ ਉਹ ਸਿਰਫ਼ ਗਾਂਧੀ ਪਰਿਵਾਰ ਦੇ ਨਾਂ 'ਤੇ ਕਾਂਗਰਸ ਦੇ ਵੱਡੇ ਨੇਤਾ ਬਣੇ ਹੋਏ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਆਪਣੇ ਭਾਸ਼ਣਾਂ ਵਿਚ ਰਾਹੁਲ ਨੂੰ 'ਸ਼ਹਿਜ਼ਾਦੇ' ਕਹਿ ਕੇ ਸੰਬੋਧਨ ਕਰਦੇ ਸਨ। ਇਸ ਦਾ ਮਕਸਦ ਵੀ ਇਹੀ ਸੀ ਕਿ ਜਨਤਾ ਨੂੰ ਇਹ ਲੱਗੇ ਕਿ ਰਾਹੁਲ ਸਿਰਫ਼ ਪਰਿਵਾਰਕ ਵਿਰਾਸਤ ਕਾਰਨ ਸਿਆਸਤ ਵਿਚ ਹਨ ਅਤੇ ਉਨ੍ਹਾਂ ਵਿਚ ਅਗਵਾਈ ਦੀ ਯੋਗਤਾ ਨਹੀਂ। ਕਾਂਗਰਸ ਛੱਡਣ ਵਾਲੇ ਨੇਤਾਵਾਂ ਨੂੰ ਇਸ ਮਕਸਦ ਲਈ ਵੱਡੇ ਅਹੁਦੇ ਅਤੇ ਸਨਮਾਨ ਦਿੱਤੇ ਗਏ। ਪਰ, ਹੁਣ ਇਹ ਸਾਰਾ ਨੈਰੇਟਿਵ ਬਦਲ ਗਿਆ ਹੈ। 'ਪੱਪੂ' ਵਾਲੀ ਗੱਲ ਹੁਣ ਭਾਜਪਾ ਦੇ ਬਿਆਨਾਂ ਵਿਚੋਂ ਗਾਇਬ ਹੈ ਅਤੇ ਰਾਹੁਲ ਨੂੰ ਹੁਣ 'ਸ਼ਾਤਿਰ' ਅਤੇ 'ਦੇਸ਼ ਵਿਰੋਧੀ' ਸਾਬਤ ਕਰਨ ਦੀ ਕੋਸ਼ਿਸ਼ ਸ਼ੁਰੂ ਹੋ ਗਈ ਹੈ।

ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਨੇ ਉਨ੍ਹਾਂ ਦੀ ਸਿਆਸੀ ਚਿੱਤਰ ਨੂੰ ਬਦਲਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਸ ਯਾਤਰਾ ਨੇ ਨਾ ਸਿਰਫ਼ ਕਾਂਗਰਸ ਦੇ ਕਾਰਕੁੰਨਾਂ ਵਿਚ ਨਵਾਂ ਜੋਸ਼ ਭਰਿਆ, ਸਗੋਂ ਜਨਤਾ ਵਿਚ ਵੀ ਰਾਹੁਲ ਦੀ ਇੱਕ ਸੰਜੀਦਾ ਅਤੇ ਜਨਤਕ ਮੁੱਦਿਆਂ ਨਾਲ ਜੁੜੇ ਨੇਤਾ ਵਜੋਂ ਅਕਸ ਬਣਿਆ ਹੈ। ਪਰ, ਇਸ ਤੋਂ ਪਹਿਲਾਂ ਵੀ ਇੱਕ ਵੱਡਾ ਸਿਆਸੀ ਬਦਲਾਅ ਕਿਸਾਨ ਅੰਦੋਲਨ ਦੌਰਾਨ ਵੇਖਣ ਨੂੰ ਮਿਲਿਆ। 2020-21 ਦੇ ਕਿਸਾਨ ਅੰਦੋਲਨ ਦੌਰਾਨ ਭਾਜਪਾ ਅਤੇ ਕੇਂਦਰ ਸਰਕਾਰ ਨੇ 'ਭਾਰਤ ਵਿਰੋਧੀ ਸਾਜ਼ਿਸ਼' ਦਾ ਨੈਰੇਟਿਵ ਬਣਾਇਆ। ਇਸ ਦੌਰਾਨ 'ਟੂਲਕਿੱਟ' ਨਾਂ ਦੀ ਇੱਕ ਗੱਲਬਾਤ ਸ਼ੁਰੂ ਹੋਈ, ਜਿਸ ਵਿਚ ਦਾਅਵਾ ਕੀਤਾ ਗਿਆ ਕਿ ਵਿਦੇਸ਼ੀ ਤਾਕਤਾਂ ਭਾਰਤ ਸਰਕਾਰ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ।

ਇਸ ਨੈਰੇਟਿਵ ਨੂੰ ਅੱਗੇ ਵਧਾਉਂਦਿਆਂ ਰਾਹੁਲ ਗਾਂਧੀ ਨੂੰ ਇਸ ਨਾਲ ਜੋੜਿਆ ਗਿਆ। ਅਮਰੀਕੀ ਅਰਬਪਤੀ ਜਾਰਜ ਸੋਰੋਸ ਦਾ ਨਾਂ ਇਸ ਸਾਜ਼ਿਸ਼ ਨਾਲ ਜੋੜਿਆ ਗਿਆ ਅਤੇ ਕਿਹਾ ਗਿਆ ਕਿ ਰਾਹੁਲ ਅਤੇ ਕਾਂਗਰਸ ਸੋਰੋਸ ਨਾਲ ਮਿਲ ਕੇ ਭਾਰਤ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਦੇ ਨਾਲ ਹੀ 'ਅਰਬਨ ਨਕਸਲ' ਦਾ ਸੰਕਲਪ ਵੀ ਸਾਹਮਣੇ ਆਇਆ। ਸਮਾਜਿਕ ਅਤੇ ਬੌਧਿਕ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਹੋਇਆ ਅਤੇ ਉਨ੍ਹਾਂ ਨੂੰ ਵੀ ਭਾਰਤ ਵਿਰੋਧੀ ਸਾਜ਼ਿਸ਼ ਨਾਲ ਜੋੜਿਆ ਗਿਆ। ਇਸ ਤਰ੍ਹਾਂ, ਰਾਹੁਲ ਗਾਂਧੀ ਦੀ ਚਿੱਤਰ 'ਪੱਪੂ' ਤੋਂ ਬਦਲ ਕੇ ਇੱਕ 'ਸ਼ਾਤਿਰ' ਅਤੇ 'ਦੇਸ਼ ਵਿਰੋਧੀ' ਨੇਤਾ ਦੀ ਬਣਾਈ ਜਾਣ ਲੱਗੀ।

ਕੇਂਦਰੀ ਮੰਤਰੀ ਕਿਰੇਨ ਰਿਜਿਜੂ ਨੇ ਇੱਕ ਵੱਡੇ ਨਿਊਜ਼ ਨੈੱਟਵਰਕ ਨੂੰ ਇੰਟਰਵਿਊ ਦੌਰਾਨ ਸਾਫ਼-ਸਾਫ਼ ਕਿਹਾ ਕਿ ਰਾਹੁਲ ਗਾਂਧੀ ਅਤੇ ਕਾਂਗਰਸ ਭਾਰਤ ਨੂੰ ਅਸਥਿਰ ਕਰਨ ਦੀ ਸਾਜ਼ਿਸ਼ ਵਿਚ ਸ਼ਾਮਲ ਹਨ। ਰਿਜਿਜੂ ਨੇ ਦਾਅਵਾ ਕੀਤਾ ਕਿ ਜਾਰਜ ਸੋਰੋਸ ਨੇ ਭਾਰਤ ਸਰਕਾਰ ਨੂੰ ਅਸਥਿਰ ਕਰਨ ਲਈ ਇੱਕ ਟ੍ਰਿਲੀਅਨ ਡਾਲਰ (ਲਗਭਗ 87 ਲੱਖ ਕਰੋੜ ਰੁਪਏ) ਦਾ ਫੰਡ ਰੱਖਿਆ ਹੋਇਆ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਅਮਰੀਕਾ, ਕੈਨੇਡਾ, ਬਰਤਾਨੀਆ ਅਤੇ ਕਈ ਵਾਮਪੰਥੀ ਸੰਗਠਨਾਂ ਨਾਲ ਜੁੜੀਆਂ ਖਾਲਿਸਤਾਨੀ ਤਾਕਤਾਂ ਵੀ ਇਸ ਸਾਜ਼ਿਸ਼ ਵਿਚ ਸ਼ਾਮਲ ਹਨ, ਅਤੇ ਰਾਹੁਲ ਤੇ ਕਾਂਗਰਸ ਉਨ੍ਹਾਂ ਦੇ ਨਾਲ ਖੜ੍ਹੇ ਹਨ।

ਇਹ ਇੱਕ ਕੇਂਦਰੀ ਮੰਤਰੀ ਦਾ ਬਿਆਨ ਹੈ, ਜਿਸ ਦਾ ਮਤਲਬ ਹੈ ਕਿ ਸਰਕਾਰ ਕੋਲ ਅਜਿਹੀ ਕੋਈ ਖੁਫੀਆ ਸੂਚਨਾ ਹੋ ਸਕਦੀ ਹੈ। ਪਰ ਸਵਾਲ ਇਹ ਹੈ ਕਿ ਜੇ ਅਜਿਹੀ ਸੂਚਨਾ ਹੈ ਤਾਂ ਸਰਕਾਰ ਇਸ 'ਤੇ ਕਾਰਵਾਈ ਕਿਉਂ ਨਹੀਂ ਕਰ ਰਹੀ? ਅਮਰੀਕਾ ਜਾਂ ਸੰਯੁਕਤ ਰਾਸ਼ਟਰ ਸੰਘ ਵਰਗੇ ਅੰਤਰਰਾਸ਼ਟਰੀ ਮੰਚਾਂ 'ਤੇ ਇਹ ਮੁੱਦਾ ਕਿਉਂ ਨਹੀਂ ਉਠਾਇਆ ਜਾ ਰਿਹਾ? ਅਤੇ ਜੇ ਰਾਹੁਲ ਜਾਂ ਕਾਂਗਰਸ ਅਜਿਹੀ ਸਾਜ਼ਿਸ਼ ਵਿਚ ਸ਼ਾਮਲ ਹਨ, ਤਾਂ ਉਨ੍ਹਾਂ 'ਤੇ ਕੋਈ ਕਾਨੂੰਨੀ ਕਾਰਵਾਈ ਕਿਉਂ ਨਹੀਂ ਹੋ ਰਹੀ? ਅਜਿਹਾ ਲੱਗਦਾ ਹੈ ਕਿ ਇਹ ਸਾਰਾ ਨੈਰੇਟਿਵ ਸਿਰਫ਼ ਸਿਆਸੀ ਫਾਇਦੇ ਲਈ ਬਣਾਇਆ ਜਾ ਰਿਹਾ ਹੈ, ਜਿਸ ਨਾਲ ਰਾਹੁਲ ਅਤੇ ਕਾਂਗਰਸ ਨੂੰ ਜਨਤਕ ਵਿਚਾਰਧਾਰਾ ਵਿਚ ਦੇਸ਼ ਵਿਰੋਧੀ ਸਾਬਤ ਕੀਤਾ ਜਾ ਸਕੇ।

ਰਾਹੁਲ ਗਾਂਧੀ 'ਤੇ ਹਮਲੇ ਦੀ ਨਵੀਂ ਥੀਮ ਦਾ ਇੱਕ ਹੋਰ ਪਹਿਲੂ ਹੈ ਉਨ੍ਹਾਂ ਨੂੰ ਅਸੁਰੱਖਿਆ ਬੋਧ ਨਾਲ ਗ੍ਰਸਿਤ ਨੇਤਾ ਸਾਬਤ ਕਰਨਾ। ਇਸ ਨਾਲ ਕਾਂਗਰਸ ਅੰਦਰ ਵੰਡ ਪਾਉਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਐਨਡੀਏ ਨੇਤਾਵਾਂ ਨਾਲ ਮੀਟਿੰਗ ਵਿਚ ਕਿਹਾ ਕਿ ਰਾਹੁਲ ਗਾਂਧੀ ਅਸੁਰੱਖਿਆ ਬੋਧ ਨਾਲ ਗ੍ਰਸਿਤ ਹਨ, ਜਿਸ ਕਾਰਨ ਉਹ ਕਾਂਗਰਸ ਦੇ ਹੋਰ ਨੇਤਾਵਾਂ ਨੂੰ ਸੰਸਦ ਵਿਚ ਬੋਲਣ ਦਾ ਮੌਕਾ ਨਹੀਂ ਦਿੰਦੇ। ਇਸ ਦਾ ਨਤੀਜਾ ਇਹ ਹੈ ਕਿ ਸੰਸਦ ਦਾ ਕੰਮਕਾਜ ਠੱਪ ਹੋ ਜਾਂਦਾ ਹੈ।

ਭਾਜਪਾ ਦਾ ਦਾਅਵਾ ਹੈ ਕਿ ਮਨੀਸ਼ ਤਿਵਾਰੀ ਅਤੇ ਸ਼ਸ਼ੀ ਥਰੂਰ ਵਰਗੇ ਨੇਤਾਵਾਂ ਨੂੰ ਸੰਸਦ ਵਿਚ ਬੋਲਣ ਤੋਂ ਰੋਕਿਆ ਗਿਆ ਕਿਉਂਕਿ ਉਹ ਸਰਕਾਰ ਦੇ ਸਮਰਥਨ ਵਿਚ ਬੋਲ ਸਕਦੇ ਸਨ। ਦੂਜੇ ਪਾਸੇ, ਕਾਂਗਰਸ ਦਾ ਕਹਿਣਾ ਹੈ ਕਿ ਇਹ ਨੇਤਾ ਖੁਦ ਹੀ ਬੋਲਣ ਤੋਂ ਪਿੱਛੇ ਹਟੇ ਸਨ। ਵਿਰੋਧੀ ਧਿਰਾਂ ਵਲੋਂ ਇਸ ਸਾਰੇ ਮਾਮਲੇ ਵਿਚ ਪ੍ਰਧਾਨ ਮੰਤਰੀ ਦੇ ਬਿਆਨ ਨੂੰ ਕਾਂਗਰਸ ਅੰਦਰ ਵੰਡ ਪਾਉਣ ਦੀ ਰਣਨੀਤੀ ਵਜੋਂ ਵੇਖਿਆ ਜਾ ਰਿਹਾ ਹੈ। ਪਰ, ਸਿਆਸੀ ਮਾਹਿਰ ਮੰਨਦੇ ਹਨ ਕਿ ਰਾਹੁਲ ਦੀ ਪਾਰਟੀ 'ਤੇ ਪਕੜ ਪਹਿਲਾਂ ਨਾਲੋਂ ਮਜ਼ਬੂਤ ਹੋਈ ਹੈ। ਇਸ ਦੇ ਨਾਲ ਹੀ, ਅਸੁਰੱਖਿਆ ਬੋਧ ਦੀ ਗੱਲ ਸਿਰਫ਼ ਰਾਹੁਲ ਤੱਕ ਸੀਮਤ ਨਹੀਂ। ਭਾਰਤੀ ਸਿਆਸਤ ਵਿਚ ਇਹ ਇੱਕ ਆਮ ਗੱਲ ਹੈ। ਭਾਜਪਾ ਵਿਚ ਵੀ ਪਿਛਲੇ 10 ਸਾਲਾਂ ਦੌਰਾਨ ਅਜਿਹੇ ਨੇਤਾਵਾਂ ਨੂੰ ਅੱਗੇ ਵਧਾਇਆ ਗਿਆ ਹੈ, ਜੋ ਸਿਆਸੀ ਤੌਰ 'ਤੇ ਮਜ਼ਬੂਤ ਨਹੀਂ ਪਰ ਪਾਰਟੀ ਹਾਈਕਮਾਨ ਦੇ ਵਫ਼ਾਦਾਰ ਹਨ। ਇਹ ਵੀ ਅਸੁਰੱਖਿਆ ਬੋਧ ਦੀ ਨਿਸ਼ਾਨੀ ਹੈ।

## ਬਰੈਂਪਟਨ ਵਿਚ ਗੋਲੀਆਂ ਚਲਾ ਕੇ ਫਿਰੌਤੀ ਮੰਗਣ ਵਾਲੇ ਗੈਂਗਸਟਰ ਗ੍ਰਿਫ਼ਤਾਰ

ਵੈਨਕੂਵਰ-ਪੀਲ ਪੁਲੀਸ ਨੇ ਪਿਛਲੇ ਮਹੀਨੇ ਬਰੈਂਪਟਨ ਵਿੱਚ ਦੋ ਘਰਾਂ 'ਤੇ ਗੋਲੀਆਂ ਚਲਾ ਕੇ ਫਿਰੌਤੀ ਮੰਗਣ ਵਾਲੇ ਦੋਵੇਂ ਗੈਂਗਸਟਰ ਗ੍ਰਿਫਤਾਰ ਕਰ ਲਏ ਹਨ। ਮੁਲਜ਼ਮਾਂ ਦੀ ਪਛਾਣ ਮਿਸੀਸਾਗਾ ਰਹਿੰਦੇ ਹੁਸਨਦੀਪ ਸਿੰਘ (20) ਤੇ ਬੇਘਰੇ ਗੁਰਪ੍ਰੀਤ ਸਿੰਘ (23) ਵਜੋਂ ਕੀਤੀ ਗਈ ਹੈ। ਪੁਲੀਸ ਨੇ ਦੱਸਿਆ ਕਿ ਮੁਲਜ਼ਮਾਂ ਨੇ ਫਿਰੌਤੀ ਮੰਗੀ ਸੀ। ਉਨ੍ਹਾਂ ਮਨ ਵਿੱਚ ਖੌਫ ਪੈਦਾ ਕਰਨ ਲਈ ਘਰਾਂ ਦੇ ਬਾਹਰ ਗੋਲੀਆਂ ਚਲਾਈਆਂ ਤੇ ਕਾਲੇ ਰੰਗ ਦੀ ਕਾਰ ਵਿੱਚ ਫਰਾਰ ਹੋ ਗਏ ਸੀ। ਬਰੈਂਪਟਨ ਦੇ ਰੋਲਿੰਗ ਏਕੜ ਰੋਡ ਸਥਿਤ ਦੋਵਾਂ ਘਰਾਂ ਦੇ ਬਾਹਰ ਕੀਤੀ ਗੋਲੀਬਾਰੀ ਦੀ ਫੁਟੇਜ ਸੀਸੀਟੀਵੀ ਕੈਮਰਿਆਂ ਵਿੱਚ ਰਿਕਾਰਡ ਹੋ ਗਈ। ਪੁਲੀਸ ਨੇ ਮੁਲਜ਼ਮਾਂ ਦੀ ਪਛਾਣ ਲਈ ਇਹ ਵੀਡੀਓ ਜਨਤਕ ਕੀਤੀ ਸੀ। ਗੁਰਪ੍ਰੀਤ ਸਿੰਘ ਵਾਰਦਾਤ ਵਾਲੀ ਕਾਰ ਲੈ ਕੇ ਵਿੰਨੀਪੈੱਗ ਚਲਾ ਗਿਆ, ਜਿੱਥੋਂ ਉੱਥੋਂ ਦੀ ਪੁਲੀਸ ਨੇ ਉਸ ਨੂੰ ਗ੍ਰਿਫਤਾਰ ਕਰਕੇ ਪੀਲ ਪੁਲੀਸ ਦੇ ਹਵਾਲੇ ਕਰ ਦਿੱਤਾ ਹੈ। ਹੁਸਨਦੀਪ ਨੂੰ ਮਿਸੀਸਾਗਾ ਤੋਂ ਕਾਬੂ ਕੀਤਾ ਗਿਆ ਹੈ।

## ਸਿਖ ਵਿਦਵਾਨ ਦਿਲਜੀਤ ਸਿੰਘ ਬੇਦੀ ਚਲ ਵਸੇ



ਅੰਮ੍ਰਿਤਸਰ-ਸਿੱਖ ਪੰਥ ਅਤੇ ਵਿਦਵਾਨਾਂ ਵਿੱਚ ਆਪਣਾ ਨਾਮ ਕਮਾਉਣ ਵਾਲੇ ਦਲਜੀਤ ਸਿੰਘ ਬੇਦੀ ਨਹੀਂ ਰਹੇ। ਦਲਜੀਤ ਸਿੰਘ ਬੇਦੀ ਕੁਝ ਦਿਨਾਂ ਤੋਂ ਬਿਮਾਰ ਚੱਲ ਰਹੇ ਸਨ। ਦਲਜੀਤ ਸਿੰਘ ਬੇਦੀ ਅਨੇਕਾਂ ਹੀ ਸਿਖ ਧਰਮ ਬਾਰੇ ਕਿਤਾਬਾਂ ਅਤੇ ਲਿਖਤਾਂ ਪਾਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਤੌਰ ਸਕੱਤਰ ਸੇਵਾ ਮੁਕਤ ਹੋਣ ਤੋਂ ਬਾਅਦ ਦਲਜੀਤ ਸਿੰਘ ਬੇਦੀ ਸ਼੍ਰੋਮਣੀ ਅਕਾਲੀ ਦਲ ਬੁੱਢਾ ਦਲ ਦੇ ਸਕੱਤਰ ਵਜੋਂ ਬਾਬਾ ਬਲਬੀਰ ਸਿੰਘ ਮੁਖੀ ਬੁੱਢਾ ਦਲ ਦੀ ਅਗਵਾਈ ਵਿੱਚ ਲਗਾਤਾਰ ਪੰਥਕ ਸੇਵਾਵਾਂ ਨਿਭਾ ਰਹੇ ਸਨ। ਦਲਜੀਤ ਸਿੰਘ ਬੇਦੀ ਦੇ ਅਕਾਲ ਚਲਾਣੇ ਬਾਅਦ ਬਾਬਾ ਬਲਬੀਰ ਸਿੰਘ ਮੁਖੀ ਬੁੱਢਾ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।

# ਰਾਹੁਲ ਗਾਂਧੀ ਅਤੇ ਤੇਜਸਵੀ ਯਾਦਵ ਦੀ ਵੋਟਰ ਅਧਿਕਾਰ ਯਾਤਰਾ ਨੇ ਬਿਹਾਰ ਵਿੱਚ ਖੜ੍ਹਾ ਕੀਤਾ ਸਿਆਸੀ ਤੂਫ਼ਾਨ

## ✪ ਯਾਤਰਾ ਦਾ ਸਿਆਸੀ ਪ੍ਰਭਾਵ ਅਤੇ ਵੋਟਰ ਅਧਿਕਾਰਾਂ ਦੀ ਲੜਾਈ ✪ ਮਹਾਂਗਠਜੋੜ ਨੂੰ ਮਿਲੀ ਨਵੀਂ ਊਰਜਾ ✪ ਬੀਜੇਪੀ ਨੂੰ ਮਿਲੀ ਵਡੀ ਚੁਣੌਤੀ, ਵਿਰੋਧੀ ਧਿਰ ਗੱਠਜੋੜ ਵਿਚ ਸੀਟ ਵੰਡ ਵਿੱਚ ਸਹਿਮਤੀ

ਬਿਹਾਰ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 2025 ਨੂੰ ਲੈ ਕੇ ਸਿਆਸੀ ਮਾਹੌਲ ਗਰਮ ਹੈ। ਰਾਹੁਲ ਗਾਂਧੀ ਅਤੇ ਤੇਜਸਵੀ ਯਾਦਵ ਵੱਲੋਂ ਕੱਢੀ ਗਈ ਵੋਟਰ ਅਧਿਕਾਰ ਯਾਤਰਾ ਨੇ ਇਸ ਮਾਹੌਲ ਨੂੰ ਹੋਰ ਵੀ ਤੇਜ਼ ਕਰ ਦਿੱਤਾ ਹੈ। ਇਹ ਯਾਤਰਾ 17 ਅਗਸਤ ਤੋਂ ਸ਼ੁਰੂ ਹੋ ਕੇ 1 ਸਤੰਬਰ ਨੂੰ ਪਟਨਾ ਵਿੱਚ ਖਤਮ ਹੋਈ, ਜਿਸ ਵਿੱਚ ਰਾਹੁਲ ਗਾਂਧੀ ਨੇ ਤੇਜਸਵੀ ਯਾਦਵ ਨਾਲ ਮਿਲ ਕੇ ਵੋਟਰਾਂ ਦੇ ਅਧਿਕਾਰਾਂ ਬਾਰੇ ਜਾਗਰੂਕਤਾ ਫੈਲਾਈ। ਯਾਤਰਾ ਨੇ ਕਰੀਬ 1300 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ ਅਤੇ 110 ਤੋਂ ਵੱਧ ਵਿਧਾਨ ਸਭਾ ਹਲਕਿਆਂ ਵਿੱਚੋਂ ਲੰਘੀ। ਇਸ ਨੇ ਨਾ ਸਿਰਫ਼ ਵਿਰੋਧੀ ਧਿਰ ਨੂੰ ਇੱਕਜੁੱਟ ਕੀਤਾ ਬਲਕਿ ਬੀਜੇਪੀ ਨੂੰ ਵੀ ਚੁਣੌਤੀ ਦਿੱਤੀ ਹੈ।

ਯਾਤਰਾ ਦੌਰਾਨ ਰਾਹੁਲ ਗਾਂਧੀ ਨੇ ਚੋਣ ਕਮਿਸ਼ਨ ਅਤੇ ਬੀਜੇਪੀ ਤੇ ਇਲਜ਼ਾਮ ਲਾਏ ਕਿ ਉਹ ਵੋਟਰ ਸੂਚੀਆਂ ਵਿੱਚ ਧਾਂਦਲੀ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਮਹਾਰਾਸ਼ਟਰ ਵਿੱਚ ਚੋਣਾਂ ਵਿੱਚ ਵੋਟਾਂ ਦੀ ਚੋਰੀ ਹੋਈ ਅਤੇ ਬਿਹਾਰ ਵਿੱਚ ਵੀ ਅਜਿਹਾ ਹੀ ਹੋ ਰਿਹਾ ਹੈ। ਤੇਜਸਵੀ ਯਾਦਵ ਨੇ ਵੀ ਇਸ ਨੂੰ ਸਮਰਥਨ ਕੀਤਾ ਅਤੇ ਕਿਹਾ ਕਿ ਐੱਨਡੀਏ ਨੂੰ ਬਿਹਾਰ ਵਿੱਚੋਂ ਉਖਾੜ ਸੁੱਟਾਂਗੇ। ਯਾਤਰਾ ਵਿੱਚ ਅਖਿਲੇਸ਼ ਯਾਦਵ, ਐੱਮਕੇ ਸਟਾਲਿਨ ਅਤੇ ਹੋਰ ਨੇਤਾ ਵੀ ਸ਼ਾਮਲ ਹੋਏ, ਜਿਸ ਨਾਲ ਵਿਰੋਧੀ ਧਿਰ ਦੀ ਏਕਤਾ ਸਪੱਸ਼ਟ ਹੋ ਗਈ। ਇਸ ਯਾਤਰਾ ਨੇ ਕਾਂਗਰਸ ਨੂੰ ਬਿਹਾਰ ਵਿੱਚ ਨਵੀਂ ਜਾਨ ਫੂਕੀ ਹੈ, ਜਿੱਥੇ ਉਹ ਲੰਮੇ ਸਮੇਂ ਤੋਂ ਕਮਜ਼ੋਰ ਸੀ।

ਬਿਹਾਰ ਵਿੱਚ ਸਿਆਸੀ ਪ੍ਰਭਾਵ ਦੀ ਗੱਲ ਕਰੀਏ ਤਾਂ ਯਾਤਰਾ ਨੇ ਵੋਟਰਾਂ ਨੂੰ ਜਾਗਰੂਕ ਕੀਤਾ ਹੈ। ਰੈਲੀਆਂ ਵਿੱਚ ਵੱਡੀ ਭੀੜ ਇਕੱਠੀ ਹੋਈ ਅਤੇ ਲੋਕਾਂ ਨੇ 'ਵੋਟ ਚੋਰ, ਗੱਦੀ ਛੱਡੋ' ਵਰਗੇ ਨਾਅਰੇ ਲਾਏ। ਇਸ ਨੇ ਨਾ ਸਿਰਫ਼ ਵੋਟਿੰਗ ਅਧਿਕਾਰਾਂ ਬਾਰੇ ਚਰਚਾ ਛੇੜੀ ਬਲਕਿ



ਜਾਤੀਗਤ ਮੁੱਦੇ, ਰੁਜ਼ਗਾਰ ਅਤੇ ਵਿਕਾਸ ਨੂੰ ਵੀ ਉਭਾਰਿਆ। ਰਾਹੁਲ ਗਾਂਧੀ ਨੇ ਮੋਟਰਸਾਈਕਲ ਤੇ ਚੜ੍ਹ ਕੇ ਯਾਤਰਾ ਕੀਤੀ, ਜਿਸ ਨਾਲ ਲੋਕਾਂ ਵਿੱਚ ਉਤਸ਼ਾਹ ਵਧਿਆ। ਤੇਜਸਵੀ ਨੇ ਕਿਹਾ ਕਿ ਇਹ ਯਾਤਰਾ ਬੀਜੇਪੀ ਦੇ ਝੂਠ ਨੂੰ ਬੇਨਕਾਬ ਕਰੇਗੀ। ਇਸ ਨੇ ਮਹਾਂਗਠਜੋੜ ਨੂੰ ਨਵੀਂ ਊਰਜਾ ਦਿੱਤੀ ਹੈ ਅਤੇ ਚੋਣਾਂ ਵਿੱਚ ਉਨ੍ਹਾਂ ਦੀ ਪਕੜ ਮਜ਼ਬੂਤ ਕੀਤੀ ਹੈ।

ਮਹਾਂਗਠਜੋੜ ਵਿੱਚ ਰਾਸ਼ਟਰੀ ਜਨਤਾ ਦਲ (ਆਰਜੇਡੀ), ਕਾਂਗਰਸ, ਵਾਮ ਪੰਥੀ ਪਾਰਟੀਆਂ ਅਤੇ ਹੋਰ ਛੋਟੀਆਂ ਪਾਰਟੀਆਂ ਸ਼ਾਮਲ ਹਨ। ਯਾਤਰਾ ਨੇ ਉਨ੍ਹਾਂ ਵਿੱਚ ਏਕਤਾ ਵਧਾਈ ਹੈ ਪਰ ਚੁਣੌਤੀਆਂ ਵੀ ਹਨ। ਨੀਤੀਸ਼ ਕੁਮਾਰ ਦੀ ਜੇਡੀਯੂ ਅਤੇ ਬੀਜੇਪੀ ਨਾਲ ਐੱਨਡੀਏ ਮਜ਼ਬੂਤ ਹੈ। ਕੁਝ ਓਪੀਨੀਅਨ ਪੋਲਾਂ ਵਿੱਚ ਐੱਨਡੀਏ ਨੂੰ ਬੜ੍ਹਤ ਮਿਲ ਰਹੀ ਹੈ ਪਰ ਯਾਤਰਾ ਨੇ ਮਹਾਂਗਠਜੋੜ ਨੂੰ ਇਕੱਠਾ ਤਾਕਤਵਰ ਬਣਾ ਦਿੱਤਾ ਹੈ। ਤੇਜਸਵੀ ਯਾਦਵ ਨੂੰ ਮੁੱਖ ਮੰਤਰੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਅਤੇ ਰਾਹੁਲ ਗਾਂਧੀ ਦੀ ਮੌਜੂਦਗੀ ਨੇ ਕਾਂਗਰਸ ਨੂੰ ਉਤਸ਼ਾਹਿਤ ਕੀਤਾ ਹੈ। ਪਰ ਸੀਟ ਵੰਡ ਅਤੇ ਜਾਤੀਗਤ ਸਮੀਕਰਨ ਵੱਡੀ ਰੁਕਾਵਟ ਹਨ।

ਸੀਟ ਵੰਡ ਤੇ ਸਹਿਮਤੀ ਬਣ ਗਈ ਹੈ। ਜਾਣਕਾਰਾਂ ਮੁਤਾਬਕ ਆਰਜੇਡੀ ਨੇ 150 ਸੀਟਾਂ ਦੀ ਮੰਗ ਛੱਡ ਕੇ 125-130 ਸੀਟਾਂ ਤੇ ਰਜ਼ਾਮੰਦੀ ਕੀਤੀ ਹੈ। ਕਾਂਗਰਸ ਨੂੰ 50-55 ਸੀਟਾਂ ਮਿਲ ਸਕਦੀਆਂ ਹਨ। ਵਾਮ ਪੰਥੀ ਪਾਰਟੀਆਂ ਨੂੰ ਪਿਛਲੀ ਵਾਰ ਨਾਲੋਂ ਵੱਧ ਸੀਟਾਂ ਮਿਲਣ ਦੀ ਉਮੀਦ ਹੈ, ਖਾਸ ਕਰ ਸੀਪੀਆਈ-ਐੱਮਐੱਲ ਨੂੰ ਜਿਸ ਨੇ ਚੰਗਾ ਪ੍ਰਦਰਸ਼ਨ ਕੀਤਾ ਸੀ। ਵਿਕਾਸ਼ਸ਼ੀਲ ਇਨਸਾਨ ਪਾਰਟੀ ਨੂੰ 25-28 ਸੀਟਾਂ ਅਤੇ ਹੋਰ ਛੋਟੀਆਂ ਪਾਰਟੀਆਂ ਨੂੰ 3-4 ਸੀਟਾਂ ਮਿਲ ਸਕਦੀਆਂ ਹਨ। ਇਸ ਨਾਲ ਮਹਾਂਗਠਜੋੜ ਵਿੱਚ ਏਕਤਾ ਵਧੀ ਹੈ ਅਤੇ ਚੋਣਾਂ ਲਈ ਤਿਆਰੀ ਤੇਜ਼ ਹੋ ਗਈ ਹੈ।

ਸਿਆਸੀ ਮਾਹਿਰਾਂ ਦੀ ਇਹਨਾਂ ਚੋਣਾਂ ਬਾਰੇ ਰਾਏ ਵੱਖਰੀ ਹੈ। ਕਨਹੈਈਆ ਕੁਮਾਰ ਨੇ ਕਿਹਾ ਕਿ ਮਹਾਂਗਠਜੋੜ ਏਕਤਾ ਨਾਲ ਬੀਜੇਪੀ ਨੂੰ ਹਰਾ ਸਕਦਾ ਹੈ ਪਰ ਵੋਟਰ ਸੂਚੀਆਂ ਵਿੱਚ ਧਾਂਦਲੀ ਰੋਕਣੀ ਪਵੇਗੀ। ਦੀਪਾਂਕਰ ਭੱਟਾਚਾਰੀਆ ਨੇ ਕਿਹਾ ਕਿ ਬਿਹਾਰ ਵਿੱਚ ਹਿੰਦੂਤਵ ਨਾਲੋਂ ਜਾਤੀ ਅਤੇ ਵਿਕਾਸ ਵੱਡੇ ਮੁੱਦੇ ਹਨ। ਅਸ਼ੀਸ਼ ਰੰਜਨ ਨੇ ਕਿਹਾ ਕਿ ਨੀਤੀਸ਼ ਦੀ ਮਹਿਲਾ ਵੋਟ ਬੈਂਕ ਮਜ਼ਬੂਤ ਹੈ ਪਰ ਤੇਜਸਵੀ ਦੇ ਵਾਅਦੇ ਆਕਰਸ਼ਕ ਹਨ।

ਅਖਬਾਰਾਂ ਵਿੱਚ ਵੀ ਵੱਖ ਵੱਖ ਟਿੱਪਣੀਆਂ ਹਨ। ਦਿ ਹਿੰਦੂ ਨੇ ਲਿਖਿਆ ਕਿ ਯਾਤਰਾ ਨੇ ਵਿਰੋਧੀ ਧਿਰ ਨੂੰ ਜੰਗੀ ਮੋਰਚਾ ਬਣਾ ਦਿੱਤਾ ਹੈ ਅਤੇ ਬੀਜੇਪੀ ਲਈ ਚੁਣੌਤੀ ਹੈ। ਇੰਡੀਅਨ ਐਕਸਪ੍ਰੈੱਸ ਨੇ ਕਿਹਾ ਕਿ ਇਹ ਕਾਂਗਰਸ ਲਈ ਬਿਹਾਰ ਵਿੱਚ ਵਾਪਸੀ ਦਾ ਮੌਕਾ ਹੈ। ਦਿ ਵਾਇਰ ਨੇ ਲਿਖਿਆ ਕਿ ਯਾਤਰਾ ਨੇ ਵੋਟਿੰਗ ਤੋਂ ਬਾਹਰ ਵੀ ਮੁੱਦੇ ਉਭਾਰੇ ਹਨ ਜਿਵੇਂ ਐੱਸਸੀ-ਐੱਸਟੀ ਅਤੇ ਓਬੀਸੀ ਦੇ ਅਧਿਕਾਰ। ਟਾਈਮਜ਼ ਆਫ਼ ਇੰਡੀਆ ਨੇ ਕਿਹਾ ਕਿ ਅਖਿਲੇਸ਼ ਯਾਦਵ ਦੇ ਸ਼ਾਮਲ ਹੋਣ ਨਾਲ ਯਾਤਰਾ ਨੂੰ ਰਾਸ਼ਟਰੀ ਪੱਧਰ ਮਿਲਿਆ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਯਾਤਰਾ ਨੇ ਬਿਹਾਰ ਨੂੰ ਰਾਸ਼ਟਰੀ ਚਰਚਾ ਵਿੱਚ ਲਿਆਂਦਾ ਹੈ ਅਤੇ ਚੋਣਾਂ ਨੂੰ ਦਿਲਚਸਪ ਬਣਾ ਦਿੱਤਾ ਹੈ।

ਕੁੱਲ ਮਿਲਾ ਕੇ ਯਾਤਰਾ ਨੇ ਮਹਾਂਗਠਜੋੜ ਨੂੰ ਤਾਕਤ ਦਿੱਤੀ ਹੈ ਪਰ ਜਿੱਤ ਲਈ ਵੱਡੀ ਲੜਾਈ ਬਾਕੀ ਹੈ। ਨੀਤੀਸ਼ ਕੁਮਾਰ ਅਤੇ ਬੀਜੇਪੀ ਨੂੰ ਹਰਾਉਣ ਲਈ ਵਿਰੋਧੀ ਗਠਜੋੜ ਲਈ ਏਕਤਾ ਅਤੇ ਰਣਨੀਤੀ ਜ਼ਰੂਰੀ ਹੈ। ਸਿਆਸੀ ਮਾਹਿਰ ਮੰਨਦੇ ਹਨ ਕਿ ਜੇਕਰ ਵੋਟਰ ਜਾਗਰੂਕ ਰਹੇ ਤਾਂ ਮਹਾਂਗਠਜੋੜ ਜਿੱਤ ਸਕਦਾ ਹੈ। ਬਿਹਾਰ ਦੀਆਂ ਚੋਣਾਂ ਰਾਸ਼ਟਰੀ ਪੱਧਰ ਤੇ ਵੀ ਅਸਰ ਪਾਉਣਗੀਆਂ। ਇਹ ਯਾਤਰਾ ਨੇ ਵੋਟਰ ਅਧਿਕਾਰਾਂ ਨੂੰ ਨਵੀਂ ਪਹਿਚਾਣ ਦਿੱਤੀ ਹੈ ਅਤੇ ਲੋਕਤੰਤਰ ਨੂੰ ਮਜ਼ਬੂਤ ਕੀਤਾ ਹੈ।

# ਹੋਟਲ ਦੇ ਕਮਰੇ ਅੰਦਰ ਲੜਕੀ ਦੀ ਮਿਲੀ ਲਾਸ਼

## ✪ ਆਪਣੇ ਪ੍ਰੇਮੀ ਨਾਲ ਠਹਿਰੀ ਸੀ ਜਲੰਧਰ ਹੋਟਲ ਵਿਚ

ਜਲੰਧਰ-ਜਲੰਧਰ ਦੇ ਨਹਿਰੂ ਗਾਰਡਨ ਸਕੂਲ ਦੇ ਸਾਹਮਣੇ ਵਾਲੀ ਗਲੀ ਵਿਚ ਸਥਿਤ ਰਵੀ ਰੈਜ਼ੀਡੈਂਸੀ ਹੋਟਲ ਵਿਚ 23 ਸਾਲਾ ਲੜਕੀ ਦੀ ਸ਼ੱਕੀ ਹਾਲਾਤ 'ਚ ਮੌਤ ਹੋਣ ਦੀ ਸੂਚਨਾ ਮਿਲੀ ਹੈ। ਮ੍ਰਿਤਕ ਲੜਕੀ ਦੀ ਪਛਾਣ ਅਨਮੋਲ ਗਿੱਲ ਵਾਸੀ ਅੰਮ੍ਰਿਤਸਰ ਵਜੋਂ ਹੋਈ ਹੈ। ਹੋਟਲ ਸਟਾਫ ਦੇ ਅਨੁਸਾਰ, ਲੜਕੀ ਨੇ ਇੱਕ ਮੁੰਡੇ ਨਾਲ ਕਮਰਾ ਕਿਰਾਏ 'ਤੇ ਲਿਆ ਸੀ, ਜਿਸਨੂੰ ਉਹ ਆਪਣਾ ਚਚੇਰਾ ਭਰਾ ਦੱਸ ਰਹੀ ਸੀ। ਅਜੇ ਤੱਕ ਇਸ ਗੱਲ ਦੀ ਪੁਸ਼ਟੀ ਨਹੀਂ ਹੋਈ ਹੈ ਕਿ ਲੜਕੀ ਦੀ ਮੌਤ ਕਿਵੇਂ ਹੋਈ। ਥਾਣਾ ਨੰਬਰ 4 ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਨੰਬਰ 4 ਦੇ ਇੰਚਾਰਜ ਨੇ ਕਿਹਾ ਕਿ ਮ੍ਰਿਤਕ ਲੜਕੀ ਦੀ ਮੌਤ ਕਿਸ ਤਰ੍ਹਾਂ ਹੋਈ, ਇਹ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਪਤਾ ਲੱਗੇਗਾ।

# ਗੁਰੂ ਗ੍ਰਾਮ ਵਿਚ ਫਾਈਨੈਂਸਰ ਨੂੰ ਹਨੀਟਰੈਪ ਵਿਚ ਫਸਾਉਣ ਵਾਲੀਆਂ ਦੋ ਔਰਤਾਂ ਗ੍ਰਿਫ਼ਤਾਰ

## ✪ ਮਿਸਡ ਕਾਲ ਕਰਕੇ ਦੋਸਤੀ ਕੀਤੀ, ਸਰੀਰਕ ਸਬੰਧ ਬਣਾਏ ਤੇ ਬਲਾਤਕਾਰ ਦੇ ਦੋਸ਼ ਲਗਾਕੇ 10 ਲੱਖ ਮੰਗੇ

ਗੁਰੂ ਗ੍ਰਾਮ-ਹਰਿਆਣਾ ਦੇ ਗੁਰੂਗ੍ਰਾਮ ਵਿਚ ਦੋ ਔਰਤਾਂ ਨੇ ਇੱਕ ਫਾਈਨੈਂਸਰ ਨੂੰ ਹਨੀਟਰੈਪ ਵਿੱਚ ਫਸਾ ਲਿਆ। ਉਨ੍ਹਾਂ ਪਹਿਲਾਂ ਮਿਸਡ ਕਾਲ ਕਰਕੇ ਉਸ ਨਾਲ ਦੋਸਤੀ ਕੀਤੀ ਅਤੇ ਫਿਰ ਉਹ ਗੱਲਾਂ ਕਰਨ ਲੱਗੀਆਂ। ਇਸ ਤੋਂ ਬਾਅਦ ਇੱਕ ਔਰਤ ਉਸ ਦੇ ਘਰ ਜਾ ਕੇ ਉਸ ਨਾਲ ਸਰੀਰਕ ਸਬੰਧ ਬਣਾਏ।

ਇਸ ਤੋਂ ਬਾਅਦ ਉਨ੍ਹਾਂ ਨੇ ਬਜ਼ੁਰਗ ਨੂੰ ਬਲਾਤਕਾਰ ਦੇ ਮਾਮਲੇ ਵਿੱਚ ਫਸਾਉਣ ਦੀ ਧਮਕੀ ਦਿੱਤੀ ਅਤੇ 10 ਲੱਖ ਰੁਪਏ ਦੀ ਮੰਗ ਕੀਤੀ। ਜਦਕਿ ਬਜ਼ੁਰਗ ਨੇ ਆਪਣੀ ਧੀ ਨੂੰ ਸਭ ਕੁਝ ਦੱਸ ਦਿੱਤਾ ਅਤੇ ਪਾਲਮ ਵਿਹਾਰ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ। ਇਸ ਤੋਂ ਬਾਅਦ ਹਰਿਆਣਾ ਮਹਿਲਾ ਕਮਿਸ਼ਨ ਅਤੇ ਏਕਮ ਨਿਆਏ ਫਾਊਂਡੇਸ਼ਨ ਦੀ ਮਦਦ ਨਾਲ ਪੁਲਿਸ ਨੇ ਆਰੋਪੀ ਔਰਤਾਂ ਅਤੇ ਉਨ੍ਹਾਂ ਦੇ ਸਹਿਯੋਗੀ ਵਕੀਲ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ। ਆਰੋਪੀਆਂ ਦੀ ਪਛਾਣ ਕੰਚਨ 24 ਸਾਲ ਉਰਫ਼ ਕ੍ਰਿਤਿਕ, ਸੈਕਟਰ-27 ਰੋਹਤਕ, ਆਸ਼ਾ 47 ਸਾਲ ਉਰਫ਼ ਰੇਣੂ, ਰਤਨਾ ਵਿਹਾਰ ਦਿੱਲੀ ਅਤੇ ਕੁਲਦੀਪ ਮਲਿਕ 40 ਸਾਲ ਵਾਸੀ ਭਿਵਾਨੀ ਵਜੋਂ ਹੋਈ ਹੈ। ਪਾਲਮ ਵਿਹਾਰ ਪੁਲਿਸ ਸਟੇਸ਼ਨ ਨੂੰ ਦਿੱਤੀ ਸ਼ਿਕਾਇਤ 'ਚ ਪੀੜਤ ਦੀ ਧੀ ਨੇ ਦੱਸਿਆ ਕਿ ਉਸਦਾ ਪਿਤਾ ਇਕੱਲਾ ਰਹਿੰਦਾ ਹੈ। ਉਸਨੂੰ ਫਸਾਉਣ ਲਈ ਦੋਵੇਂ ਆਰੋਪੀ ਔਰਤਾਂ ਨੇ ਪਹਿਲਾਂ 24 ਮਈ ਨੂੰ ਫੋਨ 'ਤੇ ਮਿਸਡ ਕਾਲ ਕੀਤੀ।

ਜਦੋਂ ਮੇਰੇ ਪਿਤਾ ਨੇ ਮਿਸਡ ਕਾਲ ਦੇਖ ਕੇ ਵਾਪਸ ਫ਼ੋਨ ਕੀਤਾ ਤਾਂ ਉਨ੍ਹਾਂ ਨੇ ਔਰਤ ਨਾਲ ਗੱਲ ਕੀਤੀ। ਪਹਿਲਾਂ ਉਸਨੇ ਉਸਨੂੰ ਦੱਸਿਆ ਕਿ ਇਹ ਇੱਕ ਗਲਤ ਨੰਬਰ ਹੈ ਪਰ ਬਾਅਦ ਵਿੱਚ ਉਸਨੇ ਗੱਲ ਕਰਨੀ ਸ਼ੁਰੂ ਕਰ ਦਿੱਤੀ। ਸ਼ਿਕਾਇਤਕਰਤਾ ਨੇ ਕਿਹਾ ਔਰਤ ਨੇ ਮੇਰੇ ਪਿਤਾ ਨਾਲ ਮਿੱਠੀਆਂ-ਮਿੱਠੀਆਂ ਗੱਲ ਕਰਕੇ ਉਸਨੂੰ ਫਸਾਇਆ। ਦੋਵਾਂ ਨੇ ਬਹੁਤ ਦੇਰ ਤੱਕ ਗੱਲਾਂ ਕੀਤੀਆਂ। ਇੰਨਾ ਹੀ ਨਹੀਂ ਕਾਲ ਕੱਟਣ ਤੋਂ ਬਾਅਦ ਔਰਤ ਨੇ ਇੱਕ ਸੁਨੇਹੇ ਰਾਹੀਂ ਮੇਰੇ ਪਿਤਾ ਦੀ ਪ੍ਰਸ਼ੰਸਾ ਕੀਤੀ। ਉਸਨੇ ਉਸਨੂੰ ਕਿਹਾ ਕਿ ਤੁਹਾਡੇ ਨਾਲ ਗੱਲ ਕਰਕੇ ਚੰਗਾ ਲੱਗਿਆ ਅਤੇ ਤੁਸੀਂ ਬਹੁਤ ਚੰਗੇ ਇਨਸਾਨ ਹੋ। ਇਸ ਕਾਰਨ ਮੇਰਾ ਪਿਤਾ ਉਸਦੇ ਜਾਲ ਵਿੱਚ ਫਸ ਗਏ।

# ਅਨੰਦਪੁਰ ਸਾਹਿਬ 1991 ਝੂਠਾ ਪੁਲਿਸ ਮੁਕਾਬਲਾ: ਅਦਾਲਤ ਵਲੋਂ ਸੀਬੀਆਈ ਦੀ ਕਲੋਜ਼ਰ ਰਿਪੋਰਟ ਖ਼ਾਰਜ

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

## ✪ ਜਗਦੀਸ਼ ਸਿੰਘ ਪਰਿਵਾਰ ਦੀ ਹੱਤਿਆ: ਫ਼ਰਜ਼ੀ ਮੁਕਾਬਲੇ ਦਾ ਸੱਚ ਆਇਆ ਸਾਹਮਣੇ
## ✪ ਸੀਬੀਆਈ ਦੀ ਜਾਂਚ ਵਿਚ ਨੁਕਸ: ਕੇਂਦਰ ਸਰਕਾਰ ਦੀ ਭੂਮਿਕਾ 'ਤੇ ਸਵਾਲ ਖੜੇ ਹੋਏ

ਰੋਪੜ ਜ਼ਿਲ੍ਹੇ ਦੇ ਅਨੰਦਪੁਰ ਸਾਹਿਬ ਖੇਤਰ ਵਿੱਚ 21 ਮਈ 1991 ਨੂੰ ਵਾਪਰੀ ਇੱਕ ਭਿਆਨਕ ਘਟਨਾ ਨੇ ਸਿੱਖ ਭਾਈਚਾਰੇ ਨੂੰ ਹੈਰਾਨ ਕਰ ਦਿੱਤਾ ਸੀ। ਇਹ ਘਟਨਾ ਜਗਦੀਸ਼ ਸਿੰਘ ਨਾਂ ਦੇ ਇੱਕ ਸਾਧਾਰਨ ਵਿਅਕਤੀ ਅਤੇ ਉਸ ਦੇ ਪੂਰੇ ਪਰਿਵਾਰ ਨਾਲ ਜੁੜੀ ਹੋਈ ਹੈ। ਜਗਦੀਸ਼ ਸਿੰਘ ਉਸ ਵੇਲੇ ਪੀਡਬਲਯੂਡੀ ਵਿੱਚ ਨੌਕਰੀ ਕਰਦੇ ਸਨ ਅਤੇ ਅਨੰਦਪੁਰ ਸਾਹਿਬ ਦੇ ਅਗਮਪੁਰ ਪਿੰਡ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੇ ਸਨ। ਉਨ੍ਹਾਂ ਦੇ ਭਰਾ ਪਰਮਜੀਤ ਸਿੰਘ ਪੰਮਾ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਰਾਤ ਨੂੰ ਪੁਲਿਸ ਨੇ ਉਨ੍ਹਾਂ ਦੇ ਫ਼ਾਰਮ-ਹਾਊਸ 'ਤੇ ਛਾਪਾ ਮਾਰਿਆ ਅਤੇ ਜਗਦੀਸ਼ ਸਿੰਘ, ਉਨ੍ਹਾਂ ਦੀ ਪਤਨੀ ਬਲਜਿੰਦਰ ਕੌਰ, ਮਾਂ ਸੁਰਜੀਤ ਕੌਰ, ਤਿੰਨ ਸਾਲਾਂ ਦੀ ਬੇਟੀ ਅਤੇ ਦੋ ਮਹੀਨਿਆਂ ਦੇ ਬੇਟੇ ਨੂੰ ਫੜ ਲਿਆ। ਪੁਲਿਸ ਨੇ ਇਸ ਨੂੰ 'ਮੁਕਾਬਲੇ' ਵਜੋਂ ਪੇਸ਼ ਕੀਤਾ, ਪਰ ਹਕੀਕਤ ਵਿੱਚ ਇਹ ਇੱਕ ਫ਼ਰਜ਼ੀ ਮੁਕਾਬਲਾ ਸੀ ਜਿਸ ਵਿੱਚ ਪੂਰੇ ਪਰਿਵਾਰ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ।

ਤੱਤਕਾਲੀ ਐੱਸਡੀਐੱਮ ਪ੍ਰਿਥੀ ਚੰਦ ਨੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਜਗਦੀਸ਼ ਨੂੰ ਪਹਿਲਾਂ ਤਸੀਹੇ ਦਿੱਤੇ ਗਏ ਅਤੇ ਫਿਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੋਸਟਮਾਰਟਮ ਰਿਪੋਰਟ ਵਿੱਚ ਉਨ੍ਹਾਂ ਦੇ ਸਰੀਰ 'ਤੇ ਗੰਭੀਰ ਸੱਟਾਂ ਦੇ ਨਿਸ਼ਾਨ ਮਿਲੇ। ਗਵਾਹਾਂ ਨੇ ਪੁਸ਼ਟੀ ਕੀਤੀ ਕਿ ਪਰਿਵਾਰ ਦੇ ਚਾਰ ਮੈਂਬਰ ਘਟਨਾ ਵਾਲੀ ਥਾਂ 'ਤੇ ਜ਼ਿੰਦੇ ਦੇਖੇ ਗਏ ਸਨ, ਪਰ ਪੁਲਿਸ ਦੀ ਐੱਫਆਈਆਰ ਵਿੱਚ ਉਨ੍ਹਾਂ ਦਾ ਕੋਈ ਜ਼ਿਕਰ ਨਹੀਂ। ਅੱਜ ਤੱਕ ਉਨ੍ਹਾਂ ਦਾ ਕੋਈ ਸੁਰਾਗ ਨਹੀਂ ਮਿਲਿਆ, ਜੋ ਇਸ ਘਟਨਾ ਨੂੰ ਹੋਰ ਰਹੱਸਮਈ ਬਣਾਉਂਦਾ ਹੈ।

ਇਹ ਮਾਮਲਾ ਸੀਬੀਆਈ ਨੂੰ ਸੌਂਪਿਆ ਗਿਆ, ਜਿਸ ਨੇ ਚਾਰ ਵਾਰੀ ਕਲੋਜ਼ਰ ਰਿਪੋਰਟ ਦਾਇਰ ਕੀਤੀ। ਪਰ ਹੁਣ ਮੋਹਾਲੀ ਅਦਾਲਤ ਨੇ ਇਸ ਨੂੰ ਖ਼ਾਰਜ ਕਰ ਦਿੱਤਾ ਹੈ ਅਤੇ ਵਿਸ਼ੇਸ਼ ਜੁਡੀਸ਼ੀਅਲ ਮੈਜਿਸਟ੍ਰੇਟ, ਸੀਬੀਆਈ ਨੂੰ ਤਿੰਨ ਹਫ਼ਤਿਆਂ ਵਿੱਚ ਨਵਾਂ ਆਦੇਸ਼ ਪਾਸ ਕਰਨ ਅਤੇ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਕਿਹਾ ਕਿ ਇਹ ਸਿਰਫ਼ ਇੱਕ ਹੱਤਿਆ ਦਾ ਮਾਮਲਾ ਨਹੀਂ, ਬਲਕਿ ਚਾਰ ਬੇਕਸੂਰ ਲੋਕਾਂ ਦੀ ਗੁੰਮਸ਼ੁਦਗੀ ਅਤੇ ਸੰਭਾਵਿਤ ਹੱਤਿਆ ਦਾ ਵੀ ਹੈ।

ਅਦਾਲਤ ਨੇ ਸੀਬੀਆਈ ਦੀ ਚੌਥੀ ਅਤੇ ਆਖਰੀ ਕਲੋਜ਼ਰ ਰਿਪੋਰਟ ਨੂੰ ਖ਼ਾਰਜ ਕਰਨ ਵਿੱਚ ਕਈ ਮਹੱਤਵਪੂਰਨ ਕਾਰਨਾਂ ਦਾ ਜ਼ਿਕਰ ਕੀਤਾ ਹੈ। ਪਹਿਲਾਂ ਤਾਂ ਜੱਜ ਨੇ ਪਾਇਆ ਕਿ ਸੀਬੀਆਈ ਨੇ ਜਾਂਚ ਨੂੰ ਗੰਭੀਰਤਾ ਨਾਲ ਨਹੀਂ ਨਿਭਾਇਆ। ਰਿਪੋਰਟ ਵਿੱਚ ਪਰਿਵਾਰ ਦੇ ਲਾਪਤਾ ਮੈਂਬਰਾਂ - ਬਲਜਿੰਦਰ ਕੌਰ, ਸੁਰਜੀਤ ਕੌਰ ਅਤੇ ਦੋਵੇਂ ਬੱਚਿਆਂ - ਦੀ ਭਾਲ ਲਈ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਗਵਾਹਾਂ ਦੇ ਬਿਆਨਾਂ ਨੂੰ ਅਣਗੌਲਿਆ ਕੀਤਾ ਗਿਆ ਅਤੇ




ਪੁਲਿਸ ਅਧਿਕਾਰੀਆਂ ਦੀ ਭੂਮਿਕਾ ਨੂੰ ਛੁਪਾਇਆ ਗਿਆ। ਅਦਾਲਤ ਨੇ ਕਿਹਾ ਕਿ ਜਦੋਂ ਇਹ ਲੋਕ ਆਖਰੀ ਵਾਰ ਪੁਲਿਸ ਹਿਰਾਸਤ ਵਿੱਚ ਦੇਖੇ ਗਏ, ਤਾਂ ਉਨ੍ਹਾਂ ਦੇ ਗਾਇਬ ਹੋਣ ਦੀ ਜ਼ਿੰਮੇਵਾਰੀ ਪੁਲਿਸ 'ਤੇ ਹੀ ਆਉਂਦੀ ਹੈ। ਰਿਪੋਰਟ ਵਿੱਚ ਫ਼ਰਜ਼ੀ ਮੁਕਾਬਲੇ ਦੇ ਸਬੂਤਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਅਤੇ ਪੋਸਟਮਾਰਟਮ ਰਿਪੋਰਟਾਂ ਨੂੰ ਵੀ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ।

ਸੀਬੀਆਈ ਰਿਪੋਰਟ ਵਿੱਚ ਮੁੱਖ ਨੁਕਸ ਇਹ ਹਨ ਕਿ ਇਹ ਇਕਤਰਫ਼ਾ ਜਾਂਚ ਸੀ। ਏਜੰਸੀ ਨੇ ਪੀੜਤ ਪੱਖ ਨੂੰ ਸਹਿਯੋਗ ਨਹੀਂ ਦਿੱਤਾ ਅਤੇ ਗਵਾਹਾਂ ਨੂੰ ਧਮਕੀਆਂ ਦੇਣ ਵਾਲੇ ਪੁਲਿਸ ਅਧਿਕਾਰੀਆਂ ਨੂੰ ਬਚਾਇਆ। ਅਦਾਲਤ ਨੇ ਨੋਟ ਕੀਤਾ ਕਿ ਪਹਿਲਾਂ ਵੀ ਤਿੰਨ ਕਲੋਜ਼ਰ ਰਿਪੋਰਟਾਂ ਖ਼ਾਰਜ ਹੋ ਚੁੱਕੀਆਂ ਹਨ, ਜੋ ਸੀਬੀਆਈ ਦੀ ਪੁਲਿਸ ਪਖੀ ਅਨਿਆਂਕਾਰੀ ਰਿਪੋਟ ਨੂੰ ਦਰਸਾਉਂਦੀਆਂ ਹਨ। ਜੱਜ ਨੇ ਕਿਹਾ ਸੀ ਕਿ ਜਾਂਚ ਅਧਿਕਾਰੀ ਦੀ ਰਾਏ ਅਦਾਲਤ ਨੂੰ ਇਨਸਾਫ ਤੋਂ ਨਹੀਂ ਰੋਕ ਸਕਦੀ ਅਤੇ ਅਦਾਲਤ ਇਸ ਮਸਲੇ ਨੂੰ ਸੁਤੰਤਰ ਤਰੀਕੇ ਨਾਲ ਵੇਖੇਗੀ। ਇਸ ਰਿਪੋਰਟ ਵਿੱਚ ਲਾਪਤਾ ਲੋਕਾਂ ਨੂੰ ਭੁੱਲਣਾ ਅਤੇ ਫ਼ਰਜ਼ੀ ਮੁਕਾਬਲੇ ਨੂੰ ਛੁਪਾਉਣ ਦੀ ਕੋਸ਼ਿਸ਼ ਨੇ ਅਦਾਲਤ ਨੂੰ ਇਹ ਫ਼ੈਸਲਾ ਲੈਣ ਲਈ ਮਜਬੂਰ ਕੀਤਾ। ਇਹ ਨੁਕਸ ਪੰਜਾਬ ਵਿੱਚ ਹੋਰ ਫ਼ਰਜ਼ੀ ਮੁਕਾਬਲੇ ਮਾਮਲਿਆਂ ਵਿੱਚ ਵੀ ਵੇਖੇ ਜਾਂਦੇ ਹਨ, ਜਿੱਥੇ ਸੀਬੀਆਈ ਨੂੰ ਅਕਸਰ ਪੁਲਿਸ ਨਾਲ ਜੁੜੇ ਹੋਣ ਕਾਰਨ ਨਿਰਪੱਖ ਨਹੀਂ ਮੰਨਿਆ ਜਾਂਦਾ। ਇਹ ਫ਼ੈਸਲਾ ਨਾ ਸਿਰਫ਼ ਇਸ ਮਾਮਲੇ ਨੂੰ ਮੁੜ ਖੋਲ੍ਹਦਾ ਹੈ, ਸਗੋਂ ਪੂਰੇ ਸਿਸਟਮ ਵਿੱਚ ਬਦਲਾਅ ਦੀ ਮੰਗ ਵੀ ਕਰਦਾ ਹੈ।

ਇਹ ਫ਼ੈਸਲਾ ਪੰਜਾਬ ਵਿੱਚ 1980-90 ਦੇ ਦਹਾਕੇ ਵਿੱਚ ਵਾਪਰੀਆਂ ਹੋਰ ਫ਼ਰਜ਼ੀ ਮੁਕਾਬਲਿਆਂ ਨੂੰ ਯਾਦ ਦਿਵਾਉਂਦਾ ਹੈ, ਜਿੱਥੇ ਹਜ਼ਾਰਾਂ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਅਦਾਲਤ ਨੇ ਸੁਪਰੀਮ ਕੋਰਟ ਦੇ ਫ਼ੈਸਲਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਸਿੱਧੇ ਸਬੂਤ ਨਾ ਮਿਲਣ 'ਤੇ ਵੀ ਅਦਾਲਤ ਨੂੰ ਵਿਸ਼ੇਸ਼ ਦ੍ਰਿਸ਼ਟੀਕੋਣ ਅਪਣਾਉਣਾ ਚਾਹੀਦਾ ਹੈ ਅਤੇ ਜਾਂਚ ਅਧਿਕਾਰੀ ਦੀ ਰਾਏ ਨੂੰ ਨਹੀਂ ਮੰਨਣਾ ਚਾਹੀਦਾ। ਇਹ ਆਦੇਸ਼ ਪੀੜਤ ਪਰਿਵਾਰਾਂ ਲਈ ਇੱਕ ਆਸ ਦੀ ਕਿਰਨ ਹੈ, ਪਰ ਇਹ ਵੀ ਸਪੱਸ਼ਟ ਕਰਦਾ ਹੈ ਕਿ ਨਿਆਂ ਵਿੱਚ ਕਿੰਨੀ ਦੇਰੀ ਹੋ ਰਹੀ ਹੈ।

ਇਥੇ ਜ਼ਿਕਰਯੋਗ ਹੈ ਕਿ ਪੰਜਾਬ ਵਿੱਚ 1984 ਤੋਂ ਬਾਅਦ ਵਾਪਰੇ ਫ਼ਰਜ਼ੀ ਮੁਕਾਬਲਿਆਂ ਵਿੱਚ ਹਜ਼ਾਰਾਂ ਨੌਜਵਾਨ ਬੇਦਰਦੀ ਨਾਲ ਮਾਰੇ ਗਏ, ਅਤੇ ਇਨ੍ਹਾਂ ਮਾਮਲਿਆਂ ਵਿੱਚ ਸੀਬੀਆਈ ਨੂੰ ਅਕਸਰ ਨਿਰਪੱਖ ਜਾਂਚ ਦਾ ਅਦਾਲਤੀ ਆਦੇਸ਼ ਦਿਤਾ ਗਿਆ। ਪਰ ਏਜੰਸੀ ਨੇ ਕਈ ਵਾਰ ਅਣਗਹਿਲੀ ਵਿਖਾਈ ਹੈ। ਕਾਰਨਾਂ ਵਿੱਚ ਪਹਿਲਾਂ ਤਾਂ ਪੁਲਿਸ ਅਤੇ ਸੀਬੀਆਈ ਵਿਚਕਾਰ ਨੇੜਲੇ ਸਬੰਧ ਹਨ, ਜਿੱਥੇ ਪੁਲਿਸ ਅਧਿਕਾਰੀਆਂ ਨੂੰ ਬਚਾਉਣ ਲਈ ਰਿਪੋਰਟਾਂ ਨੂੰ ਕਮਜ਼ੋਰ ਬਣਾਇਆ ਜਾਂਦਾ ਹੈ। ਦੂਜਾ, ਸੀਬੀਆਈ ਕੇਂਦਰ ਸਰਕਾਰ ਅਧੀਨ ਹੈ ਅਤੇ ਪੰਜਾਬ ਵਰਗੇ ਰਾਜਾਂ ਵਿੱਚ ਰਾਜਨੀਤਿਕ ਦਬਾਅ ਕਾਰਨ ਨਿਰਪੱਖ ਨਹੀਂ ਰਹਿ ਸਕਦੀ। ਬਹੁਤੇ ਮਾਮਲਿਆਂ ਵਿੱਚ ਗਵਾਹਾਂ ਨੂੰ ਧਮਕਾਇਆ ਜਾਂਦਾ ਹੈ ਅਤੇ ਸਬੂਤ ਗਾਇਬ ਕੀਤੇ ਜਾਂਦੇ ਹਨ। ਉਦਾਹਰਣ ਵਜੋਂ, ਚਰਨਜੀਤ ਸਿੰਘ ਚੰਨੀ ਵਰਗੇ ਮਾਮਲਿਆਂ ਵਿੱਚ ਵੀ ਸੀਬੀਆਈ ਨੇ ਕਲੋਜ਼ਰ ਰਿਪੋਰਟ ਦਾਇਰ ਕੀਤੀ, ਜੋ ਅਦਾਲਤਾਂ ਨੇ ਪ੍ਰਵਾਨ ਨਹੀਂ ਕੀਤੀ।

ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਅਨੁਸਾਰ ਕਈ ਰਿਪੋਰਟਾਂ ਅਨੁਸਾਰ ਕੇਂਦਰ ਸਰਕਾਰ ਸੀਬੀਆਈ ਨੂੰ ਨਿਯੰਤਰਿਤ ਕਰਦੀ ਹੈ ਅਤੇ ਰਾਜਨੀਤਿਕ ਰੁਚੀਆਂ ਅਨੁਸਾਰ ਜਾਂਚ ਨੂੰ ਪ੍ਰਭਾਵਿਤ ਕਰਦੀ ਹੈ। 1990 ਦੇ ਦਹਾਕੇ ਵਿੱਚ ਭਾਜਪਾ-ਕਾਂਗਰਸ ਸਰਕਾਰਾਂ ਨੇ ਇਨ੍ਹਾਂ ਮਾਮਲਿਆਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ, ਅਤੇ ਅੱਜ ਵੀ ਕੇਂਦਰੀ ਅਧਿਕਾਰੀਆਂ 'ਤੇ ਦੋਸ਼ ਹਨ ਕਿ ਉਹ ਬੁਚੜ ਦੋਸ਼ੀ ਪੁਲਿਸੀਆਂ ਦੀ ਰਾਖੀ ਕਰਦੇ ਹਨ। ਮਨੁੱਖੀ ਅਧਿਕਾਰ ਜਥੇਬੰਦੀਆਂ ਜਿਵੇਂ ਹਿਊਮਨ ਰਾਈਟਸ ਵਾਚ ਨੇ ਇਸ ਨੂੰ 'ਸਿਸਟਮੈਟਿਕ ਕਵਰ-ਅੱਪ' ਕਿਹਾ ਹੈ। ਸੀਬੀਆਈ ਨੂੰ ਸੁਤੰਤਰ ਬਣਾਉਣ ਅਤੇ ਕੇਂਦਰੀ ਦਬਾਅ ਤੋਂ ਮੁਕਤ ਕਰਨ ਦੀ ਲੋੜ ਹੈ, ਨਹੀਂ ਤਾਂ ਅਜਿਹੇ ਮਾਮਲੇ ਹਮੇਸ਼ਾ ਅਟਕੇ ਰਹਿਣਗੇ।

ਰਾਜਵਿੰਦਰ ਬੈਂਸ ਦਾ ਇਹ ਵੀ ਕਹਿਣਾ ਹੈ ਕਿ ਸਿੱਖ ਭਾਈਚਾਰੇ ਨੂੰ 1984 ਤੋਂ ਬਾਅਦ ਵਾਪਰੇ ਫ਼ਰਜ਼ੀ ਮੁਕਾਬਲਿਆਂ ਵਿੱਚ ਨਿਆਂ ਨਾ ਮਿਲਣ ਦੇ ਕਈ ਕਾਰਨ ਹਨ। ਪਹਿਲਾਂ ਤਾਂ ਰਾਜਨੀਤਿਕ ਇੱਛਾ -ਸ਼ਕਤੀ ਦੀ ਘਾਟ ਹੈ - ਸਰਕਾਰਾਂ ਨੇ ਇਨ੍ਹਾਂ ਨੂੰ ' ਕਥਿਤ ਆਤੰਕਵਾਦ ਵਿਰੋਧੀ' ਐਕਸ਼ਨ ਵਜੋਂ ਜਜ਼ਬਾਤੀ ਬਣਾਇਆ ਅਤੇ ਜਾਂਚ ਨੂੰ ਰੋਕਿਆ। ਦੂਜਾ, ਸਬੂਤਾਂ ਨੂੰ ਗਾਇਬ ਕਰਨਾ ਅਤੇ ਗਵਾਹਾਂ ਨੂੰ ਧਮਕਾਉਣਾ ਆਮ ਸੀ। ਤੀਜਾ, ਅਦਾਲਤੀ ਪ੍ਰਕਿਰਿਆਵਾਂ ਵਿੱਚ ਦੇਰੀ ਕਾਰਨ ਮਾਮਲੇ ਲਟਕ ਜਾਂਦੇ ਹਨ - ਕਈ ਵਾਰ ਦਹਾਕਿਆਂ ਲੱਗ ਜਾਂਦੇ ਹਨ। ਇਸ ਨਾਲ ਪੀੜਤ ਪਰਿਵਾਰ ਥੱਕ ਜਾਂਦੇ ਹਨ ਅਤੇ ਮਾਮਲੇ ਬੰਦ ਹੋ ਜਾਂਦੇ ਹਨ। ਬੈਂਸ ਦਾ ਕਹਿਣਾ ਹੈ ਕਿ ਹੁਣ ਤੱਕ ਸਿਰਫ਼ ਥੋੜ੍ਹੇ ਮਾਮਲਿਆਂ ਵਿੱਚ ਨਿਆਂ ਮਿਲਿਆ ਹੈ, ਜਿਵੇਂ ਕੁਝ ਪੁਲਿਸ ਅਧਿਕਾਰੀਆਂ ਨੂੰ ਸਜ਼ਾ ਹੋਈ, ਪਰ ਜ਼ਿਆਦਾਤਰ ਵਿੱਚ ਨਹੀਂ। ਇਹ ਦੇਰੀ ਸਿਸਟਮ ਦੀ ਕਮਜ਼ੋਰੀ ਨੂੰ ਦਰਸਾਉਂਦੀ ਹੈ ਅਤੇ ਸਿੱਖਾਂ ਵਿੱਚ ਅਨਿਆਂ ਦੀ ਭਾਵਨਾ ਵਧਾਉਂਦੀ ਹੈ।

ਕੈਨੇਡਾ ਤੋਂ ਅਮਰੀਕ ਸਿੰਘ ਮੁਕਤਸਰ ਜੋ ਭਾਈ ਜਸਵੰਤ ਸਿੰਘ ਖਾਲੜਾ ਦੇ ਅਹਿਮ ਸਾਥੀ ਨੇ ਦਾ ਕਹਿਣਾ ਹੈ ਕਿ ਉਹਨਾਂ ਨੇ ਲਵਾਰਸ ਲਾਸ਼ਾਂ ਦੇ ਕੇਸਾਂ ਨੂੰ ਉਘਾੜਿਆ। ਉਹ ਕੁਦਰਤੀ ਮੌਤਾਂ ਵਾਲੀਆਂ ਲਾਸ਼ਾਂ ਨੂੰ ਚੋਰੀ ਕਰਕੇ ਫ਼ਰਜ਼ੀ ਮੁਕਾਬਲਿਆਂ ਵਿੱਚ ਵਰਤਣ ਵਾਲੀ ਸਾਜ਼ਿਸ਼ ਨੂੰ ਉਜਾਗਰ ਕੀਤਾ। 1995 ਵਿੱਚ ਪੁਲਿਸ ਨੇ ਉਨ੍ਹਾਂ ਨੂੰ ਗਿਇਬ ਕਰਕੇ ਹੱਤਿਆ ਕਰ ਦਿੱਤੀ ਸੀ। ਉਨ੍ਹਾਂ ਦੇ ਪਰਿਵਾਰ ਨੂੰ ਨਿਆਂ ਨਹੀਂ ਮਿਲਿਆ - ਜ਼ਿੰਮੇਵਾਰ ਪੁਲਿਸ ਅਧਿਕਾਰੀ ਜਿਵੇਂ ਕੇਪੀ ਐਸ ਗਿੱਲ ਅਤੇ ਅਨੇਕਾਂ ਨੂੰ ਸਜ਼ਾ ਨਹੀਂ ਹੋਈ।ਅਮਰੀਕ ਸਿੰਘ ਦਾ ਕਹਿਣਾ ਹੈ ਕਿ ਪਰਿਵਾਰ ਨੂੰ ਕੁਝ ਰਾਹਤ ਵਜੋਂ ਕੰਪੈਂਸੇਸ਼ਨ ਮਿਲੀ, ਪਰ ਨਿਆਂ ਨਹੀਂ ਮਿਲਿਆ। ਇਹ ਹੈ ਕਿ ਕਨੂੰਨ ਦਾ ਲੰਗੜਾ ਸਿਸਟਮ। ਉਨ੍ਹਾਂ ਦਾ ਕਹਿਣਾ ਹੈ ਕਿ ਖਾਲੜਾ ਦੀ ਸ਼ਹਾਦਤ ਨੇ ਵਿਸ਼ਵ ਪੱਧਰੀ ਧਿਆਨ ਖਿੱਚਿਆ ਅਤੇ ਕਈ ਮਾਮਲੇ ਖੁੱਲ੍ਹੇ, ਪਰ ਅੱਜ ਵੀ ਬਹੁਤੇ ਅਟਕੇ ਹੋਏ ਹਨ। ਇਹ ਦੱਸਦਾ ਹੈ ਕਿ ਨਿਆਂ ਲਈ ਲੜਨ ਵਾਲਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਾਂਦਾ ਹੈ।


## ਜ਼ਰੂਰੀ ਸੂਚਨਾ

ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ । ਇਸ ਲਈ ਸੰਪਾਦਕ ਅਤੇ ਅਦਾਰਾ ਜਿੰਮੇਵਾਰ ਨਹੀਂ ਹੈ ।
ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ

# ਕੈਨੇਡੀਅਨ ਬਜ਼ੁਰਗ ਨੂੰ ਵਿਆਹ ਦੇ ਚੱਕਰ ਵਿਚ ਫਸਾ ਕੇ 6 ਕਰੋੜ 14 ਲੱਖ ਤੋਂ ਵੱਧ ਲੁੱਟੇ

## ✪ ਪੁਲਿਸ ਵਲੋਂ 7 ਦੋਸ਼ੀਆਂ ਖ਼ਿਲਾ.ਫ ਮਾਮਲਾ ਦਰਜ, 3 ਕਰੋੜ ਤੋਂ ਵੱਧ ਦੀ ਨਗਦੀ ਬਰਾਮਦ

ਜਗਰਾਉਂ-ਬੀਤੇ ਦਿਨੀਂ ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸ.ਐਸ.ਪੀ. ਡਾ. ਅੰਕੁਰ ਗੁਪਤਾ ਦੀ ਅਗਵਾਈ ਵਿਚ ਪੁਲਿਸ ਵਲੋਂ ਜਗਰਾਉਂ ਦੇ ਇਕ ਵੱਡੇ ਠੱਗ ਗਰੋਹ ਦਾ ਪਰਦਾ.ਫਾਸ ਕੀਤਾ ਸੀ, ਜਿਸ ਵਲੋਂ ਇਕ ਕੈਨੇਡੀਅਨ ਬਜ਼ੁਰਗ ਦਾ ਸਭ ਕੁਝ ਹੜੱਪ ਲਿਆ ਅਤੇ ਉਸ ਨੂੰ ਆਪਣੇ ਮੱਕੜ ਜਾਲ ਵਿਚ ਫਸਾ ਕੇ ਉਸ ਦੀ ਜ਼ਮੀਨ ਤੱਕ ਵੇਚ ਦਿੱਤੀ ਅਤੇ ਉਸ ਦੀ ਕੋਠੀ, ਸੋਨਾ, ਡਾਲਰ, ਫਰਨੀਚਰ ਆਦਿ ਸਭ ਕੁਝ ਸਾਂਭ ਲਿਆ ਸੀ। ਇਸ ਮਾਮਲੇ ਵਿਚ ਪੁਲਿਸ ਵਲੋਂ 7 ਦੋਸ਼ੀਆਂ ਖ਼ਿਲਾ.ਫ ਮਾਮਲਾ ਦਰਜ ਕਰਕੇ 3 ਕਰੋੜ ਤੋਂ ਵੱਧ ਦੀ ਨਗਦੀ ਨੂੰ ਬਰਾਮਦ ਕੀਤਾ ਜਾ ਚੁਕਾ ਹੈ ਅਤੇ ਇਸ ਮਾਮਲੇ ਵਿਚ ਜਗਰਾਉਂ ਖੇਤਰ ਦੇ ਕਈ ਸਫੈਦਪੋਸ਼ਾਂ ਸਮੇਤ ਹੋਰਾਂ ਨੂੰ ਕਾਬੂ ਵੀ ਕਰ ਲਿਆ ਹੈ, ਜਿਸ ਦਾ ਐਸ.ਐਸ.ਪੀ. ਵਲੋਂ ਜਲਦੀ ਖੁਲਾਸਾ ਕੀਤਾ ਜਾਵੇਗਾ।

ਬਲੌਰਾ ਸਿੰਘ (68) ਪੁੱਤਰ ਜੰਗੀਰ ਸਿੰਘ ਵਾਸੀ ਪਿੰਡ ਗੌਂਦਵਾਲ ਨੇੜੇ ਰਾਏਕੋਟ ਨੇ ਦੱਸਿਆ ਕਿ ਉਹ ਕੈਨੇਡਾ ਦਾ ਪੱਕਾ ਵਸਨੀਕ ਹੈ। ਕੁਝ ਸਾਲ ਪਹਿਲਾਂ ਉਸ ਦਾ ਆਪਣੀ ਪਤਨੀ ਨਾਲ ਤਲਾਕ ਹੋ ਗਿਆ ਸੀ ਅਤੇ ਬੁਢਾਪੇ ਲਈ ਉਹ ਦੂਜਾ ਵਿਆਹ ਕਰਵਾਉਣ ਲਈ ਪਿਛਲੇ ਸਾਲ ਉਹ ਭਾਰਤ ਆ ਗਿਆ ।ਅਪ੍ਰੈਲ 2025 ਵਿਚ ਉਸ ਦੇ ਜੀਜੇ ਜਸਵੀਰ ਸਿੰਘ ਨੇ ਉਸ ਨੂੰ ਜਗਰਾਉਂ ਸ਼ਹਿਰ ਦੇ ਕੱਚਾ ਮਲਕ ਰੋਡ 'ਤੇ ਲੱਕੜ ਦਾ ਕੰਮ ਕਰਨ ਵਾਲੇ ਸਰਬਾ ਨਾਂਅ ਦੇ ਮਿਸਤਰੀ ਨੂੰ ਮਿਲਾਇਆ ਅਤੇ ਦੱਸਿਆ ਕਿ ਇਹ ਵਿਆਹ ਕਰਵਾਉਣ ਦਾ ਕੰਮ ਕਰਦਾ ਹੈ, ਜਿਸ ਨੇ ਅੱਗੋਂ ਬੰਟੀ ਨਾਂਅ ਦੇ ਵਿਅਕਤੀ ਨਾਲ ਜਾਣ-ਪਛਾਣ ਕਰਵਾਈ। ਜਿਨ੍ਹਾਂ ਨੇ ਇਕ ਲੜਕੀ ਦੀ ਤਸਵੀਰ ਉਸ ਨੂੰ ਦਿਖਾਈ। ਇਸ ਤੋਂ ਬਾਦ ਉਨ੍ਹਾਂ ਆਪਣੇ-ਆਪ ਨੂੰ ਵਕੀਲ ਦੱਸਣ ਵਾਲੇ



ਐਡਵੋਕੇਟ ਐੱਚ. ਐੱਸ. ਬਰਾੜ ਨਾਲ ਮਿਲਾਇਆ, ਜਿਸ ਨੇ ਕਿਹਾ ਕਿ ਉਸ ਨੇ ਆਪਣੀ ਭੈਣ ਦਾ ਵਿਆਹ ਕਰਨਾ ਹੈ।

ਇਸ ਤੋਂ ਬਾਅਦ ਇਨ੍ਹਾਂ ਸਾਰਿਆਂ ਨੇ ਇਕ ਢਾਬੇ 'ਤੇ ਇਕ ਲੜਕੀ ਇੰਦਰਜੀਤ ਕੌਰ ਇੰਦਰੀ ਵਾਸੀ ਅਜੀਤਵਾਲ ਦਿਖਾਈ, ਜਿਸ ਨੂੰ ਐੱਚ.ਐੱਸ. ਬਰਾੜ ਆਪਣੀ ਭੈਣ ਕਹਿ ਰਿਹਾ ਸੀ, ਜਿਥੇ ਉਕਤ ਲੜਕੀ ਨੇ ਵਿਆਹ ਲਈ ਹਾਮੀ ਭਰ ਦਿੱਤੀ। ਜਿਥੇ ਉਨ੍ਹਾਂ ਮੇਰਾ ਮੋਬਾਈਲ ਨੰਬਰ ਲੈ ਲਿਆ, ਜਿਸ 'ਤੇ ਉਕਤ ਵਕੀਲ ਬਰਾੜ ਅਤੇ ਉਸ ਦੀ ਭੈਣ ਮੇਰੇ ਨਾਲ ਗੱਲਬਾਤ ਕਰਨ ਲੱਗ ਪਾਏ। ਇਸ ਤੋਂ ਬਾਅਦ ਉਨ੍ਹਾਂ ਦੇ ਕਹਿਣ 'ਤੇ ਉਸ ਨੇ ਜਗਰਾਉਂ ਦੇ ਹੀਰਾ ਬਾਗ 'ਚ ਇਕ ਕੋਠੀ ਕਿਰਾਏ 'ਤੇ ਲੈ ਲਈ, ਜਿਥੇ ਉਹ ਰਹਿਣ ਲੱਗ ਪਿਆ। ਇਸ ਤੋਂ ਕੁਝ ਦਿਨ ਬਾਅਦ ਉਕਤ ਲੜਕੀ ਦੇ ਭਰਾ ਬਰਾੜ ਨੇ ਕਿਹਾ ਕਿ ਜਗਰਾਉਂ ਦੇ ਸਿੱਧਵਾਂ ਬੇਟ ਰੋਡ 'ਤੇ ਇਕ ਕੋਠੀ 10 ਲੱਖ ਰੁਪਏ ਵਿਚ ਮਿਲਦੀ ਹੈ, ਜਿਸ 'ਤੇ ਉਸ ਨੇ ਉਨ੍ਹਾਂ ਨੂੰ 10 ਲੱਖ ਦੇ ਦਿੱਤੇ ਅਤੇ ਕੋਠੀ ਵਿਚ ਫਰਨੀਚਰ, ਏ.ਸੀ. ਸਮੇਤ ਸਾਰਾ ਘਰ ਦਾ ਸਾਮਾਨ ਖ਼ਰੀਦ ਲਿਆ।

ਉਪਰੰਤ ਜਗਰਾਉਂ ਨੇੜੇ ਦੇ ਢਾਬੇ 'ਤੇ ਉਸ ਦੀ ਉਕਤ ਲੜਕੀ ਨਾਲ ਮੰਗਣੀ ਕਰਵਾ ਦਿੱਤੀ, ਜਿਥੇ ਲੜਕੀ ਨੂੰ ਗਹਿਣੇ ਆਦਿ ਲੈਣ ਲਈ 15 ਹਜ਼ਾਰ ਡਾਲਰ ਲੈ ਲਏ। ਉਸ ਤੋਂ ਬਾਅਦ ਐੱਚ.ਐੱਸ. ਬਰਾੜ ਨੇ ਉਸ ਨਾਲ ਨੇੜਤਾ ਵਧਾ ਲਈ ਅਤੇ ਫਿਰ ਉਨ੍ਹਾਂ ਦੱਸਿਆ ਕਿ ਪਿੰਡ ਚੂਹੜਚੱਕ ਵਿਖੇ ਬਹੁਤ ਹੀ ਸਸਤੀ 12 ਕਿੱਲੇ ਜ਼ਮੀਨ ਮਿਲਦੀ ਹੈ ਅਤੇ ਉਸ ਨੂੰ ਇਕ ਜ਼ਮੀਨ ਦਿਖਾ ਦਿੱਤੀ, ਜੋ ਮੈਨੂੰ ਪਸੰਦ ਆ ਗਈ। ਇਸ ਜ਼ਮੀਨ ਦਾ ਸੌਦਾ ਗੁਰਮੀਤ ਸਿੰਘ ਵਾਸੀ ਚੂਹੜਚੱਕ ਨਾਲ ਪ੍ਰਤੀ ਏਕੜ 45 ਲੱਖ ਵਿਚ ਕਰਵਾ ਦਿੱਤਾ ਅਤੇ ਬਿਆਨਾਂ ਕਰਨ ਲਈ ਇਹ ਮੇਰੇ ਤੋਂ 80 ਲੱਖ ਲੈ ਗਏ। ਜਦੋਂ ਮੈਂ ਉਨ੍ਹਾਂ ਤੋਂ ਬਿਆਨੇ ਦੇ ਕਾਗਜ਼ ਮੰਗੇ ਤਾਂ ਉਨ੍ਹਾਂ ਕਹਿ ਦਿੱਤਾ ਕਿ ਤੇਰੀ ਮੰਗਤੇਰ ਇੰਦਰਜੀਤ ਕੌਰ ਕੋਲ ਕਾਗਜ਼ ਰੱਖ ਦਿੱਤੇ ਹਨ।

ਇਸ ਤੋਂ ਬਾਅਦ ਐੱਚ.ਐੱਸ. ਬਰਾੜ, ਵੀਰਪਾਲ ਕੌਰ ਸਮੇਤ ਉਨ੍ਹਾਂ ਮੇਰੇ ਤੋਂ ਸਾਡੇ 3 ਲੱਖ ਡਾਲਰ (2 ਕਰੋੜ 17 ਲੱਖ) ਹੋਰ ਲੈ ਲਏ। ਇਸ ਤੋਂ ਬਾਅਦ ਉਨ੍ਹਾਂ ਜ਼ਮੀਨ ਦੀ ਰਜਿਸਟਰੀ ਕਰਵਾਉਣ ਲਈ ਮੇਰੀ ਪਿੰਡ ਗੋਂਦਵਾਲ ਵਾਲੀ ਸਾਰੀ ਜ਼ਮੀਨ 3 ਕਰੋੜ 14 ਲੱਖ ਰੁਪਏ ਵਿਚ ਵੇਚ ਦਿੱਤੀ। ਜਦੋਂਕਿ ਮੇਰੇ ਖਾਤੇ 'ਚ ਸਿਰ.ਫ 25 ਲੱਖ ਰੁਪਏ ਆਏ, ਜੋ ਕਿ ਮੇਰੇ ਤੋਂ ਖਾਲੀ ਚੈੱਕਾਂ 'ਤੇ ਦਸਤਖਤ ਕਰਵਾ ਕੇ ਉਹ ਵੀ ਕਢਵਾ ਕੇ ਲੈ ਗਏ।

ਇਸ ਤੋਂ ਬਾਅਦ ਉਸ ਦੀ ਵਿਆਹ ਦੀ ਤਰੀਕ ਇੰਦਰਜੀਤ ਕੌਰ ਨਾਲ 25 ਜੁਲਾਈ 2025 ਦੀ ਰੱਖ ਦਿੱਤੀ ਪਰ ਕੁਝ ਦਿਨ ਬਾਅਦ 2 ਪੁਲਿਸ ਮੁਲਾਜ਼ਮਾਂ ਉਸ ਦੇ ਘਰ ਭੇਜ ਦਿੱਤੇ ਕਿ ਤੇਰੀ ਪਹਿਲੀ ਘਰਵਾਲੀ ਨੇ ਤੇਰੇ 'ਤੇ ਕੇਸ ਕੀਤਾ ਹੈ, ਉਹ ਡਰਕੇ ਕੈਨੇਡਾ ਚਲਾ ਗਿਆ।

ਇਸ ਤੋਂ ਬਾਅਦ ਉਨ੍ਹਾਂ ਮੈਨੂੰ ਕੈਨੇਡਾ .ਫੋਨ ਕਰਕੇ ਕਿਹਾ ਕਿ ਆਪਾਂ ਜ਼ਮੀਨ ਖ਼ਰੀਦ ਲਈ ਹੈ ਅਤੇ ਹੁਣ ਮੋਟਰ ਦਾ ਕੁਨੈਕਸ਼ਨ ਲਗਵਾਉਣਾ ਹੈ ਅਤੇ 11 ਲੱਖ ਹੋਰ ਮੇਰੇ ਤੋਂ ਮੰਗਵਾ ਲਏ। ਜਦੋਂ ਮੈਂ ਭਾਰਤ ਵਾਪਸ ਆਇਆ ਤਾਂ ਮੈਂ ਕਾਗਜ਼ਾਂ ਦੀ ਮੰਗ ਕੀਤੀ ਤਾਂ ਉਨ੍ਹਾਂ ਇਕਰਾਰਨਾਮਾ ਮਲਕੀਤ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀ ਮਾਜਰੀ ਦਾ ਦਿੱਤਾ। ਜਦੋਂ ਮੈਂ ਪੜਤਾਲ ਕਰਵਾਈ ਤਾਂ ਪਤਾ ਲੱਗਾ ਕਿ ਮਲਕੀਤ ਸਿੰਘ ਦੇ ਨਾਂਅ ਕੋਈ ਜ਼ਮੀਨ ਹੀ ਨਹੀਂ ਹੈ।

ਇਸ ਤੋਂ ਬਆਦ ਉਹ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਲੱਗ ਪਏ। ਇਸ ਤੋਂ ਬਾਅਦ ਮੈਂ ਸਾਰੀ ਜਾਣਕਾਰੀ ਆਪਣੇ ਰਿਸ਼ਤੇਦਾਰਾਂ ਨੂੰ ਦਿੱਤੀ ਅਤੇ ਪਤਾ ਲੱਗਾ ਕਿ ਜੋ ਜ਼ਮੀਨ ਦਾ ਸੌਦਾ ਮੇਰੇ ਨਾਲ ਕੀਤਾ ਹੈ, ਉਹ ਜ਼ਮੀਨ ਤਾਂ ਕਿਸੇ ਹੋਰ ਦੀ ਹੈ। ਇਸ ਤੋਂ ਬਾਅਦ ਭੇਦ ਖੁੱਲਿਆ ਕਿ ਜੋ ਆਪਣੇ-ਆਪ ਨੂੰ ਐਡਵੋਕੇਟ ਐੱਚ.ਐੱਸ. ਬਰਾੜ ਦੱਸ ਰਿਹਾ ਹੈ, ਉਹ ਤਾਂ ਅਸਲ ਵਿਚ ਰਣਜੀਤ ਸਿੰਘ ਉਰ.ਫ ਰਾਣਾ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਸ਼ੇਖਦੌਲਤ ਹੈ ਅਤੇ ਰਣਜੀਤ ਸਿੰਘ ਰਾਣਾ ਇਸ ਦੀ ਭੈਣ ਇੰਦਰੀ, ਸਰਬਾ ਮਿਸਤਰੀ, ਬੰਟੀ ਵਾਸੀ ਜਗਰਾਉਂ, ਮਲਕੀਤ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀ ਮਾਜਰੀ, ਕਰਨੈਲ ਸਿੰਘ ਪੁੱਤਰ ਤਾਰਾ ਸਿੰਘ ਅਤੇ ਤੇਜਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀਅਨ ਲੀਹਾਂ ਨੇ ਰਲ-ਮਿਲਕੇ ਉਸ ਨਾਲ ਠੱਗੀ ਮਾਰੀ ਹੈ।

ਇਸ ਮਾਮਲੇ ਵਿਚ ਪੁਲਿਸ ਵਲੋਂ ਉਪਰੋਕਤ 7 ਦੋਸ਼ੀਆਂ ਖ਼ਿਲਾ.ਫ ਮਾਮਲਾ ਦਰਜ ਕਰਕੇ 5 ਦੋਸ਼ੀਆਂ ਨੂੰ ਕਾਬੂ ਕਰ ਲਿਆ ਹੈ। ਇਸ ਤੋਂ ਇਲਾਵਾ ਇਸ ਮਾਮਲੇ 'ਚ ਜਗਰਾਉਂ ਸ਼ਹਿਰ ਦੇ 3 ਨਾਮੀ ਸਫੈਦਪੋਸਾਂ ਨੂੰ ਵੀ ਕਾਬੂ ਕੀਤੇ ਜਾਣ ਦੀ ਜਾਣਕਾਰੀ ਮਿਲੀ ਹੈ, ਜੋ ਇਸ ਠੱਗੀ ਵਿਚ ਸ਼ਾਮਿਲ ਸਨ। ਇਸ ਮਾਮਲੇ 'ਚ 3 ਕਰੋੜ ਤੋਂ ਵੱਧ ਦੀ ਨਗਦੀ ਵੀ ਪੁਲਿਸ ਵਲੋਂ ਬਰਾਮਦ ਕੀਤੀ ਦੱਸੀ ਜਾ ਰਹੀ ਹੈ।

# ਟਾਰਗੇਟ ਕਿਲਿੰਗ ਗਿਰੋਹ ਦੇ 5 ਮੈਂਬਰ ਗ੍ਰਿ.ਫਤਾਰ

## ✪ ਗੈਂਗਸਟਰ ਕਰਨਦੀਪ ਸਿੰਘ ਮੁਕਾਬਲੇ ਵਿਚ ਜ਼.ਖਮੀ

ਅੰਮ੍ਰਿਤਸਰ-ਪੁਲਿਸ ਨੇ ਬੀਤੇ ਦਿਨੀਂ ਟਾਰਗੇਟ ਕਿਲਿੰਗ ਵਿੱਚ ਸ਼ਾਮਲ ਇੱਕ ਗਿਰੋਹ ਦੇ ਪੰਜ ਮੈਂਬਰਾਂ ਨੂੰ ਗ੍ਰਿ.ਫਤਾਰ ਕੀਤਾ। ਇਸਲਾਮਾਬਾਦ ਇਲਾਕੇ ਵਿੱਚ ਇੱਕ ਵੱਖਰੇ ਛਾਪੇਮਾਰੀ ਦੌਰਾਨ, ਕਰਨਦੀਪ ਸਿੰਘ ਨਾਮ ਦੇ ਇੱਕ ਗੈਂਗਸਟਰ ਨੇ ਪੁਲਿਸ 'ਤੇ ਗੋਲ਼ੀਬਾਰੀ ਕੀਤੀ। ਪੁਲਿਸ ਦੀ ਜਵਾਬੀ ਗੋਲ਼ੀਬਾਰੀ ਵਿੱਚ ਕਰਨਦੀਪ ਦੀ ਸੱਜੀ ਲੱਤ ਵਿੱਚ ਗੋਲ਼ੀ ਲੱਗ ਗਈ। ਉਸਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

ਸੀਪੀ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਮਾਮਲੇ ਦੇ ਚਾਰ ਮੁਲਜ਼ਮਾਂ ਦੀ ਪਛਾਣ ਤਰਨਤਾਰਨ ਦੇ ਪਿੰਡ ਲੋਹਾਰਾਂ ਦੇ ਰਹਿਣ ਵਾਲੇ ਗੁਰਸੇਵਕ ਸਿੰਘ ਉਰ.ਫ ਬਿੱਲੀ, ਅਰਸ਼ਦੀਪ ਸਿੰਘ, ਨੌਸ਼ਹਿਰਾ ਪੰਨੂਆਂ ਦੇ ਪਿੰਡ ਚੌਧਰੀਵਾਲ ਦੇ ਰਹਿਣ ਵਾਲੇ ਅੰਮ੍ਰਿਤਪਾਲ ਸਿੰਘ ਅਤੇ ਇੱਕ ਨਾਬਾਲਗ ਵਜੋਂ ਹੋਈ ਹੈ। ਪੁੱਛਗਿੱਛ ਦੌਰਾਨ, ਮੁਲਜ਼ਮਾਂ ਨੇ ਦੱਸਿਆ ਕਿ ਉਹ ਸਰਹਾਲੀ ਦੇ ਆਪਣੇ ਗੈਂਗ ਦੇ ਮੁਖੀ ਕਰਨਦੀਪ ਸਿੰਘ ਨਾਲ ਮਿਲ ਕੇ ਟਾਰਗੇਟ ਕਿਲਿੰਗ ਦੀ ਯੋਜਨਾ ਬਣਾ ਰਹੇ ਸਨ। ਇਸ ਤੋਂ ਬਾਅਦ ਏਸੀਪੀ ਸ਼ੀਤਲ ਸਿੰਘ ਦੀ ਅਗਵਾਈ ਹੇਠ ਇਸਲਾਮਾਬਾਦ ਥਾਣੇ ਅਧੀਨ ਆਉਂਦੇ ਕੋਟ ਖਾਲਸਾ ਇਲਾਕੇ ਵਿੱਚ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ। ਉੱਥੇ ਪਹੁੰਚਦੇ ਹੀ ਕਰਨਦੀਪ ਸਿੰਘ ਨੂੰ ਗ੍ਰਿ.ਫਤਾਰ ਕਰ ਲਿਆ ਗਿਆ। ਪਰ ਮੁਲਜ਼ਮਾਂ ਨੇ ਪੁਲਿਸ ਪਾਰਟੀ 'ਤੇ ਗੋਲ਼ੀਬਾਰੀ ਕਰ ਦਿੱਤੀ। ਜਵਾਬੀ ਗੋਲੀਬਾਰੀ ਵਿੱਚ, ਮੁਲਜ਼ਮ ਦੀ ਲੱਤ ਵਿੱਚ ਗੋਲ਼ੀ ਲੱਗਣ ਕਾਰਨ ਉਹ ਜ਼ਖਮੀ ਹੋ ਗਿਆ। ਪੁਲਿਸ ਨੇ ਉਸਨੂੰ ਗ੍ਰਿ.ਫਤਾਰ ਕਰਕੇ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਹੈ। ਉਸਦੇ ਕਬਜ਼ੇ ਵਿੱਚੋਂ ਇੱਕ ਗਲੌਕ ਪਿਸਤੌਲ, ਤੇਰਾਂ ਕਾਰਤੂਸ ਅਤੇ ਦੋ ਖੋਲ ਬਰਾਮਦ ਕੀਤੇ ਗਏ ਹਨ।

ਮੁਲਜ਼ਮਾਂ ਨੇ ਪੁੱਛਗਿੱਛ ਦੌਰਾਨ ਮੰਨਿਆ ਹੈ ਕਿ ਉਹ ਬਦਨਾਮ ਗੈਂਗਸਟਰ ਸੰਗਠਨਾਂ ਨਾਲ ਜੁੜੇ ਹੋਏ ਹਨ ਅਤੇ ਗੈਂਗਸਟਰ ਤੋਂ ਖਾੜਕੂ ਬਣੇ ਸੱਤਾ ਨੌਸ਼ਹਿਰਾ ਦੇ ਇਸ਼ਾਰੇ 'ਤੇ ਸੂਬੇ ਵਿੱਚ ਟਾਰਗੇਟ ਕਿਲਿੰਗ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਸਨ। ਸੀਪੀ ਨੇ ਕਿਹਾ ਕਿ ਚਾਰਾਂ ਮੁਲਜ਼ਮਾਂ ਦੀ ਗ੍ਰਿ.ਫਤਾਰੀ ਸਬੰਧੀ ਰਾਮਬਾਗ ਪੁਲਿਸ ਸਟੇਸ਼ਨ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਮੁਕਾਬਲੇ ਸਬੰਧੀ ਇੱਕ ਹੋਰ ਮਾਮਲਾ ਇਸਲਾਮਾਬਾਦ ਪੁਲਿਸ ਸਟੇਸ਼ਨ ਵਿੱਚ ਦਰਜ ਕੀਤਾ ਗਿਆ ਹੈ। ਸੀਪੀ ਨੇ ਕਿਹਾ ਕਿ ਗਿਰੋਹ ਦਾ ਮੁਖੀ ਕਰਨਦੀਪ ਸਿੰਘ 18 ਸਾਲ ਦਾ ਹੈ ਅਤੇ ਦਸਵੀਂ ਪਾਸ ਕਰਨ ਤੋਂ ਬਾਅਦ, ਉਹ ਇੱਕ ਮਿਠਾਈ ਦੀ ਦੁਕਾਨ 'ਤੇ ਕੰਮ ਕਰਦਾ ਹੈ। ਗੁਰਸੇਵਕ ਸਿੰਘ ਇੱਕ ਮਜ਼ਦੂਰ ਹੈ, ਅਰਸ਼ਦੀਪ ਸਿੰਘ 19 ਸਾਲ ਦਾ ਹੈ ਅਤੇ 11ਵੀਂ ਜਮਾਤ ਵਿੱਚ ਪੜ੍ਹਦਾ ਹੈ। ਜਦੋਂ ਕਿ ਅੰਮ੍ਰਿਤਪਾਲ ਸਿੰਘ ਬੇਰੁਜ਼ਗਾਰ ਹੈ।

# ਨਕਾਬਪੋਸਾਂ ਵੱਲੋਂ ਬੈਂਕ ਮੈਨੇਜਰ ਉਪਰ ਕਾਤਲਾਨਾ ਹਮਲਾ

ਅਜੀਤਵਾਲ-ਬੀਤੇ ਦਿਨੀਂ ਪੀਐੱਨਬੀ ਬੈਂਕ ਬਰਾਂਚ ਦੌਧਰ ਦੇ ਮੈਨੇਜਰ 'ਤੇ ਅਣਪਛਾਤੇ ਵਿਅਕਤੀਆਂ ਵੱਲੋਂ ਜਾਨਲੇਵਾ ਹਮਲਾ ਕਰ ਕੇ ਗੰਭੀਰ ਜ.ਖ਼ਮੀ ਕਰ ਦਿੱਤਾ। ਜਾਣਕਾਰੀ ਅਨੁਸਾਰ ਬਿਨਾ ਨੰਬਰ ਪਲੇਟ ਦੀ ਗੱਡੀ ਤੇ ਆਏ 4 ਨਕਾਬਪੋਸ਼ ਵਿਅਕਤੀਆਂ ਨੇ ਮੈਨੇਜਰ ਦੇ ਘਰ ਦਾ ਦਰਵਾਜ਼ਾ ਖੜਕਾਇਆ ਅਤੇ ਬਾਹਰ ਆਉਂਦਿਆਂ ਹੀ ਮੈਨੇਜਰ 'ਤੇ ਡਾਂਗਾਂ ਨਾਲ ਹਮਲਾ ਕਰ ਦਿੱਤਾ। ਹਾਲਾਂਕਿ ਮੈਨੇਜਰ ਵੱਲੋਂ ਗੇਟ ਬੰਦ ਕਰ ਲਿਆ ਗਿਆ, ਪਰ ਉਹ ਗੰਭੀਰ ਜ.ਖ਼ਮੀ ਹੋ ਗਿਆ। ਘਟਨਾ ਤੋਂ ਬਾਅਦ ਬੈਂਕ ਮੈਨੇਜਰ ਨੂੰ ਢੁੱਡੀਕੇ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਜ਼ਿਕਰਯੋਗ ਹੈ ਕਿ ਮੈਨੇਜਰ ਪ੍ਰਿੰਸ ਰਾਜ ਬੈਂਕ ਦੇ ਸਾਹਮਣੇ ਹੀ ਕਿਰਾਏ ਦੇ ਮਕਾਨ ਵਿਚ ਇਕੱਲਾ ਰਹਿੰਦਾ ਹੈ। ਪੁਲੀਸ ਅਧਿਕਾਰੀਆਂ ਨੇ ਘਟਨਾ ਸਥਾਨ ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

# ਦੰਦਾਂ ਤੇ ਚਮੜੀ ਦੀਆਂ ਸਮੱਸਿਆਵਾਂ ਬਣੀਆਂ ਯੂਕੇ ਫ਼ੌਜ ਵਿਚ ਭਰਤੀ ਦੀ ਵੱਡੀ ਅੜਚਣ

## ✪ ਬ੍ਰਿਟਿਸ਼ ਫੌਜ ਦੀ ਘਟਦੀ ਤਾਕਤ: ਭਰਤੀ ਦੇ ਸਖ਼ਤ ਮਾਪਦੰਡਾਂ ਦਾ ਸੰਕਟ

ਬ੍ਰਿਟਿਸ਼ ਫੌਜ ਵਿੱਚ ਨਵੇਂ ਸਿਪਾਹੀਆਂ ਦੀ ਭਰਤੀ ਦੇ ਮਾਮਲੇ ਵਿੱਚ ਦੰਦਾਂ ਦੀਆਂ ਸਮੱਸਿਆਵਾਂ ਵੱਡੀ ਅੜਚਣ ਬਣ ਰਹੀਆਂ ਹਨ। ਬ੍ਰਿਟੇਨ ਦੇ ਰੱਖਿਆ ਮੰਤਰਾਲੇ ਦੇ ਅੰਕੜਿਆਂ ਅਨੁਸਾਰ, ਪਿਛਲੇ ਚਾਰ ਸਾਲਾਂ ਵਿੱਚ 173 ਉਮੀਦਵਾਰਾਂ ਨੂੰ ਸਿਰਫ਼ ਦੰਦਾਂ ਦੀਆਂ ਬੀਮਾਰੀਆਂ, ਜਿਵੇਂ ਕਿ ਮਸੂੜਿਆਂ ਦੀ ਸਮੱਸਿਆ ਅਤੇ ਦੰਦਾਂ ਦੀ ਸੜਨ, ਕਾਰਨ ਭਰਤੀ ਤੋਂ ਇਨਕਾਰ ਕਰ ਦਿੱਤਾ ਗਿਆ। ਇਹ ਅੰਕੜੇ ਦਰਸਾਉਂਦੇ ਹਨ ਕਿ ਦੰਦਾਂ ਦੀਆਂ ਸਮੱਸਿਆਵਾਂ ਫੌਜ ਵਿੱਚ ਭਰਤੀ ਦੀ ਪ੍ਰਕਿਰਿਆ ਵਿੱਚ ਇੱਕ ਵੱਡੀ ਚੁਣੌਤੀ ਦੇ ਰੂਪ ਵਿੱਚ ਸਾਹਮਣੇ ਆਈਆਂ ਹਨ। ਨਾਲ ਹੀ, ਚਮੜੀ ਦੀਆਂ ਸਮੱਸਿਆਵਾਂ, ਜਿਵੇਂ ਕਿ ਮੁਹਾਸੇ, ਵੀ ਕਈ ਉਮੀਦਵਾਰਾਂ ਦੀ ਭਰਤੀ ਵਿੱਚ ਰੁਕਾਵਟ ਬਣ ਰਹੇ ਹਨ। ਇਹ ਸਥਿਤੀ ਬ੍ਰਿਟਿਸ਼ ਫੌਜ ਦੀਆਂ ਭਰਤੀ ਸਮੱਸਿਆਵਾਂ ਨੂੰ ਹੋਰ ਗੰਭੀਰ ਕਰ ਰਹੀ ਹੈ।

ਅੰਕੜਿਆਂ ਅਨੁਸਾਰ, ਸਾਲ 2020 ਤੋਂ 2024 ਦੇ ਵਿਚਕਾਰ ਬ੍ਰਿਟਿਸ਼ ਫੌਜ ਨੇ 47,000 ਤੋਂ ਵੱਧ ਉਮੀਦਵਾਰਾਂ ਨੂੰ ਮੈਡੀਕਲ ਅਧਾਰ 'ਤੇ ਅਯੋਗ ਕਰਾਰ ਦਿੱਤਾ। ਇਨ੍ਹਾਂ ਵਿੱਚੋਂ ਇੱਕ ਵੱਡੀ ਗਿਣਤੀ ਉਮੀਦਵਾਰ ਦੰਦਾਂ ਦੀਆਂ ਸਮੱਸਿਆਵਾਂ ਕਾਰਨ ਰੱਦ ਕੀਤੇ ਗਏ। ਇਸ ਤੋਂ ਇਲਾਵਾ, ਇਸੇ ਸਮੇਂ ਦੌਰਾਨ ਲਗਭਗ 26,000 ਸੇਵਾਦਾਰ ਸਿਪਾਹੀਆਂ ਨੂੰ ਦੰਦਾਂ ਦੇ ਇਲਾਜ ਦੀ ਲੋੜ ਪਈ। ਇਹ ਅੰਕੜੇ ਦਰਸਾਉਂਦੇ ਹਨ ਕਿ ਦੰਦਾਂ ਦੀ ਸਿਹਤ ਨਾ ਸਿਰਫ਼ ਨਵੀਂ ਭਰਤੀ ਲਈ, ਸਗੋਂ ਮੌਜੂਦਾ ਸਿਪਾਹੀਆਂ ਲਈ ਵੀ ਚੁਣੌਤੀ ਬਣੀ ਹੋਈ ਹੈ।

**ਪੰਜਾਬ ਟਾਈਮਜ ਅਨੁਸਾਰ ਦੰਦਾਂ ਤੇ ਚਮੜੀ ਦੀਆਂ ਸਮੱਸਿਆਵਾਂ ਨਾ ਸਿਰਫ਼ ਬ੍ਰਿਟਿਸ਼ ਫੌਜ ਦੀ ਤਾਕਤ ਨੂੰ ਪ੍ਰਭਾਵਿਤ ਕਰ ਰਹੀਆਂ ਹਨ, ਸਗੋਂ ਇਹ ਵੀ ਦਰਸਾਉਂਦੀਆਂ ਹਨ ਕਿ ਸਿਹਤ ਸੰਬੰਧੀ ਮੁੱਦੇ, ਖਾਸ ਕਰਕੇ ਦੰਦਾਂ ਤੇ ਚਮੜੀ ਦੀਆਂ ਸਮੱਸਿਆਵਾਂ, ਆਧੁਨਿਕ ਫੌਜੀ ਭਰਤੀ ਵਿੱਚ ਵੱਡੀ ਰੁਕਾਵਟ ਬਣ ਸਕਦੀਆਂ ਹਨ।**



ਯੁੱਧ ਦੀਆਂ ਸੱਟਾਂ ਨਾਲੋਂ ਦੰਦਾਂ ਦੀ ਸਮੱਸਿਆ ਵੱਡੀ-ਬ੍ਰਿਟਿਸ਼ ਡੈਂਟਲ ਐਸੋਸੀਏਸ਼ਨ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਅਫਗਾਨਿਸਤਾਨ ਅਤੇ ਇਰਾਕ ਵਿੱਚ ਯੁੱਧ ਦੌਰਾਨ ਲੱਗੀਆਂ ਸੱਟਾਂ ਦੀ ਤੁਲਨਾ ਵਿੱਚ ਦੰਦਾਂ ਦੀਆਂ ਸਮੱਸਿਆਵਾਂ ਸਿਪਾਹੀਆਂ ਲਈ ਵੱਡੀ ਮੁਸੀਬਤ ਸਾਬਤ ਹੋ ਰਹੀਆਂ ਹਨ। ਕੁਝ ਮਾਮਲਿਆਂ ਵਿੱਚ ਦੰਦਾਂ ਦੀ ਸਮੱਸਿਆ ਇੰਨੀ ਗੰਭੀਰ ਹੋ ਗਈ ਕਿ ਸਿਪਾਹੀਆਂ ਨੂੰ ਹੈਲੀਕਾਪਟਰਾਂ ਰਾਹੀਂ ਦੂਰ-ਦੁਰਾਡੇ ਦੇ ਫੌਜੀ ਅੱਡਿਆਂ ਤੋਂ ਕੈਂਪ ਬੈਸਟੀਅਨ ਵਰਗੇ ਸਥਾਨਾਂ 'ਤੇ ਇਲਾਜ ਲਈ ਲਿਜਾਣਾ ਪਿਆ। ਖੋਜਾਂ ਤੋਂ ਪਤਾ ਲੱਗਿਆ ਹੈ ਕਿ ਫੌਜ ਵਿੱਚ ਭਰਤੀ ਹੋਣ ਵਾਲੇ ਉਮੀਦਵਾਰਾਂ ਵਿੱਚ ਸਧਾਰਣ ਲੋਕਾਂ ਦੀ ਤੁਲਨਾ ਵਿੱਚ ਦੰਦਾਂ ਦੀਆਂ ਸਮੱਸਿਆਵਾਂ ਦੀ ਸੰਭਾਵਨਾ ਦੁੱਗਣੀ ਹੁੰਦੀ ਹੈ। ਅਧਿਐਨ ਅਨੁਸਾਰ, ਹਰ 1,000 ਸਿਪਾਹੀਆਂ ਵਿੱਚੋਂ 150 ਨੂੰ ਦੰਦਾਂ ਦੇ ਇਲਾਜ ਦੀ ਜ਼ਰੂਰਤ ਪੈਂਦੀ ਹੈ। ਇਸ ਦੇ ਪਿੱਛੇ ਸਮਾਜਿਕ-ਆਰਥਿਕ ਪਿਛੋਕੜ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ, ਜਿਸ ਵਿੱਚ ਗਰੀਬ ਜਾਂ ਕਮਜ਼ੋਰ ਵਰਗ ਦੇ ਲੋਕਾਂ ਨੂੰ ਇਹ ਸਮੱਸਿਆ ਵੱਧ ਪ੍ਰਭਾਵਿਤ ਕਰਦੀ ਹੈ।

ਚਮੜੀ ਦੀਆਂ ਸਮੱਸਿਆਵਾਂ ਵੀ ਘੱਟ ਨਹੀਂ-ਰੱਖਿਆ ਮੰਤਰਾਲੇ ਦੇ ਅੰਕੜਿਆਂ ਅਨੁਸਾਰ, ਮੈਡੀਕਲ ਅਧਾਰ 'ਤੇ ਅਯੋਗ ਘੋਸ਼ਿਤ ਕੀਤੇ ਗਏ ਲਗਭਗ ਅੱਧੇ ਉਮੀਦਵਾਰ ਮਾਨਸਿਕ ਸਿਹਤ ਸਮੱਸਿਆਵਾਂ ਕਾਰਨ ਸਨ। ਇਸ ਤੋਂ ਇਲਾਵਾ, ਮੁਹਾਸੇ, ਦਿਲ ਦੀਆਂ ਸਮੱਸਿਆਵਾਂ, ਐਲਰਜੀ ਅਤੇ ਪ੍ਰਜਨਨ ਸੰਬੰਧੀ ਵਿਗਾੜ ਵਰਗੀਆਂ ਸਮੱਸਿਆਵਾਂ ਕਾਰਨ ਵੀ ਕਈ ਉਮੀਦਵਾਰਾਂ ਨੂੰ ਰੱਦ ਕਰ ਦਿੱਤਾ ਗਿਆ। ਬ੍ਰਿਟਿਸ਼ ਫੌਜ ਦੀ ਭਰਤੀ ਪ੍ਰਕਿਰਿਆ ਦਾ ਪ੍ਰਬੰਧਨ ਕਰਨ ਵਾਲੀ ਕੰਪਨੀ ਕੈਪਿਟਾ ਨੇ ਦੱਸਿਆ ਕਿ ਭਰਤੀ ਦੇ ਮਾਪਦੰਡ ਬਹੁਤ ਸਖ਼ਤ ਹਨ, ਜਿਨ੍ਹਾਂ ਵਿੱਚ ਪੇਸ਼ੇਵਰ ਖਿਡਾਰੀ ਵੀ ਅਸਫਲ ਹੋ ਸਕਦੇ ਹਨ।

ਫੌਜ ਦੀ ਘਟਦੀ ਤਾਕਤ ਅਤੇ ਭਰਤੀ ਦੀਆਂ ਚੁਣੌਤੀਆਂ-ਕੈਪਿਟਾ ਨੇ ਸਾਲ 2023-24 ਲਈ 9,813 ਨਵੀਆਂ ਭਰਤੀਆਂ ਦਾ ਟੀਚਾ ਰੱਖਿਆ ਸੀ, ਪਰ ਪਿਛਲੇ ਸਾਲ ਅਪ੍ਰੈਲ ਤੋਂ ਹੁਣ ਤੱਕ ਸਿਰਫ਼ 5,000 ਉਮੀਦਵਾਰਾਂ ਨੂੰ ਹੀ ਭਰਤੀ ਕੀਤਾ ਜਾ ਸਕਿਆ। ਵਰਤਮਾਨ ਵਿੱਚ ਬ੍ਰਿਟਿਸ਼ ਫੌਜ ਦੀ ਤਾਕਤ 71,000 ਹੈ, ਜੋ ਸਾਲ 2000 ਦੀ 1,00,000 ਦੀ ਗਿਣਤੀ ਦੇ ਮੁਕਾਬਲੇ ਕਾਫੀ ਘੱਟ ਹੈ। ਰੱਖਿਆ ਸਕੱਤਰ ਜੌਨ ਹੀਲੀ ਨੇ ਕਿਹਾ ਹੈ ਕਿ ਸਿਪਾਹੀਆਂ ਦੀ ਘਟਦੀ ਗਿਣਤੀ ਨੂੰ ਵਧਾਉਣ ਵਿੱਚ ਸਮਾਂ ਲੱਗੇਗਾ। ਇਸ ਸਥਿਤੀ ਨੇ ਬ੍ਰਿਟਿਸ਼ ਫੌਜ ਦੀ ਭਰਤੀ ਪ੍ਰਕਿਰਿਆ ਅਤੇ ਸਿਹਤ ਸੰਬੰਧੀ ਮਾਪਦੰਡਾਂ 'ਤੇ ਸਵਾਲ ਖੜ੍ਹੇ ਕੀਤੇ ਹਨ।

# ਵਿਆਹ ਵਿਚ ਲੁਟੇਰੇ ਕੋਟ-ਪੈਂਟ ਪਾ ਕੇ ਮਹਿਮਾਨ ਬਣਕੇ ਆਏ !

## ✪ ਸ਼ਗਨਾਂ ਵਾਲੇ ਲਿਫ਼ਾਫੇ, ਨਕਦੀ ਤੇ ਸੋਨਾ ਲੈ ਕੇ ਉਡੇ

ਲੁਧਿਆਣਾ-ਫਿਰੋਜ਼ਪੁਰ ਰੋਡ ਪੀ.ਏ.ਯੂ. ਗੇਟ ਨੰਬਰ 2 ਦੇ ਸਾਹਮਣੇ ਸਥਿਤ ਲੀ ਬੈਰਨ ਹੋਟਲ ਵਿਚ ਇਕ ਰਿਸੈਪਸ਼ਨ ਦੌਰਾਨ ਕਾਲਾ ਕੋਟ-ਪੈਂਟ ਪਾ ਕੇ ਆਏ ਇਕ ਲੁਟੇਰੇ ਨੇ ਸਟੇਜ ਦੇ ਸਾਹਮਣੇ ਦੇ ਟੇਬਲ 'ਤੇ ਰੱਖੇ 2 ਪਰਸ ਚੋਰੀ ਕਰ ਲਏ। ਪਰਸ ਵਿਚ ਤਕਰੀਬਨ 3 ਲੱਖ ਰੁਪਏ ਨਕਦੀ, ਸ਼ਗਨ ਦੇ ਲਿਫ਼ਾਫੇ, ਸੋਨੇ ਤੇ ਚਾਂਦੀ ਦੇ ਗਹਿਣੇ ਸਨ। ਸ਼ਾਤਿਰ ਲੁਟੇਰਿਆਂ ਨੇ ਕੁਝ ਹੀ ਮਿੰਟਾਂ ਵਿਚ ਬੜੀ ਸਫ਼ਾਈ ਨਾਲ ਵਾਰਦਾਤ ਨੂੰ ਅੰਜਾਮ ਦਿੱਤਾ। ਇਸ ਵਿਚ ਉਸ ਦੇ 2 ਹੋਰ ਸਾਥੀ ਵੀ ਸ਼ਾਮਲ ਸਨ। ਪੀੜਤ ਨੇ ਇਸ ਵਿਚ ਲੀ ਬੈਰਨ ਹੋਟਲ ਦੇ ਵੇਟਰ ਤੇ ਮੁਲਾਜ਼ਮਾਂ ਦੇ ਰਲੇ ਹੋਣ ਦੇ ਦੋਸ਼ ਲਗਾਏ ਹਨ। ਸੂਚਨਾ ਮਿਲਣ 'ਤੇ ਥਾਣਾ ਡਵੀਜ਼ਨ ਨੰਬਰ 5 ਦੀ ਪੁਲਸ ਮੌਕੇ 'ਤੇ ਪਹੁੰਚੀ।

ਭਾਈ ਰਣਧੀਰ ਸਿੰਘ ਨਗਰ ਵਾਸੀ ਪੀੜਤ ਨਰਿੰਦਰ ਕੁਮਾਰ ਨੇ ਦੱਸਿਆ ਕਿ ਤਕਰੀਬਨ ਇਕ ਮਹੀਨਾ ਪਹਿਲਾਂ ਉਸ ਦੀ ਧੀ ਵੰਦਨਾ ਦਾ ਵਿਆਹ ਯੂਰੋਪ ਦੇ ਸਾਈਪ੍ਰਸ ਦੇ ਰਹਿਣ ਵਾਲੇ ਕੁਲਵਿੰਦਰ ਸਿੰਘ ਦੇ ਨਾਲ ਹੋਇਆ ਹੈ। ਵਿਆਹ ਮਗਰੋਂ ਧੀ-ਜਵਾਈ ਲੁਧਿਆਣਾ ਆਏ ਤਾਂ ਇਸ ਖ਼ੁਸ਼ੀ ਵਿਚ ਉਨ੍ਹਾਂ ਨੇ 29 ਅਗਸਤ ਨੂੰ ਵਿਆਹ ਦੀ ਰਿਸੈਪਸ਼ਨ ਫਿਰੋਜ਼ਪੁਰ ਰੋਡ ਸਥਿਤ ਹੋਟਲ ਲੀ ਬੈਰਨ ਵਿਚ ਰੱਖੀ ਸੀ।

ਇਸ ਵਿਚ ਕਾਫ਼ੀ ਮਹਿਮਾਨ ਤੇ ਰਿਸ਼ਤੇਦਾਰ ਸ਼ਾਮਲ ਹੋਏ। ਜਦੋਂ ਉਸ ਦੀ ਪਤਨੀ ਸੁਨੀਤਾ ਰਿਸ਼ਤੇਦਾਰਾਂ ਨੂੰ ਮਿਲਣ-ਜੁਲਣ ਵਿਚ ਮਸਰੂਫ਼ ਸੀ ਤਾਂ ਕਾਲੇ ਰੰਗ ਦਾ ਕੋਟ-ਪੈਂਟ ਪਾਏ ਇਕ ਲੁਟੇਰੇ ਨੇ ਉਸ ਦੀ ਪਤਨੀ ਤੇ ਭਾਬੀ ਦਾ ਪਰਸ ਚੋਰੀ ਕਰ ਲਿਆ ਤੇ ਤੁਰੰਤ ਹੋਟਲ ਤੋਂ ਬਾਹਰ ਨਿਕਲ ਗਿਆ।



ਪਰਸ ਵਿਚ ਤਕਰੀਬਨ 3 ਲੱਖ ਰੁਪਏ ਨਕਦ, 30 ਤੋਂ ਵੱਧ ਸ਼ਗਨ ਦੇ ਲਿਫ਼ਾਫੇ, 3 ਸੋਨੇ ਦੀਆਂ ਮੁੰਦਰੀਆਂ ਤੇ ਚਾਂਦੀ ਦੇ ਗਹਿਣੇ ਸਨ। ਉਸ ਦੀ ਭਾਬੀ ਨੇਹਾ ਦੇ ਪਰਸ ਵਿਚ ਵੀ ਹਜ਼ਾਰਾਂ ਰੁਪਏ ਸਨ। ਚੋਰੀ ਦੀ ਘਟਨਾ ਹੋਟਲ ਵਿਚ ਲੱਗੇ ਸੀ. ਸੀ. ਟੀ. ਵੀ. ਫੁਟੇਜ ਵਿਚ ਕੈਦ ਹੋ ਗਈ ਹੈ। ਇਸ ਵਿਚ ਕਾਲੇ ਰੰਗ ਦਾ ਕੋਟ ਪੈਂਟ ਪਾਈ ਇਕ ਚੋਰ ਪਰਸ ਚੋਰੀ ਕਰਦਾ ਹੋਇਆ ਸਾਫ਼ ਨਜ਼ਰ ਆ ਰਿਹਾ ਹੈ। ਚੋਰ ਨੇ ਬੜੀ ਸਫ਼ਾਈ ਨਾਲ ਟੇਬਲ 'ਤੇ ਪਏ ਦੋਵੇਂ ਪਰਸ ਕੋਟ ਦੇ ਥੱਲੇ ਲੁਕਾ ਲਏ ਤੇ ਬੜੇ ਆਰਾਮ ਨਾਲ ਹੋਟਲ ਤੋਂ ਬਾਹਰ ਨਿਕਲ ਕੇ ਫ਼ਰਾਰ ਹੋ ਗਿਆ।

ਪੀੜਤ ਨਰਿੰਦਰ ਦਾ ਕਹਿਣਾ ਹੈ ਕਿ ਚੋਰ ਦੇ 2 ਹੋਰ ਸਾਥੀ ਹੋਟਲ ਦੇ ਬਾਹਰ ਖੜ੍ਹੇ ਇੰਤਜ਼ਾਰ ਕਰ ਰਹੇ ਸਨ। ਜਦਕਿ ਉਨ੍ਹਾਂ ਨੇ ਹੋਟਲ ਦੇ ਅੰਦਰ ਕੰਮ ਕਰ ਰਹੇ ਵੇਟਰ ਤੇ ਹੋਰ ਸਟਾਫ਼ 'ਤੇ ਵਾਰਦਾਤ ਵਿਚ ਸ਼ਾਮਲ ਹੋਣ ਦਾ ਸ਼ੱਕ ਜ਼ਾਹਿਰ ਕੀਤਾ ਹੈ। ਜਾਂਚ ਅਧਿਕਾਰੀ ਮੋਹਨ ਲਾਲ ਨੇ ਦੱਸਿਆ ਕਿ ਪੁਲਸ ਨੇ ਨਰਿੰਦਰ ਕੁਮਾਰ ਦੇ ਬਿਆਨ 'ਤੇ ਅਣਪਛਾਤੇ ਚੋਰ ਦੇ ਖ਼ਿਲਾਫ਼ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਪ੍ਰੇਮ ਵਿਆਹ ਦੇ ਪ੍ਰਤੀਕਰਮ ਵਜੋਂ ਸਹੁਰਿਆਂ ਵੱਲੋਂ ਜਵਾਈ ਦਾ ਬੇਰਹਿਮੀ ਨਾਲ ਕਤਲ

ਖਡੂਰ ਸਾਹਿਬ-ਖਡੂਰ ਸਾਹਿਬ ਹਲਕੇ ਦੇ ਪਿੰਡ ਮੂਸੇ ਕਲਾਂ ਵਿਚ ਪ੍ਰੇਮ ਵਿਆਹ ਦਾ ਸਿਲਸਿਲਾ ਖੂਨੀ ਅੰਜਾਮ ਤੱਕ ਪਹੁੰਚ ਗਿਆ। ਪਿੰਡ ਦੇ ਰਹਿਣ ਵਾਲੇ ਨੌਜਵਾਨ ਗੁਰਪ੍ਰੀਤ ਸਿੰਘ ਗੋਰੀ ਦਾ ਉਸਦੇ ਹੀ ਸਹੁਰਿਆਂ ਨੇ ਬੇਰਹਿਮੀ ਨਾਲ ਕਤਲ ਕਰ ਦਿੱਤਾ।

ਜਾਣਕਾਰੀ ਮੁਤਾਬਕ, ਗੁਰਪ੍ਰੀਤ ਨੇ ਆਪਣੇ ਪਿੰਡ ਦੀ ਇੱਕ ਕੁੜੀ ਨਾਲ ਪ੍ਰੇਮ ਵਿਆਹ ਕੀਤਾ ਸੀ, ਜਿਸਦਾ ਪਰਿਵਾਰ ਇਸ ਰਿਸ਼ਤੇ ਦੇ ਵਿਰੋਧ ਵਿਚ ਸੀ। ਵਿਆਹ ਤੋਂ ਬਾਅਦ ਦੋਵੇਂ ਅੰਮ੍ਰਿਤਸਰ ਵਿੱਚ ਕਿਰਾਏ ਦੇ ਘਰ ਵਿੱਚ ਰਹਿਣ ਲੱਗ ਪਏ ਸਨ। ਬੀਤੇ ਦਿਨੀਂ ਕੁੜੀ ਦੇ ਪਰਿਵਾਰਕ ਮੈਂਬਰਾਂ ਗੁਰਬੀਰ ਸਿੰਘ ਗੋਰਾ ਵਾਸੀ ਭੁੱਚਰ ਕਲਾਂ, ਅਮਰਜੋਤ ਸਿੰਘ ਅੱਬਾ ਅਤੇ ਗੁਰਜੰਟ ਸਿੰਘ ਜੰਟਾ ਵਾਸੀ ਮੂਸੇ ਕਲਾਂ ਨੇ ਕਿਸੇ ਬਹਾਨੇ ਗੋਰੀ ਨੂੰ ਪਿੰਡ ਬੁਲਾਇਆ। ਉਥੋਂ ਉਹਨਾਂ ਨੇ ਉਸਨੂੰ ਪਿੰਡ ਪੰਜਵੜ ਨੂੰ ਜਾਣ ਵਾਲੀ ਲਿੰਕ ਸੜਕ ਨੇੜੇ ਝਾੜੀਆਂ ਵਿੱਚ ਲੈ ਜਾ ਕੇ ਗਲਾ ਘੁੱਟ ਕੇ ਮਾਰ ਦਿੱਤਾ। ਘਟਨਾ ਦੀ ਜਾਣਕਾਰੀ ਮਿਲਣ ਉਪਰੰਤ ਪੁਲਸ ਮੌਕੇ 'ਤੇ ਪਹੁੰਚੀ ਅਤੇ ਲਾਸ਼ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ।

ਐਸਐਸਪੀ ਦੇ ਹੁਕਮਾਂ 'ਤੇ ਸੀਆਈਏ ਸਟਾਫ਼ ਇੰਚਾਰਜ ਇੰਸਪੈਕਟਰ ਪ੍ਰਭਜੀਤ ਸਿੰਘ ਨੇ ਸਾਈਬਰ ਕ੍ਰਾਈਮ ਸੈੱਲ ਦੀ ਮਦਦ ਨਾਲ ਫ਼ੋਨ ਕਾਲ ਡਿਟੇਲ ਖੰਗਾਲੀਆਂ। ਜਾਂਚ ਵਿਚ ਸਾਹਮਣੇ ਆਇਆ ਕਿ ਗੁਰਪ੍ਰੀਤ ਦੇ ਸਾਲਿਆਂ ਅਮਰਜੋਤ ਸਿੰਘ ਜੋਤੀ ਅਤੇ ਗੁਰਜੰਟ ਸਿੰਘ ਜੰਟਾ ਨੇ ਉਸ ਦਾ ਕਤਲ ਕਰ ਦਿੱਤਾ। ਪੁਲਸ ਨੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਪੁੱਛਗਿੱਛ ਦੌਰਾਨ ਉਨ੍ਹਾਂ ਨੇ ਜੁਰਮ ਕਬੂਲ ਵੀ ਕਰ ਲਿਆ।

# ਅਮਰੀਕੀ ਫੌਜ ਨੂੰ ਨਵੇਂ ਸੈਨਿਕਾਂ ਦੀ ਭਰਤੀ ਵਿੱਚ ਆ ਰਹੀ ਹੈ ਵੱਡੀ ਮੁਸ਼ਕਲ

## ✪ ਅਮਰੀਕੀ ਫੌਜ ਨੇ ਟਿਕਟਾਕ ਨੂੰ ਬਣਾਇਆ ਭਰਤੀ ਦਾ ਹਥਿਆਰ ✪ ਜਨਰੇਸ਼ਨ ਜ਼ੈੱਡ ਨੂੰ ਲੁਭਾਉਣ ਵਾਲੀ ਨਵੀਂ ਰਣਨੀਤੀ

### ਨਿਊਜ਼ ਵਿਸ਼ਲੇਸ਼ਣ

ਅਮਰੀਕੀ ਫੌਜ ਨੂੰ ਨਵੇਂ ਸੈਨਿਕਾਂ ਦੀ ਭਰਤੀ ਵਿੱਚ ਵੱਡੀ ਮੁਸ਼ਕਲ ਆ ਰਹੀ ਸੀ। ਪਿਛਲੇ ਕੁਝ ਸਾਲਾਂ ਵਿੱਚ ਭਰਤੀ ਦੇ ਟੀਚੇ ਪੂਰੇ ਨਹੀਂ ਹੋ ਰਹੇ ਸਨ, ਪਰ ਹੁਣ ਫੌਜ ਨੇ ਇੱਕ ਨਵਾਂ ਤਰੀਕਾ ਅਪਣਾਇਆ ਹੈ - ਟਿਕਟਾਕ। ਇਹ ਚੀਨੀ ਐਪ, ਜਿਸ ਨੂੰ ਅਮਰੀਕੀ ਸਰਕਾਰ ਨੇ ਸੁਰੱਖਿਆ ਖਤਰਾ ਮੰਨਿਆ ਸੀ, ਹੁਣ ਫੌਜੀ ਭਰਤੀ ਦਾ ਅਹਿਮ ਹਿੱਸਾ ਬਣ ਗਿਆ ਹੈ। ਫੌਜ ਦੇ ਅਧਿਕਾਰੀ ਅਤੇ ਪ੍ਰਭਾਵਸ਼ਾਲੀ ਲੋਕ ਟਿਕਟਾਕ ਰਾਹੀਂ ਨੌਜਵਾਨਾਂ ਨੂੰ ਫੌਜ ਵਿੱਚ ਆਉਣ ਲਈ ਉਤਸ਼ਾਹਿਤ ਕਰ ਰਹੇ ਹਨ। ਇਹ ਰਣਨੀਤੀ ਕੰਮ ਵੀ ਕਰ ਰਹੀ ਹੈ, ਕਿਉਂਕਿ 2025 ਵਿੱਚ ਫੌਜ ਨੇ ਆਪਣੇ ਭਰਤੀ ਟੀਚੇ ਪੂਰੇ ਕਰ ਲਏ ਹਨ। ਪਰ ਇਸ ਨਾਲ ਵਿਵਾਦ ਵੀ ਵਧ ਰਹੇ ਹਨ। ਆਲੋਚਕ ਇਸ ਨੂੰ ਪ੍ਰਚਾਰ ਅਤੇ ਸੁਰੱਖਿਆ ਖਤਰਾ ਕਹਿ ਰਹੇ ਹਨ।

### ਟਿਕਟਾਕ ਨਾਲ ਜਨਰੇਸ਼ਨ ਜ਼ੈੱਡ ਨੂੰ ਲੁਭਾਉਣ ਵਾਲੀ ਰਣਨੀਤੀ

ਅਮਰੀਕੀ ਫੌਜ ਨੂੰ ਪਤਾ ਹੈ ਕਿ ਅੱਜ ਦੇ ਨੌਜਵਾਨ, ਖਾਸ ਕਰਕੇ ਜਨਰੇਸ਼ਨ ਜ਼ੈੱਡ (1997 ਤੋਂ ਬਾਅਦ ਜਨਮੇ), ਆਪਣਾ ਜ਼ਿਆਦਾਤਰ ਸਮਾਂ ਸੋਸ਼ਲ ਮੀਡੀਆ ਤੇ ਬਿਤਾਉਂਦੇ ਹਨ। ਟੀਵੀ ਇਸ਼ਤਿਹਾਰ ਜਾਂ ਪੋਸਟਰ ਨਹੀਂ ਚੱਲਦੇ, ਇਸ ਲਈ ਫੌਜ ਨੇ ਟਿਕਟਾਕ ਵੱਲ ਰੁਖ਼ ਕੀਤਾ ਹੈ। ਇੱਥੇ ਛੋਟੀਆਂ-ਛੋਟੀਆਂ ਮਨੋਰੰਜਕ ਵੀਡੀਓਜ਼ ਰਾਹੀਂ ਫੌਜੀ ਜੀਵਨ ਨੂੰ ਆਕਰਸ਼ਕ ਦਿਖਾਇਆ ਜਾਂਦਾ ਹੈ। ਫੌਜ ਦੇ ਅਧਿਕਾਰੀ ਅਤੇ ਸਾਬਕਾ ਸੈਨਿਕ ਵੀਡੀਓ ਬਣਾਉਂਦੇ ਹਨ ਜਿਨ੍ਹਾਂ ਵਿੱਚ ਵਿੱਤੀ ਸਥਿਰਤਾ, ਮੁਫ਼ਤ ਸਿੱਖਿਆ, ਸਿਹਤ ਸੇਵਾਵਾਂ ਅਤੇ ਵਿਸ਼ਵ ਯਾਤਰਾ ਵਰਗੇ ਲਾਭਾਂ ਨੂੰ ਉਜਾਗਰ ਕੀਤਾ ਜਾਂਦਾ ਹੈ। ਉਦਾਹਰਨ ਵਜੋਂ, ਫੌਜ ਨੇ ਸੋਸ਼ਲ ਮੀਡੀਆ ਇੰਫਲੂਐਂਸਰਾਂ ਨਾਲ ਸਾਂਝੀ ਕੀਤੀ ਹੈ ਜੋ ਨੌਜਵਾਨਾਂ ਨੂੰ ਫੌਜ ਵਿੱਚ ਆਉਣ ਲਈ ਪ੍ਰੇਰਿਤ ਕਰਦੇ ਹਨ। ਇੱਕ ਰਿਪੋਰਟ ਮੁਤਾਬਕ, ਫੌਜ ਨੇ 2025 ਵਿੱਚ 61,000 ਨਵੇਂ ਰਿਕਰੂਟਾਂ ਦਾ ਟੀਚਾ ਪੂਰਾ ਕੀਤਾ ਹੈ, ਜੋ ਪਿਛਲੇ ਸਾਲਾਂ ਨਾਲੋਂ ਵੱਡੀ ਕਾਮਯਾਬੀ ਹੈ। ਇਹ ਰਣਨੀਤੀ ਰਵਾਇਤੀ ਤਰੀਕਿਆਂ ਨਾਲੋਂ ਵਧੇਰੇ ਪ੍ਰਭਾਵੀ ਹੈ ਕਿਉਂਕਿ ਜਨਰੇਸ਼ਨ ਜ਼ੈੱਡ ਨੂੰ ਫੌਜੀ ਜੀਵਨ ਨੂੰ ਐਡਵੈਂਚਰ ਅਤੇ ਆਸਾਨ ਵਜੋਂ ਦਿਖਾਇਆ ਜਾਂਦਾ ਹੈ। ਟਿਕਟਾਕ ਤੇ ਫੌਜੀ ਇੰਫਲੂਐਂਸਰਾਂ ਦੇ ਲੱਖਾਂ ਫਾਲੋਅਰ ਹਨ ਜੋ ਨੌਜਵਾਨਾਂ ਨੂੰ ਫੌਜ ਵਿੱਚ ਕਰੀਅਰ ਵਜੋਂ ਵੇਖਣ ਲਈ ਮਜਬੂਰ ਕਰਦੇ ਹਨ। ਯਾਦ ਰਹੇ ਕਿ ਟਿਕਟਾਕ ਨੇ ਲਿੰਕਡਇਨ ਵਰਗੇ ਪਲੇਟਫਾਰਮਾਂ ਨੂੰ ਪਿੱਛੇ ਛੱਡ ਦਿੱਤਾ ਹੈ। ਫੌਜ ਨੇ ਇਸ ਨੂੰ ਇੱਕ ਨਵਾਂ ਯੁੱਗ ਵਜੋਂ ਵੇਖਿਆ ਹੈ ਜਿੱਥੇ ਨੌਜਵਾਨਾਂ ਨੂੰ ਉਨ੍ਹਾਂ ਦੇ ਪਲੇਟਫਾਰਮ ਤੇ ਮਿਲ ਕੇ ਭਰਤੀ ਕੀਤਾ ਜਾਂਦਾ ਹੈ। ਪਰ ਇਹ ਸਭ ਬਿਨਾਂ ਵਿਵਾਦ ਨਹੀਂ ਹੈ। ਫੌਜ ਨੂੰ ਪਤਾ ਹੈ ਕਿ ਨੌਜਵਾਨਾਂ ਨੂੰ ਫੌਜੀ ਜੀਵਨ ਦੇ ਖਤਰੇ ਨਹੀਂ ਦੱਸੇ ਜਾਂਦੇ, ਪਰ ਇਹ ਰਣਨੀਤੀ ਨੂੰ ਜਾਰੀ ਰੱਖ ਰਹੇ ਹਨ ਕਿਉਂਕਿ ਨਤੀਜੇ ਚੰਗੇ ਆ ਰਹੇ ਹਨ। ਇਸ ਨਾਲ ਭਰਤੀ ਵਿੱਚ ਸੁਧਾਰ ਹੋਇਆ ਹੈ ਅਤੇ ਫੌਜ ਨੂੰ ਨਵੇਂ ਲੋਕ ਮਿਲ ਰਹੇ ਹਨ। ਇਹ ਰਣਨੀਤੀ 2019 ਤੋਂ ਚੱਲ ਰਹੀ ਹੈ ਪਰ 2025 ਵਿੱਚ ਇਸ ਨੇ ਪੂਰੀ ਤਾਕਤ ਫੜ ਲਈ ਹੈ। ਫੌਜ ਨੇ ਇੰਫਲੂਐਂਸਰਾਂ ਨੂੰ ਟ੍ਰੇਨਿੰਗ ਵੀ ਦਿੱਤੀ ਹੈ ਤਾਂ ਜੋ ਉਹ ਫੌਜੀ ਜੀਵਨ ਨੂੰ ਸਹੀ ਤਰੀਕੇ ਨਾਲ ਪੇਸ਼ ਕਰਨ। ਇਸ ਨਾਲ ਨੌਜਵਾਨਾਂ ਵਿੱਚ ਫੌਜ ਪ੍ਰਤੀ ਰੁਚੀ ਵਧੀ ਹੈ ਅਤੇ ਭਰਤੀ ਕੇਂਦਰਾਂ ਤੇ ਆਉਣ ਵਾਲੇ ਵਧੇ ਹਨ। ਪਰ ਕੀ ਇਹ ਲੰਮੇ ਸਮੇਂ ਲਈ ਚੱਲੇਗਾ? ਇਹ ਵੇਖਣ ਵਾਲੀ ਗੱਲ ਹੈ।



**ਟਿਕਟਾਕ ਨੇ ਫੌਜੀ ਭਰਤੀ ਵਿੱਚ ਵੱਡਾ ਬਦਲਾਅ ਲਿਆਂਦਾ ਹੈ। 2025 ਵਿੱਚ ਫੌਜ ਨੇ ਟੀਚੇ ਪੂਰੇ ਕੀਤੇ ਹਨ ਅਤੇ ਇਸ ਨੂੰ ਇੰਫਲੂਐਂਸਰਾਂ ਦੀ ਮੱਦਦ ਨਾਲ ਵੇਖਿਆ ਜਾਂਦਾ ਹੈ ਪਰ ਭਵਿੱਖ ਵਿੱਚ ਚੁਣੌਤੀਆਂ ਹਨ। ਵਿਰੋਧ ਵਧ ਸਕਦਾ ਹੈ ਅਤੇ ਬੈਨ ਵੀ ਲੱਗ ਸਕਦਾ ਹੈ। ਫੌਜ ਨੂੰ ਨਵੇਂ ਤਰੀਕੇ ਲੱਭਣੇ ਪੈਣਗੇ। ਇਹ ਰਣਨੀਤੀ ਸੋਸ਼ਲ ਮੀਡੀਆ ਦੀ ਤਾਕਤ ਦਿਖਾਉਂਦੀ ਹੈ ਪਰ ਵਿਵਾਦ ਵੀ ਲਿਆਉਂਦੀ ਹੈ। ਭਵਿੱਖ ਵਿੱਚ ਫੌਜ ਨੂੰ ਸੰਤੁਲਨ ਬਣਾਉਣਾ ਪਵੇਗਾ। ਇਸ ਨਾਲ ਅਮਰੀਕੀ ਫੌਜ ਨੇ ਨਵਾਂ ਯੁੱਗ ਸ਼ੁਰੂ ਕੀਤਾ ਹੈ ਪਰ ਇਹ ਕਿੰਨਾ ਚੱਲੇਗਾ, ਵੇਖਣ ਵਾਲੀ ਗੱਲ ਹੈ।**

### ਟਿਕਟਾਕ ਤੇ ਫੌਜੀ ਭਰਤੀ ਦਾ ਹੋਇਆ ਵਿਰੋਧ

ਟਿਕਟਾਕ ਤੇ ਫੌਜੀ ਭਰਤੀ ਨੂੰ ਬਹੁਤ ਵਿਰੋਧ ਮਿਲ ਰਿਹਾ ਹੈ। ਮੁੱਖ ਕਾਰਨ ਹੈ ਸੁਰੱਖਿਆ ਚਿੰਤਾਵਾਂ ਹਨ। ਟਿਕਟਾਕ ਚੀਨੀ ਕੰਪਨੀ ਬਾਈਟਡਾਂਸ ਦੀ ਹੈ ਅਤੇ ਅਮਰੀਕੀ ਸੰਸਦ ਮੈਂਬਰ ਇਸ ਨੂੰ ਰਾਸ਼ਟਰੀ ਸੁਰੱਖਿਆ ਲਈ ਖਤਰਾ ਮੰਨਦੇ ਹਨ। ਸਰਕਾਰ ਨੇ ਇਸ ਨੂੰ ਸਰਕਾਰੀ ਡਿਵਾਈਸਾਂ ਤੇ ਬੈਨ ਕੀਤਾ ਹੈ, ਪਰ ਫੌਜੀ ਰਿਕਰੂਟਰ ਨਿੱਜੀ ਫੋਨਾਂ ਤੇ ਵਰਤ ਰਹੇ ਹਨ। ਆਲੋਚਕ ਕਹਿੰਦੇ ਹਨ ਕਿ ਇਹ ਚੀਨ ਨੂੰ ਅਮਰੀਕੀ ਡਾਟਾ ਪਹੁੰਚਾਉਂਦਾ ਹੈ। ਸੈਨੇਟਰ ਚੱਕ ਸ਼ੂਮਰ ਨੇ 2019 ਵਿੱਚ ਹੀ ਇਸ ਨੂੰ ਰੋਕਣ ਲਈ ਆਵਾਜ਼ ਉਠਾਈ ਸੀ। ਹੁਣ 2025 ਵਿੱਚ ਵੀ ਇਹ ਵਿਵਾਦ ਜਾਰੀ ਹੈ। ਦੂਜਾ ਕਾਰਨ ਹੈ ਫੌਜੀ ਜੀਵਨ ਦਾ ਗਲਤ ਚਿੱਤਰਣ। ਟਿਕਟਾਕ ਵੀਡੀਓਜ਼ ਵਿੱਚ ਖਤਰੇ, ਕੁਰਬਾਨੀਆਂ ਅਤੇ ਮਾਨਸਿਕ ਤਣਾਅ ਨੂੰ ਘੱਟ ਦਿਖਾਇਆ ਜਾਂਦਾ ਹੈ। ਨੌਜਵਾਨਾਂ ਨੂੰ ਗੁਮਰਾਹ ਕੀਤਾ ਜਾਂਦਾ ਹੈ। ਆਲੋਚਕਾਂ ਵਿੱਚ ਰਾਜਨੀਤਿਕ ਨੇਤਾ, ਮੀਡੀਆ ਅਤੇ ਸਾਬਕਾ ਫੌਜੀ ਸ਼ਾਮਲ ਹਨ। ਫੌਕਸ ਨਿਊਜ਼ ਨੇ ਇਸ ਨੂੰ ਪ੍ਰੋਪੇਗੰਡਾ ਕਿਹਾ ਹੈ। ਕੁਝ ਲੋਕ ਨੈਤਿਕ ਸਵਾਲ ਉਠਾਉਂਦੇ ਹਨ ਕਿ ਵਿਵਾਦਤ ਪਲੇਟਫਾਰਮ ਤੇ ਭਰਤੀ ਕਿਉਂ? ਖਾਸ ਕਰਕੇ ਜਨਰੇਸ਼ਨ ਜ਼ੈੱਡ ਨੂੰ ਨਿਸ਼ਾਨਾ ਬਣਾਉਣਾ ਗਲਤ ਹੈ ਜੋ ਖਤਰਿਆਂ ਨੂੰ ਪੂਰੀ ਤਰ੍ਹਾਂ ਨਹੀਂ ਸਮਝਦੇ। ਕੁਝ ਆਲੋਚਕ ਇਸ ਨੂੰ ਚੀਨੀ ਪ੍ਰਚਾਰ ਨਾਲ ਜੋੜਦੇ ਹਨ। ਇਸ ਨਾਲ ਫੌਜ ਵਿੱਚ ਅੱਤਵਾਦੀ ਵਿਚਾਰਾਂ ਵਾਲੇ ਲੋਕਾਂ ਦੀ ਭਰਤੀ ਦਾ ਖਤਰਾ ਵੀ ਵਧ ਰਿਹਾ ਹੈ। ਵਿਰੋਧੀ ਕਹਿੰਦੇ ਹਨ ਕਿ ਫੌਜ ਨੂੰ ਹੋਰ ਪਲੇਟਫਾਰਮ ਵਰਤਣੇ ਚਾਹੀਦੇ ਹਨ।

### ਇੰਟਰਨੈਸ਼ਨਲ ਮੀਡੀਆ ਵਿੱਚ ਚਰਚਾ ਅਤੇ ਵਿਸ਼ਲੇਸ਼ਣ

ਅਮਰੀਕੀ ਅਖਬਾਰਾਂ ਨੇ ਇਸ ਮੁੱਦੇ ਤੇ ਬਹੁਤ ਲਿਖਿਆ ਹੈ। 'ਦਿ ਗਾਰਡੀਅਨ' ਯੂਕੇ ਨੇ ਲਿਖਿਆ ਕਿ ਫੌਜ ਇੰਫਲੂਐਂਸਰਾਂ ਰਾਹੀਂ ਜਨਰੇਸ਼ਨ ਜ਼ੈੱਡ ਨੂੰ ਭਰਤੀ ਕਰ ਰਹੀ ਹੈ ਅਤੇ ਇਹ ਕਾਮਯਾਬ ਹੈ ਪਰ ਵਿਵਾਦਤ ਹੈ। 'ਦਿ ਇਕਨਾਮਿਸਟ' ਯੂਕੇ ਨੇ ਨੌਜਵਾਨ ਮਹਿਲਾ ਸੈਨਿਕਾਂ ਦੇ ਟਿਕਟਾਕ ਵੀਡੀਓਜ਼ ਬਾਰੇ ਲਿਖਿਆ ਕਿ ਇਹ ਭਰਤੀ ਵਧਾ ਰਹੇ ਹਨ ਪਰ ਸੰਸਦ ਇਸ ਨੂੰ ਖਤਰਾ ਮੰਨਦੀ ਹੈ। 'ਇਕਨਾਮਿਕ ਟਾਈਮਜ਼ ਯੂਕੇ' ਨੇ ਕਿਹਾ ਕਿ ਫੌਜ ਟਿਕਟਾਕ ਅਤੇ ਇੰਸਟਾਗ੍ਰਾਮ ਰਾਹੀਂ ਨੌਜਵਾਨਾਂ ਨੂੰ ਲੁਭਾ ਰਹੀ ਹੈ ਅਤੇ ਇਹ ਨਵਾਂ ਤਰੀਕਾ ਹੈ। ਫੌਕਸ ਨਿਊਜ਼ ਨੇ ਇਸ ਨੂੰ ਪ੍ਰੋਪੇਗੰਡਾ ਕਿਹਾ ਅਤੇ ਆਲੋਚਨਾ ਕੀਤੀ ਹੈ। 'ਰਾਇਟਰਜ਼' ਨੇ ਸੁਰੱਖਿਆ ਚਿੰਤਾਵਾਂ ਤੇ ਜ਼ੋਰ ਦਿੱਤਾ ਹੈ। ਅਖਬਾਰਾਂ ਕਹਿੰਦੀਆਂ ਹਨ ਕਿ ਇਹ ਰਣਨੀਤੀ ਚੰਗੀ ਹੈ ਪਰ ਖਤਰੇ ਵੀ ਹਨ। ਕੁਝ ਨੇ ਇਸ ਨੂੰ ਡਿਜੀਟਲ ਯੁੱਧ ਵਜੋਂ ਵੇਖਿਆ ਹੈ।'

# ਪੁਰਾਣੀ ਰੰਜਿਸ਼ ਤਹਿਤ ਕੈਫੇ ਮਾਲਕ 'ਤੇ 6 ਨੌਜਵਾਨਾਂ ਵਲੋਂ ਗੋਲੀਆਂ ਚਲਾਕੇ ਕੀਤਾ ਕਾਤਲਾਨਾ ਹਮਲਾ

ਅਨੰਦਪੁਰ ਸਾਹਿਬ-ਗੁਰੂ ਨਗਰੀ ਸ਼੍ਰੀ ਅਨੰਦਪੁਰ ਸਾਹਿਬ ਦੇ ਬੱਸ ਅੱਡਾ ਲਾਗੇ ਇੱਕ ਕੈਫੇ ਮਾਲਕ 'ਤੇ ਰਾਤ ਦੌਰਾਨ ਪੁਰਾਣੀ ਰੰਜਿਸ ਤਹਿਤ 6 ਨੌਜਵਾਨਾਂ ਵਲੋਂ ਕਿਰਪਾਨਾਂ ਨਾਲ ਹਮਲਾ ਕਰ ਦਿੱਤਾ। ਇਸ ਤੋਂ ਬਿਨ੍ਹਾਂ ਗੋਲੀਆਂ ਵੀ ਚਲਾਈਆਂ ਗਈਆਂ। ਥਾਣਾ ਮੁਖੀ ਇੰਸਪੈਕਟਰ ਦਾਨਿਸ਼ਵੀਰ ਸਿੰਘ ਨੇ ਦੱਸਿਆ ਕਿ ਬਲਵੰਤ ਸਿੰਘ ਚੱਕ ਹੋਲਗੜ੍ਹ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਹ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਦੀ ਮਾਰਕੀਟ ਵਿਚ ਮਨਿਆਰੀ ਦੀ ਦੁਕਾਨ ਕਰਦਾ ਹੈ ਅਤੇ ਉਸਨੇ ਤੇਜਿੰਦਰ ਕੁਮਾਰ ਮੁਹੱਲਾ ਕੁਰਾਲੀਵਾਲਾ ਨਾਲ ਰਲ ਕੇ ਬੱਸ ਅੱਡਾ ਲਾਗੇ 'ਚਾਏ ਹੈਕਰਾਂ' ਨਾਂ ਦਾ ਕੈਫੇ ਖੋਲਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਦੇਰ ਰਾਤ ਬਲਵੰਤ ਸਿੰਘ ਆਪਣੇ ਕੈਫੇ ਨੂੰ ਬੰਦ ਕਰਵਾਉਣ ਲਈ ਉੱਥੇ ਆਪਣੇ ਦੋਸਤ ਸੁਜੈਨ ਸ਼ਾਹ ਵਾਸੀ ਮਾਂਗੇਵਾਲ ਨਾਲ ਉੱਥੇ ਮੌਜੂਦ ਸੀ। ਐਨੇ ਨੂੰ ਇੱਕ ਫਾਰਚੂਨਰ ਅਤੇ ਐਕਸ ਯੂ.ਵੀ. ਮਾਡਲ ਦੀਆਂ ਦੋ ਗੱਡੀਆਂ ਉਨ੍ਹਾਂ ਦੇ ਕੈਫੇ ਦੇ ਸਾਹਮਣੇ ਰੁਕੀਆਂ। ਜਿਨ੍ਹਾਂ ਵਿਚ ਅਰਸ਼ੀ ਮਟੌਰ, ਧਰਮਵੀਰ ਰਾਜਾ, ਨੀਰਜ ਮੀਢਵਾਂ, ਮਨਿੰਦਰ ਮਨੀ ਅਤੇ ਵਾਸੂ ਆਦਿ ਗੱਡੀਆਂ ਵਿੱਚੋਂ ਉਤਰ ਕੇ ਉਨ੍ਹਾਂ ਦੇ ਕੈਫੇ ਅੰਦਰ ਦਾਖਲ ਹੋ ਗਏ। ਇਸ ਤੋਂ ਬਾਅਦ ਆਉਂਦੇ ਸਾਰ ਹੀ ਅਰਸ਼ੀ ਵਲੋਂ ਉਸ 'ਤੇ ਤਲਵਾਰ ਰਾਹੀ ਵਾਰ ਕੀਤਾ। ਜ਼ੋ ਉਸਦੀ ਸੱਜੀ ਬਾਂਹ ਦੇ ਗੁੱਟ 'ਤੇ ਵੱਜਾ। ਇਸ ਤੋਂ ਬਾਅਦ ਰਾਜੇ ਵਲੋਂ ਵੀ ਉਸਤੇ ਕਿਰਪਾਨ ਰਾਹੀਂ ਵਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਕੈਫੇ ਦੇ ਬਾਹਰ ਆਪਣੀ ਗੱਡੀ ਕੋਲ ਖੜ੍ਹੇ ਵਿਕਾਸ਼ ਸ਼ਰਮਾ ਬਿੱਲਾ, ਵਾਸੀ ਪਿੰਡ ਗੰਗੂਵਾਲ ਅਤੇ ਵਾਸੂ ਵਲੋਂ ਆਪਣੇ ਹੱਥਾਂ ਵਿਚ ਫੜ੍ਹੇ ਰਿਵਾਲਵਰਾਂ ਨਾਲ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਇਸ ਤੋਂ ਬਾਅਦ ਲੋਕ ਇਕੱਠੇ ਹੋ ਗਏ ਅਤੇ ਇਹ ਨੌਜੁਆਨ ਕੈਫੇ ਤੋਂ ਬਾਹਰ ਭੱਜ ਕੇ ਆਪਣੇ ਹਥਿਆਰਾਂ ਸਮੇਤ ਧਮਕੀਆਂ ਦਿੰਦੇ ਹੋਏ, ਉੱਥੋ ਰਫੂ ਚੱਕਰ ਹੋ ਗਏ।

ਉਨ੍ਹਾਂ ਦੱਸਿਆ ਕਿ ਧਰਮਵੀਰ ਨਾਲ ਉਸਦਾ ਪਹਿਲਾਂ ਵੀ ਲੜਾਈ ਝਗੜਾ ਹੋਇਆ ਸੀ। ਅਤੇ ਮਾਮਲਾ ਅਦਾਲਤ ਵਿੱਚ ਵਿਚਾਰ ਅਧੀਨ ਹੈ। ਜਖਮੀ ਬਲਵੰਤ ਸਿੰਘ ਹਸਪਤਾਲ ਵਿਖੇ ਜੇਰੇ ਇਲਾਜ ਹੈ। ਪੁਲਿਸ ਵਲੋਂ ਅਰਸ਼ੀ, ਧਰਮਵੀਰ, ਮਨਿੰਦਰ, ਨੀਰਜ, ਵਿਕਾਸ਼ ਸ਼ਰਮਾ ਅਤੇ ਵਾਸ਼ੂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਭਾਰਤ-ਕੈਨੇਡਾ ਸਬੰਧਾਂ ਵਿੱਚ ਨਵੀਂ ਸ਼ੁਰੂਆਤ: ਹਾਈ ਕਮਿਸ਼ਨਰਾਂ ਦੀ ਨਿਯੁਕਤੀ ਨਾਲ ਤਣਾਅ ਘਟਿਆ

## ਨਿਊਜ਼ ਵਿਸ਼ਲੇਸ਼ਣ

**✪ ਅਮਰੀਕੀ ਟੈਰਿਫਾਂ ਦਾ ਅਸਰ: ਭਾਰਤ-ਕੈਨੇਡਾ ਨੂੰ ਨੇੜੇ ਲਿਆਉਣ ਵਾਲਾ ਕਾਰਨ**

**✪ ਸਬੰਧ ਸੁਧਾਰਨ ਲਈ ਯਤਨ: ਜੀ7 ਅਤੇ ਡਿਪਲੋਮੈਟਿਕ ਗੱਲਬਾਤ ਦੀ ਭੂਮਿਕਾ**



ਭਾਰਤ ਅਤੇ ਕੈਨੇਡਾ ਵਿਚਕਾਰ ਸਬੰਧਾਂ ਵਿੱਚ ਲੰਮੇ ਸਮੇਂ ਤੋਂ ਚੱਲ ਰਹੇ ਤਣਾਅ ਤੋਂ ਬਾਅਦ ਹੁਣ ਨਵੀਂ ਰੌਸ਼ਨੀ ਵਿਖਾਈ ਦੇ ਰਹੀ ਹੈ। ਦੋਹਾਂ ਦੇਸ਼ਾਂ ਨੇ ਇੱਕੋ ਸਮੇਂ ਆਪਣੇ ਨਵੇਂ ਹਾਈ ਕਮਿਸ਼ਨਰਾਂ ਦੀ ਨਿਯੁਕਤੀ ਕੀਤੀ ਹੈ, ਜੋ ਕਿ ਸਬੰਧਾਂ ਨੂੰ ਮੁੜ ਬਹਾਲ ਕਰਨ ਦਾ ਵੱਡਾ ਸੰਕੇਤ ਹੈ। ਖਾਲਿਸਤਾਨ ਵਿਵਾਦ ਅਤੇ ਨਿੱਝਰ ਕਤਲ ਵਿਵਾਦ ਕਾਰਨ ਪਿਛਲੇ ਦੋ ਸਾਲਾਂ ਵਿੱਚ ਠੰਢੇ ਪਏ ਰਿਸ਼ਤੇ ਹੁਣ ਹੌਲੀ-ਹੌਲੀ ਪਟੜੀ ਤੇ ਆ ਰਹੇ ਹਨ। ਭਾਰਤ ਨੇ ਸੀਨੀਅਰ ਡਿਪਲੋਮੈਟ ਦਿਨੇਸ਼ ਕੇ. ਪਟਨਾਇਕ ਨੂੰ ਕੈਨੇਡਾ ਵਿੱਚ ਨਵਾਂ ਹਾਈ ਕਮਿਸ਼ਨਰ ਨਿਯੁਕਤ ਕੀਤਾ ਹੈ, ਜਦਕਿ ਕੈਨੇਡਾ ਨੇ ਕ੍ਰਿਸਟੋਫਰ ਕੂਟਰ ਨੂੰ ਭਾਰਤ ਵਿੱਚ ਆਪਣਾ ਨਵਾਂ ਨੁਮਾਇੰਦਾ ਬਣਾਇਆ ਹੈ। ਇਹ ਨਿਯੁਕਤੀਆਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਲਾਏ ਗਏ ਭਾਰੀ ਟੈਰਿਫਾਂ ਦੇ ਪ੍ਰਭਾਵ ਵਿੱਚ ਵੀ ਵੇਖੀਆਂ ਜਾ ਰਹੀਆਂ ਹਨ।

### ਭਾਰਤ-ਕੈਨੇਡਾ ਸਬੰਧਾਂ ਵਿੱਚ ਸੁਧਾਰ ਦੇ ਸੰਕੇਤ ਅਤੇ ਨਵੀਂ ਨਿਯੁਕਤੀਆਂ

ਭਾਰਤ ਅਤੇ ਕੈਨੇਡਾ ਵਿਚਕਾਰ ਰਿਸ਼ਤੇ ਪਿਛਲੇ ਦੋ ਸਾਲਾਂ ਵਿੱਚ ਬਹੁਤ ਨੀਵੇਂ ਪੱਧਰ ਤੇ ਆ ਗਏ ਸਨ। 2023 ਵਿੱਚ ਖਾਲਿਸਤਾਨੀ ਨੇਤਾ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਕੈਨੇਡਾ ਨੇ ਭਾਰਤੀ ਡਿਪਲੋਮੈਟਾਂ ਤੇ ਇਸ ਕਤਲ ਦਾਸ਼ੱਕ ਜ਼ਾਹਿਰ ਕੀਤਾ ਸੀ, ਜਿਸ ਨਾਲ ਦੋਹਾਂ ਦੇਸ਼ਾਂ ਨੇ ਇੱਕ ਦੂਜੇ ਦੇ ਡਿਪਲੋਮੈਟਾਂ ਨੂੰ ਕੱਢ ਦਿੱਤਾ ਅਤੇ ਵੀਜ਼ਾ ਸੇਵਾਵਾਂ ਬੰਦ ਕਰ ਦਿੱਤੀਆਂ। ਇਸ ਨਾਲ ਵਪਾਰ, ਵਿਦਿਆਰਥੀ ਵੀਜ਼ੇ ਅਤੇ ਪ੍ਰਵਾਸੀ ਭਾਈਚਾਰੇ ਨੂੰ ਵੱਡਾ ਝਟਕਾ ਲੱਗਾ। ਪਰ 2025 ਵਿੱਚ ਚੀਜ਼ਾਂ ਬਦਲੀਆਂ। ਜਨਵਰੀ ਤੋਂ ਹੀ ਸੰਕੇਤ ਮਿਲ ਰਹੇ ਸਨ ਕਿ ਸਬੰਧਾਂ ਵਿੱਚ ਸੁਧਾਰ ਹੋ ਰਿਹਾ ਹੈ। 28 ਅਗਸਤ ਨੂੰ ਦੋਹਾਂ ਨੇ ਨਵੇਂ ਹਾਈ ਕਮਿਸ਼ਨਰਾਂ ਦਾ ਐਲਾਨ ਕੀਤਾ। ਭਾਰਤ ਨੇ ਦਿਨੇਸ਼ ਕੇ. ਪਟਨਾਇਕ ਨੂੰ ਓਟਾਵਾ ਭੇਜਿਆ, ਜੋ 1990 ਬੈਚ ਦੇ ਆਈਐੱਫਐੱਸ ਅਧਿਕਾਰੀ ਹਨ ਅਤੇ ਸਪੇਨ ਵਿੱਚ ਰਾਜਦੂਤ ਰਹਿ ਚੁੱਕੇ ਹਨ। ਉਨ੍ਹਾਂ ਨੂੰ ਬੀਜਿੰਗ, ਢਾਕਾ ਅਤੇ ਵਿਏਨਾ ਵਰਗੇ ਮਿਸ਼ਨਾਂ ਵਿੱਚ ਤਜਰਬਾ ਹੈ। ਕੈਨੇਡਾ ਨੇ ਕ੍ਰਿਸਟੋਫਰ ਕੂਟਰ ਨੂੰ ਨਵੀਂ ਦਿੱਲੀ ਭੇਜਿਆ, ਜੋ ਦੱਖਣੀ ਅਫਰੀਕਾ ਅਤੇ ਇਜ਼ਰਾਈਲ ਵਿੱਚ ਕੰਮ ਕਰ ਚੁੱਕੇ ਹਨ। ਇਹ ਨਿਯੁਕਤੀਆਂ ਪਿਛਲੇ 10 ਮਹੀਨਿਆਂ ਤੋਂ ਖਾਲੀ ਪਏ ਅਹੁਦਿਆਂ ਨੂੰ ਭਰਨ ਵਾਲੀਆਂ ਹਨ। ਰਾਇਟਰਜ਼ ਨੇ ਇਸ ਨੂੰ ਸਬੰਧਾਂ ਵਿੱਚ ਸੁਧਾਰ ਦਾ ਵੱਡਾ ਕਦਮ ਦੱਸਿਆ ਹੈ। ਵਾਸ਼ਿੰਗਟਨ ਪੋਸਟ ਨੇ ਲਿਖਿਆ ਕਿ ਇਹ ਡਿਪਲੋਮੈਟਾਂ ਨੂੰ ਵਾਪਸ ਬੁਲਾਉਣ ਤੋਂ ਬਾਅਦ ਪਹਿਲੀ ਵੱਡੀ ਸੁਧਾਰਕ ਗੱਲ ਹੈ। ਬਾਈਲੈਟਰਲ ਵਪਾਰ ਵੀ ਵਧ ਰਿਹਾ ਹੈ - 2025 ਦੇ ਪਹਿਲੇ ਪੰਜ ਮਹੀਨਿਆਂ ਵਿੱਚ 5.48 ਬਿਲੀਅਨ ਕੈਨੇਡੀਅਨ ਡਾਲਰ ਦਾ ਵਪਾਰ ਹੋਇਆ। ਇਹ ਸੰਕੇਤ ਦਿੰਦਾ ਹੈ ਕਿ ਰਿਸ਼ਤੇ ਸੁਧਰ ਰਹੇ ਹਨ, ਪਰ ਅਜੇ ਵੀ ਖਾਲਿਸਤਾਨੀ ਮਸਲੇ ਬਾਰੇ ਭਾਰਤ ਦੀਆਂ ਚਿੰਤਾਵਾਂ ਬਾਕੀ ਹਨ। ਭਾਰਤ ਨੂੰ ਕੈਨੇਡਾ ਵਿੱਚ ਖਾਲਿਸਤਾਨੀ ਗਤੀਵਿਧੀਆਂ ਤੇ ਇਤਰਾਜ਼ ਹੈ, ਜਦਕਿ ਕੈਨੇਡਾ ਆਪਣੇ ਨਾਗਰਿਕਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ। ਫਿਰ ਵੀ, ਇਹ ਨਵੀਂ ਸ਼ੁਰੂਆਤ ਵਪਾਰ ਅਤੇ ਡਿਪਲੋਮੈਸੀ ਲਈ ਚੰਗੀ ਹੈ।

### ਅਮਰੀਕੀ ਟੈਰਿਫਾਂ ਦਾ ਪ੍ਰਭਾਵ: ਦੋਹਾਂ ਦੇਸ਼ਾਂ ਨੂੰ ਨੇੜੇ ਲਿਆਉਣ ਵਾਲਾ ਕਾਰਨ?

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ 2025 ਵਿੱਚ ਭਾਰਤ ਤੇ 50 ਫੀਸਦੀ ਟੈਰਿਫ ਲਾ ਦਿੱਤੇ, ਜੋ ਕਿ ਭਾਰੀ ਨੁਕਸਾਨ ਕਰ ਰਹੇ ਹਨ। ਇਹ ਟੈਰਿਫ ਭਾਰਤੀ ਨਿਰਯਾਤ ਦੇ ਦੋ ਤਿਹਾਈ ਹਿੱਸੇ ਤੇ ਲੱਗੇ ਹਨ, ਜਿਸ ਨਾਲ ਨੌਕਰੀਆਂ ਅਤੇ ਆਰਥਿਕ ਵਿਕਾਸ ਨੂੰ ਖਤਰਾ ਹੈ। ਗਾਰਡੀਅਨ ਨੇ ਲਿਖਿਆ ਕਿ ਇਹ ਟੈਰਿਫ ਭਾਰਤ ਨੂੰ ਅਮਰੀਕੀ ਮੰਡੀ ਤੋਂ ਦੂਰ ਕਰ ਰਹੇ ਹਨ। ਅਲ ਜਜ਼ੀਰਾ ਨੇ ਕਿਹਾ ਕਿ ਇਹ ਬਿਲੀਅਨ ਡਾਲਰਾਂ ਦੇ ਵਪਾਰ ਨੂੰ ਪ੍ਰਭਾਵਿਤ ਕਰ ਰਹੇ ਹਨ ਅਤੇ ਵਾਸ਼ਿੰਗਟਨ-ਨਵੀਂ ਦਿੱਲੀ ਰਿਸ਼ਤੇ ਨੂੰ ਖਤਰੇ ਵਿੱਚ ਪਾ ਰਹੇ ਹਨ। ਕੈਨੇਡਾ ਵੀ ਟਰੰਪ ਦੇ ਟੈਰਿਫਾਂ ਦਾ ਸਾਹਮਣਾ ਕਰ ਰਿਹਾ ਹੈ। ਇਸ ਸਾਂਝੇ ਖਤਰੇ ਨੇ ਭਾਰਤ ਅਤੇ ਕੈਨੇਡਾ ਨੂੰ ਨੇੜੇ ਲਿਆਂਦਾ ਹੈ। ਭਾਰਤ ਅਤੇ ਕੈਨੇਡਾ ਹੁਣ ਵਪਾਰ ਸਮਝੌਤੇ ਤੇ ਗੱਲ ਕਰ ਰਹੇ ਹਨ ਤਾਂ ਜੋ ਅਮਰੀਕੀ ਮੰਡੀ ਦੇ ਨੁਕਸਾਨ ਨੂੰ ਪੂਰਾ ਕੀਤਾ ਜਾ ਸਕੇ। ਇਹ ਟੈਰਿਫ ਭਾਰਤ ਨੂੰ ਸਵੈ-ਨਿਰਭਰ ਬਣਾਉਣ ਲਈ ਵੀ ਪ੍ਰੇਰਿਤ ਕਰ ਰਹੇ ਹਨ, ਪਰ ਕੈਨੇਡਾ ਨਾਲ ਨਵੇਂ ਰਿਸ਼ਤੇ ਬਣਾਉਣਾ ਵੀ ਜ਼ਰੂਰੀ ਹੈ। ਮਾਹਿਰ ਕਹਿੰਦੇ ਹਨ ਕਿ ਇਹ ਅਮਰੀਕੀ ਨੀਤੀਆਂ ਕਾਰਨ ਹੋ ਰਿਹਾ ਹੈ, ਜਿਸ ਨਾਲ ਦੋਹਾਂ ਨੂੰ ਇੱਕ ਦੂਜੇ ਤੇ ਨਿਰਭਰ ਕਰਨਾ ਪੈ ਰਿਹਾ ਹੈ। ਫਾਈਨੈਂਸ਼ੀਅਲ ਪੋਸਟ ਨੇ ਇਸ ਨੂੰ ਅਮਰੀਕੀ ਟੈਰਿਫਾਂ ਨਾਲ ਜੋੜਿਆ ਹੈ। ਇਸ ਤਰ੍ਹਾਂ, ਅਮਰੀਕੀ ਟੈਰਿਫਾਂ ਨੇ ਅਚਾਨਕ ਹੀ ਭਾਰਤ-ਕੈਨੇਡਾ ਨੂੰ ਨੇੜੇ ਲਿਆ ਦਿੱਤਾ ਹੈ।

### ਦੋਹਾਂ ਦੇਸ਼ਾਂ ਵੱਲੋਂ ਸਬੰਧ ਸੁਧਾਰਨ ਲਈ ਕੀਤੇ ਗਏ ਯਤਨ

ਭਾਰਤ ਅਤੇ ਕੈਨੇਡਾ ਨੇ ਸਬੰਧ ਸੁਧਾਰਨ ਲਈ ਕਈ ਯਤਨ ਕੀਤੇ ਹਨ। ਜੂਨ 2025 ਵਿੱਚ ਜੀ7 ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਮੁਲਾਕਾਤ ਕੀਤੀ ਅਤੇ ਰਿਸ਼ਤੇ ਰੀਸੈੱਟ ਕਰਨ ਤੇ ਸਹਿਮਤੀ ਜਤਾਈ। ਬਲੂਮਬਰਗ ਨੇ ਇਸ ਨੂੰ ਨਵਾਂ ਮੌਕਾ ਦੱਸਿਆ। ਟਰੂਡੋ ਦੇ ਅਹੁਦਾ ਛੱਡਣ ਤੋਂ ਬਾਅਦ ਕਾਰਨੀ ਨੇ ਨੀਤੀ ਬਦਲੀ ਅਤੇ ਭਾਰਤ ਨਾਲ ਗੱਲਬਾਤ ਵਧਾਈ ਸੀ। ਮਈ 2025 ਵਿੱਚ ਭਾਰਤੀ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਤੇ ਕੈਨੇਡੀਅਨ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਪਹਿਲੀ ਫੋਨ ਕਾਲ ਕੀਤੀ, ਜੋ ਸੁਧਾਰ ਦਾ ਸੰਕੇਤ ਸੀ। ਡੀਡਬਲਿਊ ਨੇ ਇਸ ਨੂੰ ਟਰੂਡੋ ਯੁੱਗ ਤੋਂ ਬਾਅਦ ਸੁਧਾਰ ਵਜੋਂ ਵੇਖਿਆ। ਜੂਨ ਵਿੱਚ ਦੋਹਾਂ ਨੇ ਹਾਈ ਕਮਿਸ਼ਨਾਂ ਨੂੰ ਮੁੜ ਬਹਾਲ ਕਰਨ ਤੇ ਸਹਿਮਤੀ ਪ੍ਰਗਟਾਈ ਸੀ। ਮਾਹਿਰਾਂ ਨੇ ਕਿਹਾ ਕਿ ਇਹ ਆਰਥਿਕ ਲਾਭ ਲਈ ਹੈ। ਏਸ਼ੀਆ ਪੈਸੀਫਿਕ ਫਾਊਂਡੇਸ਼ਨ ਨੇ ਸੁਰੱਖਿਆ ਅਤੇ ਵਪਾਰ ਤੇ ਸਹਿਯੋਗ ਵਧਾਉਣ ਦੀ ਗੱਲ ਕੀਤੀ। ਇਕਨੌਮਿਕ ਟਾਈਮਜ਼ ਨੇ 2025 ਨੂੰ ਰਿਕਵਰੀ ਦਾ ਸਾਲ ਕਿਹਾ। ਮਾਹਿਰ ਮੰਨਦੇ ਹਨ ਕਿ ਅਮਰੀਕੀ ਟੈਰਿਫਾਂ ਨੇ ਇਸ ਨੂੰ ਤੇਜ਼ ਕੀਤਾ ਹੈ, ਪਰ ਲੰਮੇ ਸਮੇਂ ਲਈ ਸੁਰੱਖਿਆ ਮਸਲੇ ਹੱਲ ਕਰਨੇ ਪੈਣਗੇ।

## ਲੁਟੇਰਿਆਂ ਨੇ ਪੁਲਸ 'ਤੇ ਕਰ'ਤੀ ਫਾਇਰਿੰਗ, ਦੋ ਲੁਟੇਰੇ ਗ੍ਰਿਫਤਾਰ

ਜਲੰਧਰ-ਜਲੰਧਰ ਤੋਂ ਗੋਲੀਬਾਰੀ ਦੀ ਵੱਡੀ ਖਬਰ ਸਾਹਮਣੇ ਆਈ ਹੈ। ਸ਼ਹਿਰ ਦੇ ਆਦਰਸ਼ ਨਗਰ ਵਿੱਚ ਚੋਰੀ ਹੋਈ ਕਾਰ ਬਰਾਮਦ ਕਰਨ ਗਈ ਪੁਲਸ 'ਤੇ ਲੁਟੇਰਿਆਂ ਨੇ ਗੋਲੀਆਂ ਚਲਾ ਦਿੱਤੀਆਂ। ਜਵਾਬੀ ਕਾਰਵਾਈ ਵਿੱਚ ਪੁਲਸ ਨੇ ਦੋ ਲੁਟੇਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਬਰਾਮਦ ਕੀਤੀ ਗਈ ਗੱਡੀ ਦੇ ਮਾਲਕ ਦਾ ਨਾਂ ਪਰਮਜੀਤ ਸਿੰਘ ਹੈ। ਦੋਵੇਂ ਦੋਸ਼ੀ ਰਈਆ ਦੇ ਰਹਿਣ ਵਾਲੇ ਹਨ ਜੋ ਹਰਨਾਮਦਾਸਪੁਰਾ ਦੇ ਇੱਕ ਵਿਅਕਤੀ ਤੋਂ ਕਾਰ ਲੁੱਟ ਕੇ ਰਈਆ ਭੱਜ ਗਏ ਸਨ। ਸੀਆਈਏ ਸਟਾਫ ਤੁਰੰਤ ਹਰਕਤ ਵਿੱਚ ਆਇਆ ਅਤੇ ਦੋਸ਼ੀਆਂ ਦੀ ਭਾਲ ਕਰ ਉਨ੍ਹਾਂ ਦੇ ਟਿਕਾਣੇ 'ਤੇ ਪਹੁੰਚੀ। ਜਿਥੇ ਅਪਰਾਧੀਆਂ ਨੇ ਪੁਲਸ 'ਤੇ ਗੋਲੀਆਂ ਚਲਾ ਦਿੱਤੀਆਂ। ਜਵਾਬੀ ਕਾਰਵਾਈ ਵਿੱਚ ਪੁਲਸ ਨੇ ਗੋਲੀਬਾਰੀ ਕੀਤੀ ਅਤੇ ਦੋਵਾਂ ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰ ਲਿਆ।

## ਨਸ਼ੇ ਦੇ ਸਬੰਧ ਵਿਚ ਔਰਤ ਸਣੇ ਦੋ ਮੁਲਜ਼ਮ ਫੜੇ, ਮਾਮਲਾ ਦਰਜ

ਫਗਵਾੜਾ-ਥਾਣਾ ਸਿਟੀ ਪੁਲਿਸ ਵਲੋਂ ਨਸ਼ੇ ਦੇ ਸਬੰਧੁ ਵਿਚ ਵੱਖ-ਵੱਖ ਮਾਮਲਿਆਂ ਵਿਚ ਔਰਤ ਸਮੇਤ 2 ਮੁਲਜ਼ਮਾਂ ਨੂੰ ਕਾਬੂ ਕੀਤਾ ਗਿਆ ਪਹਿਲੇ ਮਾਮਲੇ ਵਿਚ ਏਐੱਸਆਈ ਸੁਨੀਲ ਕੁਮਾਰ ਨੇ ਜਾਣਕਾਰੀ ਦਿੱਤੀ ਕਿ ਜਦੋਂ ਉਹ ਸਮੇਤ ਪੁਲਿਸ ਪਾਰਟੀ ਗਸ਼ਤ ਦੌਰਾਨ ਬੰਗਾ ਰੋਡ ਪਟਵਾਰਖਾਨਾ ਨੇੜੇ ਪੁੱਜੇ ਤਾਂ ਹੱਥ ਵਿਚ ਮੋਮੀ ਲਿਫ਼ਾਫ਼ਾ ਫੜੀ ਇਕ ਔਰਤ ਨੂੰ ਖੜ੍ਹੇ ਦੇਖਿਆ ਜੋ ਪੁਲਿਸ ਨੂੰ ਦੇਖ ਕੇ ਘਬਰਾ ਕੇ ਮੁੜਨ ਲੱਗੀ । ਜਿਸ ਨੂੰ ਪੁਲਿਸ ਪਾਰਟੀ ਵੱਲੋਂ ਸ਼ੱਕ ਪੈਣ 'ਤੇ ਜਾਂਚ ਕੀਤੀ। ਉਸ ਨੇ ਆਪਣਾ ਨਾਂ ਆਸ਼ਾ ਫਗਵਾੜਾ ਦਸਿਆ ਜਦੋਂ ਪੁਲਿਸ ਪਾਰਟੀ ਵੱਲੋਂ ਲਿਫਾਫੇ ਨੂੰ ਚੈੱਕ ਕੀਤਾ ਤਾਂ ਉਸ ਵਿੱਚੋਂ 22 ਪਾਬੰਦੀਸ਼ੁਦਾ ਗੋਲੀਆਂ ਬਰਾਮਦ ਹੋਈਆਂ ਇਸੇ ਤਰ੍ਹਾਂ ਦੂਜੇ ਮਾਮਲੇ ਵਿਚ ਏਐੱਸਆਈ ਦਰਸ਼ਨ ਸਿੰਘ ਵਲੋਂ ਸਮੇਤ ਪੁਲਿਸ ਪਾਰਟੀ ਗੁਪਤ ਸੂਚਨਾ ਦੇ ਆਧਾਰ 'ਤੇ ਇਕ ਨੌਜਵਾਨ ਨੂੰ ਨਸ਼ੇ ਦਾ ਸੇਵਨ ਕਰਦੇ ਹੋਏ ਗਾਂਧੀ ਚੌਕ ਵਿੱਚੋਂ ਕਾਬੂ ਕੀਤਾ, ਜਿਸ ਦੀ ਪਛਾਣ ਰੋਹਿਤ ਫਗਵਾੜਾ ਵਜੋਂ ਹੋਈ। ਪੁਲਿਸ ਵੱਲੋਂ ਦੋਵਾਂ ਖ਼ਿਲਾਫ ਮਾਮਲਾ ਦਰਜ ਕਰ ਅਗਲੀ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ।

## ਜਲੰਧਰ ਪੁਲੀਸ ਵਲੋਂ ਡਰੱਗ ਨੈੱਟਵਰਕ ਤੇ ਕਾਰਵਾਈ

**✪ 12 ਮੁਕੱਦਮਿਆਂ ਵਿਚ 19 ਦੋਸ਼ੀ ਗ੍ਰਿਫਤਾਰ**

ਜਲੰਧਰ-ਪੰਜਾਬ ਨੂੰ ਨਸ਼ਾ-ਮੁਕਤ ਬਣਾਉਣ ਲਈ ਚੱਲ ਰਹੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਦੇ ਅਧੀਨ ਲਗਾਤਾਰ ਕਾਰਵਾਈ ਜਾਰੀ ਰੱਖਦੇ ਹੋਏ ਕਮਿਸ਼ਨਰੇਟ ਪੁਲਸ ਜਲੰਧਰ ਵਲੋਂ ਬੀਤੇ ਤਿੰਨ ਦਿਨਾਂ ਅੰਦਰ ਨਸ਼ਿਆ ਖਿਲਾਫ਼ ਸ਼ਹਿਰ ਵਿੱਚ ਵੱਖ-ਵੱਖ ਕਾਰਵਾਈਆਂ ਕੀਤੀਆਂ ਗਈਆਂ। ਜਿਸ ਦੌਰਾਨ 19 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 348.24 ਗ੍ਰਾਂਮ ਹੈਰਇਨ, 65 ਨਸ਼ੀਲੀਆਂ ਗੋਲੀਆਂ ਅਤੇ 2 ਕਾਰਾਂ ਬਰਾਮਦ ਕੀਤੀਆਂ ਗਈਆਂ ਹਨ।

# ਯੂਰਪ ਤੇ ਅਮਰੀਕਾ ਵਿਚ ਛਿੜਿਆ ਵਪਾਰਕ ਯੁੱਧ

## ਯੂਰਪੀ ਨਿਯਮਾਂ ਨੇ ਅਮਰੀਕੀ ਤਕਨੀਕੀ ਕੰਪਨੀਆਂ ਨੂੰ ਕੀਤਾ ਪਰੇਸ਼ਾਨ ✪ ਟਰੰਪ ਵਲੋਂ ਯੂਰਪ ਨੂੰ ਦਿਤੀ ਨਵੇਂ ਟੈਕਸਾਂ ਦੀ ਧਮਕੀ

**ਖਾਸ ਖਬਰ** ਯੂਰਪੀ ਯੂਨੀਅਨ ਦੇ ਨਵੇਂ ਨਿਯਮਾਂ ਨੇ ਅਮਰੀਕੀ ਵੱਡੀਆਂ ਤਕਨੀਕੀ ਕੰਪਨੀਆਂ ਨੂੰ ਬਹੁਤ ਪਰੇਸ਼ਾਨ ਕੀਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਉਨ੍ਹਾਂ ਦੇਸ਼ਾਂ ਤੇ ਨਵੇਂ ਟੈਕਸ ਲਗਾਉਣ ਦੀ ਧਮਕੀ ਦਿੱਤੀ ਹੈ ਜੋ ਅਮਰੀਕੀ ਕੰਪਨੀਆਂ ਦੀ ਤਾਕਤ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਧਮਕੀ ਯੂਰਪੀ ਯੂਨੀਅਨ ਦੇ ਦੋ ਮੁੱਖ ਨਿਯਮਾਂ ਤੇ ਆਧਾਰਿਤ ਹੈ: ਡਿਜੀਟਲ ਬਾਜ਼ਾਰ ਕਾਨੂੰਨ ਅਤੇ ਡਿਜੀਟਲ ਸੇਵਾ ਕਾਨੂੰਨ। ਇਨ੍ਹਾਂ ਨਿਯਮਾਂ ਨੇ ਐਪਲ, ਮੈਟਾ ਅਤੇ ਗੂਗਲ ਵਰਗੀਆਂ ਅਮਰੀਕੀ ਕੰਪਨੀਆਂ ਉਪਰ ਭਾਰੀ ਜੁਰਮਾਨੇ ਲਗਾਏ ਹਨ, ਜਿਸ ਕਾਰਨ ਟਰੰਪ ਪ੍ਰਸ਼ਾਸਨ ਬਹੁਤ ਨਾਰਾਜ਼ ਹੈ।

ਯੂਰਪੀ ਯੂਨੀਅਨ ਮੰਨਦਾ ਹੈ ਕਿ ਇਹ ਨਿਯਮ ਡਿਜੀਟਲ ਦੁਨੀਆ ਨੂੰ ਬਿਹਤਰ ਬਣਾਉਣ ਲਈ ਹਨ। ਇਹ ਨਿਯਮ ਨਾ ਸਿਰਫ਼ ਯੂਰਪ ਵਿੱਚ ਬਲਕਿ ਪੂਰੀ ਦੁਨੀਆ ਦੇ ਵਰਤੋਂਕਾਰਾਂ ਲਈ ਵਧੇਰੇ ਸੁਰੱਖਿਆ, ਖੁੱਲ੍ਹੇਪਣ ਅਤੇ ਬਦਲ ਪ੍ਰਦਾਨ ਕਰਦੇ ਹਨ। ਯੂਰਪੀ ਵਪਾਰ ਪ੍ਰਮੁਖ ਮਾਰੋਸ਼ ਸ਼ੈਫ਼ਚੋਵਿਚ ਨੇ ਹਾਲ ਹੀ ਵਿੱਚ ਸਪੱਸ਼ਟ ਕੀਤਾ ਕਿ ਯੂਰਪੀ ਯੂਨੀਅਨ ਦੀ ਨਿਯਮਕ ਅਥਾਰਟੀ ਉਪਰ ਕੋਈ ਸਮਝੌਤਾ ਨਹੀਂ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਇਸੇ ਕਾਰਨ ਇਹ ਮੁੱਦੇ ਅਮਰੀਕਾ ਨਾਲ ਹਾਲ ਹੀ ਵਿੱਚ ਹੋਈ ਵਪਾਰ ਗੱਲਬਾਤ ਤੋਂ ਅਲੱਗ ਰੱਖੇ ਗਏ ਹਨ। ਟਰੰਪ ਨੇ ਯੂਰਪੀ ਯੂਨੀਅਨ ਦਾ ਨਾਂ ਨਾ ਲੈ ਕੇ ਵੀ ਇਹ ਧਮਕੀ ਦਿੱਤੀ ਹੈ, ਜਿਸ ਨਾਲ ਚਿੰਤਾ ਵਧ ਗਈ ਹੈ। ਡਿਜੀਟਲ ਦੁਨੀਆ ਬਹੁਤ ਤੇਜ਼ੀ ਨਾਲ ਫੈਲ ਰਹੀ ਹੈ। ਇਨ੍ਹਾਂ ਨਿਯਮਾਂ ਨੇ ਅਮਰੀਕੀ ਕੰਪਨੀਆਂ ਨੂੰ ਆਪਣੇ ਕੰਮਕਾਜ ਵਿੱਚ ਵੱਡੇ ਬਦਲਾਅ ਕਰਨ ਲਈ ਮਜਬੂਰ ਕੀਤਾ ਹੈ। ਇਹ ਨਿਯਮ ਯੂਰਪੀ ਯੂਨੀਅਨ ਦੇ 27 ਮੈਂਬਰ ਦੇਸ਼ਾਂ ਵਿੱਚ ਲਾਗੂ ਹਨ। ਟਰੰਪ ਪ੍ਰਸ਼ਾਸਨ ਇਨ੍ਹਾਂ ਨਿਯਮਾਂ ਨੂੰ ਅਮਰੀਕੀ ਕੰਪਨੀਆਂ ਵਿਰੁੱਧ ਭੇਦਭਾਵ ਵਜੋਂ ਵੇਖਦਾ ਹੈ। ਟਰੰਪ ਨੇ ਕਿਹਾ ਹੈ ਕਿ ਜੇ ਇਹ ਵਿਤਕਰੇ ਵਾਲੀਆਂ ਕਾਰਵਾਈਆਂ ਨਾ ਹਟਾਈਆਂ ਗਈਆਂ ਤਾਂ ਉਹ ਉਸ ਦੇਸ਼ ਦੇ ਨਿਰਯਾਤ ਉਪਰ ਭਾਰੀ ਟੈਕਸ ਲਗਾਵੇਗਾ ਅਤੇ ਅਮਰੀਕੀ ਤਕਨੀਕ ਅਤੇ ਚਿੱਪਾਂ ਦੇ ਨਿਰਯਾਤ ਉਪਰ ਪਾਬੰਦੀਆਂ ਲਗਾਵੇਗਾ।

### ਡਿਜੀਟਲ ਸੇਵਾ ਕਾਨੂੰਨ ਅਤੇ ਡਿਜੀਟਲ ਬਾਜ਼ਾਰ ਕਾਨੂੰਨ ਕਿੰਨੇ ਸਖ਼ਤ ?

ਡਿਜੀਟਲ ਸੇਵਾ ਕਾਨੂੰਨ 2023 ਤੋਂ ਲਾਗੂ ਹੋ ਗਿਆ ਹੈ। ਇਹਨਾਂ ਨਿਯਮਾਂ ਅਨੁਸਾਰ ਗੈਰ-ਕਾਨੂੰਨੀ ਸਮੱਗਰੀ, ਗਲਤ ਜਾਣਕਾਰੀ ਅਤੇ ਖ਼ਤਰਨਾਕ ਚੀਜ਼ਾਂ ਪ੍ਰਦਾਨ ਕਰਨ ਵਾਲੇ ਆਨਲਾਈਨ ਪਲੇਟਫਾਰਮਾਂ ਉਪਰ ਸਖ਼ਤ ਕਾਰਵਾਈ ਹੋਵੇਗੀ। ਇਨ੍ਹਾਂ ਕੰਪਨੀਆਂ ਨੂੰ ਲੋਕਾਂ ਦੀ ਜਾਨ-ਮਾਲ ਨੂੰ ਨੁਕਸਾਨ ਪਹੁੰਚਾ ਸਕਣ ਵਾਲੀ ਹਰ ਜਾਣਕਾਰੀ ਯੂਰਪੀ ਯੂਨੀਅਨ ਨਾਲ ਸਾਂਝੀ ਕਰਨੀ ਪਵੇਗੀ। ਐਪਲ, ਗੂਗਲ, ਮੈਟਾ, ਇੰਸਟਾਗ੍ਰਾਮ ਅਤੇ ਅਮੇਜ਼ਨ ਵਰਗੀਆਂ ਵੱਡੀਆਂ ਅਮਰੀਕੀ ਪਲੇਟਫਾਰਮਾਂ ਨੂੰ ਇਸ ਨੂੰ ਤੋੜਨ ਤੋਂ ਬਚਣ ਲਈ ਵਧੇਰੇ ਕਦਮ ਚੁੱਕਣੇ ਪੈਣਗੇ। ਖ਼ਤਰਿਆਂ ਦਾ ਮੁਲਾਂਕਣ ਕਰਨ, ਜਾਣਕਾਰੀ ਸਾਂਝੀ ਕਰਨ ਅਤੇ ਬਾਰ-ਬਾਰ ਗੈਰ-ਕਾਨੂੰਨੀ ਸਮੱਗਰੀ ਪੋਸਟ ਕਰਨ ਵਾਲੇ ਵਰਤੋਂਕਾਰਾਂ ਨੂੰ ਬੰਦ ਕਰਨ ਵਰਗੇ ਕਦਮ ਇਨ੍ਹਾਂ ਵਿੱਚ ਸ਼ਾਮਲ ਹਨ।

ਇਸ ਨਿਯਮ ਨੂੰ ਤੋੜਨ ਤੇ ਕੰਪਨੀਆਂ ਨੂੰ ਭਾਰੀ ਕੀਮਤ ਚੁਕਾਉਣੀ ਪੈ ਸਕਦੀ ਹੈ। ਉਨ੍ਹਾਂ ਦੇ ਵਿਸ਼ਵ ਵਪਾਰ ਦਾ 6 ਫ਼ੀਸਦੀ ਤੱਕ ਜੁਰਮਾਨਾ ਲੱਗ ਸਕਦਾ ਹੈ। ਯੂਰਪ ਵਿੱਚ ਬਾਰ-ਬਾਰ ਨਿਯਮ ਤੋੜਨ ਕਾਰਨ ਕੰਪਨੀਆਂ ਉਪਰ ਵਪਾਰ ਕਰਨ ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾ ਸਕਦੀ ਹੈ। ਮਾਰਚ 2024 ਤੋਂ ਲਾਗੂ ਹੋਏ ਡਿਜੀਟਲ ਬਾਜ਼ਾਰ ਕਾਨੂੰਨ ਨੇ ਬਾਜ਼ਾਰ ਵਿੱਚ ਕਿਸੇ ਵੀ ਕੰਪਨੀ ਦੇ ਇੱਕੋ-ਇੱਕ ਅਧਿਕਾਰ ਨੂੰ ਰੋਕਣ ਅਤੇ ਗਾਹਕਾਂ ਨੂੰ ਵਧੇਰੇ ਵਿਕਲਪ ਦੇਣ ਦਾ ਉਦੇਸ਼ ਰੱਖਿਆ ਹੈ। ਐਪਲ, ਗੂਗਲ, ਮੈਟਾ ਅਤੇ ਮਾਈਕ੍ਰੋਸਾਫਟ ਵਰਗੀਆਂ ਕੰਪਨੀਆਂ ਨੂੰ ਹੁਣ ਆਪਣੇ ਐਪ ਸਟੋਰ, ਭੁਗਤਾਨ ਪ੍ਰਣਾਲੀ ਅਤੇ ਵਿਗਿਆਪਨ ਮਾਡਲਾਂ ਵਿੱਚ ਖੁੱਲ੍ਹਾਪਣ ਲਿਆਉਣਾ ਪਵੇਗਾ। ਇਹਨਾਂ ਵਿੱਚ ਹਰ ਕੋਸ਼ਿਸ਼ ਉਪਰ ਨਜ਼ਰ ਰੱਖੀ ਜਾਵੇਗੀ।

ਇਸ ਨਿਯਮ ਅਧੀਨ ਕੰਪਨੀਆਂ ਨੂੰ ਅਜਿਹੀਆਂ ਹਰ ਖਰੀਦਾਂ ਬਾਰੇ ਯੂਰਪੀ ਯੂਨੀਅਨ ਨੂੰ ਦੱਸਣਾ ਪਵੇਗਾ। ਇਨ੍ਹਾਂ ਨਿਯਮਾਂ ਨੂੰ ਬਾਰ-ਬਾਰ ਤੋੜਨ ਤੇ ਕੰਪਨੀਆਂ ਨੂੰ ਉਨ੍ਹਾਂ ਦੇ ਵਿਸ਼ਵ ਵਪਾਰ ਦਾ 20 ਫ਼ੀਸਦੀ ਤੱਕ ਜੁਰਮਾਨਾ ਹੋ ਸਕਦਾ ਹੈ। 2024 ਅਤੇ 2025 ਵਿੱਚ ਐਪਲ ਤੇ ਮੈਟਾ ਨੂੰ ਭਾਰੀ ਜੁਰਮਾਨੇ ਲੱਗੇ ਸਨ। ਐਪਲ ਨੂੰ 500 ਮਿਲੀਅਨ ਯੂਰੋ ਅਤੇ ਮੈਟਾ ਨੂੰ 200 ਮਿਲੀਅਨ ਯੂਰੋ ਦਾ ਜੁਰਮਾਨਾ ਲੱਗਾ ਸੀ। ਇਹ ਪਹਿਲੇ ਜੁਰਮਾਨੇ ਹਨ ਜੋ ਡਿਜੀਟਲ ਬਾਜ਼ਾਰ ਕਾਨੂੰਨ ਅਧੀਨ ਲੱਗੇ ਸਨ। ਗੂਗਲ ਨੂੰ ਵੀ ਜਲਦ ਹੀ ਅਜਿਹੇ ਜੁਰਮਾਨੇ ਲਗ ਸਕਦੇ ਹਨ।

### ਅਮਰੀਕੀ ਕੰਪਨੀਆਂ ਅਤੇ ਟਰੰਪ ਇਹਨਾਂ ਨੂੰ ਕਿਵੇਂ ਵੇਖਦੇ ਹਨ

ਡਿਜੀਟਲ ਬਾਜ਼ਾਰ ਕਾਨੂੰਨ ਕਾਰਨ ਗੂਗਲ ਨੂੰ ਆਪਣੇ ਖੋਜ ਨਤੀਜਿਆਂ ਨੂੰ ਪੂਰੀ ਤਰ੍ਹਾਂ ਬਦਲਣਾ ਪਿਆ। ਇਹ ਇਸ ਲਈ ਕੀਤਾ ਗਿਆ ਤਾਂ ਜੋ ਸਿਰਫ਼ ਉਸ ਦੇ ਗੂਗਲ ਫਲਾਈਟਸ ਜਾਂ ਸ਼ਾਪਿੰਗ ਵਰਗੇ ਐਪ ਹੀ ਸਭ ਤੋਂ ਪਹਿਲਾਂ ਨਾ ਦਿਖਣ। ਇਸੇ ਨਿਯਮ ਅਧੀਨ ਵਰਤੋਂਕਾਰਾਂ ਨੂੰ ਉਹ ਬਦਲ ਮਿਲਿਆ ਕਿ ਉਹ ਜੋ ਵੀ ਐਪ ਸਟੋਰ ਚਾਹੁਣ ਉਸ ਤੋਂ ਐਪ ਡਾਊਨਲੋਡ ਕਰ ਸਕਣ। ਹੁਣ ਤੱਕ ਇਸ ਵਿੱਚ ਸਿਰਫ਼ ਦੋ ਵੱਡੀਆਂ ਐਪਲ ਦੇ ਐਪ ਸਟੋਰ ਅਤੇ ਗੂਗਲ ਪਲੇ ਦਾ ਹੀ ਪ੍ਰਭਾਵ ਸੀ ਅਤੇ ਆਪਣੀ ਪਸੰਦ ਦਾ ਐਪ ਸਟੋਰ ਚੁਣਨਾ ਸੰਭਵ ਨਹੀਂ ਸੀ। ਇਸ ਤੋਂ ਇਲਾਵਾ, ਡਿਜੀਟਲ ਬਾਜ਼ਾਰ ਕਾਨੂੰਨ ਕਾਰਨ ਐਪਲ ਨੂੰ ਐਪਲ ਵਰਤੋਂਕਾਰਾਂ ਨੂੰ ਆਪਣੇ ਐਪ ਸਟੋਰ ਤੋਂ ਬਾਹਰ ਵੀ ਆਪਣੀ ਪਸੰਦ ਦਾ ਐਪ ਸਟੋਰ ਚੁਣਨ ਅਧਿਕਾਰ ਦੇਣ ਲਈ ਨਿਯਮਬਧ ਕੀਤਾ ਗਿਆ ਹੈ।

ਯੂਰਪੀ ਯੂਨੀਅਨ ਦਾ ਕਹਿਣਾ ਹੈ ਕਿ ਇਹ ਨਿਯਮ ਗਾਹਕ ਹਿੱਤਾਂ ਲਈ ਹਨ। ਹਾਲਾਂਕਿ ਅਮਰੀਕਾ, ਖ਼ਾਸ ਕਰਕੇ ਟਰੰਪ ਪ੍ਰਸ਼ਾਸਨ, ਇਨ੍ਹਾਂ ਨੂੰ ਅਮਰੀਕੀ ਤਕਨੀਕੀ ਕੰਪਨੀਆਂ ਵਿਰੁੱਧ ਭੇਦਭਾਵ ਵਜੋਂ ਮੰਨਦਾ ਹੈ। ਟਰੰਪ ਨੇ ਯੂਰਪੀ ਯੂਨੀਅਨ ਦਾ ਨਾਂ ਨਾ ਲੈ ਕੇ ਉਨ੍ਹਾਂ ਦੇਸ਼ਾਂ ਤੇ ਟੈਕਸ ਲਗਾਉਣ ਦੀ ਧਮਕੀ ਦਿੱਤੀ ਹੈ ਜੋ ਅਮਰੀਕੀ ਤਕਨੀਕ ਨੂੰ ਨੁਕਸਾਨ ਪਹੁੰਚਾਉਣ ਵਾਲੇ ਨਿਯਮ ਲਾਗੂ ਕਰ ਰਹੇ ਹਨ। ਅਗਸਤ 2025 ਵਿੱਚ ਟਰੰਪ ਨੇ ਟਰੁਥ ਸੋਸ਼ਲ ਤੇ ਪੋਸਟ ਕੀਤਾ ਕਿ ਡਿਜੀਟਲ ਟੈਕਸ, ਨਿਯਮ ਅਤੇ ਵਿਧਾਨ ਅਮਰੀਕੀ ਤਕਨੀਕ ਨੂੰ ਨੁਕਸਾਨ ਪਹੁੰਚਾਉਣ ਲਈ ਬਣਾਏ ਗਏ ਹਨ। ਉਨ੍ਹਾਂ ਨੇ ਕਿਹਾ ਕਿ ਇਹ ਚੀਨੀ ਕੰਪਨੀਆਂ ਨੂੰ ਛੋਟ ਦਿੰਦੇ ਹਨ। ਯੂਰਪੀ ਯੂਨੀਅਨ ਨੇ ਜਵਾਬ ਵਿੱਚ ਕਿਹਾ ਕਿ ਉਹ ਆਪਣੇ ਖੇਤਰ ਵਿੱਚ ਆਰਥਿਕ ਗਤੀਵਿਧੀਆਂ ਨੂੰ ਨਿਯਮਤ ਕਰਨ ਦਾ ਅਧਿਕਾਰ ਰੱਖਦੀ ਹੈ। ਯੂਰਪੀ ਯੂਨੀਅਨ ਨੇ ਸਪੱਸ਼ਟ ਕੀਤਾ ਕਿ ਡਿਜੀਟਲ ਬਾਜ਼ਾਰ ਅਤੇ ਡਿਜੀਟਲ ਸੇਵਾ ਨਿਯਮਾਂ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ। ਇਹ ਨਿਯਮ ਕਿਸੇ ਵੀ ਖਾਸ ਕੰਪਨੀ ਨੂੰ ਨਿਸ਼ਾਨਾ ਨਹੀਂ ਬਣਾਉਂਦੇ। ਟਰੰਪ ਨੇ ਇਹ ਵੀ ਧਮਕੀ ਦਿੱਤੀ ਕਿ ਉਹ ਅਮਰੀਕੀ ਚਿੱਪਾਂ ਅਤੇ ਤਕਨੀਕ ਦੇ ਨਿਰਯਾਤ ਤੇ ਪਾਬੰਦੀਆਂ ਲਗਾ ਸਕਦਾ ਹੈ, ਜੋ ਯੂਰਪ ਲਈ ਵੱਡਾ ਨੁਕਸਾਨ ਹੋਵੇਗਾ।

### ਯੂਰਪ ਦੇ ਨਿਯਮ ਅਮਰੀਕੀ ਵਪਾਰ ਨਾਲ ਤਣਾਅ ਵਧਾ ਰਹੇ ਨੇ

ਯੂਰਪੀ ਯੂਨੀਅਨ ਦੀਆਂ ਡਿਜੀਟਲ ਨੀਤੀਆਂ ਪੂਰੀ ਦੁਨੀਆ ਵਿੱਚ ਫੈਲੀਆਂ ਤਕਨੀਕੀ ਵੱਡੀਆਂ ਕੰਪਨੀਆਂ ਤੇ ਬਦਲਾਅ ਦਾ ਦਬਾਅ ਪਾ ਰਹੀਆਂ ਹਨ। ਇਨ੍ਹਾਂ ਤਬਦੀਲੀਆਂ ਕਾਰਣ ਇਹ ਪਲੇਟਫਾਰਮ ਵਰਤੋਂਕਾਰਾਂ ਦੇ ਅਧਿਕਾਰਾਂ ਨੂੰ ਸੁਰਖਿਅਤ ਰਖਣਗੇ। ਪਰ ਇਸ ਨਾਲ ਅਮਰੀਕਾ ਨਾਲ ਵਪਾਰਕ ਤਣਾਅ ਵੀ ਵਧ ਰਿਹਾ ਹੈ। ਜਿਵੇਂ-ਜਿਵੇਂ ਡਿਜੀਟਲ ਆਰਥਿਕਤਾ ਵਿਸ਼ਵ ਸ਼ਕਤੀ ਦਾ ਕੇਂਦਰ ਬਣ ਰਹੀ ਹੈ, ਇਸ ਲਈ ਨਿਯਮ ਬਣਾਉਣ ਵਾਲੇ ਦੇ ਹੱਥ ਵਿੱਚ ਬਹੁਤ ਸ਼ਕਤੀ ਹੋਵੇਗੀ। ਹੁਣ ਇਹ ਲੜਾਈ ਡੂੰਘੀ ਹੋ ਗਈ ਹੈ ਕਿ ਇਸ ਦੇ ਨਿਯਮ ਕੌਣ ਬਣਾਵੇਗਾ - ਅਮਰੀਕੀ ਕੰਪਨੀਆਂ ਦਾ ਘਰ ਸਿਲੀਕਾਨ ਵੈਲੀ ਜਾਂ ਯੂਰਪੀ ਯੂਨੀਅਨ ਦੇ ਨਿਯਮ ਬਣਾਉਣ ਵਾਲੇ ਬ੍ਰਸਲਜ਼ ? ਅਗਸਤ 2025 ਵਿੱਚ ਯੂਰਪੀ ਯੂਨੀਅਨ ਅਤੇ ਅਮਰੀਕਾ ਨੇ ਵਪਾਰ ਸਮਝੌਤੇ ਨੂੰ ਲਾਗੂ ਕੀਤਾ ਸੀ, ਜਿਸ ਵਿੱਚ ਜ਼ਿਆਦਾਤਰ ਯੂਰਪੀ ਵਸਤੂਆਂ ਤੇ 15 ਫ਼ੀਸਦੀ ਟੈਕਸ ਲੱਗੇਗਾ। ਪਰ ਡਿਜੀਟਲ ਨਿਯਮਾਂ ਨੂੰ ਇਸ ਵਿੱਚ ਨਹੀਂ ਰਖਿਆ ਗਿਆ। ਯੂਰਪੀ ਯੂਨੀਅਨ ਨੇ ਕਿਹਾ ਕਿ ਇਹ ਨਿਯਮ ਵਪਾਰ ਗੱਲਬਾਤ ਤੋਂ ਅਲੱਗ ਹਨ।



ਭਵਿੱਖ ਵਿੱਚ ਅਮਰੀਕਾ ਤੇ ਯੂਰਪ ਵਿਚਾਲੇ ਲੜਾਈ ਹੋਰ ਡੂੰਘੀ ਹੋ ਸਕਦੀ ਹੈ। ਅਮਰੀਕਾ ਯੂਰਪ ਨੂੰ ਆਪਣੇ ਨਿਯਮ ਬਦਲਣ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰੇਗਾ, ਪਰ ਯੂਰਪੀ ਯੂਨੀਅਨ ਆਪਣੇ ਵਪਾਰਕ ਨਿਯਮ ਤੇ ਹੋਂਦ ਨੂੰ ਬਚਾਏਗੀ। ਮਾਰੋਸ਼ ਸ਼ੈਫ਼ਚੋਵਿਚ ਨੇ ਕਿਹਾ ਹੈ ਕਿ ਯੂਰਪ ਨੂੰ ਆਪਣੇ ਗਾਹਕਾਂ ਅਤੇ ਛੋਟੀਆਂ ਕੰਪਨੀਆਂ ਨੂੰ ਸੁਰੱਖਿਅਤ ਰੱਖਣ ਲਈ ਇਹ ਨਿਯਮ ਜ਼ਰੂਰੀ ਹਨ। ਟਰੰਪ ਨੇ ਕੈਨੇਡਾ ਨੂੰ ਵੀ ਡਿਜੀਟਲ ਟੈਕਸ ਖ਼ਤਮ ਕਰਨ ਲਈ ਮਜਬੂਰ ਕੀਤਾ ਹੈ। ਹੱਲ ਇਹੀ ਹੈ ਕਿ ਯੂਰਪੀ ਯੂਨੀਅਨ ਅਤੇ ਅਮਰੀਕਾ ਨੂੰ ਗੱਲਬਾਤ ਨੂੰ ਜਾਰੀ ਰਖਣ ਤੇ ਕਿਸੇ ਸਮਝੌਤੇ ਉਪਰ ਪਹੁੰਚਣ। ਯੂਰਪ ਨੂੰ ਆਪਣੇ ਨਿਯਮਾਂ ਨੂੰ ਬਣਾਈ ਰੱਖਣਾ ਚਾਹੀਦਾ ਹੈ ਪਰ ਵਪਾਰਕ ਸਹਿਯੋਗ ਵਧਾਉਣਾ ਚਾਹੀਦਾ ਹੈ। ਇਸ ਨਾਲ ਵਿਸ਼ਵ ਡਿਜੀਟਲ ਆਰਥਿਕਤਾ ਨੂੰ ਲਾਭ ਹੋਵੇਗਾ ਅਤੇ ਤਣਾਅ ਘੱਟ ਹੋਵੇਗਾ।

# ਸੰਘ ਪਰਿਵਾਰ ਨੇ ਕਾਸ਼ੀ-ਮਥੁਰਾ ਮੁੱਦੇ ਨੂੰ ਭੜਕਾਉਣ ਦੀ ਰਣਨੀਤੀ ਘੜੀ

## ✪ ਰਾਹੁਲ ਗਾਂਧੀ ਦੇ ਸਮਾਜਿਕ ਨਿਆਂ ਏਜੰਡਾ ਤੋਂ ਸੰਘ ਨੂੰ ਬੇਚੈਨੀ ✪ ਪੂਜਾ ਸਥਾਨ ਐਕਟ 1991: ਕਾਨੂੰਨ ਦੀ ਸਰਬਉੱਚਤਾ 'ਤੇ ਸਵਾਲ ਖੜੇ ਹੋਏ

**ਖਾਸ ਖ਼ਬਰ**

ਰਾਸ਼ਟਰੀ ਸਵੈਮਸੇਵਕ ਸੰਘ ਮਦੇ ਮੁਖੀ ਮੋਹਨ ਭਾਗਵਤ ਨੇ 28 ਅਗਸਤ 2025 ਨੂੰ ਦਿੱਲੀ ਦੇ ਭਾਰਤ ਮੰਡਪਮ ਵਿਚ ਸੰਘ ਦੇ ਤਿੰਨ ਦਿਨਾਂ ਸਮਾਗਮ ਦੌਰਾਨ ਇਕ ਅਜਿਹਾ ਬਿਆਨ ਦਿੱਤਾ, ਜਿਸ ਨੇ ਸਿਆਸੀ ਹਲਕਿਆਂ ਵਿਚ ਹਲਚਲ ਪੈਦਾ ਕਰ ਦਿੱਤੀ। ਭਾਗਵਤ ਨੇ ਕਿਹਾ ਕਿ ਆਰਐਸਐਸ ਨੇ ਸਿਰਫ ਰਾਮ ਮੰਦਰ ਅੰਦੋਲਨ ਨੂੰ ਸਮਰਥਨ ਦਿੱਤਾ ਸੀ, ਪਰ ਕਾਸ਼ੀ ਤੇ ਮਥੁਰਾ ਵਰਗੇ ਹੋਰ ਮੰਦਰ-ਮਸਜਿਦ ਵਿਵਾਦਾਂ ਵਿਚ ਸੰਘ ਸਿੱਧੇ ਤੌਰ 'ਤੇ ਹਿੱਸਾ ਨਹੀਂ ਲਵੇਗਾ। ਹਾਲਾਂਕਿ, ਉਨ੍ਹਾਂ ਨੇ ਸਵੈਮਸੇਵਕਾਂ ਨੂੰ ਅਜਿਹੇ ਅੰਦੋਲਨਾਂ ਵਿਚ ਸ਼ਾਮਲ ਹੋਣ ਦੀ ਖੁੱਲ੍ਹ ਦੇਣ ਦੀ ਗੱਲ ਕਹੀ। ਇਸ ਬਿਆਨ ਨੂੰ ਸਿਆਸੀ ਮਾਹਿਰ ਤੇ ਵਿਰੋਧੀ ਪਾਰਟੀਆਂ ਨੇ ਸੰਘ ਦੀ ਇਕ ਨਵੀਂ ਰਣਨੀਤੀ ਵਜੋਂ ਵੇਖਿਆ ਹੈ, ਜਿਸ ਦਾ ਮਕਸਦ ਧਾਰਮਿਕ ਧਰੁਵੀਕਰਨ (ਪੋਲਰਾਈਜੇਸ਼ਨ) ਰਾਹੀਂ ਸਿਆਸੀ ਫਾਇਦਾ ਲੈਣਾ ਹੈ।

ਭਾਗਵਤ ਦੇ ਬਿਆਨ ਵਿਚ ਇਕ ਛੁਪਿਆ ਸੁਨੇਹਾ ਵੀ ਸੀ, ਜਦੋਂ ਉਨ੍ਹਾਂ ਨੇ ਕਿਹਾ ਕਿ "ਹਿੰਦੂ ਭਾਈਚਾਰੇ ਦੀ ਖਾਤਰ ਮੁਸਲਮਾਨਾਂ ਨੂੰ ਕਾਸ਼ੀ ਅਤੇ ਮਥੁਰਾ ਦੀਆਂ ਮਸਜਿਦਾਂ 'ਤੇ ਆਪਣਾ ਦਾਅਵਾ ਛੱਡ ਦੇਣਾ ਚਾਹੀਦਾ ਹੈ।" ਇਹ ਬਿਆਨ ਸਿੱਧੇ ਤੌਰ 'ਤੇ ਪੂਜਾ ਸਥਾਨ (ਵਿਸ਼ੇਸ਼ ਪ੍ਰਬੰਧ) ਐਕਟ, 1991 ਦੇ ਖਿਲਾਫ ਜਾਂਦਾ ਹੈ, ਜੋ 15 ਅਗਸਤ 1947 ਦੀ ਸਥਿਤੀ ਵਿਚ ਕਿਸੇ ਵੀ ਪੂਜਾ ਸਥਾਨ ਦੇ ਧਾਰਮਿਕ ਸਰੂਪ ਨੂੰ ਬਦਲਣ 'ਤੇ ਪਾਬੰਦੀ ਲਗਾਉਂਦਾ ਹੈ। ਇਸ ਬਿਆਨ ਨੇ ਸਵਾਲ ਖੜ੍ਹੇ ਕੀਤੇ ਹਨ ਕਿ ਕੀ ਸੰਘ ਇਕ ਵਾਰ ਫਿਰ ਧਾਰਮਿਕ ਵਿਵਾਦਾਂ ਨੂੰ ਹਵਾ ਦੇ ਕੇ ਦੇਸ਼ ਨੂੰ ਹਿੰਦੂ-ਮੁਸਲਮਾਨ ਟਕਰਾਅ ਵੱਲ ਧੱਕਣਾ ਚਾਹੁੰਦਾ ਹੈ?

### ਰਾਹੁਲ ਗਾਂਧੀ ਦੀ ਸਿਆਸਤ ਤੋਂ ਸੰਘ ਨੂੰ ਬੇਚੈਨੀ ਕਿਉਂ

ਇਸ ਬਿਆਨ ਦਾ ਸਮਾਂ ਵੀ ਬਹੁਤ ਅਹਿਮ ਹੈ। ਕਾਂਗਰਸ ਨੇਤਾ ਰਾਹੁਲ ਗਾਂਧੀ ਪਿਛਲੇ ਕੁਝ ਸਮੇਂ ਤੋਂ ਸਮਾਜਿਕ ਨਿਆਂ, ਜਾਤੀ ਅਧਾਰਿਤ ਜਨਗਣਨਾ ਅਤੇ ਸਿਆਸੀ ਹਿਸੇਦਾਰੀ ਵਰਗੇ ਮੁੱਦਿਆਂ ਨੂੰ ਜ਼ੋਰ-ਸ਼ੋਰ ਨਾਲ ਉਠਾ ਰਹੇ ਹਨ। ਖਾਸ ਕਰਕੇ ਬਿਹਾਰ ਵਿਚ ਰਾਹੁਲ ਦੀ 'ਵੋਟ ਅਧਿਕਾਰ ਯਾਤਰਾ' ਨੂੰ ਮਿਲੇ ਵੱਡੇ ਸਮਰਥਨ ਨੇ ਨਾ ਸਿਰਫ ਭਾਰਤੀ ਜਨਤਾ ਪਾਰਟੀ (ਬੀਜੇਪੀ), ਸਗੋਂ ਆਰਐਸਐਸ ਨੂੰ ਵੀ ਬੇਚੈਨ ਕਰ ਦਿੱਤਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਰਾਹੁਲ ਦੇ ਇਨ੍ਹਾਂ ਮੁੱਦਿਆਂ ਨੇ ਸੰਘ ਦੇ "ਹਿੰਦੂ ਏਕਤਾ" ਦੇ ਸੁਪਨੇ ਨੂੰ ਝਟਕਾ ਦਿੱਤਾ ਹੈ, ਜਿਸ ਦੀ ਵਜ੍ਹਾ 2024 ਦੇ ਲੋਕ ਸਭਾ ਚੋਣਾਂ ਵਿਚ ਬੀਜੇਪੀ ਦਾ ਪੂਰਨ ਬਹੁਮਤ ਨਾ ਮਿਲਣਾ ਵੀ ਹੈ।

ਰਾਹੁਲ ਗਾਂਧੀ ਦੇ ਸਾਮਾਜਿਕ ਨਿਆਂ ਦੇ ਏਜੰਡੇ ਨੇ ਖਾਸ ਕਰਕੇ ਪਛੜੇ ਵਰਗਾਂ, ਦਲਿਤਾਂ ਅਤੇ ਅਲਪਸੰਖਿਆਕਾਂ ਵਿਚ ਇਕ ਨਵੀਂ ਉਮੀਦ ਜਗਾਈ ਹੈ। ਇਸ ਦੇ ਜਵਾਬ ਵਜੋਂ ਸੰਘ ਪਰਿਵਾਰ ਕਾਸ਼ੀ ਅਤੇ ਮਥੁਰਾ ਵਰਗੇ ਧਾਰਮਿਕ ਮੁੱਦਿਆਂ ਨੂੰ ਭੜਕਾ ਕੇ ਧਰੁਵੀਕਰਨ ਦੀ ਰਣਨੀਤੀ ਅਪਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਰਣਨੀਤੀ ਪਹਿਲਾਂ ਵੀ ਰਾਮ ਮੰਦਰ ਅੰਦੋਲਨ ਦੌਰਾਨ ਸਫਲ ਰਹੀ ਸੀ, ਜਿਸ ਨੇ ਬੀਜੇਪੀ ਨੂੰ 1984 ਵਿਚ 2 ਸੀਟਾਂ ਤੋਂ 2014 ਵਿਚ ਪੂਰਨ ਬਹੁਮਤ ਵੱਲ ਲੈ ਗਈ। ਪਰ ਸਵਾਲ ਇਹ ਹੈ ਕਿ ਕੀ ਇਹ ਰਣਨੀਤੀ ਹੁਣ ਵੀ ਕਾਮਯਾਬ ਹੋਵੇਗੀ, ਜਦੋਂ ਸਮਾਜਿਕ ਨਿਆਂ ਦਾ ਮੁੱਦਾ ਲੋਕਾਂ ਵਿਚ ਜੜ੍ਹਾਂ ਫੜ ਰਿਹਾ ਹੈ?




## ਸੰਘ ਦੀ ਨੀਤੀ ਬਾਰੇ ਬੁੱਧੀਜੀਵੀਆਂ ਅਤੇ ਵਿਰੋਧੀ ਪਾਰਟੀਆਂ ਦੀ ਸੋਚ

ਬੁੱਧੀਜੀਵੀ ਅਤੇ ਵਿਰੋਧੀ ਪਾਰਟੀਆਂ ਮੋਹਨ ਭਾਗਵਤ ਦੇ ਬਿਆਨ ਨੂੰ ਸੰਘ ਦੀ ਇਕ ਖਤਰਨਾਕ ਰਣਨੀਤੀ ਵਜੋਂ ਵੇਖਦੇ ਹਨ। ਜਾਣਕਾਰਾਂ ਦਾ ਮੰਨਣਾ ਹੈ ਕਿ ਸੰਘ ਪਰਿਵਾਰ ਦੀ ਇਹ ਕੋਸ਼ਿਸ਼ ਸਮਾਜਿਕ ਸਦਭਾਵਨਾ ਨੂੰ ਖਤਰੇ ਵਿਚ ਪਾਉਣ ਵਾਲੀ ਹੈ। ਸਮਾਜਵਾਦੀ ਪਾਰਟੀ, ਆਮ ਆਦਮੀ ਪਾਰਟੀ, ਕਾਂਗਰਸ ਅਤੇ ਵਾਮਪੰਥੀ ਪਾਰਟੀਆਂ ਨੇ ਸੰਘ ਦੇ ਇਸ ਬਿਆਨ ਦੀ ਸਖਤ ਨਿਖੇਧੀ ਕੀਤੀ ਹੈ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸੰਘ ਅਤੇ ਬੀਜੇਪੀ 'ਤੇ ਦੋਸ਼ ਲਗਾਇਆ ਹੈ ਕਿ ਉਹ ਧਾਰਮਿਕ ਵਿਵਾਦਾਂ ਨੂੰ ਹਵਾ ਦੇ ਕੇ ਦੇਸ਼ ਦੇ ਸੰਵਿਧਾਨਕ ਮੁੱਲਾਂ ਨੂੰ ਕਮਜ਼ੋਰ ਕਰ ਰਹੇ ਹਨ। ਪ੍ਰਸਿੱਧ ਇਤਿਹਾਸਕਾਰ ਅਤੇ ਬੁੱਧੀਜੀਵੀ ਰੋਮਿਲਾ ਥਾਪਰ ਵਰਗੇ ਵਿਦਵਾਨਾਂ ਦਾ ਮੰਨਣਾ ਹੈ ਕਿ ਕਾਸ਼ੀ ਅਤੇ ਮਥੁਰਾ ਵਰਗੇ ਮੁੱਦਿਆਂ ਨੂੰ ਉਠਾਉਣਾ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮੱਧਕਾਲ ਵਿਚ ਧਾਰਮਿਕ ਸਥਾਨਾਂ 'ਤੇ ਹਮਲੇ ਸਿਰਫ ਇਕ ਪੱਖ ਦੀ ਕਹਾਣੀ ਨਹੀਂ ਸੀ। ਜਿਵੇਂ ਕਿ ਸਵਾਮੀ ਵਿਵੇਕਾਨੰਦ ਨੇ ਲਿਖਿਆ ਹੈ ਕਿ ਉੜੀਸਾ ਦਾ ਜਗਨਨਾਥ ਮੰਦਰ ਮੂਲ ਰੂਪ ਵਿਚ ਇਕ ਬੋਧ ਵਿਹਾਰ ਸੀ, ਜਿਸ ਨੂੰ ਹਿੰਦੂ ਮੰਦਰ ਵਿਚ ਬਦਲਿਆ ਗਿਆ। ਇਸੇ ਤਰ੍ਹਾਂ, ਮਹਾਪੰਡਤ ਰਾਹੁਲ ਸਾਂਕ੍ਰਿਤਯਾਨ ਨੇ ਬਦਰੀਨਾਥ ਮੰਦਰ ਦੀ ਮੂਰਤੀ ਨੂੰ ਬੁੱਧ ਦੀ ਮੂਰਤੀ ਦੱਸਿਆ ਹੈ। ਬੋਧਗਯਾ ਵਿਚ ਵੀ ਬੋਧ ਮੰਦਰ ਨੂੰ ਲੈ ਕੇ ਬੋਧੀਆਂ ਦਾ ਅੰਦੋਲਨ ਚੱਲ ਰਿਹਾ ਹੈ। ਬੁੱਧੀਜੀਵੀ ਸਵਾਲ ਉਠਾਉਂਦੇ ਹਨ ਕਿ ਕੀ ਸੰਘ ਇਨ੍ਹਾਂ ਮੁੱਦਿਆਂ 'ਤੇ ਵੀ ਗੱਲ ਕਰੇਗਾ?

### ਪੂਜਾ ਸਥਾਨ ਐਕਟ ਅਤੇ ਕਾਨੂੰਨੀ ਸਵਾਲ

ਪੂਜਾ ਸਥਾਨ (ਵਿਸ਼ੇਸ਼ ਪ੍ਰਬੰਧ) ਐਕਟ, 1991 ਨੂੰ ਨਰਸਿਮਹਾ ਰਾਓ ਸਰਕਾਰ ਨੇ ਬਣਾਇਆ ਸੀ, ਜਿਸ ਦਾ ਮਕਸਦ ਸੀ ਕਿ 15 ਅਗਸਤ 1947 ਦੀ ਸਥਿਤੀ ਵਿਚ ਕਿਸੇ ਵੀ ਪੂਜਾ ਸਥਾਨ ਦੇ ਧਾਰਮਿਕ ਸਰੂਪ ਨੂੰ ਨਾ ਬਦਲਿਆ ਜਾਵੇ। ਇਸ ਕਾਨੂੰਨ ਦਾ ਮਕਸਦ ਸਮਾਜਿਕ ਸਦਭਾਵਨਾ ਨੂੰ ਬਣਾਈ ਰੱਖਣਾ ਸੀ। ਅਯੁੱਧਿਆ ਨੂੰ ਇਸ ਐਕਟ ਤੋਂ ਬਾਹਰ ਰੱਖਿਆ ਗਿਆ ਸੀ, ਕਿਉਂਕਿ ਉਸ ਸਮੇਂ ਰਾਮ ਮੰਦਰ-ਬਾਬਰੀ ਮਸਜਿਦ ਵਿਵਾਦ ਅਦਾਲਤ ਵਿਚ ਸੀ। ਪਰ 6 ਦਸੰਬਰ 1992 ਨੂੰ ਬਾਬਰੀ ਮਸਜਿਦ ਦੇ ਢਹਾਏ ਜਾਣ ਨੇ ਇਸ ਕਾਨੂੰਨ ਦੀ ਭਾਵਨਾ ਨੂੰ ਠੇਸ ਪਹੁੰਚਾਈ।

2019 ਵਿਚ ਸੁਪਰੀਮ ਕੋਰਟ ਨੇ ਅਯੁੱਧਿਆ ਮਾਮਲੇ ਵਿਚ ਰਾਮ ਮੰਦਰ ਦੇ ਹੱਕ ਵਿਚ ਫੈਸਲਾ ਸੁਣਾਇਆ ਅਤੇ ਮਸਜਿਦ ਲਈ ਬਦਲਵੀਂ ਜਮੀਨ ਦਿੱਤੀ। ਇਸ ਫੈਸਲੇ ਨੂੰ ਸਾਰੇ ਪੱਖਾਂ ਨੇ ਮੰਨ ਲਿਆ, ਪਰ ਕਾਸ਼ੀ ਅਤੇ ਮਥੁਰਾ ਦੇ ਮੁੱਦਿਆਂ ਨੂੰ ਸੰਘ ਪਰਿਵਾਰ ਵੱਲੋਂ ਸੜਕਾਂ 'ਤੇ ਉਠਾਉਣ ਦੀ ਕੋਸ਼ਿਸ਼ ਕਾਨੂੰਨ ਦੀ ਸਰਬਉੱਚਤਾ 'ਤੇ ਸਵਾਲ ਖੜ੍ਹੇ ਕਰਦੀ ਹੈ। ਭਾਗਵਤ ਦਾ ਬਿਆਨ ਸਵੈਮਸੇਵਕਾਂ ਨੂੰ ਅਜਿਹੇ ਅੰਦੋਲਨਾਂ ਵਿਚ ਸ਼ਾਮਲ ਹੋਣ ਦੀ ਖੁੱਲ੍ਹ ਦੇ ਕੇ ਪੂਜਾ ਸਥਾਨ ਐਕਟ ਦੀ ਉਲੰਘਣਾ ਨੂੰ ਉਤਸ਼ਾਹਿਤ ਕਰਦਾ ਜਾਪਦਾ ਹੈ।

ਕਾਸ਼ੀ ਅਤੇ ਮਥੁਰਾ ਵਿਚ ਮੰਦਰ-ਮਸਜਿਦ ਵਿਵਾਦ ਅਦਾਲਤਾਂ ਵਿਚ ਹਨ। ਇਤਿਹਾਸਕ ਤੌਰ 'ਤੇ, ਇਹ ਸੱਚ ਹੈ ਕਿ ਮੱਧਕਾਲ ਵਿਚ ਇਨ੍ਹਾਂ ਸਥਾਨਾਂ 'ਤੇ ਮੰਦਰ ਤੋੜੇ ਗਏ ਸਨ, ਪਰ ਇਹ ਵੀ ਸੱਚ ਹੈ ਕਿ ਸਮੇਂ ਨਾਲ ਹਿੰਦੂ ਅਤੇ ਮੁਸਲਮਾਨ ਸਮਾਜ ਵਿਚ ਸਮਝੌਤੇ ਹੋਏ। ਵਾਰਾਣਸੀ ਵਿਚ ਵਿਸ਼ਵਨਾਥ ਮੰਦਰ ਅਤੇ ਮਥੁਰਾ ਵਿਚ ਕ੍ਰਿਸ਼ਨ ਜਨਮਭੂਮੀ ਮੰਦਰ ਵਿਚ ਪੂਜਾ ਹੁੰਦੀ ਹੈ। ਜੇ ਕੋਈ ਵਿਵਾਦ ਹੈ, ਤਾਂ ਉਸ ਨੂੰ ਅਦਾਲਤਾਂ ਵਿਚ ਹੀ ਹੱਲ ਕੀਤਾ ਜਾਣਾ ਚਾਹੀਦਾ ਹੈ। ਪਰ ਸੰਘ ਪਰਿਵਾਰ ਦਾ ਇਤਿਹਾਸ ਦੱਸਦਾ ਹੈ ਕਿ ਉਹ ਧਾਰਮਿਕ ਧਰੁਵੀਕਰਨ ਰਾਹੀਂ ਸਿਆਸੀ ਤਾਕਤ ਹਾਸਲ ਕਰਨ ਦੀ ਰਣਨੀਤੀ ਅਪਨਾਉਂਦਾ ਰਿਹਾ ਹੈ।

> ਸੰਘ ਪਰਿਵਾਰ ਦੀ ਕਾਸ਼ੀ-ਮਥੁਰਾ ਮੁੱਦੇ ਨੂੰ ਭੜਕਾਉਣ ਦੀ ਰਣਨੀਤੀ ਸਿਆਸੀ ਤਾਕਤ ਹਾਸਲ ਕਰਨ ਦੀ ਇਕ ਪੁਰਾਣੀ ਚਾਲ ਜਾਪਦੀ ਹੈ। ਰਾਹੁਲ ਗਾਂਧੀ ਦੇ ਸਮਾਜਿਕ ਨਿਆਂ ਦੇ ਏਜੰਡੇ ਨੇ ਸੰਘ ਅਤੇ ਬੀਜੇਪੀ ਨੂੰ ਬੇਚੈਨ ਕਰ ਦਿੱਤਾ ਹੈ, ਜਿਸ ਦੇ ਜਵਾਬ ਵਜੋਂ ਉਹ ਧਾਰਮਿਕ ਧਰੁਵੀਕਰਨ ਦੀ ਰਾਹ 'ਤੇ ਚੱਲ ਪਏ ਹਨ। ਪਰ ਇਸ ਰਣਨੀਤੀ ਦੇ ਨਤੀਜੇ ਦੇਸ਼ ਦੇ ਸਮਾਜਿਕ ਅਤੇ ਆਰਥਕ ਭਵਿੱਖ ਲਈ ਖਤਰਨਾਕ ਹੋ ਸਕਦੇ ਹਨ।

### ਰਾਮ ਮੰਦਰ ਅੰਦੋਲਨ ਅਤੇ ਸੰਘ ਦੀ ਸਿਆਸਤ

ਵਰਤਮਾਨ ਵਿਵਾਦ ਨੂੰ ਸਮਝਣ ਲਈ ਰਾਮ ਮੰਦਰ ਅੰਦੋਲਨ ਦਾ ਇਤਿਹਾਸ ਵੇਖਣਾ ਜਰੂਰੀ ਹੈ। ਵਰਿਸਟ ਪੱਤਰਕਾਰ ਸ਼ੀਤਲਾ ਸਿੰਘ ਦੀ ਕਿਤਾਬ ਅਯੁੱਧਿਆ: ਰਾਮ ਜਨਮਭੂਮੀ-ਬਾਬਰੀ ਮਸਜਿਦ ਦਾ ਸੱਚ ਵਿਚ ਖੁਲਾਸਾ ਕੀਤਾ ਗਿਆ ਹੈ ਕਿ 1987 ਵਿਚ ਅਯੁੱਧਿਆ ਵਿਵਾਦ ਨੂੰ ਸੁਲਝਾਉਣ ਲਈ ਇਕ ਸਰਬਸੰਮਤੀ ਵਾਲਾ ਫਾਰਮੂਲਾ ਤਿਆਰ ਹੋ ਗਿਆ ਸੀ। ਅਯੁੱਧਿਆ ਵਿਕਾਸ ਟਰੱਸਟ ਨੇ ਮਸਜਿਦ ਨੂੰ ਤੋੜੇ ਬਿਨਾਂ ਮੰਦਰ ਬਣਾਉਣ ਦਾ ਪ੍ਰਸਤਾਵ ਰੱਖਿਆ ਸੀ, ਜਿਸ ਨੂੰ ਮੁਸਲਮਾਨ ਪੱਖ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇਤਾ ਅਸ਼ੋਕ ਸਿੰਘਲ ਨੇ ਵੀ ਮੰਨ ਲਿਆ ਸੀ। ਇਸ ਸਮਝੌਤੇ ਦੀ ਖਬਰ ਸੰਘ ਦੇ ਮੁਖਪੱਤਰ ਪੰਚਜਨਯ ਅਤੇ ਆਰਗਨਾਈਜ਼ਰ ਵਿਚ ਵੀ ਛਪੀ ਸੀ।

ਪਰ ਸ਼ੀਤਲਾ ਸਿੰਘ ਦੇ ਅਨੁਸਾਰ, ਸੰਘ ਦੇ ਉਸ ਸਮੇਂ ਦੇ ਸਰਸੰਘਚਾਲਕ ਬਾਲਾ ਸਾਹਿਬ ਦੇਵਰਸ ਨੇ ਇਸ ਸਮਝੌਤੇ ਦਾ ਵਿਰੋਧ ਕੀਤਾ। ਉਨ੍ਹਾਂ ਨੇ ਅਸ਼ੋਕ ਸਿੰਘਲ ਨੂੰ ਝਾੜ ਪਾਉਂਦੇ ਹੋਏ ਕਿਹਾ ਕਿ ਰਾਮ ਮੰਦਰ ਅੰਦੋਲਨ ਦਾ ਮਕਸਦ ਸਿਰਫ ਮੰਦਰ ਬਣਾਉਣਾ ਨਹੀਂ, ਸਗੋਂ ਧਾਰਮਿਕ ਧਰੁਵੀਕਰਨ ਰਾਹੀਂ ਸਿਆਸੀ ਤਾਕਤ ਹਾਸਲ ਕਰਨਾ ਸੀ। ਇਹ ਖੁਲਾਸਾ ਸਾਫ ਕਰਦਾ ਹੈ ਕਿ ਸੰਘ ਪਰਿਵਾਰ ਲਈ ਧਾਰਮਿਕ ਮੁੱਦੇ ਸਿਆਸੀ ਹਥਿਆਰ ਵਜੋਂ ਵਰਤੇ ਜਾਂਦੇ ਰਹੇ ਹਨ। ਕਾਸ਼ੀ ਅਤੇ ਮਥੁਰਾ ਦੇ ਮੁੱਦੇ ਨੂੰ ਭੜਕਾਉਣ ਦੀ ਮੌਜੂਦਾ ਕੋਸ਼ਿਸ਼ ਵੀ ਇਸੇ ਰਣਨੀਤੀ ਦਾ ਹਿੱਸਾ ਜਾਪਦੀ ਹੈ।

# ਪੰਜਾਬ ਹੈਰਾਨ-ਪਰੇਸ਼ਾਨ ਹੈ ਭਾਈ !

**ਗੁਰਮੀਤ ਸਿੰਘ ਪਲਾਹੀ**
9815802070



ਪਰਵਾਸ, ਲੋੜਾਂ - ਥੋੜਾਂ, ਖਰਾਬ ਬੁਨਿਆਦੀ ਢਾਂਚੇ, ਵਿਆਪਕ ਬੇਰੁਜ਼ਗਾਰੀ, ਖੇਤੀ ਸੰਕਟ, ਸਿਹਤ ਅਤੇ ਸਿੱਖਿਆ ਦੇ ਉਥਲ-ਪੁਥਲ ਹੋਏ ਢਾਂਚੇ ਨਾਲ ਝੰਬੇ ਪਏ ਪੰਜਾਬ ਲਈ ਆਈ ਇੱਕ ਹੋਰ ਆਫ਼ਤ ਮੌਕੇ ਪੰਜਾਬ ਢਹਿ-ਢੇਰੀ ਹੋਇਆ ਜਾਪਦਾ ਹੈ। ਪੰਜਾਬ ਸਰਕਾਰ ਬੇਵੱਸ ਹੈ ! ਅੱਧਾ ਪੰਜਾਬ ਹੜ੍ਹਾਂ ਦੀ ਮਾਰ ਹੇਠ ਹੈ। ਕੇਂਦਰ ਸਰਕਾਰ ਚੁੱਪ ਹੈ ! ਪੰਜਾਬ ਦੇ ਹੜ੍ਹਾਂ ਵੇਲੇ ਪੰਜਾਬ ਨੂੰ ਕੌਮੀ ਆਫ਼ਤ ਕਿਉਂ ਨਹੀਂ ਐਲਾਨਿਆ ਗਿਆ, ਲੋਕ ਪੁੱਛਦੇ ਹਨ।

ਅਧਿਕਾਰੀਆਂ ਦਾ ਅੰਦਾਜ਼ਾ ਹੈ ਕਿ ਡੇਢ ਲੱਖ ਏਕੜ ਖੜ੍ਹੀ ਫ਼ਸਲ ਗੰਨਾ, ਝੋਨਾ, ਮੱਕੀ ਪਾਣੀ 'ਚ ਡੁੱਬ ਗਈ ਹੈ। ਅਸਲ ਅੰਕੜੇ ਇਸ ਤੋਂ ਵੀ ਵੱਧ ਹਨ। ਲਗਭਗ ਅੱਧਾ ਪੰਜਾਬ ਪਾਣੀ 'ਚ ਡੁੱਬਿਆ ਪਿਆ ਹੈ। ਭਾਖੜਾ ਡੈਮ ਆਫਰਿਆ ਪਿਆ ਹੈ। ਰਣਜੀਤ ਸਾਗਰ ਡੈਮ ਦੇ ਖੋਲ੍ਹੇ ਫਲੱਡ ਗੇਟਾਂ ਕਾਰਨ ਪਾਣੀ ਦਾ ਪੱਧਰ ਵਧਣ ਨਾਲ ਪਿੰਡਾਂ ਦੇ ਪਿੰਡ ਡੁੱਬ ਰਹੇ ਹਨ। ਮਾਲ- ਡੰਗਰ, ਪਸ਼ੂ-ਪੰਛੀ, ਮਾਲ-ਅਸਬਾਬ,ਮਰਦ-ਔਰਤਾਂ, ਬੱਚੇ-ਬਜ਼ੁਰਗ ਪੰਜਾਬ ਵਿੱਚ ਪਿਛਲੇ 37 ਸਾਲਾਂ 'ਚ ਆਏ ਸਭ ਤੋਂ ਭਿਆਨਕ ਹੜ੍ਹਾਂ ਨਾਲ ਜੂਝ ਰਹੇ ਹਨ। ਪੰਜਾਬ ਦੇ ਮਾਲ-ਅਸਬਾਬ ਦਾ ਅਰਬਾਂ-ਖ਼ਰਬਾਂ ਦਾ ਨੁਕਸਾਨ ਹੋ ਗਿਆ ਹੈ। ਸੈਂਕੜੇ ਮੌਤਾਂ ਹੋ ਗਈਆਂ ਹਨ।

ਜਿੱਥੇ ਕੱਲ ਖ਼ੁਸ਼ੀਆਂ ਸਨ, ਜ਼ਿੰਦਗੀ ਹੱਸਦੀ-ਮੁਸਕਰਾਉਂਦੀ ਸੀ,ਅੱਜ ਜ਼ਿੰਦਗੀ ਹੜ੍ਹਾਂ ਦੀ ਮਾਰ ਹੇਠ ਹੈ। ਲੋਕ ਦਰਦ, ਹੰਝੂਆਂ, ਸੰਘਰਸ਼ ਤੇ ਗੁੱਸੇ ਨਾਲ ਭਰੇ ਪਏ ਹਨ। ਫ਼ਿਕਰ ਇਸ ਗੱਲ ਦਾ ਹੈ ਕਿ ਪਾਣੀ ਘਟਣ ਉਪਰੰਤ ਜਦੋਂ ਉਹ ਮੁੜ ਘਰਾਂ ਨੂੰ ਵਾਪਸ ਆਉਣਗੇ, ਤਾਂ ਜ਼ਿੰਦਗੀ ਫਿਰ ਕਿਵੇਂ ਸ਼ੁਰੂ ਕਰਨਗੇ ? ਉਹਨਾਂ ਦਾ ਗੁੱਸਾ ਸਰਕਾਰ ਅਤੇ ਪ੍ਰਸ਼ਾਸਨ ਦੇ ਖਿਲਾਫ਼ ਹੈ ਕਿ ਉਹਨਾਂ ਨੇ ਸਮੇਂ ਸਿਰ ਬਚਾਅ ਕਾਰਜ ਕਿਉਂ ਨਹੀਂ ਸ਼ੁਰੂ ਕੀਤੇ ? ਪੁੱਲ ਜਿਹੜੇ ਟੁੱਟ ਰਹੇ ਸਨ, ਉਹਨਾਂ ਦੀ ਮੁਰੰਮਤ ਪਹਿਲਾਂ ਕਿਉਂ ਨਹੀਂ ਕੀਤੀ ? ਜਦੋਂ ਰੇਤ ਖਨਨ ਹੋ ਰਿਹਾ ਸੀ ਅਤੇ ਜਿਸ ਨੇ ਦਰਿਆਵਾਂ ਦਾ ਸਰੂਪ ਹੀ ਵਿਗਾੜ ਦਿੱਤਾ, ਉਸ ਨੂੰ ਕਿਉਂ ਨਹੀਂ ਰੋਕਿਆ ਗਿਆ ? ਸੜਕਾਂ ਦੀ ਮੁਰੰਮਤ ਕਿਉਂ ਨਹੀਂ ਕਰਵਾਈ ਗਈ ?

ਸਰਕਾਰ ਆਖਦੀ ਤਾਂ ਇਹ ਹੈ ਕਿ ਉਸਦੇ ਖ਼ਜ਼ਾਨੇ ਮਾਲੋ-ਮਾਲ ਹਨ, ਭਰੇ ਪਏ ਹਨ, ਤਾਂ ਕਦੇ ਸ਼ਹਿਰਾਂ-ਪਿੰਡਾਂ ਦੀਆਂ ਸੜਕਾਂ ਦਾ ਹਾਲ ਕਿਉਂ ਨਹੀਂ ਵੇਖਦੀ ? ਮੇਨ ਹਾਈਵੇ ਤੋਂ ਬਿਨਾਂ ਪਿੰਡਾਂ ਦੀਆਂ ਲਿੰਕ ਸੜਕਾਂ ਦਾ ਬੁਰਾ ਹਾਲ ਹੈ। ਸ਼ਹਿਰਾਂ ਦੀਆਂ ਸੜਕਾਂ 'ਚ ਟੋਏ ਹਨ। ਮੀਂਹ ਪੈਂਦਾ ਹੈ ਤਾਂ ਸੜਕਾਂ ਭਰ ਜਾਂਦੀਆਂ ਹਨ, ਨਿਕਾਸੀ ਦਾ ਸਹੀ ਪ੍ਰਬੰਧ ਨਹੀਂ ਹੈ। ਆਖਰ ਪੰਜਾਬੀਆਂ ਦਾ ਕਸੂਰ ਕੀ ਹੈ ਜੋ ਉਹਨਾਂ ਨੂੰ ਸਰਕਾਰਾਂ ਨੇ ਆਪਣੇ ਹਾਲ 'ਤੇ ਛੱਡ ਦਿੱਤਾ ਹੈ ?

ਦਰਿਆਈ ਪਾਣੀ ਦੀ ਵੰਡ ਦਾ ਮਸਲਾ ਆਉਂਦਾ ਹੈ ਤਾਂ ਦੂਜੇ ਰਾਜਾਂ ਲਈ ਵੱਧ ਪਾਣੀ ਦੀ ਹਾਲ-ਦੁਹਾਈ ਸੁਣਾਈ ਦਿੰਦੀ ਹੈ। ਭਾਖੜਾ ਮੈਨੇਜਮੈਂਟ ਬੋਰਡ ਦੀ ਗੱਲ ਆਉਂਦੀ ਹੈ ਤਾਂ ਕੇਂਦਰ ਉਸ ਉੱਤੇ ਪੂਰਾ ਕਬਜ਼ਾ ਚਾਹੁੰਦਾ ਹੈ। ਪਰ ਹੜ੍ਹਾਂ-ਮੀਂਹਾਂ ਵੇਲੇ ਛੱਡੇ ਪਾਣੀ ਨਾਲ ਖਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਨਿੱਤ ਨਵੀਆਂ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਲੋਕ ਅੱਜ ਅਤਿ ਦੇ ਪਰੇਸ਼ਾਨ ਹਨ।

ਹਾਲੇ ਦਿਨ ਹੀ ਬੀਤੇ ਹਨ ਕਿ ਪੰਜਾਬ ਦੇ ਕਿਸਾਨ ਆਪਣੀਆਂ ਜ਼ਮੀਨਾਂ ਸਰਕਾਰ ਤੋਂ ਬਚਾਉਣ ਲਈ ਸੜਕਾਂ ਉੱਤੇ ਸਨ, ਸੰਘਰਸ਼ ਕਰ ਰਹੇ ਸਨ। ਕੇਂਦਰ ਦੇ ਖੇਤੀ ਕਾਨੂੰਨਾਂ ਦੀ ਮਾਰ ਤੋਂ ਬਚਾਅ ਬਾਅਦ, ਸੂਬੇ ਦੀ ਸਰਕਾਰ ਦਾ ਜ਼ਮੀਨ ਹਥਿਆਉਣ ਦਾ "ਲੈਂਡ-ਪੂਲਿੰਗ" ਕਾਨੂੰਨ ਉਹਨਾਂ ਦੀ ਨੀਂਦ ਹਰਾਮ ਕਰ ਰਿਹਾ ਸੀ। ਉਸ ਤੋਂ ਸਾਹ ਆਇਆ ਤਾਂ ਇਹਨਾਂ ਹੜ੍ਹਾਂ ਨੇ ਸਾਹ ਸੂਤ ਦਿੱਤੇ ਹਨ !

ਸਰਕਾਰ ਕਹਿੰਦੀ ਹੈ ਕਿ ਉਹ "ਹੜ੍ਹ - ਰਿਲੀਫ਼" ਦੇਣ ਲਈ ਪੱਬਾਂ ਭਾਰ ਹੈ, ਪਰ ਉਸ ਦੇ ਪੱਬ ਭਾਰ ਨਹੀਂ ਝੱਲ ਰਹੇ। ਲੋਕ ਹੀ ਲੋਕਾਂ ਦੀ ਮਦਦ ਕਰ ਰਹੇ ਹਨ। ਪਰ ਮੁਸੀਬਤ ਐਡੀ ਵੱਡੀ ਹੈ ਕਿ ਇਸਦਾ ਟਾਕਰਾ ਕਰਨਾ ਦਿਲ-ਗੁਰਦੇ ਦਾ ਹੀ ਕੰਮ ਨਹੀਂ; ਸਹੀ ਵਿਉਂਤਬੰਦੀ, ਸਾਜੋ-ਸਮਾਨ ਅਤੇ ਮਨੁੱਖੀ ਸਿਰਾਂ ਦੀ ਅਤਿਅੰਤ ਲੋੜ ਹੈ। ਲੋਕ ਘਰਾਂ 'ਚ ਬੈਠੇ ਹਨ। ਕੁਦਰਤ ਦੀ ਕਰੋਪੀ ਦੇ ਠੱਲ੍ਹ ਪੈ ਜਾਣ ਦੀ ਉਡੀਕ ਕਰ ਰਹੇ ਹਨ।ਆਪਣੇ ਕਰਮਾਂ ਤੇ ਸਰਕਾਰਾਂ ਨੂੰ ਦੋਸ਼ ਦੇ ਰਹੇ ਹਨ, ਰੱਬ ਅੱਗੇ ਅਰਦਾਸਾਂ ਕਰ ਰਹੇ ਹਨ। ਉਹ ਸੋਚਦੇ ਹਨ, ਮੁਸੀਬਤ ਆਈ ਹੈ, ਆਖਰ ਟਲ ਜਾਏਗੀ, ਪਰ ਇਹ ਮੁਸੀਬਤ ਮੁੜ ਨਾ ਆਏ, ਇਹੋ ਜਿਹੀ ਸਥਿਤੀ ਤੇ ਪ੍ਰਬੰਧ ਕਿਵੇਂ ਹੋਣਗੇ ? ਇਸ ਸਭ ਕੁਝ ਲਈ ਤਾਂ ਆਖਰ ਸੋਚਣਾ ਹੀ ਪਏਗਾ ਸਰਕਾਰਾਂ ਨੂੰ, ਲੋਕਾਂ ਨੂੰ, ਬੁੱਧੀਮਾਨਾਂ ਨੂੰ, ਵਿਚਾਰਵਾਨਾਂ ਨੂੰ ਅਤੇ ਸਭ ਤੋਂ ਵੱਧ ਉਹਨਾਂ ਨੂੰ, ਜਿਹੜੇ "ਵੋਟਾਂ ਬਟੋਰਨ" ਲਈ ਇਸ ਦੁੱਖ ਦੀ ਘੜੀ ਵਿਚ ਵੀ ਸਿਆਸਤ ਕਰਨੋਂ ਨਹੀਂ ਟਲ ਰਹੇ।

ਹਿਮਾਲਾ ਖੇਤਰ ਇਸ ਵੇਲੇ ਬੱਦਲ ਫਟਣ, ਧਰਤੀ ਦੇ ਖਿਸਕਣ, ਮਿੱਟੀ ਦੇ ਖੋਰੇ ਅਤੇ ਹੜ੍ਹਾਂ ਦੀ ਤਰਾਸਦੀ ਨਾਲ ਜੂਝ ਰਿਹਾ ਹੈ। ਨਦੀਆਂ ਦਾ ਵਹਿਣ ਆਪਣੇ ਰਸਤੇ ਵਿੱਚ ਆਉਣ ਵਾਲੀ ਹਰ ਚੀਜ਼ ਨੂੰ ਨਸ਼ਟ ਕਰ ਰਿਹਾ ਹੈ। ਇਸ ਮਾਨਸੂਨ ਵਿੱਚ ਸਥਿਤੀ ਭਿਅੰਕਰ ਹੋ ਗਈ ਹੈ। ਬੱਦਲ ਫਟਣ ਨਾਲ ਅਚਾਨਕ ਆਏ ਹੜ੍ਹ ਬੁਨਿਆਦੀ ਢਾਂਚੇ ਤੇ ਘਰਾਂ ਨੂੰ ਤਹਿਸ - ਨਹਿਸ ਕਰ ਰਹੇ ਹਨ। ਸਾਇੰਸਦਾਨਾਂ ਨੇ ਇਹ ਖੁਲਾਸਾ ਕੀਤਾ ਹੈ ਕਿ ਹਿਮਾਲਾ ਖੇਤਰ ਵਿਚ ਜਿਹੜੇ ਹੜ੍ਹ 10 ਸਾਲਾਂ 'ਚ ਇੱਕ ਵਾਰੀ ਆਉਂਦੇ ਸਨ, ਉਹ ਇਸ ਵਾਰ ਦੋ ਮਹੀਨੇ ਵਿਚ ਤਿੰਨ ਵਾਰੀ ਆ ਗਏ ਹਨ। ਢਲਾਣਾਂ ਖਿਸਕਣ ਲੱਗੀਆਂ ਹਨ। ਅਚਾਨਕ ਆ ਰਹੇ ਹੜ੍ਹ ਜਾਨਲੇਵਾ ਹੋ ਗਏ ਹਨ। ਕਾਰਨ ਸਪੱਸ਼ਟ ਹੈ ਕਿ ਪਹਾੜਾਂ 'ਚ ਨਿਰਮਾਣ ਵੱਧ ਰਿਹਾ ਹੈ। ਕੰਕਰੀਟ ਦੀਆਂ ਇਮਾਰਤਾਂ ਜੰਗਲਾਂ ਦੀ ਜਗ੍ਹਾ ਲੈ ਰਹੀਆਂ ਹਨ। ਇਹ ਪਾਣੀ ਦਾ ਵਹਾਅ ਰੋਕ ਰਹੀਆਂ ਹਨ। ਪਹਾੜ ਅਸੁਰੱਖਿਅਤ ਹੋ ਰਹੇ ਹਨ।

ਜੰਮੂ-ਕਸ਼ਮੀਰ, ਉੱਤਰਾਖੰਡ, ਹਿਮਾਚਲ ਪ੍ਰਦੇਸ਼ 'ਚ ਹਾਲਾਤ ਵਿਗੜੇ ਹਨ। ਹਿਮਾਚਲ 'ਚ ਅਚਾਨਕ ਆਏ ਹੜ੍ਹ ਨੇ ਖਿੱਤੇ ਵਿਚ ਆਫ਼ਤ ਲਿਆ ਦਿੱਤੀ ਹੈ, ਜਿਸ ਦਾ ਖਮਿਆਜ਼ਾ ਹਿਮਾਚਲ ਪ੍ਰਦੇਸ਼ ਨਾਲੋਂ ਵੱਧ ਪੰਜਾਬ ਨੂੰ ਭੁਗਤਣਾ ਪੈ ਰਿਹਾ ਹੈ। ਸੋਚਣ ਵਾਲੀ ਗੱਲ ਹੈ ਕਿ ਇਹ ਵਿਨਾਸ਼, ਇਹ ਤਬਾਹੀ ਆਖ਼ਰ ਹੋ ਕਿਉਂ ਰਹੀ ਹੈ ?

ਕਾਰਨ ਸਪਸ਼ਟ ਹਨ। ਟੂਰਿਜ਼ਮ ਦਾ ਦਬਾਅ ਹਿਮਾਚਲ ਪ੍ਰਦੇਸ਼ ਵੱਲ ਜ਼ਿਆਦਾ ਹੈ। ਤੀਰਥ-ਯਾਤਰੀਆਂ ਦਾ ਹਿਮਾਚਲ ਪੁੱਜਣਾ ਵਧ ਰਿਹਾ ਹੈ। ਸਿੱਟੇ ਵਜੋਂ ਬੁਨਿਆਦੀ ਢਾਂਚੇ ਦਾ ਵਿਸਥਾਰ ਪਹਾੜਾਂ ਦੀ ਬਲੀ ਦੇ ਕੇ ਕੀਤਾ ਜਾ ਰਿਹਾ ਹੈ। ਨਾਜ਼ੁਕ ਖੇਤਰਾਂ ਵਿਚ ਹੋਟਲ, ਰਿਜ਼ੋਰਟ ਤੇਜ਼ੀ ਨਾਲ ਵਧੇ ਹਨ। ਸਿੱਟੇ ਵਜੋਂ ਹਿਮਾਚਲ ਦੇ ਸ਼ਹਿਰਾਂ ਵਿਚ ਅਬਾਦੀ ਵਧ ਰਹੀ ਹੈ। ਵਿਕਾਸ ਪਰਿਯੋਜਨਾਵਾਂ ਵਿਚ ਵਾਧਾ ਹੋ ਰਿਹਾ ਹੈ। ਨਦੀਆਂ ਦੇ ਤੱਟਾਂ ਉੱਤੇ ਭਵਨ ਨਿਰਮਾਣ ਕਾਰਨ ਜੋਖ਼ਮ ਵਧਿਆ ਹੈ।

ਪਿਛਲੇ 16 ਸਾਲਾਂ ਵਿਚ ਪਹਿਲੀ ਵਾਰ ਮਾਨਸੂਨ ਨੇ ਵੱਡੀ ਦਸਤਕ ਦਿੱਤੀ ਹੈ। ਜੂਨ, ਜੁਲਾਈ, ਅਗਸਤ ਵਿੱਚ ਭਾਰੀ ਮੀਂਹ ਨੇ ਬੇਹਾਲ ਕੀਤਾ ਹੈ। ਇਸ ਨਾਲ ਖੇਤੀ ਦੇ ਨਾਲ-ਨਾਲ ਸਮੂਹਿਕ ਜਨ-ਜੀਵਨ ਪ੍ਰਭਾਵਿਤ ਹੋਇਆ ਹੈ। ਇਹ ਵੀ ਸੋਚਣ ਵਾਲੀ ਗੱਲ ਹੈ ਕਿ ਮੌਸਮ ਨਿਰੰਤਰ ਬਦਲ ਰਹੇ ਹਨ। ਸਮਝ ਹੀ ਨਹੀਂ ਆਉਂਦਾ ਕਿ ਕਦੋਂ ਕਿਹੜੀ ਰੁੱਤ ਚੱਲ ਰਹੀ ਹੈ। ਉੱਤਰ ਤੋਂ ਦੱਖਣ ਤੇ ਪੂਰਬ ਤੋਂ ਪੱਛਮ ਤੱਕ ਬੀਤੇ ਅੱਠ ਮਹੀਨਿਆਂ ਵਿੱਚ ਕਿਧਰੇ ਹੜ੍ਹ ਨਾਲ ਹਾਹਾਕਾਰ ਅਤੇ ਕਿਧਰੇ ਲੂ-ਪਸੀਨੇ ਨਾਲ ਗੜਬੜੀ ਹੋ ਰਹੀ ਹੈ। ਚਿੰਤਾਜਨਕ ਇਹ ਹੈ ਕਿ ਜਲਵਾਯੂ ਬਦਲ ਰਿਹਾ ਹੈ। ਇਸ ਦੇ ਨਾਲ-ਨਾਲ ਆਫ਼ਤਾਂ ਆਉਣ ਦੀ ਸੰਭਾਵਨਾ ਬਣ ਰਹੀ ਹੈ। ਇਸ ਨਾਲ ਸਿਹਤ ਵਿਗਾੜ ਵਧਣਗੇ।

ਪਰੇਸ਼ਾਨ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਦੇਸ਼ ਨੂੰ ਵੱਡੀ ਖੁਰਾਕ ਦੇਣ ਵਾਲਾ ਪੰਜਾਬ ਬੁਰੀ ਤਰ੍ਹਾਂ ਹੜ੍ਹਾਂ ਦੀ ਮਾਰ ਹੇਠ ਹੈ,ਇਸ ਨਾਲ ਫ਼ਸਲ ਉਤਪਾਦਕਤਾ ਉੱਤੇ ਵੱਡਾ ਅਸਰ ਪਏਗਾ। ਉਪਜਾਊ ਮਿੱਟੀ ਹੜ੍ਹਾਂ ਨਾਲ ਖੁਰ ਕੇ ਨਦੀਆਂ-ਸਮੁੰਦਰਾਂ ਦਾ ਹਿੱਸਾ ਬਣ ਜਾਏਗੀ। ਉਪਜਾਊ ਧਰਤੀ ਉਥੇ ਹੁਣ ਪੰਜਾਬ, ਜਿਹੜਾ ਖੇਤੀ ਲਈ ਕਦੇ ਜ਼ਮੀਨ ਹੇਠਲੇ ਪਾਣੀ ਦੀ ਥੁੜ੍ਹ ਦਾ ਸਾਹਮਣਾ ਕਰਕੇ ਮਾਰੂਥਲ ਬਣਨ ਵੱਲ ਵਧ ਰਿਹਾ ਹੈ ਉਸ ਦੀ ਧਰਤੀ ਦੀ ਉੱਪਰਲੀ ਉਪਜਾਊ ਮਿੱਟੀ ਦੇ ਖੁਰ ਜਾਣ ਨਾਲ ਆਖਰ ਖੇਤੀ-ਪ੍ਰਧਾਨ ਸੂਬੇ ਪੰਜਾਬ ਦਾ ਕੀ ਬਣੇਗਾ ?

ਉਂਝ ਵੀ, ਪਾਣੀ ਨੇ ਜਿਸ ਢੰਗ ਨਾਲ ਪੰਜਾਬ 'ਤੇ ਹਮਲਾ ਕੀਤਾ ਹੈ, ਉਸ ਨਾਲ ਮਲੇਰੀਆ, ਹੈਜ਼ਾ, ਡੇਂਗੂ, ਚਿਕਨਗੁਨੀਆ ਜਿਹੀਆਂ ਬਿਮਾਰੀਆਂ ਫੈਲਣ ਦਾ ਖਤਰਾ ਵਧੇਗਾ। ਹੜ੍ਹਾਂ ਨਾਲ ਪਸ਼ੂਆਂ-ਜੀਵ ਜੰਤੂਆਂ ਦਾ ਜੋ ਨੁਕਸਾਨ ਹੋ ਰਿਹਾ ਹੈ, ਉਹ ਘਾਤਕ ਬਣ ਗਿਆ ਹੈ। ਕੀ ਸਰਕਾਰਾਂ ਇਸ ਗੱਲ ਤੋਂ ਅਣਜਾਣ ਹਨ ?

ਬੁਨਿਆਦੀ ਢਾਂਚੇ ਦੇ ਨਾਂ 'ਤੇ ਬਣ ਰਹੇ ਵੱਡੇ ਹਾਈਵੇ ਪਹਿਲਾਂ ਹੀ ਪੰਜਾਬ ਦੀ ਖੇਤੀ ਯੋਗ ਜ਼ਮੀਨ ਦਾ ਨਾਸ਼ ਕਰ ਰਹੇ ਹਨ,ਜਿਨ੍ਹਾਂ ਦਾ ਫ਼ਾਇਦਾ ਆਮ ਆਦਮੀ ਨੂੰ ਨਹੀਂ, ਸਿਰਫ਼ ਧੰਨ-ਕੁਬੇਰਾਂ ਨੂੰ ਹੈ। ਇਸ ਅਖੌਤੀ ਵਿਕਾਸ ਹਾਈਵੇ, ਕਾਰਪੋਰੇਟਾਂ ਲਈ ਕੱਚੇ ਮਾਲ ਦੀ ਢੋਆ-ਢੁਆਈ ਅਤੇ ਇਹਨਾਂ ਲਈ ਵੱਡੇ ਫ਼ਾਇਦੇ ਦੇਣ ਵੱਲ ਸੇਧਿਤ ਹੈ।

ਸਵਾਲ ਤਾਂ ਇਹ ਹੈ ਕਿ ਕੁਦਰਤ ਨਾਲ ਜ਼ਿਆਦਤੀਆਂ ਕਦੋਂ ਤੱਕ ਜਾਰੀ ਰਹਿਣਗੀਆਂ ? ਕਦੋਂ ਸਰਕਾਰਾਂ ਦੀ ਸੋਚ ਲੋਕ-ਪੱਖੀ ਹੋਏਗੀ ? ਕਦੋਂ ਇਹਨਾਂ ਮਾਰੂ ਯੋਜਨਾਵਾਂ ਉੱਤੇ ਰੋਕ ਲੱਗੇਗੀ ? ਕਦੋਂ ਆਪਣੇ ਸੁੱਖ-ਚੈਨ ਲਈ ਜਲ, ਜ਼ਮੀਨ, ਜੰਗਲ ਨਾਲ ਜ਼ੁਲਮ ਅਤੇ ਬੇਇਨਸਾਫ਼ੀ ਕਰਕੇ ਬਣਾਈਆਂ ਜਾ ਰਹੀਆਂ ਯੋਜਨਾਵਾਂ ਉੱਤੇ ਰੋਕ ਲੱਗੇਗੀ ? ਜਲ-ਜ਼ਮੀਨ-ਜੰਗਲ ਨਾਲ ਕੀਤਾ ਖਿਲਵਾੜ ਖਿੱਤੇ ਦੇ ਕੁਝ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ,ਜਿਵੇਂ ਹਿਮਾਚਲ ਖੇਤਰ ਦੇ ਹਿੱਸੇ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਨੂੰ ਸਭ ਤੋਂ ਵੱਧ ਇਹ ਭੁਗਤਣਾ ਪੈ ਰਿਹਾ ਹੈ।

ਪਿਛਲੇ ਵਰ੍ਹਿਆਂ ਵਿਚ ਪੰਜਾਬ ਵਿਚ ਜੰਗਲਾਂ ਦਾ ਖੇਤਰ ਘਟਿਆ ਹੈ। ਖੇਤੀ ਜ਼ਮੀਨ ਉੱਤੇ ਲਗਾਤਾਰ ਡਾਕੇ ਪਏ ਹਨ। ਪਾਣੀ ਦੀ ਥੁੜ੍ਹ ਨੇ ਪੰਜਾਬ ਹੱਥਲ ਕਰ ਦਿੱਤਾ ਹੋਇਆ ਹੈ ਤੇ ਹੁਣ ਵਧੇਰੇ ਪਾਣੀ ਨੇ ਪੰਜਾਬ ਪਰੇਸ਼ਾਨ ਕੀਤਾ ਹੋਇਆ ਹੈ।

ਸਾਰੀਆਂ ਸਿਆਸੀ ਧਿਰਾਂ ਪੰਜਾਬ ਨੂੰ ਆਪਣੇ ਹੱਥ ਕਰਨ ਲਈ ਪੱਬਾਂ ਭਾਰ ਹਨ। ਪੰਜਾਬ ਦੀਆਂ ਵੱਡੀਆਂ ਸਮੱਸਿਆਵਾਂ, ਜਿਹਨਾਂ ਵਿੱਚ ਪਰਵਾਸ, ਬੇਰੁਜ਼ਗਾਰੀ, ਖੇਤੀ ਸੰਕਟ ਦੇ ਨਾਲ ਹੜ੍ਹਾਂ ਦੇ ਪ੍ਰਕੋਪ ਦਾ ਜੋ ਵਾਧਾ ਹੋ ਗਿਆ ਹੈ, ਉਸ ਨੂੰ ਹੱਲ ਕੌਣ ਕਰੇਗਾ ? ਦੋਸ਼ ਤਾਂ ਪੰਜਾਬ 'ਤੇ ਬਥੇਰੇ ਲੱਗਦੇ ਹਨ ਕਿ ਪੰਜਾਬ ਵਿੱਚ ਪਰਾਲੀ ਸਾੜਨ ਨਾਲ ਦਿੱਲੀ ਦੂਸ਼ਿਤ ਹੁੰਦੀ ਹੈ, ਪੰਜਾਬ ਗੁਆਂਢੀ ਸੂਬਿਆਂ ਨੂੰ ਪਾਣੀ ਨਹੀਂ ਦਿੰਦਾ। ਪਰ ਪੰਜਾਬ 'ਚ ਆਫ਼ਤ ਸਮੇਂ ਪੰਜਾਬ ਨਾਲ ਕੌਣ ਖੜਿਆ ਹੈ ਅਤੇ ਖੜ੍ਹੇਗਾ ? ਸਿਰਫ਼ ਵਕਤੀ ਸਹਾਇਤਾ, ਭੋਜਨ, ਰਿਲੀਫ਼ ਕੈਂਪ ਭਲਾ ਪੰਜਾਬੀਆਂ ਦਾ ਕੀ ਸੁਆਰਨਗੇ ?

ਪੰਜਾਬ ਹੈਰਾਨ-ਪਰੇਸ਼ਾਨ ਹੈ ਭਾਈ ! ਪੰਜਾਬੀ ਸੋਚਣ ਲੱਗੇ ਹਨ ਕਿ ਇਹ ਪੰਜਾਬ ਦੀ ਤਬਾਹੀ ਲਈ ਕੋਈ ਗਿਣੀ-ਮਿਥੀ ਸਾਜ਼ਿਸ਼ ਤਾਂ ਨਹੀਂ ? ਜਿਵੇਂ ਸਾਜ਼ਿਸ਼ ਅਧੀਨ ਪੰਜਾਬ ਦਾ ਬਟਵਾਰਾ ਹੋਇਆ। ਜਿਵੇਂ ਪੰਜਾਬ 'ਚ ਸਰਦ-ਗਰਮ ਮੁਹਿੰਮਾਂ ਚਲਾ ਕੇ ਨੌਜਵਾਨਾਂ ਦਾ ਘਾਣ ਕੀਤਾ ਗਿਆ। ਜਿਵੇਂ ਪੰਜਾਬ 'ਚ ਨਸ਼ੇ ਫੈਲਾ ਕੇ ਨੌਜਵਾਨਾਂ ਦਾ ਖ਼ਾਤਮਾ ਕਰਨ ਜਿਹੇ ਕੁਕਰਮ ਸਮੇਂ-ਸਮੇਂ 'ਤੇ ਹਾਕਮ ਜਮਾਤ ਵੱਲੋਂ ਕੀਤੇ ਜਾਂਦੇ ਰਹੇ ਅਤੇ ਇਹ ਵੀ ਅਤਿਕਥਨੀ ਨਹੀਂ ਕਿ ਕਿਵੇਂ ਪੰਜਾਬ ਦੇ ਪੰਜਾਬੀ ਬੋਲਦੇ ਖੇਤਰ ਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਤੋਂ ਖੋਹੇ ਜਾਣ ਦੀਆਂ ਸਾਜ਼ਿਸ਼ਾਂ ਰਚੀਆਂ ਗਈਆਂ ਹਨ !

ਬਿਨਾਂ ਸ਼ੱਕ, ਪੰਜਾਬ ਇਹਨੀਂ ਦਿਨੀਂ ਉਦਾਸ ਹੈ,ਪਰ ਹੌਸਲੇ 'ਚ ਹੈ। ਆਪਣੇ ਹੱਥੀਂ ਆਪਣਾ ਕਾਰਜ ਆਪ ਸਵਾਰਨ ਹਿੱਤ ਪੰਜਾਬ ਅੱਜ ਫਿਰ ਇਸ ਵੱਡੀ ਆਫ਼ਤ ਵੇਲੇ ਵੱਡੀ ਲੜਾਈ ਲੜ ਰਿਹਾ ਹੈ।

ਪੰਜਾਬ ਜਿੱਤੇਗਾ। ਪੰਜਾਬ ਜ਼ਿੰਦਾਬਾਦ।

# ਪੰਜਾਬ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ

## ਜਨਮ ਦਿਨ 'ਤੇ ਵਿਸ਼ੇਸ਼


ਡਾ. ਜਗਮੇਲ ਸਿੰਘ ਭਾਠੂਆਂ
ਸੰਪਰਕ 8847047554

ਪੰਜਾਬ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਆਪਣੇ ਸਮੇਂ ਦੀਆਂ ਸ਼੍ਰੋਮਣੀ ਸ਼ਖ਼ਸੀਅਤਾਂ ਵਿਚੋਂ ਇੱਕ ਅਜਿਹੇ ਯੁੱਗ ਦ੍ਰਿਸ਼ਟਾ ਸਨ ਜਿਨ੍ਹਾਂ ਆਪਣੇ ਬਚਪਨ ਤੋਂ ਲੈ ਕੇ ਬਿਰਧ ਅਵਸਥਾ ਤੱਕ ਆਪਣੀ ਚੇਤਨਾ ਨੂੰ ਉੱਚਾ ਉਠਾਉਣ ਤੇ ਵਿੱਦਿਅਕ ਯੋਗਤਾ ਵਧਾਉਣ ਦੇ ਮੰਤਵ ਨੂੰ ਹਮੇਸ਼ਾ ਸਾਹਮਣੇ ਰੱਖਿਆ। ਭਾਈ ਕਾਹਨ ਸਿੰਘ ਨਾਭਾ ਦਾ ਜਨਮ ਉਨਾਂ ਦੇ ਨਾਨਕੇ ਘਰ ਰਿਆਸਤ ਪਟਿਆਲਾ ਦੇ ਪਿੰਡ ਬਨੇਰਾ ਖੁਰਦ ਵਿਚ ਮਾਤਾ ਹਰਿ ਕੌਰ ਦੀ ਕੁੱਖੋਂ 30 ਅਗਸਤ 1861 ਈਂ ਨੂੰ ਹੋਇਆ। ਆਪਣੇ ਵਡਮੁੱਲੇ ਯੋਗਦਾਨ ਸਦਕਾ ਭਾਈ ਸਾਹਬ ਇੱਕ ਯੁੱਗ ਪੁਰਸ਼ ਦਾ ਦਰਜਾ ਰੱਖਦੇ ਹਨ ਯੁੱਗ ਪੁਰਸ਼ ਦੀ ਮੂਲ ਨਿਸ਼ਾਨੀ ਇਹ ਹੁੰਦੀ ਹੈ ਕਿ ਉਹ ਆਪਣੇ ਜੀਵਨ ਮਨੋਰਥ ਪ੍ਰਤੀ ਦ੍ਰਿੜ੍ਹ ਤੇ ਸਪੱਸ਼ਟ ਹੁੰਦਾ ਹੈ ਅਤੇ ਆਪਣੇ ਮੰਤਵ ਦੀ ਪੂਰਤੀ ਲਈ ਉਹ ਨਿਰੰਤਰ ਸਾਧਨਾਂ ਵਿੱਚ ਜੁਟਿਆ ਰਹਿੰਦਾ ਹੈ। ਭਾਈ ਸਾਹੇਬ ਦੇ ਬਜ਼ੁਰਗ ਬਾਬਾ ਨੌਧ ਸਿੰਘ ਪਿੰਡ ਪਿੱਥੋ (ਬਠਿੰਡਾ) ਦੇ ਪਤਵੰਤੇ ਪੁਰਸ਼ ਸਨ ਜੋ ਕੁਝ ਸਮਾਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਮੁਸ਼ਾਹਬ ਵੀ ਰਹੇ ਸਨ। ਸਮਾਂ ਪਾ ਕੇ ਉਨ੍ਹਾਂ ਦੇ ਸਪੁੱਤਰ ਬਾਬਾ ਸਰੂਪ ਸਿੰਘ ਜੀ ਡੇਰਾ ਬਾਬਾ ਅਜਾਪਾਲ ਸਿੰਘ ਜੀ (ਨਾਭਾ) ਦੇ ਮੋਹਤਮਿਮ ਨੀਅਤ ਹੋਏ ਅਤੇ ਇਸ ਤੋਂ ਬਾਅਦ ਬਾਬਾ ਸਰੂਪ ਸਿੰਘ ਦੇ ਪੋਤਰੇ ਬਾਬਾ ਨਾਰਾਇਣ ਸਿੰਘ ਜੀ (1841-1916 ਈ.) ਨੇ ਇਸੇ ਅਸਥਾਨ ਤੇ ਸੇਵਾ ਨਿਭਾਈ ਜੋ ਕਿ ਭਾਈ ਕਾਨ੍ਹ ਸਿੰਘ ਨਾਭਾ ਦੇ ਪਿਤਾ ਸਨ।

ਭਾਈ ਕਾਨ੍ਹ ਸਿੰਘ ਦੇ ਪਿਤਾ ਬਾਬਾ ਨਾਰਾਇਣ ਸਿੰਘ ਜੀ ਬੜੀ ਬਲਵਾਨ ਚੇਤਨਾ ਸ਼ਕਤੀ ਦੇ ਮਾਲਕ ਸਨ। ਆਪ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਹੁਤ ਬਾਣੀ ਜ਼ੁਬਾਨੀ ਕੰਠ ਸੀ ਅਤੇ ਹਰੇਕ ਮਹੀਨੇ ਚਾਰ ਪਾਠ ਨੇਮ ਨਾਲ ਕਰਿਆ ਕਰਦੇ ਸਨ। ਕਈ ਬਜੁਰਗਾਂ ਤੇ ਵਿਦਵਾਨਾਂ ਪਾਸੋਂ ਇਹ ਗੱਲਾਂ ਸੁਣਨ ਨੂੰ ਮਿਲੀਆਂ ਹਨ ਕਿ, ਬਾਬਾ ਨਾਰਾਇਣ ਸਿੰਘ ਜੀ ਨੇ ਆਪਣੀ ਉਮਰ ਵਿਚ ਇਕ ਆਸਨ ਤੇ ਬੈਠ ਕੇ ਤਿੰਨ ਵਾਰ ਅਤਿ-ਅਖੰਡ ਪਾਠ ਕੀਤੇ ਸਨ ਅਤੇ ਇਕ ਅਤਿ-ਅਖੰਡ ਪਾਠ ਆਪ ਤੋਂ ਖੁਦ ਮਹਾਰਾਜਾ ਹੀਰਾ ਸਿੰਘ ਨਾਭਾਪਤੀ ਨੇ ਜਿਸ ਪ੍ਰੇਮ ਨਾਲ ਸੁਣਿਆ ਉਹ ਦੇਖਣ ਯੋਗ ਸੀ। ਜਦੋਂ ਉਸ ਪਾਠ ਦਾ ਭੋਗ ਪਿਆ ਤਾਂ ਮਹਾਰਾਜਾ ਸਾਹਿਬ ਨੇ ਕੁਝ ਜਾਗੀਰ ਭੇਟਾ ਕਰਨੀ ਚਾਹੀ ਪਰ ਬਾਬਾ ਜੀ ਨੇ ਪਾਠ ਭੇਟਾ ਲੈਣੀ ਨਾਵਾਜਬ ਸਮਝਕੇ ਇਨਕਾਰ ਕਰ ਦਿੱਤਾ। ਜਦ ਬਾਬਾ ਜੀ ਪਾਲਕੀ ਵਿਚ ਸਵਾਰ ਹੋ ਕੇ ਗੁਰਦੁਆਰੇ ਨੂੰ ਆਉਣ ਲੱਗੇ ਤਾਂ ਮਹਾਰਾਜਾ ਸਾਹਿਬ ਨੇ ਇਕ ਕਹਾਰ ਨੂੰ ਹਟਾ ਕੇ ਉਨ੍ਹਾ ਦੀ ਪਾਲਕੀ ਮੋਢਿਆਂ ਤੇ ਉਠਾ ਲਈ ਅਤੇ ਇਸ ਤਰ੍ਹਾਂ ਉਨ੍ਹਾਂ ਨਾਲ ਬੜੀ ਸ਼ਰਧਾ ਤੇ ਅਕੀਦਤ ਦਾ ਇਜ਼ਹਾਰ ਕੀਤਾ। ਇੱਥੇ ਹੀ (ਡੇਰਾ ਬਾਬਾ ਅਜਾਪਾਲ ਸਿੰਘ ਜੀ (ਨਾਭਾ) ਰਹਿੰਦਿਆਂ ,ਪਿਤਾ ਜੀ ਦੇ ਆਸ਼ੀਰਵਾਦ ਨਾਲ ਭਾਈ ਕਾਹਨ ਸਿੰਘ ਨਾਭਾ ਨੇ ਉਸ ਮੌਕੇ ਦੇ ਪ੍ਰਸਿੱਧ ਵਿਦਵਾਨਾਂ ਭਾਈ ਭੂਪ ਸਿੰਘ, ਭਾਈ ਰਾਮ, ਭਾਈ ਭਗਵਾਨ ਸਿੰਘ ਦੁੱਗ, ਜਵਾਹਰ ਸਿੰਘ, ਪੰਡਿਤ ਸ਼੍ਰੀਧਰ, ਬੰਸੀਧਰ, ਭਾਈ ਵੀਰ ਸਿਘੰ ਜਲਾਲਕੇ, ਬਾਵਾ ਕਲਿਆਣ ਦਾਸ ਅਤੇ ਮਹੰਤ ਗੱਜਾ ਸਿੰਘ ਆਦਿ ਦੇਸੀ ਵਿਦਵਾਨਾਂ ਪਾਸੋਂ ਵੱਖ ਵੱਖ ਵਿਸ਼ਿਆਂ 'ਚ ਬਹੁ-ਪੱਖੀ ਵਿਦਿਆ ਹਾਸਿਲ ਕੀਤੀ। ਦਿੱਲੀ ਅਤੇ ਲਖਨਊ ਦੇ ਵਿਦਵਾਨਾਂ ਪਾਸੋਂ ਫਾਰਸੀ ਦੀ ਸਿੱਖਿਆ ਗ੍ਰਹਿਣ ਕੀਤੀ। ਆਪ ਨੂੰ ਸੈਰ, ਬਾਗਬਾਨੀ ਅਤੇ ਸ਼ਿਕਾਰ ਤੋਂ ਇਲਾਵਾ ਸੰਗੀਤ ਦਾ ਵੀ ਬੇਹੱਦ ਸ਼ੌਕ ਸੀ। ਭਾਈ ਸਾਹਿਬ ਦੀ ਸਮੁੱਚੀ ਸਾਹਿਤਕ ਘਾਲਣਾ ਦੀ ਜੇਕਰ ਵਰਗ ਵੰਡ ਕੀਤੀ ਜਾਵੇ ਤਾਂ ਪਹਿਲੇ ਪੜਾਅ 1884 ਈ. ਤੋਂ 1897 ਈ. ਤੱਕ ਜੋ ਆਪ ਜੀ ਨੇ ਸਾਹਿਤ ਰਚਨਾ ਕੀਤੀ ਉਹ ਪਰੰਪਰਾਵਾਦੀ ਰਿਵਾਜ ਦੇ ਅਨੁਸਾਰ ਬ੍ਰਜ ਭਾਸ਼ਾ ਦੇ ਅਸਰ ਅਧੀਨ ਕੀਤੀ।

ਉਨੀਂਵੀ ਸਦੀ ਦੇ ਅਖੀਰਲੇ ਦਹਾਕੇ 'ਚ ਲਿਖੇ ਗ੍ਰੰਥ 'ਰਾਜ ਧਰਮ' (1884 ਈ.) ਤੋਂ ਆਪ ਦਾ ਸਾਹਿੱਤਕ ਸਫ਼ਰ ਆਰੰਭ ਹੋਇਆ। ਟੀਕਾ ਜੈਮਨੀ ਅਸਵਮੇਧ, ਨਾਟਕ ਭਾਵਾਰਥ ਦੀਪਿਕਾ ਤੇ ਟੀਕਾ ਵਿਸ਼ਨੂੰ ਪੁਰਾਣ ਆਦਿ ਇਸੇ ਦੌਰ ਦੀਆਂ ਕੁਝ ਹੋਰ ਮਹੱਤਵਪੂਰਣ ਰਚਨਾਵਾਂ ਹਨ। ਦੂਜੇ ਪੜਾਅ 1907 ਈ. ਤੱਕ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਸਿੱਖ ਸਿਧਾਂਤਾਂ ਤੇ ਸਿੱਖੀ ਜੀਵਨ ਦੇ ਪ੍ਰਚਾਰ ਲਈ ਆਪ ਨੇ 'ਹਮ ਹਿੰਦੂ ਨਹੀਂ', ਗੁਰੁਮਤ ਪ੍ਰਭਾਕਰ, ਗੁਰਮਤ ਸੁਧਾਕਰ, ਸੱਦ ਕਾ ਪਰਮਾਰਥ, ਅਤੇ ਗੁਰੁ ਗਿਰਾ ਕਸੌਟੀ ਆਦਿ ਕਈ ਲਾਸਾਨੀ ਪੁਸਤਕਾਂ ਲਿਖ ਕੇ ਸਿੱਖ ਸੰਗਠਨ ਦੀ ਧਾਰਮਿਕ ਵਿਲੱਖਣਤਾ ਅਤੇ ਸਮਾਜਿਕ ਵੱਖਰੇਪਨ ਨੂੰ ਮਜਬੂਤ ਕੀਤਾ। ਤੀਜੇ ਦੌਰ ਦੀਆਂ ਦਰਜਨਾਂ ਪੁਸਤਕਾਂ ਵਿੱਚ ਸਭ ਤੋਂ ਮਹਾਨ ਸਾਹਿਤਕ ਗ੍ਰੰਥ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' (1930 ਈ.) ਭਾਈ ਸਾਹੇਬ ਦੀ ਪੂਰੀ ਜ਼ਿੰਦਗੀ ਦੇ ਪਰਿਸ਼੍ਰਮ ਦਾ ਸਿੱਟਾ ਕਿਹਾ ਜਾ ਸਕਦਾ ਹੈ। ਆਪ ਨੇ ਉਮਰ ਭਰ ਦਰਜਨਾਂ ਪੁਸਤਕਾਂ ਦੀ ਰਚਨਾ ਕੀਤੀ। ਭਾਈ ਸਾਹਿਬ ਵੱਲੋਂ ਸੰਪਾਦਿਤ ਕੋਸ਼ 'ਅਨੇਕਾਰਥ ਕੋਸ਼' ਤੇ 'ਨਾਮਮਾਲਾ ਕੋਸ਼' ਨਾਲ ਜਿਥੇ ਪੰਜਾਬੀ ਸਾਹਿਤ ਪ੍ਰੇਮੀਆਂ ਨੂੰ ਹਿੰਦੀ ਤੇ ਬ੍ਰਜ ਭਾਸ਼ਾ ਦੇ ਕਾਵਯ ਗ੍ਰੰਥਾਂ ਦੇ ਸ਼ਬਦਾਰਥ ਸਮਝਣ ਵਿੱਚ ਆਸਾਨੀ ਹੋਈ, ਉਥੇ 'ਗੁਰਛੰਦ ਦਿਵਾਕਰ' ਤੇ ਗੁਰੁਸ਼ਬਦਾਲੰਕਾਰ' ਵਰਗੀਆਂ ਪੁਸਤਕਾਂ ਦੀ ਰਚਨਾ ਨਾਲ ਆਪ ਮਹਾਨ ਛੰਦ ਸ਼ਾਸਤਰੀ ਅਤੇ ਅਲੰਕਾਰ ਸ਼ਾਸਤਰੀ ਵਜੋਂ ਸਥਾਪਿਤ ਹੋਏ।

ਭਾਈ ਕਾਨ੍ਹ ਸਿੰਘ ਪੰਜਾਬ ਦੇ ਉਨ੍ਹਾਂ ਚੌਣਵੇਂ ਲੇਖਕਾਂ ਵਿੱਚੋਂ ਸਨ ਜੋ ਡਾਇਰੀ ਲਿਖਣ ਦੇ ਵੀ ਨਿਤਨੇਮੀ ਸਨ। ਇਨ੍ਹਾਂ ਡਾਇਰੀਆਂ ਵਿੱਚੋਂ ਬਹੁਤ ਸਾਰੀ ਇਤਿਹਾਸਿਕ ਤੇ ਪੰਜਾਬ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਬਾਰੇ ਜਾਣਕਾਰੀ ਸਾਹਮਣੇ ਆਉਂਦੀ ਹੈ। ਪੰਜਾਬ ਦੀਆਂ ਰਿਆਸਤਾਂ ਦੇ ਸੰਬੰਧ ਵਿੱਚ ਵੀ ਭਰਪੂਰ ਜਾਣਕਾਰੀ ਮਿਲਦੀ ਹੈ। ਡਾ. ਰਛਪਾਲ ਕੌਰ ਨੇ ਇਨਾਂ ਡਾਇਰੀਆਂ ਨੂੰ ਭਾਈ ਸਾਹਿਬ ਦੀਆਂ ਅਪ੍ਰਕਾਸ਼ਿਤ ਰਚਨਾਵਾਂ ਵਿੱਚ ਸ਼ਾਮਿਲ ਕੀਤਾ ਸੀ। ਇਨਾਂ ਡਾਇਰੀਆਂ 'ਚ ਪੰਜਾਬ ਦਾ ਉਹ ਅਣਲਿਖਿਆ ਇਤਿਹਾਸ ਹੈ ਜਿਸਦੇ ਖੁਦ ਭਾਈ ਕਾਨ੍ਹ ਸਿੰਘ ਨਾਭਾ ਸ਼ਾਖਸੀ ਰਹੇ ਹਨ।



ਭਾਈ ਕਾਨ੍ਹ ਸਿੰਘ ਜੀ ਦੇ ਪੜਪੋਤਰੇ ਮੇਜਰ ਆਦਰਸ਼ਪਾਲ ਸਿੰਘ ਅਨੁਸਾਰ, "ਮਿਸਟਰ ਮੈਕਸ ਆਰਥਰ ਮੈਕਾਲਿਫ ਵਰਗੇ ਅੰਗਰੇਜ਼ ਸੱਜਣ ਨੂੰ ਸਿੱਖ ਧਰਮ ਤੇ ਇਤਿਹਾਸ ਤੋਂ ਜਾਣੂ ਕਰਾਕੇ 'ਸਿਖ ਰਿਲੀਜਨ' ਜਿਹਾ ਪੁਸਤਕ ਲਿਖਾਉਣਾ ਆਪ ਜੀ ਦੀ ਸੁਯੋਗਤਾ ਸੀ। ਵਲੈਤ ਲੰਮਾ ਸਮਾਂ ਰਹਿ ਕੇ ਇਸ ਪੁਸਤਕ ਦੇ ਅੰਤਮ ਪਰੂਫ ਪੜ੍ਹਨ ਦੀ ਸੇਵਾ ਵੀ ਆਪ ਨੇ ਨਿਭਾਈ। ਇਸ ਲਗਨ ਤੇ ਪਿਆਰ ਦੇ ਵਸ ਹੋ ਕੇ ਮਿਸਟਰ ਮੈਕਾਲਿਫ ਨੇ ਆਪਣੀ ਪੁਸਤਕ ਦੇ ਸਾਰੇ ਅਧਿਕਾਰ ਭਾਈ ਕਾਨ੍ਹ ਸਿੰਘ ਦੇ ਨਾਮ ਹੀ ਲਿਖ ਦਿੱਤੇ, ਇਹ ਲਿਖਤ ਅਜੇ ਤੱਕ ਸਾਡੇ ਪਰਿਵਾਰ ਪਾਸ (ਵ੍ਰਿਜੇਸ਼ ਭਵਨ ਨਾਭਾ) ਮੌਜੂਦ ਹੈ। ਮਿਸਟਰ ਮੈਕਾਲਿਫ ਨੇ ਲੰਡਨ (ਯੂ.ਕੇ.) ਚ ਆਪਣਾ ਮਕਾਨ ਦੇਣ ਦੀ ਵੀ ਪੇਸ਼ਕਸ਼ ਕੀਤੀ ਸੀ, ਪਰ ਭਾਈ ਸਾਹਿਬ ਨੇ ਮਨ੍ਹਾ ਕਰ ਦਿੱਤਾ।"

ਸਰਵਪੱਖੀ ਵਿਦਵਾਨ ਅਤੇ ਸਰਬਾਂਗੀ ਸਖਸ਼ੀਅਤ ਕਰਕੇ ਸਿੱਖ ਕੌਮ ਵਿੱਚ 'ਪੰਥ ਰਤਨ', 'ਭਾਈ ਸਾਹਿਬ' ਅਤੇ 'ਸਰਦਾਰ ਬਹਾਦੁਰ' ਦੀ ਉਪਾਧੀ ਨਾਲ ਯਾਦ ਕੀਤਾ ਜਾਂਦਾ ਹੈ। ਆਪ 23 ਨਵੰਬਰ 1938 ਈ. ਦੇ ਦਿਨ ਨਾਭੇ ਵਿਖੇ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਏ ਭਾਈ ਸਾਹੇਬ ਦੀ ਬਹੁਪੱਖੀ ਸ਼ਖ਼ਸੀਅਤ ਦੀ ਵਿਆਖਿਆ ਕਰਦਿਆਂ ਡਾ. ਦੇਵਿੰਦਰ ਸਿੰਘ ਵਿਦਿਆਰਥੀ ਦੱਸਦੇ ਹਨ ਕਿ ਭਾਈ ਸਾਹੇਬ ਇੱਕ ਪ੍ਰਭਾਵ ਪਾਉਣ ਵਾਲੇ ਬੁਲਾਰੇ, ਇੱਕ ਸਫਲ ਲੇਖਕ, ਸੁਜਾਨ ਨੀਤੀਵਾਨ, ਸੁਘੜ ਹਾਕਮ, ਸੁਚੱਜੇ ਉਸਤਾਦ; ਸੂਰਤਵਾਨ ਦਰਬਾਰੀ, ਸੁਲੱਖਣੇ ਗ੍ਰਹਿਸਥੀ, ਸਰਕਾਰੇ ਦਰਬਾਰੇ ਸਨਮਾਨੇ ਜਾਣ ਵਾਲੇ 'ਬਸੀਠ', ਬਹੁਤ ਦੇਸਾਂ ਵਿੱਚ ਭਵੇਂ ਯਾਤਰੂ, ਬਹੁਤ ਸਾਰੀਆਂ ਜ਼ਬਾਨਾਂ ਦੇ ਜਾਣੂ ਅਤੇ ਬਹੁਤ ਸਾਰੇ ਇਲਮਾਂ ਦੇ ਸਿਆਣੇ ਖੋਜੀ ਬਿਰਤੀ ਵਾਲੇ ਤਬੀਅਤ ਵਿੱਚ ਉਪਜ ਵਾਲੇ ਚੁਲਬੁਲੇ ਵਿਅੰਗਕਾਰ ਹਰ ਇੱਕ ਦੇ ਦੁਖ-ਸੁਖ ਦੇ ਭਾਈਵਾਲ ਅਤੇ ਖੁਲ੍ਹ-ਦਿਲੇ ਇਨਸਾਨ ਸਨ।

## LETTER TO EDITOR

Dear Sardar Sahib,

Waheguru Ji Ka Khalsa, Waheguru Ji Ki Fateh.

At a time when our Panth stands divided and distracted, we must return to the original vision of Guru Nanak Dev Ji, the Nirmal Panth, a spiritual path above all divisions, where every human being is treated as equal and divine. Today, the need of the hour is unity. Without it, our identity, our institutions, and our message of universal brotherhood risk being eroded further.

We have inherited a glorious legacy ,from Guru Nanak Dev Ji's travels across Asia to spread the fragrance of truth, to Guru Gobind Singh Ji's creation of the Akal Purakh Ki Fauj, and to the sacrifices of Baba Banda Singh Bahadur, the Misls, Maharaja Ranjit Singh, and countless martyrs who built and protected Sikh sovereignty. Yet, history also reminds us of our failures when we were divided ,the fall of Khalsa Raj, the conversions of our leaders, the betrayal by princely states, and the exploitation of Sikh sentiments by outside powers.

This is a humble but urgent appeal: let us come together under one umbrella to revive and promote Sikh religion as the religion of angels, the living message of Guru Nanak for all humanity.

I am attaching a detailed article that traces our journey and explains the urgent need for action. I request your thoughts, guidance, and above all, your participation. Together, we can recreate a Singh Sabha-type movement, independent of politics, to rebuild Sikh unity and inspire the next generation.

Please respond with your views and suggestions on how you can help in this endeavor. The time to act is now, before it is too late.

With faith in Waheguru and hope in Panth, Yours sincerely,

**Iqbal Singh Lalpura 9780003333**

**Former Chairman, National Commission for Minorities Government of India**

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਸਤੰਬਰ ਮਹੀਨਾ 2025

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਇਸ ਸਮੇਂ ਦਿਮਾਗੀ ਪ੍ਰੇਸ਼ਾਨੀ ਅਤੇ ਘਰੇਲੂ ਉਲਝਣਾਂ ਵਧਣਗੀਆਂ। ਕਾਫੀ ਮਿਹਨਤ ਕਰਨ 'ਤੇ ਹੀ ਗੁਜ਼ਾਰੇ ਯੋਗ ਧਨ ਪ੍ਰਾਪਤ ਹੋਵੇਗਾ। ਗੁੱਸਾ ਅਤੇ ਉਤੇਜਨਾ ਦੇ ਵੱਧਣ ਕਾਰਨ ਕੰਮ ਵਿਗੜਨ ਦੇ ਯੋਗ ਹਨ। ਇਸਤਰੀ ਅਤੇ ਸੰਤਾਨ ਪੱਖ ਤੋਂ ਚਿੰਤਾ ਰਹੇਗੀ। ਜ਼ਿਆਦਾਤਰ ਸਮਾਂ ਸੋਚ-ਵਿਚਾਰ ਜਾਂ ਵਿਉਂਤਬੰਦੀ ਵਿੱਚ ਗੁਜ਼ਰੇਗਾ। ਕਾਰੋਬਾਰ ਵਿੱਚ ਉਲਝਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜ਼ਮੀਨ-ਜਾਇਦਾਦ ਸਬੰਧੀ ਫਜ਼ੂਲ ਦਾ ਤਣਾਅ ਰਹੇਗਾ। ਪ੍ਰਮਾਤਮਾਂ 'ਤੇ ਆਪਣਾ ਭਰੋਸਾ ਅਟੁੱਟ ਰੱਖੋ,

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਮਿਹਨਤ ਅਤੇ ਪੁਰਸ਼ਾਰਥ ਕਰਨ 'ਤੇ ਵੀ ਲਾਭ ਥੋੜ੍ਹਾ ਹੋਵੇਗਾ। ਧਨ ਦਾ ਖਰਚ ਬੇਲੋੜੇ ਕੰਮ ਲਈ ਹੋਵੇਗਾ। ਬਣਦੇ ਕੰਮਾਂ ਵਿੱਚ ਔਕੜਾਂ ਅਤੇ ਨਿਰਾਸ਼ਾ ਦੀ ਭਾਵਨਾ ਵਧੇਗੀ। ਪਰ ਅਚਾਨਕ ਕਿਸੇ ਖਾਸ ਆਦਮੀ ਦੀ ਮਦਦ ਨਾਲ ਲਾਭ ਹੋਵੇਗਾ। ਧਨ ਸਬੰਧੀ ਧੋਖੇ ਦੀ ਵੀ ਸੰਭਾਵਨਾ ਰਹੇਗੀ, ਇਸ ਕਰਕੇ ਚੌਕੰਨੇ ਰਹਿਣ ਦੀ ਲੋੜ ਹੈ। ਸਵਾਰੀ ਸੁੱਖ ਮਿਲਣ ਦੇ ਯੋਗ ਹਨ ਅਤੇ ਨਵੇਂ ਲੋਕਾਂ ਨਾਲ ਮੇਲ-ਜੋਲ ਵਧੇਗਾ। ਰੋਜ਼ਾਨਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਨਵੇਂ ਲੋਕਾਂ ਦੇ ਸਹਿਯੋਗ ਨਾਲ ਉਲਝੇ ਹੋਏ ਕੰਮ ਸੁਲਝਣਗੇ। ਵਧੇਰੇ ਉਤਸ਼ਾਹ ਨਾਲ ਕੰਮ ਕਰਨ 'ਤੇ ਖੁਸ਼ੀ ਮਿਲੇਗੀ। ਕਾਰੋਬਾਰ ਵਿੱਚ ਤਰੱਕੀ ਦੇ ਯੋਗ ਹਨ। ਇਸ ਦੌਰਾਨ ਧਨ ਦੀ ਵਧੇਰੇ ਲੋੜ ਪੈ ਸਕਦੀ ਹੈ। ਨਾਲ ਹੀ ਘਰੇਲੂ ਮਦਦ ਨਾਲ ਕੰਮ ਸਿੱਧੇ ਅਤੇ ਨਵੇਂ ਕੰਮ ਦੀ ਯੋਜਨਾ ਵੀ ਬਣੇਗੀ। ਸੋਚ-ਵਿਚਾਰ ਰਾਹੀਂ ਕੰਮ ਕਰਨ 'ਤੇ ਲਾਭ ਦੇ ਮੌਕੇ ਮਿਲਣਗੇ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਹੋ ਸਕਦਾ ਹੈ। ਆਪਣੇ ਮਾਤਾ-ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਇਸ ਸਮੇਂ ਕਾਰੋਬਾਰੀ ਸਬੰਧੀ ਕੰਮਾਂ ਵਿੱਚ ਹਿੱਲ-ਡੁੱਲ ਹੋਵੇਗੀ। ਧਨ ਲਾਭ ਦੇ ਸਾਧਨ ਵਧਣਗੇ। ਬਹੁਤ ਸਖਤ ਮਿਹਨਤ ਤੋਂ ਬਾਅਦ ਸਰਕਾਰ ਵੱਲੋਂ ਲਾਭ ਅਤੇ ਤਰੱਕੀ ਦੇ ਮੌਕੇ ਮਿਲਣਗੇ। ਇਸਤਰੀ ਸੁੱਖ ਅਤੇ ਸਵਾਰੀ ਸੁੱਖ ਦੀ ਪ੍ਰਾਪਤੀ ਹੋਵੇਗੀ। ਵਿੱਦਿਆਰਥੀ ਵਰਗ ਨੂੰ ਕੈਰੀਅਰ ਵਿੱਚ ਅੱਗੇ ਵੱਧਣ ਲਈ ਰੁਕਾਵਟਾਂ ਦਾ ਸਾਹਮਣਾ ਕਰਨਾ ਪਵੇਗਾ, ਪਰ ਕਿਸਮਤ ਨਾਲ ਲਾਭ ਪ੍ਰਾਪਤ ਹੋਵੇਗਾ। ਧੋਖਾ ਵੀ ਮਿਲਣ ਦੇ ਯੋਗ ਹਨ, ਸਾਵਧਾਨੀ ਵਰਤੋ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਫਜ਼ੂਲ ਦੇ ਵਾਦ-ਵਿਵਾਦ ਨਾਲ ਦਿਮਾਗੀ ਤਣਾਅ ਅਤੇ ਹਾਨੀ ਹੋਵੇਗੀ। ਕਿਸੇ ਦੂਸਰੇ ਨੂੰ ਦੋਸ਼ ਦੇਣਾ ਠੀਕ ਨਹੀਂ ਹੋਵੇਗਾ। ਆਪਣੇ ਚੰਗੇ ਗੁਣਾਂ ਨੂੰ ਦਰਸਾਉਣ ਨਾਲ ਮਾਣ-ਇੱਜ਼ਤ ਵਿੱਚ ਵਾਧਾ ਹੋਵੇਗਾ। ਸੰਤਾਨ ਪੱਖ ਵੱਲੋਂ ਕੁਝ ਉਲਝਣਾਂ ਆ ਸਕਦੀਆਂ ਹਨ, ਮਿਹਨਤ ਕਰਨ ਨਾਲ ਹੱਲ ਨਿਕਲ ਆਵੇਗਾ। ਆਤਮ-ਵਿਸ਼ਵਾਸ ਪੈਦਾ ਕਰੋ, ਵਿੱਦਿਅਰਥੀ ਵਰਗ ਨੂੰ ਵਧੇਰੇ ਮਿਹਨਤ ਕਰਨ ਦੀ ਲੋੜ ਹੈ। ਨਿੰਦਾ ਚੁਗਲੀ ਤੋਂ ਦੂਰ ਰਹੋ, ਹਮੇਸ਼ਾ ਆਪਣੇ ਕੰਮ ਨਾਲ ਮਤਲਵ ਰੱਖੋ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਰੁਕਾਵਟਾਂ ਦੇ ਬਾਵਜੂਦ ਧਨ ਲਾਭ ਅਤੇ ਕਾਰੋਬਾਰੀ ਸਫਲਤਾ ਹਾਸਲ ਹੋਵੇਗੀ। ਕਾਰੋਬਾਰ ਵਿੱਚ ਵਧੇਰੇ ਰੁਝੇਵੇਂ ਹੋਣਗੇ। ਨੌਕਰੀ ਵਿੱਚ ਪਰਿਵਰਤਨ ਦਾ ਵਿਚਾਰ ਵੀ ਬਣੇਗਾ। ਸੈਰ-ਸਪਾਟੇ ਦਾ ਪ੍ਰੋਗਰਾਮ ਬਣੇਗਾ। ਦੋਸਤਾਂ ਦਾ ਇਕੱਠ ਵੀ ਹੋਵੇਗਾ। ਮਹੀਨੇ ਦੇ ਅਖੀਰ ਵਿੱਚ ਸ਼ੁੱਭ ਸਮਾਚਾਰ ਮਿਲੇਗਾ। ਵਿੱਦਿਆਰਥੀ ਵਰਗ ਲਈ ਸਮਾਂ ਸੰਘਰਸ਼ ਵਾਲਾ ਅਤੇ ਬਹੁਤ ਮਿਹਨਤ ਤੋਂ ਬਾਅਦ ਹੀ ਕਾਮਯਾਬੀ ਮਿਲਣ ਦੇ ਯੋਗ ਬਣਨਗੇ। ਜਾਣੇ-ਅਣਜਾਣੇ ਵਿੱਚ ਵੀ ਕਦੀ ਕੋਈ ਅਜਿਹਾ ਕੰਮ ਨਾ ਕਰੋ, ਜਿਸ ਨਾਲ ਕਿਸੇ ਦੇ ਦਿਲ ਨੂੰ ਠੇਸ ਪੁੱਜੇ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਮਹੀਨੇ ਦੇ ਸ਼ੁਰੂ ਵਿੱਚ ਹੀ ਫਜ਼ੂਲ ਦੀ ਯਾਤਰਾ ਅਤੇ ਫਜ਼ੂਲ ਖਰਚੀ ਵਧੇਗੀ। ਕਿਸੇ ਨਜ਼ਦੀਕੀ ਰਿਸ਼ਤੇਦਾਰ ਤੋਂ ਧੋਖਾ ਮਿਲਣ ਦੀ ਸ਼ੰਕਾ ਹੈ। ਵਧੇਰੇ ਮੁਸ਼ਕਿਲਾਂ ਕਾਰਨ ਧਨ ਲਾਭ ਮੱਧਮ ਹੋਵੇਗਾ। ਖਰਚ ਵੱਧ-ਚੜ੍ਹ ਕੇ ਹੋਣਗੇ। ਮਨ ਉਦਾਸ ਰਹੇਗਾ। ਆਰਾਮ ਘੱਟ ਅਤੇ ਦੌੜ-ਭੱਜ ਜ਼ਿਆਦਾ ਹੋਵੇਗੀ। ਔਰਤਾਂ ਲਈ ਇਹ ਸਮਾਂ ਸੰਘਰਸ਼ ਵਾਲਾ ਰਹੇਗਾ, ਪਰ ਵਿਸ਼ਵਾਸ ਕਾਇਮ ਰੱਖਣ 'ਤੇ ਸਫਲਤਾ ਅਵੱਸ਼ ਮਿਲੇਗੀ। ਗੁਰੂ ਘਰ ਬੱਚਿਆਂ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਇਸ ਸਮੇਂ ਉੱਚੇ ਅਹੁਦੇ ਵਾਲੇ ਲੋਕਾਂ ਨਾਲ ਮੇਲ-ਜੋਲ ਵੱਧਣਗੇ। ਇਸਤਰੀ ਸੁੱਖ ਅਤੇ ਸਵਾਰੀ ਸੁੱਖ ਆਦਿ ਸੁੱਖ-ਸਾਧਨਾਂ 'ਤੇ ਵਧੇਰੇ ਖਰਚ ਹੋਵੇਗਾ। ਵਪਾਰ ਵਿੱਚ ਤਰੱਕੀ ਦੇ ਮੌਕੇ ਮਿਲਣਗੇ। ਇਸ ਦੌਰਾਨ ਦੂਰ ਨੇੜੇ ਦੀ ਯਾਤਰਾ ਦਾ ਪ੍ਰੋਗਰਾਮ ਵੀ ਬਣ ਸਕਦਾ ਹੈ। ਵਿਲਾਸ ਅਤੇ ਮਨੋਰੰਜਨ ਆਦਿ 'ਤੇ ਖਰਚ ਹੋਵੇਗਾ। ਸਮੇਂ ਦੀ ਸਹੀ ਵਰਤੋਂ ਕਰਨ ਨਾਲ ਲਾਭ ਦੀ ਸੰਭਾਵਨਾ ਵਧੇਗੀ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਦਾ ਡਰ ਹੈ। ਆਪਣੇ ਮਾਤਾ ਪਿਤਾ ਨੂੰ ਗੁਰਦਆਰਾ ਸਾਹਿਬ ਜਰੂਰ ਲੈ ਕੇ ਜਾਉ, ਮਨ ਪ੍ਰਸੰਨ ਰਹੇਗਾ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਕਾਰੋਬਾਰ ਵਿੱਚ ਤਰੱਕੀ ਦੇ ਮੌਕੇ ਮਿਲਣਗੇ। ਕੁਝ ਰੁਕੇ ਹੋਏ ਅਧੂਰੇ ਕੰਮ ਨੇੜਲੇ ਸਹਿਯੋਗੀਆਂ ਦੀ ਮਦਦ ਨਾਲ ਪੂਰੇ ਹੋਣਗੇ। ਸਿਹਤ ਢਿੱਲੀ ਰਹਿਣ ਦੇ ਯੋਗ ਹਨ। ਮੋਟਰ-ਗੱਡੀ ਦੀ ਖਰੀਦ ਵੇਚ ਵਿੱਚ ਨੁਕਸਾਨ ਹੋਣ ਦਾ ਡਰ ਹੈ। ਪਰਿਵਾਰ ਵਿੱਚ ਬਿਨਾਂ ਕਾਰਨ ਤਣਾਅ ਰਹੇਗਾ। ਜ਼ਿਆਦਾਤਰ ਕੰਮਾਂ ਵਿੱਚ ਦੇਰੀ ਹੋਣ ਕਰਕੇ ਮਨ ਉਚਾਟ ਰਹੇਗਾ। ਆਮਦਨ ਨਾਲੋਂ ਖਰਚਾ ਜ਼ਿਆਦਾ ਹੋਵੇਗਾ। ਨਸ਼ਿਆਂ ਤੋਂ ਆਪਣੇ ਆਪ ਨੂੰ ਦੂਰ ਰੱਖੋ ਅਤੇ ਆਪਣੇ ਬੱਚਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੋ, ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਵਪਾਰ-ਕਾਰੋਬਾਰ ਦੇ ਕੰਮਾਂ ਵਿੱਚ ਸਫਲਤਾ ਮਿਲੇਗੀ। ਕਈ ਤਰ੍ਹਾਂ ਦੀਆਂ ਨਵੀਆਂ ਸਕੀਮਾਂ ਬਣਨਗੀਆਂ। ਮਿਹਨਤ ਕਰਨ 'ਤੇ ਕਾਰਜ ਸਿੱਧੀ ਹੋਵੇਗੀ ਅਤੇ ਖੁਸ਼ੀ ਮਿਲੇਗੀ। ਵਪਾਰ ਜਾਂ ਨੌਕਰੀ ਵਿੱਚ ਰੁਕਾਵਟਾਂ ਦੇ ਬਾਵਜੂਦ ਵੀ ਕਈ ਨਵੇਂ ਕੰਮਾਂ ਦੀ ਸ਼ੁਰੂਆਤ ਹੋਵੇਗੀ ਅਤੇ ਅਜਿਹਾ ਕਰਨ ਨਾਲ ਪ੍ਰੇਸ਼ਾਨੀ ਤੋਂ ਛੁਟਕਾਰਾ ਮਿਲੇਗਾ। ਪਰਿਵਾਰ ਵਿੱਚ ਕੋਈ ਸ਼ੁੱਭ ਸਮਾਚਾਰ ਮਿਲੇਗਾ। ਖਰਚ ਵੀ ਜ਼ਿਆਦਾ ਹੋਣਗੇ। ਸ੍ਰੀ ਨਿੱਤਨੇਮ ਦਾ ਪਾਠ ਕਰਨਾ ਲਾਭਕਾਰੀ ਹੋਵੇਗਾ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਮਹੀਨੇ ਦੇ ਸ਼ੁਰੂ ਵਿੱਚ ਕਿਸੇ ਖਾਸ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ। ਵਧੇਰੇ ਮਿਹਨਤ ਨਾਲ ਮਨੋਬਲ ਵਿੱਚ ਵਾਧਾ ਹੋਵੇਗਾ। ਮਾਣ-ਇੱਜ਼ਤ ਵਿੱਚ ਵਾਧਾ ਅਤੇ ਧਨ ਪ੍ਰਾਪਤੀ ਦੇ ਮੌਕੇ ਮਿਲਣਗੇ। ਫਜ਼ੂਲ ਦੇ ਧਨ ਖਰਚ 'ਤੇ ਰੋਕ ਲਾਉਣੀ ਪਵੇਗੀ, ਪਰ ਨਾਲ ਹੀ ਪਰਿਵਾਰ ਵਿੱਚ ਕਿਸੇ ਪਿਆਰੇ ਮਿੱਤਰ ਦੇ ਮੇਲ ਨਾਲ ਨਵੀਂ ਦਿਸ਼ਾ ਵੱਲ ਕੰਮ ਪੂਰਾ ਹੋਣ ਦੇ ਯੋਗ ਹਨ। ਇਸ ਸਮੇਂ ਦੌਰਾਨ ਯਾਤਰਾ ਦੇ ਵੀ ਯੋਗ ਹਨ। ਆਪਣੇ ਬੱਚਿਆਂ ਨਾਲ ਇਕ ਘੰਟਾ ਜਰੂਰ ਪਰਿਵਾਰ ਦੀਆਂ ਗੱਲਾਂ-ਬਾਤਾਂ ਸਾਂਝੀਆਂ ਕਰੋ, ਆਪਸੀ ਰਿਸ਼ਤੇ ਮਜ਼ਬੂਤ ਹੋਣਗੇ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਸੰਘਰਸ਼ ਵਾਲੇ ਹਾਲਾਤ ਦੇ ਬਾਵਜੂਦ ਧਨ ਮਿਲਦਾ ਰਹੇਗਾ। ਮਾਨਸਿਕ ਚਿੰਤਾ ਅਤੇ ਫਜ਼ੂਲ ਖਰਚ ਵਧੇਗਾ। ਭੱਜ-ਦੌੜ ਜ਼ਿਆਦਾ ਅਤੇ ਨੌਰਕੀ ਆਦਿ ਵਿੱਚ ਤਣਾਅ ਪੈਦਾ ਹੋਵੇਗਾ। ਇਸਤਰੀ ਅਤੇ ਸੰਤਾਨ ਵੱਲੋਂ ਸ਼ੁੱਭ ਖਬਰ ਮਿਲੇਗੀ। ਸਿਹਤ ਢਿੱਲੀ ਅਤੇ ਲਿਖਤ-ਪੜ੍ਹਤ ਕਰਦੇ ਸਮੇਂ ਸਾਵਧਾਨੀ ਵਰਤੋ। ਸਮਾਜਿਕ ਕੰਮਾਂ ਵਿੱਚ ਰੁਝਾਨ ਰਹੇਗਾ। ਵਿੱਦਿਆਰਥੀਆਂ ਨੂੰ ਬਹੁਤ ਮਿਹਨਤ ਦੀ ਲੋੜ ਹੈ। ਰੋਜ਼ਾਨਾ ਗੁਰੂ ਘਰ ਜਰੂਰ ਹਾਜ਼ਰੀ ਭਰੋ, ਗੁਰਬਾਣੀ ਦਾ ਸਿਮਰਨ ਕਰੋ, ਮੁਸ਼ਕਿਲਾਂ ਅਤੇ ਰੁਕਾਵਟਾਂ ਆਪਣੇ ਆਪ ਦੂਰ ਭੱਜ ਜਾਣਗੀਆਂ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ


ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com


## ਗਾਇਕ ਸਤਿੰਦਰ ਸਰਤਾਜ ਨੇ 500 ਹੜ੍ਹ ਪੀੜਤ ਪਰਿਵਾਰਾਂ ਲਈ ਰਾਸ਼ਨ ਭੇਜਿਆ

ਪੰਜਾਬੀ ਗਾਇਕ ਸਤਿੰਦਰ ਸਰਤਾਜ ਨੇ ਹੜ੍ਹ ਪ੍ਰਭਾਵਿਤ ਸਰਹੱਦੀ ਸਬ-ਡਵੀਜ਼ਨ ਜਨਾਲਾ ਦੇ 500 ਪਰਿਵਾਰਾਂ ਲਈ ਇੱਕ ਮਹੀਨੇ ਦਾ ਰਾਸ਼ਨ ਭੇਜਿਆ ਹੈ। ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਆਪਣੇ ਵਾਲੰਟੀਅਰਾਂ ਦੀ ਟੀਮ ਨੂੰ ਇਹ ਸਮੱਗਰੀ ਲੋੜਵੰਦਾਂ ਤੱਕ ਪਹੁੰਚਾਉਣ ਦੇ ਨਿਰਦੇਸ਼ ਦਿੱਤੇ ਹਨ। ਇਸੇ ਦੌਰਾਨ ਪੰਜਾਬੀ ਗਾਇਕ ਜਸਬੀਰ ਜੱਸੀ ਅਤੇ ਬੌਲੀਵੁੱਡ ਅਦਾਕਾਰਾ ਸ਼ਿਲਪਾ ਸ਼ੈਟੀ ਦੇ ਪਤੀ ਰਾਜ ਕੁੰਦਰਾ ਨੇ ਵੀ ਹੜ੍ਹ ਪ੍ਰਭਾਵਿਤ ਖੇਤਰ ਲਈ ਰਾਹਤ ਦਾ ਐਲਾਨ ਕੀਤਾ ਹੈ। ਡੀਸੀ, ਐੱਸਐੱਸਪੀ (ਦਿਹਾਤੀ) ਮਨਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ, ਡੀਐੱਸਪੀ ਅਜਨਾਲਾ ਅਤੇ ਹੋਰ ਅਧਿਕਾਰੀਆਂ ਦੇ ਨਾਲ ਅੱਜ ਸਵੇਰੇ ਅਜਨਾਲਾ ਦੇ ਪਿੰਡ ਹਰੜ ਕਲਾਂ ਪਹੁੰਚੇ ਅਤੇ ਦੱਸਿਆ ਕਿ ਸਰਹੱਦੀ ਸਬ-ਡਵੀਜ਼ਨ ਦੇ ਪ੍ਰਭਾਵਿਤ ਪਿੰਡਾਂ ਵਿੱਚ ਰਾਹਤ ਸਮੱਗਰੀ ਦੀ ਵੰਡ ਸ਼ੁਰੂ ਕਰ ਦਿੱਤੀ ਗਈ ਹੈ।

ਲੜੀਵਾਰ ਨਾਵਲ
ਸ਼ਿਵਚਰਨ
ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ 39**

# ਇੱਕ ਮੇਰੀ ਅੱਖ ਕਾਸ਼ਣੀ...

**.... ਪਾਵੀ ਸਿਆਂ... ਉਹ ਤੇਰੇ 'ਤੇ ਵਿਸ਼ਵਾਸ ਕਰ ਕੇ ਤੇਰੇ ਨਾਲ਼ ਆਈ ਐ...। ਉਹਨੂੰ ਕੋਈ ਸੁਰਤ ਨਹੀਂ..। ਉਹ ਨਸ਼ੇ ਵਿੱਚ ਐ, ਤੇ ਤੂੰ ਉਸ ਨਾਲ਼ ਜੋ ਮਰਜ਼ੀ ਕਰ ਸਕਦੈਂ...। ਪਰ ਕੱਲ੍ਹ ਨੂੰ ਸਵੇਰੇ ਜਦ ਇਸ ਦੀ ਅੱਖ ਖੁੱਲ੍ਹੇਗੀ ਤਾਂ ਇਹ ਲੁੱਟ-ਪੁੱਟ ਚੁੱਕੀ ਹੋਵੇਗੀ...। ਇਸ ਦੀ ਇੱਜ਼ਤ ਨਾਲ਼ ਖਿਲਵਾੜ੍ਹ ਹੋ ਚੁੱਕਿਆ ਹੋਵੇਗਾ...। ਇਸ ਗਲਤੀ ਕਾਰਨ ਇਹ ਤੈਨੂੰ ਸ਼ਾਇਦ ਸਾਰੀ ਜ਼ਿੰਦਗੀ ਮੁਆਫ਼ ਨਾ ਕਰੇ...? ਹੁਣ ਤਾਂ ਇਸ ਨੂੰ ਕੋਈ ਸੁੱਧ-ਬੁੱਧ ਨਹੀਂ ਐ...। ਪਰ ਕੱਲ੍ਹ ਜਦੋਂ ਇਸ ਨੂੰ ਹੋਸ਼ ਆਵੇਗੀ, ਤਾਂ ਇਸ ਦਾ ਕੀ ਪ੍ਰਤੀਕਰਮ ਹੋਵੇਗਾ...? ਹੋਣ ਸਕਦੈ ਤੈਨੂੰ ਦਿਲੋਂ ਮੁਹ-ਬਤ ਕਰਨ ਦੀ ਵਜਾਇ ਨਫ਼ਰਤ ਕਰਨ ਲੱਗ ਜਾਵੇ...? ਕੱਲ੍ਹ ਜਦ ਇਸ ਦੀ ਹੋਸ਼ ਪਰਤੇਗੀ ਤਾਂ ਸਭ ਕੁਛ ਗੁਆ ਕੇ ਇਸ ਦੀਆਂ ਆਸਾਂ, ਰੀਝਾਂ ਅਤੇ ਸਧਰਾਂ ਦੇ ਕਿੰਗਰੇ ਭੁਰ ਜਾਣਗੇ। ਹੁਣ ਤਾਂ ਪਲ ਦੋ ਪਲ ਦਾ ਆਨੰਦ ਹੈ, ਪਰ ਇਸ ਦੇ ਬਾਪ ਨੇ ਮੇਰੇ 'ਤੇ ਵਿਸ਼ਵਾਸ ਕਰ ਕੇ ਆਪਣੀ ਭਰ ਜੁਆਨ ਧੀ ਮੇਰੇ ਨਾਲ਼ ਤੋਰੀ, ਉਹਨਾਂ ਦੇ ਤਾਂ ਸੁਪਨੇ ਅਤੇ ਸਧਰਾਂ ਤਾਂ ਚਕਨਾਚੂਰ ਹੋ ਜਾਣਗੀਆਂ...! ਨਹੀਂ...!**




## ਕਾਂਡ 19

-"ਲੈ, ਹੈਅ...? ਅਖੇ ਅੰਨ੍ਹਾਂ ਜੁਲਾਹਾ, ਤੇ ਮਾਂ ਨਾਲ਼ ਮਸ਼ਕਰੀਆਂ...।" ਉਹ ਹੱਸੀ।

-"ਤੂੰ ਮੇਰੀ ਮਾਂ ਕਦੋਂ ਕੁ ਦੀ ਬਣਗੀ...?" ਉਸ ਨੇ ਬੀਅਰ ਦਾ ਗਿਲਾਸ ਖਾਲੀ ਕਰ ਦਿੱਤਾ।

-"ਥੋਡੇ ਜੁਆਕਾਂ ਦੀ ਬਣਨਾ ਸੀ, ਪਰ ਜੇ ਥੋਡੀਆਂ ਆਹੀ ਘਤਿੱਤਾਂ ਰਹੀਆਂ, ਸ਼ਾਇਦ ਓਹ ਵੀ ਨਾ ਬਣਾਂ...?"

ਪਾਵੀ ਨੇ ਉਠ ਕੇ ਉਸ ਨੂੰ ਗਲਵਕੜੀ ਪਾ ਲਈ।

ਗਰਮ ਸਾਹ ਨੇ ਮਾਣੋਂ ਦਾ ਗੁੱਸਾ ਹੁੱਕੇ ਦੀ ਸੁਆਹ ਵਾਂਗ ਉਡਾ ਦਿੱਤਾ। ਉਹ ਲਚਕ ਨਾਲ਼ ਗੋਲ਼ ਗੰਢ ਦੇਣ ਵਾਲ਼ੀ ਹੋ ਗਈ।

-"ਇੱਕ ਗੱਲ ਮੰਨ...!" ਉਸ ਨੇ ਮਾਣੋਂ ਨੂੰ ਚੁੰਮਣਾ ਸ਼ੁਰੂ ਕਰ ਦਿੱਤਾ।

-"ਕੀ ਕਰੀ ਜਾਨੇ ਆਂ...?" ਉਸ ਨੇ ਮਿੱਠਾ ਜਿਹਾ ਸ਼ਿਕਵਾ ਕੀਤਾ। ਪਰ ਪਾਵੀ ਦੇ ਚੁੰਮਣ ਕਾਰਨ ਉਸ ਦਾ ਲੂੰ-ਕੰਡਾ ਖੜ੍ਹਾ ਹੋ ਗਿਆ ਸੀ ਅਤੇ ਅੰਦਰੋਂ ਆਨੰਦ ਦੀ ਕੋਈ ਲਹਿਰ ਜਿਹੀ ਉਠੀ ਸੀ, ਜੋ ਸਾਰੇ ਸਰੀਰ ਨੂੰ ਸ਼ਰਸ਼ਾਰ ਕਰ ਗਈ ਸੀ। ਮਾਣੋਂ ਨੂੰ ਪਾਈ ਗਲਵਕੜੀ ਕਾਰਨ ਪਾਵੀ ਦੇ ਸਿਰ ਨੂੰ ਫ਼ਤੂਰ ਚੜ੍ਹ ਗਿਆ ਸੀ ਅਤੇ ਉਸ ਨੇ ਮਾਣੋਂ ਨੂੰ ਸੋਫ਼ੇ 'ਤੇ ਲਿਟਾ ਲਿਆ। ਆਨੰਦ ਵਿੱਚ ਮਾਣੋਂ ਦੀਆਂ ਅੱਖਾਂ ਅੱਧੀਆਂ ਖੁੱਲ੍ਹੀਆਂ ਸਨ। ਬੁੱਲ੍ਹਾਂ ਉਪਰ ਕਿਸੇ ਪਿਆਸ ਦੀ ਪੇਪੜੀ ਜੰਮ ਗਈ ਸੀ। ਉਹ ਮਦਹੋਸ਼ ਜਿਹੀ ਪਾਵੀ ਦੀਆਂ ਬਾਂਹਾਂ ਵਿੱਚ ਕਿਸੇ ਹਾਰ ਵਾਂਗ ਲਟਕ ਰਹੀ ਸੀ।

-"ਲੈ ਫ਼ੜ ਪੀ...!" ਅਰਧ ਬੇਹੋਸ਼ ਮਾਣੋਂ ਦੇ ਮੂੰਹ ਨੂੰ ਪਾਵੀ ਨੇ ਬੀਅਰ ਦਾ ਗਿਲਾਸ ਲਾ ਦਿੱਤਾ। ਮਦਹੋਸ਼ੀ ਦੀ ਹਾਲਤ ਵਿੱਚ ਮਾਣੋਂ "ਗੱਟ-ਗੱਟ" ਕਰ ਕੇ ਪੀ ਗਈ। ਹੁਣ ਮਦਹੋਸ਼ੀ ਨਾਲ਼ 'ਮਸਤੀ' ਦਾ ਭਰਿਆ ਗਿਲਾਸ ਵੀ ਅੰਦਰ ਚਲਿਆ ਗਿਆ। ਉਸ ਨੇ ਕੌੜੀ ਹੋਣ ਦਾ ਕੋਈ ਸ਼ਿਕਵਾ ਨਾ ਕੀਤਾ। ਉਸ ਨੇ ਟੀ.ਵੀ. ਦਾ ਬਟਨ ਦੱਬ ਕੇ ਗੀਤ ਲਾ ਲਏ ਅਤੇ ਨਾਲ਼ ਨੱਚਣਾ ਸ਼ੁਰੂ ਕਰ ਦਿੱਤਾ।

ਬੀਅਰ ਦੀਆਂ ਖਾਲੀ ਬੋਤਲਾਂ ਪਾਸੇ ਰੱਖ ਕੇ ਪਾਵੀ ਨੇ ਵਿਸਕੀ ਦੀ ਬੋਤਲ ਚੁੱਕ ਲਈ।

ਗਿਰਝ ਵਰਗੀ ਬੋਤਲ ਦੇਖ ਕੇ ਹੀ ਪਾਵੀ ਸਰੂਰੋ-ਸਰੂਰ ਹੋ ਗਿਆ।

-"ਅੱਜ ਮੇਰੇ ਵਰਗਾ ਖੁਸ਼ ਬੰਦਾ ਜੱਗ 'ਤੇ ਹੈਨ੍ਹੀ...!" ਉਸ ਨੇ ਬੋਤਲ ਦਾ ਗਲ਼ ਮਰੋੜਿਆ। ਡੱਟ ਦੀ "ਕੜੱਚ-ਕੜੱਚ" ਸੁਣ ਕੇ ਪਾਵੀ ਦੇ ਦੁੱਖ ਟੁੱਟ ਗਏ। ਉਸ ਨੇ ਗਿਲਾਸ ਵਿੱਚ ਦਾਰੂ ਉਲ਼ੱਦ ਕੇ ਗਿਲਾਸ ਮਾਣੋਂ ਦੇ ਮੂੰਹ ਨੂੰ ਲਾ ਦਿੱਤਾ।

-"ਮੈਨੂੰ ਇਹ ਕੀ ਵਾਰ-ਵਾਰ ਪਿਆਈ ਜਾਂਦੇ ਓ, ਪਾਵੀ...?"

-"ਇਹ ਦੁੱਖ ਤੋੜ ਦਾਰੂ ਐ...! ਖਿੱਚ ਲੈ...!" ਉਸ ਨੇ ਗਿਲਾਸ ਮਾਣੋਂ ਦੇ ਮੂੰਹ ਵਿੱਚ ਖਾਲੀ ਕਰ ਦਿੱਤਾ। ਜਿਵੇਂ ਪੱਤਝੜ ਵਿੱਚ ਬਹਾਰ ਆ ਗਈ ਸੀ। ਮਾਣੋਂ ਨੂੰ ਇੱਕ ਝੂਟਾ ਜਿਹਾ ਆਇਆ। ਪਰ ਪਾਵੀ ਨੇ ਬੋਚ ਲਈ ਅਤੇ ਇੱਕ ਸੰਗਤਰੇ ਦੀ ਫਾੜੀ ਉਸ ਦੇ ਮੂੰਹ ਨੂੰ ਲਾਈ। ਮਾਣੋਂ ਨੇ ਸੰਗਤਰੇ ਦੀ ਫਾੜੀ ਚੂਸ ਲਈ। ਉਸ ਨੂੰ ਪੱਖੇ ਦੀ ਪੌਣ ਲੋਰੀਆਂ ਦਿੰਦੀ ਜਾਪੀ। ਕਮਰਾ ਜਿਵੇਂ ਸੁਗੰਧੀਆਂ ਨਾਲ਼ ਭਰ ਗਿਆ ਸੀ।

-"ਪਾਵੀ...! ਪਾਵੀ ਡਾਰਲਿੰਗ...!" ਮਾਣੋਂ ਦੀਆਂ ਅੱਖਾਂ ਵਿੱਚ ਨਸ਼ਾ ਡੋਲ ਰਿਹਾ ਸੀ।

-"ਹੁਕਮ ਕਰੋ...!" ਪਾਵੀ ਉਸ ਨੂੰ ਸਹਾਰਾ ਦੇ ਕੇ ਫੜੀ ਖੜ੍ਹਾ ਸੀ।

-"ਇੱਕ ਜੱਫੀ ਪਾਓ ਮੈਨੂੰ ਤੇ ਨਾਲ਼ੇ ਬੁੱਘੀ ਦਿਓ...!"

-"ਲਓ ਜਾਨ...!" ਪਾਵੀ ਨੇ ਉਸ ਨੂੰ ਅੰਨ੍ਹੇ ਵਾਲ਼ਾ ਜੱਫਾ ਮਾਰ ਲਿਆ।

-"ਪਾਵੀ ਡਾਰਲਿੰਗ... ਆਈ ਲਵ ਯੂ...!" ਉਹ ਉਸ ਦੀਆਂ ਬਾਂਹਾਂ ਵਿੱਚ ਕਿਸੇ ਵੇਲ ਵਾਂਗ ਝੂਲ ਰਹੀ ਸੀ।

ਪਾਵੀ ਨੇ ਉਸ ਨੂੰ ਬੈੱਡ ਉਪਰ ਪਾ ਕੇ ਨਿਰਵਸਤਰ ਕਰ ਲਿਆ। ਸੰਗਮਰਮਰ ਵਰਗਾ ਮਾਣੋਂ ਦਾ ਸੁਡੌਲ਼ ਸਰੀਰ ਪਾਵੀ ਦੀਆਂ ਅੱਖਾਂ ਚੁੰਧਿਆ ਰਿਹਾ ਸੀ। ਸ਼ਾਇਦ ਏਸੇ ਨੂੰ ਹੀ ਕਹਿੰਦੇ ਨੇ ਕਿ ਨਾਭੇ ਦੀਏ ਬੰਦ ਬੋਤਲੇ ਤੈਨੂੰ ਪੀਣਗੇ ਨਸੀਬਾਂ ਵਾਲ਼ੇ....? ਬੱਲ੍ਹਬ ਜਗ ਰਿਹਾ ਸੀ। ਉਠ ਕੇ ਪਾਵੀ ਨੇ ਟਿਊਬ ਜਗਾ ਦਿੱਤੀ। ਟਿਊਬ ਦਾ ਚਾਨਣ ਮਾਣੋਂ ਦੇ ਸਰੀਰ ਤੋਂ ਤਿਲ੍ਹਕ-ਤਿਲ੍ਹਕ ਡਿੱਗਦਾ ਸੀ। ਉਸ ਨੂੰ ਸੱਘੇ ਅਮਲੀ ਦੀ ਗੱਲ ਫ਼ਿਰ ਚੇਤੇ ਆਈ, "ਇਹ ਬਿਜਲੀ ਆਲ਼ੀ 'ਟੂਪ' ਦੇ ਚਾਨਣ 'ਚ ਨੰਗੀ ਖੜ੍ਹੀ ਕਿਹੋ ਜੀ ਲੱਗਦੀ ਹੋਊ...?"

ਪਾਵੀ ਸਾਹਮਣੇ ਕੁਦਰਤ ਦੀ ਤਰਾਸ਼ੀ ਮਾਣੋਂ ਬਿਲਕੁਲ ਨਗਨ ਪਈ ਸੀ।

-"ਪਾਵੀ ਡਾਰਲਿੰਗ...।"

-"ਜੀ ਸੋਹਣਿਓਂ...?" ਉਸ ਨੇ ਮਾਣੋਂ ਦੇ ਬਿਲਕੁਲ ਨਜ਼ਦੀਕ ਹੋ ਕੇ ਪੁੱਛਿਆ।

-"ਆਓ ਨ੍ਹਾਂ...! ਆਓ ਮੈਨੂੰ ਘੁੱਟ ਕੇ ਜੱਫੀ ਪਾਓ ਤੇ ਮੈਨੂੰ ਪਿਆਰ ਕਰੋ...! ਮੈਂ ਥੋਡੀ ਆਂ ਜਾਨੂੰ...! ਸਿਰਫ਼ ਤੇ ਸਿਰਫ਼, ਥੋਡੀ...! ਆ ਜਾਓ ਨਾ ਜਾਨੂੰ...! ਹੁਣ ਐਨਾਂ ਨਾ ਤੜਪਾਓ...! ਆਜੋ...!"

ਪਾਵੀ ਉਸ ਦੇ ਨਾਲ਼ ਲੇਟ ਗਿਆ ਅਤੇ ਘੁੱਟ ਕੇ ਜੱਫੀ ਪਾ ਲਈ।

ਉਹ ਟਿਊਬ ਦੇ ਚਾਨਣ ਵਿੱਚ ਉਸ ਦੇ ਸਰੀਰ ਨੂੰ ਨਿਰਖ ਰਿਹਾ ਸੀ। ਉਸ ਦੇ ਸਾਹਮਣੇ ਇੰਦਰ ਦੇਵਤਾ ਦੇ ਦਰਬਾਰ ਦੀ ਪਰੀ ਹੀ ਤਾਂ ਪਈ ਸੀ। ਪਾਵੀ ਨਾਲ਼ ਪਈ ਮਾਣੋਂ ਕਿਸੇ ਵੇਗ ਵਿੱਚ ਗੜੁੱਚ, ਬੈੱਡ ਉਪਰ ਪਈ ਸੱਪ ਵਾਂਗ ਮੇਲ੍ਹ ਰਹੀ ਸੀ। ਪਰ ਪਾਵੀ ਪੀਤੀ ਹੋਣ ਦੇ ਬਾਵਜੂਦ ਵੀ ਸੰਭਲ਼ਿਆ ਹੋਇਆ ਸੀ। ਉਹ ਜੇ ਚਾਹੁੰਦਾ ਤਾਂ ਮਾਣੋਂ ਨੂੰ "ਮਾਣ" ਸਕਦਾ ਸੀ। ਪਰ ਉਹ ਪਤਾ ਨਹੀਂ ਕਿਹੜੀਆਂ ਸੋਚਾਂ ਵਿੱਚ ਗ਼ਲਤਾਨ ਸੀ? .... ਪਾਵੀ ਸਿਆਂ... ਉਹ ਤੇਰੇ 'ਤੇ ਵਿਸ਼ਵਾਸ ਕਰ ਕੇ ਤੇਰੇ ਨਾਲ਼ ਆਈ ਐ...। ਉਹਨੂੰ ਕੋਈ ਸੁਰਤ ਨਹੀਂ..। ਉਹ ਨਸ਼ੇ ਵਿੱਚ ਐ, ਤੇ ਤੂੰ ਉਸ ਨਾਲ਼ ਜੋ ਮਰਜ਼ੀ ਕਰ ਸਕਦੈਂ...। ਪਰ ਕੱਲ੍ਹ ਨੂੰ ਸਵੇਰੇ ਜਦ ਇਸ ਦੀ ਅੱਖ ਖੁੱਲ੍ਹੇਗੀ ਤਾਂ ਇਹ ਲੁੱਟ-ਪੁੱਟ ਚੁੱਕੀ ਹੋਵੇਗੀ...। ਇਸ ਦੀ ਇੱਜ਼ਤ ਨਾਲ਼ ਖਿਲਵਾੜ੍ਹ ਹੋ ਚੁੱਕਿਆ ਹੋਵੇਗਾ...। ਇਸ ਗਲਤੀ ਕਾਰਨ ਇਹ ਤੈਨੂੰ ਸ਼ਾਇਦ ਸਾਰੀ ਜ਼ਿੰਦਗੀ ਮੁਆਫ਼ ਨਾ ਕਰੇ...? ਹੁਣ ਤਾਂ ਇਸ ਨੂੰ ਕੋਈ ਸੁੱਧ-ਬੁੱਧ ਨਹੀਂ ਐ...। ਪਰ ਕੱਲ੍ਹ ਜਦੋਂ ਇਸ ਨੂੰ ਹੋਸ਼ ਆਵੇਗੀ, ਤਾਂ ਇਸ ਦਾ ਕੀ ਪ੍ਰਤੀਕਰਮ ਹੋਵੇਗਾ...? ਹੋਣ ਸਕਦੈ ਤੈਨੂੰ ਦਿਲੋਂ ਮੁਹੱਬਤ ਕਰਨ ਦੀ ਵਜਾਇ ਨਫ਼ਰਤ ਕਰਨ ਲੱਗ ਜਾਵੇ...? ਕੱਲ੍ਹ ਜਦ ਇਸ ਦੀ ਹੋਸ਼ ਪਰਤੇਗੀ ਤਾਂ ਸਭ ਕੁਛ ਗੁਆ ਕੇ ਇਸ ਦੀਆਂ ਆਸਾਂ, ਰੀਝਾਂ ਅਤੇ ਸਧਰਾਂ ਦੇ ਕਿੰਗਰੇ ਭੁਰ ਜਾਣਗੇ। ਹੁਣ ਤਾਂ ਪਲ ਦੋ ਪਲ ਦਾ ਆਨੰਦ ਹੈ, ਪਰ ਇਸ ਦੇ ਬਾਪ ਨੇ ਮੇਰੇ 'ਤੇ ਵਿਸ਼ਵਾਸ ਕਰ ਕੇ ਆਪਣੀ ਭਰ ਜੁਆਨ ਧੀ ਮੇਰੇ ਨਾਲ਼ ਤੋਰੀ, ਉਹਨਾਂ ਦੇ ਤਾਂ ਸੁਪਨੇ ਅਤੇ ਸਧਰਾਂ ਤਾਂ ਚਕਨਾਚੂਰ ਹੋ ਜਾਣਗੀਆਂ...! ਨਹੀਂ...! ਮੈਂ ਆਪਣੀ ਮਾਣੋਂ ਨਾਲ਼ ਕਦੇ ਧੋਖਾ ਨਹੀਂ ਕਰੂੰਗਾ...। ਮੈਂ ਉਸ ਨਾਲ਼ ਸ਼ਾਦੀ ਕਰੂੰਗਾ ਅਤੇ ਸ਼ਾਦੀ ਤੋਂ ਬਾਅਦ ਜ਼ਿੰਦਗੀ ਦਾ ਲੁਤਫ਼ ਲਵਾਂਗੇ।

-"ਪਾਵੀ ਡਾਰਲਿੰਗ...!"

-"ਜੀ ਜਾਨੂੰ...?"

-"ਆਓ ਨ੍ਹਾਂ...! ਕਮ ਔਨ ਮਾਈ ਬੁਆਏ...! ਮੈਨੂੰ ਘੁੱਟ ਕੇ ਪਿਆਰ ਕਰੋ...! ਆਜੋ...!" ਉਸ ਨਗਨ ਪਈ ਨੇ ਬਾਂਹਾਂ ਫ਼ੈਲਾਅ ਲਈਆਂ।

-"ਜਾਨੂੰ..! ਹੁਣ ਆਪਾਂ ਰੋਟੀ ਖਾਵਾਂਗੇ ਤੇ ਬੀਬੇ ਬੱਚੇ ਬਣ ਕੇ ਸੌਣ ਜਾਵਾਂਗੇ...!"

-"ਓਹ ਨ੍ਹੋਅ ਬੇਬੀ...! ਆਈ ਡੋਂਟ ਲਈਕ ਸੌਣਾਂ-ਸੂਣਾਂ...! ਆਈ ਵਾਂਟ ਟੂ ਇੰਜੌਆਏ ਵਿੱਦ ਯੂ...!"

-"ਨਹੀਂ ਜਾਨੂੰ...! ਆਪਾਂ ਹੁਣ ਖਾਣਾ ਖਾਣੈ..!"

-"ਓਹ ਨ੍ਹੋਅ...! ਨਾਟ ਐਟ ਔਲ...! ਕਮ, ਐਂਡ ਹੈਵ ਸਮ ਫ਼ਨ...!"

-"ਹੁਣ ਹਮ ਖਾਨਾ ਖਾਏਂਗੇ...! ਓ ਕੇ ਜਾਨੂੰ...?"

-"ਗਿਵ ਮੀ ਸਮ ਮੋਰ ਵਿਸਕੀ ਪਲੀਜ਼...!"

-"ਓ ਕੇ...! ਇਹ ਲਾਸਟ ਹੋਊਗਾ, ਓ ਕੇ ਜਾਨ...?"

-"ਯੂ ਆਰ ਅਮੇਜ਼ਿੰਗ ਮੇਰੀ ਜਾਨ...! ਆਈ ਲਵ ਯੂ...! ਆਈ ਲਵ ਯੂ ਸੋ ਮੱਚ ਬੇਬੀ...! ਇੱਕ ਬੁੱਘੀ...!" ਉਸ ਨੇ ਪਾਵੀ ਦੀ ਗੱਲ੍ਹ 'ਤੇ ਦੰਦੀ ਭਰ ਲਈ।

-"ਅਈ....! ਮਰ ਗਿਆ ਜਾਨੂੰ...!"

ਮਾਣੋਂ ਉੱਚੀ-ਉੱਚੀ ਹੱਸਣ ਲੱਗ ਪਈ।

ਪਾਵੀ ਦੀ ਗੱਲ੍ਹ 'ਤੇ ਦੰਦਾਂ ਦਾ ਦਾਗ ਪੈ ਗਿਆ ਸੀ।

-"ਲਓ ਜਾਨੂੰ...! ਇਹ ਡਰਿੰਕ ਲਓ ਤੇ ਖਾਣਾ ਖਾ ਕੇ ਸੌਂ ਜਾਓ, ਸਵੇਰੇ ਉਠ ਕੇ ਫ਼ਨ-ਸ਼ਨ ਕਰਾਂਗੇ, ਓ ਕੇ...?"

-"ਓ ਕੇ...!"

-"ਕਿੰਨਾਂ ਚੰਗਾ ਜਾਨੂੰ ਹੈ ਮੇਰਾ...!"

-"ਲਵ ਯੂ ਆਖੋ ਨ੍ਹਾਂ...?"

-"ਲਵ ਯੂ ਜਾਨੂੰ...! ਲਵ ਯੂ ਸੋ ਮੱਚ ਮੇਰੀ ਜਾਨ...।"

-"...............।"

-"ਹੁਣ ਤੁਸੀਂ ਕੱਪੜੇ ਪਾਓ, ਤੇ ਬੀਬੇ ਰਾਣੇ ਬਣ ਕੇ ਖਾਣਾ ਖਾਓ...!" ਪਾਵੀ ਨੇ ਉਸ ਨੂੰ ਕੱਪੜੇ ਫੜਾ ਦਿੱਤੇ। ਡਿੱਕਡੋਲੇ ਜਿਹੇ ਖਾਂਦੀ ਮਾਣੋਂ ਨੇ ਕੱਪੜੇ ਪਾ ਲਏ।

ਰੂਮ ਸਰਵਿਸ ਵਾਲ਼ਾ ਵੇਟਰ ਆ ਕੇ ਖਾਣਾ ਦੇ ਗਿਆ।

ਸ਼ਰਾਬੀ ਹੋਈ ਮਾਣੋਂ ਨੇ ਅੱਧ-ਪਚੱਧਾ ਜਿਹਾ ਖਾਣਾ ਖਾਧਾ ਅਤੇ ਟੇਢੀ ਹੋ ਕੇ ਘੁਰਾੜੇ ਮਾਰਨੇ ਸ਼ੁਰੂ ਕਰ ਦਿੱਤੇ।

**ਚਲਦਾ...**

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਨਾ ਕੋ ਹਿੰਦੂ ਨਾ ਕੋ ਮੁਸਲਮਾਨ

ਭਜਨ ਸਿੰਘ ਪ੍ਰਦੇਸੀ
ਫੋਨ 1 513-290-9812
Cincinnati Ohio USA



ਗੁਰੂ ਨਾਨਕ ਦੇਵ ਸਾਹਿਬ ਜੀ ਦੀਆਂ ਨਜ਼ਰਾਂ ਵਿੱਚ ਨਾ ਕੋਈ ਹਿੰਦੂ ਹੈ ਅਤੇ ਨਾ ਕੋਈ ਮੁਸਲਮਾਨ ਸਭ ਹਨ ਇਨਸਾਨ ਅਤੇ ਇਕ ਸਾਮਾਨ। ਸਨਾਤਨ (ਹਿੰਦੂ) ਮੱਤ ਦੀ ਪੂਰੀ ਕੋਸ਼ਿਸ਼ ਹੈ ਸਿੱਖਾਂ ਨੂੰ ਆਪਣੇ ਵਿੱਚ ਜਜ਼ਬ ਕਰ ਲੈਣ ਦੀ ਦੂਸਰਾ ਦੁਨੀਆਂ ਭਰ ਦੇ ਮੁਲਕਾਂ ਵਿੱਚ ਸਿੱਖਾਂ ਦੇ ਪਹਿਰਾਵੇ ਨੂੰ ਵੇਖ ਕੇ ਮੁਸਲਮਾਨ ਸਮਝਿਆ ਜਾਂਦਾ ਹੈ। ਪੰਜ ਛੇ ਸਾਲ ਪਹਿਲਾਂ ਦਾ ਵਾਕਿਆ ਹੈ ਮੇਰਾ ਸੈਰ ਕਰਨ ਦਾ ਰਸਤਾ ਮਸਜਦ ਦੇ ਸਾਹਮਣੇ ਤੋਂ ਗੁਜ਼ਰਨ ਕਰਕੇ ਇੱਕ ਦਿਨ ਸ਼ੁੱਕਰਵਾਰ ਇੱਕ ਨਮਾਜ਼ੀ ਨੇ ਮੈਨੂੰ ਸਵਾਲ ਕੀਤਾ, No I am a Sikh . During conversation I told him as your prophet is Mohammad sahib, Sikh's prophet is Guru Nanak sahib more over Sikh religion is modern, latest and reform stage of Hinduism and Mohammedan's religions . ਗੁਰਬਾਣੀ ਦਾ ਸ਼ਬਦ ਹੈ, ਨ ਹਮ ਹਿੰਦੂ ਨ ਮੁਸਲਮਾਨ। ਸੋ ਵਿਚਾਰਾਂ ਦੀ ਸਾਂਝ ਹੈ।

ਦੋ ਸਾਖੀਆਂ:- (ੳ) ਬਾਬੇ ਨਾਨਕ ਦਾ ਵੇਈਂ ਨਦੀ ਵਿੱਚ ਇਸ਼ਨਾਨ ਕਰਨਾ।

ਗੁਰੂ ਨਾਨਕ ਸਾਹਿਬ ਨੂੰ ਭੈਣ ਨਾਨਕੀ ਸਾਬੋ ਕੀ ਤਲਵੰਡੀ ਤੋਂ ਸੁਲਤਾਨ ਪੁਰ ਲੋਧੀ ਲੈ ਆਈ, ਭਣਵਈਆ ਜੈ ਰਾਮ ਜੀ ਨੇ ਨਾਨਕ ਜੀ ਨੂੰ ਸੁਲਤਾਨ ਦੇ ਮੋਦੀਖ਼ਾਨੇ ਵਿੱਚ ਨੌਕਰੀ ਤੇ ਲਗਵਾ ਦਿੱਤਾ। ਨਾਨਕ ਰੋਜ਼ਾਨਾ ਅੰਮ੍ਰਿਤਵੇਲੇ ਵੇਈਂ ਨਦੀ ਵਿੱਚ ਇਸ਼ਨਾਨ ਕਰਦਾ, ਬੇਰੀ ਥੱਲੇ ਬੈਠ ਰੱਬ ਦਾ ਸਿਮਰਨ ਕਰਦਾ, ਫਿਰ ਸੱਚੇ ਮਨ ਨਾਲ ਡਿਊਟੀ ਕਰਦੇ। ਇੱਕ ਦਿਨ ਨਦੀ ਵਿੱਚ ਇਸ਼ਨਾਨ ਕਰਨ ਲਈ ਗਏ, ਨਾ ਬਾਹਰ ਨਿਕਲੇ ਅਤੇ ਡਿਊਟੀ ਤੋਂ ਵੀ ਗੈਰਹਾਜ਼ਰ ਹੋਣ ਤੇ ਪੂਰੇ ਸ਼ਹਿਰ ਵਿੱਚ ਰੌਲਾ ਪੈਗਿਆ ਕਿ ਨਾਨਕ ਨਦੀ ਵਿੱਚ ਡੁੱਬ ਗਏ ਨੇ। ਕੋਈ ਕਹਿ ਰਿਹਾ ਸੀ ਮੋਦੀਖ਼ਾਨੇ ਵਿੱਚ ਘਾਟਾ ਪੈਣ ਕਾਰਨ ਆਤਮ ਹੱਤਿਆ ਕਰ ਗਿਆ ਹੈ। ਬੇਬੇ ਨਾਨਕੀ ਨੇ ਸਭ ਅਫਵਾਹਾਂ ਨੂੰ ਝੂਠਾ ਦਸਿਆ ਤੇ ਕਿਹਾ ਮੇਰਾ ਵੀਰ ਰੱਬੀ ਨੂਰ ਹੈ, ਨਦੀ ਵਿੱਚ ਡੁੱਬ ਨਹੀਂ ਸਕਦਾ।

ਤੀਸਰੇ ਦਿਨ ਅਕਾਲ ਪੁਰਖ ਦੀ ਦਰਗਾਹ ਤੋਂ ਗਿਆਨ ਪ੍ਰਾਪਤ ਕਰਕੇ ਅਤੇ ਮੂਲ-ਮੰਤਰ ਲੈ ਕੇ ਨਦੀ ਵਿੱਚੋਂ ਬਾਹਰ ਨਿਕਲੇ। ਘਰ ਨੂੰ ਆਉਂਦੇ ਵੇਖ ਸਭ ਲੋਕ ਹੈਰਾਨ ਸਨ ਬਾਬਾ ਨਾਨਕ ਉੱਚੀ ਉੱਚੀ ਬੋਲ ਰਹੇ ਸਨ, "ਨਾ ਕੋ ਹਿੰਦੂ ਨਾ ਕੋ ਮੁਸਲਮਾਨ", ਨਾ ਕੋ ਹਿੰਦੂ ਨਾ ਮੁਸਲਮਾਨ,"।

ਬਾਬੇ ਨਾਨਕ ਜੀ ਦੀ ਕਾਜ਼ੀਆਂ ਨੇ ਪ੍ਰੀਖਿਆ ਵੀ ਲਈ।

(ਅ) ਫ਼ਕੀਰ ਭੀਖਨ ਸ਼ਾਹ ਦੇ ਬਾਲਕ ਗੋਬਿੰਦ ਰਾਏ ਦੇ ਦਰਸ਼ਨ ਕਰਨਾ।

ਬਿਹਾਰ ਦੀ ਰਾਜਧਾਨੀ ਪਟਨੇ ਸਾਹਿਬ ਜਦੋਂ ਗੁਰੂ ਨਾਨਕ ਦੀ ਦਸਵੀਂ ਜੋਤ ਬਾਲਕ ਗੋਬਿੰਦ ਰਾਏ ਨੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਗ੍ਰਹਿ ਵਿਖੇ ਪ੍ਰਕਾਸ਼ ਧਾਰਿਆ ਤਾਂ ਅੰਬਾਲੇ ਦੇ ਮੁਸਲਮਾਨ ਫ਼ਕੀਰ ਭੀਖਨ ਸ਼ਾਹ ਜੀ ਨੇ ਸਜਦਾ ਪੱਛਮ ਦੀ ਤਰਫ ਕਰਨ ਦੀ ਬਜਾਏ ਪੂਰਬ ਦੀ ਦਿਸ਼ਾ ਚੜ੍ਹਦੇ ਵੱਲ ਕੀਤਾ ਤਾਂ ਚੇਲਿਆਂ ਨੇ ਸਵਾਲ ਕੀਤਾ ਫ਼ਕੀਰ ਜੀ ਅੱਜ ਉਲਟ ਪਾਸੇ ਕਿਉਂ ਸਿਜ਼ਦਾ ਕੀਤਾ ਤਾਂ ਜਵਾਬ ਸੀ ਅੱਜ ਇੱਕ ਰੱਬੀ ਨੂਰ ਦਾ ਪ੍ਰਕਾਸ਼ ਇਸ ਧਰਤੀ ਦੇ ਪੂਰਬ ਤਰਫੋਂ ਨਜ਼ਰ ਆਇਆ ਹੈ, ਚਲੋ ਦਰਸ਼ਨ ਕਰਕੇ ਆਈਏ।

ਫ਼ਕੀਰ ਜੀ ਨੇ ਪਟਨਾ ਸਾਹਿਬ ਸ਼ਹਿਰ ਵੱਲ ਨੂੰ ਚਾਲੇ ਪਾ ਦਿੱਤੇ। ਪੈਦਲ ਯਾਤਰਾ ਕਰਦੇ ਪੜ੍ਹਾ ਦਰ ਪੜਾ ਠਹਿਰਦੇ ਤੇ ਚਲਦੇ ਹੋਏ ਰਸਤੇ ਵਿੱਚ ਵਿਚਾਰ ਆਇਆ ਕਿ ਕਿਉਂ ਨਾ ਦੋ ਕੁਜ਼ੀਆਂ ਲਈਆਂ ਜਾਣ, ਇੱਕ ਮੁਸਲਮਾਨਾਂ ਦੇ ਨਾਮ ਤੇ ਦੂਸਰੀ ਹਿੰਦੂਆਂ ਦੇ ਨਾਮ ਦੀ, ਇਹ ਜਾਨਣ ਲਈ ਕਿ ਇਹ ਬਾਲਕ ਹਿੰਦੂਆਂ ਪੱਖੀ ਹੋਵੇਗਾ ਜਾਂ ਮੁਸਲਮਾਨਾਂ ਪੱਖੀ ? ਪਟਨੇ ਸਾਹਿਬ ਪਹੁੰਚਣ ਤੇ ਬਾਲਕ ਗੋਬਿੰਦ ਦੇ ਦਰਸ਼ਨ ਕਰਨ ਦੀ ਬੇਨਤੀ ਕੀਤੀ।

ਬਾਲਕ ਦੇ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਆਸਾਮ ਦੇ ਦੌਰੇ ਤੇ ਸਨ ਸੋ ਪਰਵਾਰ ਦੇ ਮੈਂਬਰਾਂ ਨੇ ਨਾਂਹ ਕਰ ਦਿੱਤੀ। ਫ਼ਕੀਰ ਜੀ ਦਰਵਾਜ਼ੇ ਅੱਗੇ ਬੈਠ ਗਏ ਅਤੇ ਕਿਹਾ ਕਿ ਮੈਂ ਦਰਸ਼ਨ ਕਰਨ ਤੋਂ ਬਿਨਾਂ ਨਹੀਂ ਜਾਵਾਂਗਾ। ਫ਼ਕੀਰ ਜੀ ਦੀ ਸ਼ਰਧਾ ਅਤੇ ਹੱਠ ਨੂੰ ਵੇਖਦਿਆਂ ਹੋਇਆਂ ਜਿਵੇਂ ਹੀ ਮਾਮਾ ਕ੍ਰਿਪਾਲ ਦਾਸ ਬਾਲਕ ਗੋਬਿੰਦ ਰਾਏ ਨੂੰ ਫ਼ਕੀਰ ਜੀ ਪਾਸ ਲੈ ਕੇ ਆਏ, ਦਰਸ਼ਨ ਕੀਤੇ ਤਾਂ ਭੀਖਨ ਸ਼ਾਹ ਜੀ ਨੇ ਦੋਵੇਂ ਕੁਜ਼ੀਆਂ ਬਾਲਕ ਅੱਗੇ ਕਰ ਦਿੱਤੀਆਂ, ਬਾਲਕ ਗੋਬਿੰਦ ਨੇ ਆਪਣੇ ਦੋਵੇਂ ਹੱਥਾਂ ਨੂੰ ਦੋਹਾਂ ਕੁਜ਼ੀਆਂ ਤੇ ਰੱਖਿਆ ਹੀ ਸੀ ਕਿ ਮੁਸਲਮਾਨ ਫ਼ਕੀਰ ਦੇ ਚਿਹਰੇ ਉੱਤੇ ਖੁਸ਼ੀਆਂ ਆਈਆਂ ਤੇ ਜ਼ੋਰ ਨਾਲ ਬੋਲਿਆ," ਐ ਅੱਲ੍ਹਾ ਪਰਵਰਦਗਾਰ ਮੇਰਾ ਸ਼ੰਕਾ ਦੂਰ ਹੁਆ," ਇਹ ਬਾਲਕ ਵੱਡਾ ਹੋ ਕੇ ਸਭ ਧਰਮਾਂ ਦਾ ਸਤਿਕਾਰ ਕਰੇਗਾ, ਸੱਚ ਵਾਸਤੇ ਯੁੱਧ ਵੀ ਲੜੇਗਾ ਅਤੇ ਬਾਬੇ ਨਾਨਕ ਦੀ ਵਿਚਾਰਧਾਰਾ ਨੂੰ ਚਾਰ ਚੰਨ ਲਾਵੇਗਾ।

ਆਓ ਵਿਚਾਰ ਕਰੀਏ, ਗੁਰੂ ਗ੍ਰੰਥ ਸਾਹਿਬ ਇਸ ਬਾਰੇ ਕੀ ਕਹਿੰਦੇ ਨੇ।

(1) (ੳ) ਭਗਤ ਕਬੀਰ ਜੀ :-
ਹਿੰਦੂ ਤੁਰਕ ਕਹਾਂ ਤੇ ਆਏ
ਕਿਨਿ ਏਹ ਰਾਹ ਚਲਾਈ ॥
ਦਿਲ ਮਹਿ ਸੋਚਿ ਬਿਚਾਰ
ਕਵਾਦੇ ਭਿਸਤ ਦੋਜਕ ਕਿਨਿ ਪਾਈ ॥
ਅੰਗ 477

(ਅ) ਬੁੱਤ ਪੂਜਿ ਪੂਜਿ ਹਿੰਦੂ ਮੂਏ
ਤੁਰਕ ਮੂਏ ਸਿਰੁ ਨਾਈ॥
ਓਇ ਲੇ ਜਾਰੇ ਓਇ ਲੇ ਗਾਡੇ
ਤੇਰੀ ਗਤਿ ਦੁਹੂ ਨ ਪਾਈ॥੧॥
ਅੰਗ 654

(ੲ) ਦਖਨ ਦੇਸਿ ਹਰੀ ਕਾ ਬਾਸਾ
ਪਛਿਮਿ ਅਲਹ ਮੁਕਾਮਾ ॥
ਦਿਲ ਮਹਿ ਖੋਜਿ ਦਿਲੈ ਦਿਲਿ
ਖੋਜਹੁ ਏਹੀ ਠਾਉਰ ਮੁਕਾਮਾ ॥
ਅੰਗ 1354

(ਸ) ਹਮਰਾ ਝਗਰਾ ਰਹਾ ਨ ਕੋਊ ॥
ਪੰਡਿਤ ਮੁੱਲਾਂ ਛਾਡੇ ਦੋਊ ॥੧॥
ਪੰਡਿਤ ਮੁੱਲਾਂ ਜੋ ਲਿਖਿ ਦੀਆ ॥
ਛਾਡਿ ਚਲੇ ਹਮ ਕਛੂ ਨ ਲੀਆ ॥੩॥
ਅੰਗ 1159

(ਹ) ਭੈਰਉ ਮਹੱਲਾ ਪੰਜਵਾਂ
(ਪੰਜਵੇਂ ਨਾਨਕ) :-
ਵਰਤ ਨ ਰਹਉ ਨ ਮਹ ਰਮਦਾਨਾ॥
ਤਿਸੁ ਸੇਵੀ ਜੋ ਰਖੈ ਨਿਦਾਨਾ॥ ੧॥
ਏਕੁ ਗੁਸਾਈ ਅਲਹੁ ਮੇਰਾ॥
ਹਿੰਦੂ ਤੁਰਕ ਦੋਹਾਂ ਨਬੇਰਾ॥੧॥ ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ॥
ਏਕੋ ਸੇਵੀ ਅਵਰੁ ਨ ਦੂਜਾ॥ ੨॥
ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥
ਨ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡ ਪਰਾਨ ॥੪॥
ਅੰਗ 1136

(ਕ) ਭਗਤ ਨਾਮ ਦੇਵ ਜੀ :-
ਹਿੰਦੂ ਅਨ੍ਹਾਂ ਤੁਰਕੂ ਕਾਣਾ॥
ਦੋਹਾਂ ਤੇ ਗਿਆਨੀ ਸਿਆਣਾ॥
ਹਿੰਦੂ ਪੂਜੇ ਦੇਹੁਰਾ ਮੁਸਲਮਾਣੁ ਮਸੀਤ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾਂ ਮਸੀਤਿ॥
ਅੰਗ 875

(2) ਗੁਰੂ ਗੋਬਿੰਦ ਸਿੰਘ ਸਾਹਿਬ:-

ਕੋਊ ਭਇਓ ਮੁੰਡੀਆ ਸਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥ ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥ ਕਰਤਾ ਕਰੀਮ ਸੋਈ ਰਾਜਕ ਰਹੀਮ ਓਈ ਦੂਸਰੋ ਨ ਭੇਦ ਕੋਈ ਭੂਲ ਭਰਮ ਮਾਨਬੋ॥ ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥ ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥ ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥ ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥ ਅਲਹ ਅਭੇਕ ਸੋਈ ਪੁਰਾਨ ਔ ਕੁਰਾਨ ਓਈ ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ॥ ਪੰਨਾ 19 ਆਕਾਲ ਉਸਤਤੀ ਦਸਮ ਗ੍ਰੰਥ।

(3) ਭਾਈ ਗੁਰਦਾਸ ਜੀ:-.
ਪੁਛਨਿ ਗੱਲ ਈਮਾਨ ਦੀ
ਕਾਜ਼ੀ ਮੁਲਾਂ ਇਕੱਠੇ ਹੋਈ।
ਵੱਡਾ ਸਾਂਗ ਵਰਤਾਇਆ
ਲਖਿ ਨ ਸਕੈ ਕੁਦਰਤੀ ਕੋਈ।
ਪੁਛਨਿ ਖੋਲ ਕਿਤਾਬ ਨੋ
ਹਿੰਦੂ ਵੱਡਾ ਕਿ ਮੁਸਲਮਾਨੋਈ ॥
ਬਾਬਾ ਆਖੇ ਹਾਜ਼ੀਆ
ਸ਼ੁਭਿ ਅਮਲਾ ਬਾਝੋਂ ਦੋਨੋ ਰੋਈ ॥
ਵਾਰ ਪਹਿਲੀ ਪਾਊੜੀ 33ਵੀਂ

ਗੁਰੂ ਗ੍ਰੰਥ ਸਾਹਿਬ ਜੀ, ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਸੈਂਕੜੇ ਨਾਮ ਸਨਾਤਨੀ(ਹਿੰਦੂ) ਮੱਤ ਦੇ ਦੇਵਤਿਆਂ ਅਵਤਾਰਾਂ ਰਿ ਰਾਜਿਆਂ ਰੀਤੀ-ਰਿਵਾਜਾਂ ਅਤੇ ਧਾਰਮਿਕ ਦਿਨ-ਦਿਹਾੜਿਆਂ ਦੇ ਹਨ। ਸੋ ਇਸੇ ਤਰ੍ਹਾਂ ਮੁਸਲਮਾਨ ਧਰਮ ਦੇ ਵੀ ਸੈਂਕੜੇ ਨਾਮ ਦਰਜ ਹਨ ਜਿਵੇਂ :-

ਮੁਸਲਮਾਨ ਧਰਮ ਦੇ ਨਾਮ:- ਤੁਰਕ ਦੋਜਕ ਅਲਹ, ਮੁੱਲਾਂ, ਰਮਦਾਨਾ(ਰਮਜ਼ਾਨ) ਹੱਜ, ਨਵਾਜ, ਮਸੀਤ, ਇਮਾਮ, ਕੁਰਾਨ, ਰਹੀਮ, ਕਾਬਾ, ਮਕਾ ਆਦਿ।

ਸਨਾਤਨ ਧਰਮ ਦੇ ਨਾਮ:-ਹਿੰਦੂ, ਭਿਸਤ (ਸਵਰਗ), ਹਰਿ ਹਰੀ ਰਾਮ, ਪੰਡਤ, ਵਰਤ, ਤੀਰਥ, ਪੂਜਾ, ਦੇਹੁਰਾ (ਮੰਦਿਰ), ਦੇਵਤਾ, ਪੁਰਾਨ, ਵੇਦ, ਕ੍ਰਿਸ਼ਨ ਸੁਦਾਮਾ, ਰਾਮ ਚੰਦਰ ਰਾਵਣ, ਬਨਾਰਸ ਅਤੇ ਗੰਗਾ ਆਦਿ।

ਹੋਰ ਵੀ ਕਈ ਸੰਸਥਾਵਾਂ ਜੋਗ ਮਤ ਅਤੇ ਸਨਿਆਸੀ ਮਤ ਆਦਿ ਦੇ ਸ਼ਬਦਾਂ ਨੂੰ ਵੀ ਗੁਰਬਾਣੀ ਵਿੱਚ ਵਰਤਿਆ ਗਿਆ ਹੈ ਉੱਪਰ ਦੱਸੇ ਅਨੁਸਾਰ ਸਾਫ ਹੋ ਜਾਂਦਾ ਹੈ ਕਿ ਬਾਬੇ ਨਾਨਕ ਜੀ ਦਾ ਚਲਾਇਆ ਹੋਇਆ ਧਰਮ ਸਰਿਸ਼ਟੀ ਦੇ ਸਾਰੇ ਇਨਸਾਨਾਂ/ਧਰਮਾਂ ਵਾਸਤੇ ਸਾਂਝਾ ਹੈ, ਫੋਕਟ ਕਰਮ ਕਾਂਡਾਂ ਦਾ ਵੀ ਜ਼ੋਰਦਾਰ ਖੰਡਨ ਕਰਦਾ ਹੈ। ਸੋ ਆਓ ਜਾਤਾਂ ਪਾਤਾਂ ਦੇ ਚਕਰ ਚੋਂ ਬਾਹਰ ਨਿਕਲੀਏ, ਕੱਟੜ ਪੰਥੀ ਧਾਰਮਿਕ ਸੰਸਥਾਵਾਂ ਤੋਂ ਖਹਿੜਾ ਛੁਡਾਈਏ ਅਤੇ ਗੁਰੂ ਨਾਨਕ ਸਾਹਿਬ ਜੀ ਦੀ ਫਿਲਾਸਫੀ ਜੋ ਇਸ ਸੰਸਾਰ ਉੱਪਰ ਵੱਸਦੇ ਸਭ ਇਨਸਾਨਾਂ ਦੇ ਭਲੇ ਵਾਸਤੇ ਹੈ, ਉਸਦਾ ਹੀ ਪ੍ਰਚਾਰ ਕਰੀਏ।

(4) ਇਤਿਹਾਸ ਵਿੱਚੋਂ:--

(ੳ) ਪੰਜਾਬ ਨਾਂ ਹਿੰਦੂ ਨਾਂ ਮੁਸਲਮਾਨ, ਪੰਜਾਬ ਵਸਦਾ ਗੁਰਾਂ ਦੇ ਨਾਮ।
ਪ੍ਰੋ : ਪੂਰਨ ਸਿੰਘ

(ਅ) ਨਾਨਕ ਸ਼ਾਹ ਫ਼ਕੀਰ ਹਿੰਦੂਆਂ ਦਾ ਗੁਰੂ ਮੁਸਲਮਾਨਾਂ ਦਾ ਪੀਰ।
ਆਮ ਕਹਾਵਤ ਹੈ।

(ੲ) ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਉਣ ਵੇਲੇ ਸਿਰਫ਼ ਚਿੱਟੀ ਚਾਦਰ ਮਿਲੀ ਸਿੱਖਾਂ ਨੇ ਅੱਧੀ ਚਾਦਰ ਦਾ ਸਸਕਾਰ ਕੀਤਾ ਅਤੇ ਮੁਸਲਮਾਨਾਂ ਨੇ ਦਫ਼ਨਾਇਆ। ਕਰਤਾਰ ਪੁਰ (ਪਾਕਿ) ਅੱਜ ਵੀ ਬਾਬੇ ਨਾਨਕ ਦੀ ਮਜ਼ਾਰ ਹਾਜ਼ਰ ਹੈ

(ਸ) ਮੂਰਤੀ ਪੂਜਕ ਸਨਾਤਨੀਆਂ (ਹਿੰਦੂਆਂ) ਨੂੰ ਮੁਸਲਮਾਨ ਕਾਫ਼ਰ ਆਖਦੇ ਹਨ ਅਤੇ ਮੁਸਲਮਾਨਾਂ ਨੂੰ ਹਿੰਦੂ ਮਲੇਸ਼ ਆਖਦੇ ਹਨ। ਸਿੱਖ ਨਫ਼ਰਤੀ ਸ਼ਬਦ ਕਾਫ਼ਰ ਅਤੇ ਮਲੇਸ਼ ਦੋਵਾਂ ਤੋਂ ਵੱਖ ਹਨ।

(ਹ) ਹਿੰਦੂ ਸਿਰ ਦੇ ਵਾਲ ਕੱਟਦੇ, ਦਾੜ੍ਹੀ ਮੁੱਛਾਂ ਰੋਜ਼ਾਨਾ ਸ਼ੇਵ ਕਰਦੇ ਹਨ। ਕੱਟੜ ਮੁਸਲਮਾਨ ਸਿਰ ਦੇ ਵਾਲ ਕੱਟਦੇ, ਦਾੜ੍ਹੀ ਚਾਰ ਤੋਂ ਛੇ ਇੰਚ (ਮੁੱਠੀ ਭਰ) ਰੱਖਦੇ, ਮੁੱਛਾਂ ਸ਼ੇਵ ਕਰਦੇ ਹਨ। ਸਿੱਖ ਰਹਿੰਦੇ ਹਨ ਸਾਬਤ ਸੂਰਤ।


ਸਿੱਖਾਂ ਦੇ ਗੁਰੂ, ਗੁਰੂ ਗ੍ਰੰਥ ਸਾਹਿਬ ਵਿੱਚ ਹੀ ਹਿੰਦੂ, ਹਿੰਦੋਸਤਾਨ ਅਤੇ ਤੁਰਕ (ਮੁਸਲਮਾਨ) ਸ਼ਬਦ ਆਉਂਦੇ ਹਨ, ਇਹ ਸ਼ਬਦ ਵੇਦਾਂ, ਸ਼ਾਸਤਰਾਂ, ਗੀਤਾ ਆਦਿ ਧਾਰਮਿਕ ਗ੍ਰੰਥਾਂ ਵਿੱਚ ਨਹੀਂ ਹਨ। ਹਿੰਦੋਸਤਾਨ ਅਤੇ ਹਿੰਦੂ ਸ਼ਬਦ ਮੁਗਲਾਂ ਦੇ ਆਉਣ ਤੇ ਹੀ ਆਏ, ਇੰਡੀਆ ਨਾਮ ਅੰਗਰੇਜ਼ਾਂ ਦੇ ਰਾਜ ਵੇਲੇ ਮਿਲਿਆ ਸੋ ਦੇਸ਼ ਦਾ ਅਸਲੀ ਨਾਮ ਭਾਰਤ ਹੈ।

* * * * * * * *

# ਖਾਨਦਾਨੀ ਇਤਿਹਾਸਕਾਰ ਦਾ ਕੈਲੰਡਰ ਵਿਗਿਆਨ - ਖੋਦਿਆ ਪਹਾੜ ਨਿਕਲਿਆ ਚੂਹਾ !



**ਸਰਵਜੀਤ ਸਿੰਘ ਸੈਕਰਾਮੈਂਟੋ**




ਨਾਨਕਸ਼ਾਹੀ ਕੈਲੰਡਰ ਸਬੰਧੀ ਸਿਆਟਲ ਵਿਖੇ ਹੋਏ ਸੈਮੀਨਾਰ (15 ਜੁਲਾਈ 2015 ਈ:) ਤੋਂ ਪਿਛੋਂ, ਅਨੁਰਾਗ ਸਿੰਘ (ਖਾਨਦਾਨੀ ਇਤਿਹਾਸਕਾਰ, ਤਜਰਬਾ 105 ਸਾਲ) ਨਾਲ ਮੇਰਾ ਸਿੱਧਾ ਵਾਹ ਪਿਆ। ਪਰ ਛੇਤੀ ਹੀ ਇਸ ਨੇ ਮੈਨੂੰ ਬਲੌਕ ਕਰ ਦਿੱਤਾ ਸੀ। ਸਾਂਝੇ ਸੱਜਣਾਂ ਰਾਹੀਂ ਇਸ ਦੀ ਪੋਸਟਾਂ ਮਿਲਦੀਆਂ ਰਹੀਆਂ। ਇਸ ਦੇ ਹਰ ਸਵਾਲ ਦਾ ਜਵਾਬ, ਦਲੀਲ/ਸਬੂਤਾਂ ਨਾਲ ਦੇ ਕੇ ਜਦੋਂ ਮੈਂ ਸਵਾਲ ਕਰਨਾ ਤਾਂ ਖਾਨਦਾਨੀ ਇਤਿਹਾਸਕਾਰ ਨੇ ਜਵਾਬ ਦੇਣ ਦੀ ਬਿਜਾਏ 5-7 ਸਵਾਲ ਹੋਰ ਲਿਖ ਭੇਜਣੇ। ਇਸ ਦੀਆਂ 80-85 ਪੋਸਟਾਂ ਦੇ, ਲੱਗਭੱਗ 20 ਪੋਸਟਾਂ ਰਾਹੀ ਜਵਾਬ ਦੇਣ ਪਿਛੋਂ, ਮੈਂ ਵੀ ਨੀਤੀ ਬਦਲ ਲਈ, ਭਾਵ ਇਕ ਸਵਾਲ ਤੁਹਾਡਾ ਇਕ ਮੇਰਾ, ਤਾਂ ਖਾਨਦਾਨੀ ਇਤਿਹਾਸਕਾਰ ਮੁੱਖ ਮੋੜ ਗਿਆ। ਕਾਫੀ ਸਮਾਂ ਸ਼ਾਂਤ ਰਹਿਣ ਪਿਛੋਂ ਹੁਣ ਫੇਰ, ਕਦੇ-ਕਦਾਈ ਵਿਸ ਘੋਲ ਕੇ ਹਾਜ਼ਰੀ ਲਵਾ ਲੈਂਦਾ ਹੈ ਤਾਂ ਜੋ ਕਿਤੇ ਰਿਜਕਦਾਤੇ ਨਾਮ ਹੀ ਨਾ ਕੱਟ ਦੇਣ।

ਪਿਛਲੇ ਕਈ ਸਾਲਾਂ ਤੋਂ ਇਹ ਪੜ੍ਹ-ਸੁਣ ਰਿਹਾ ਸੀ ਕਿ ਗੁਰੂ ਸਾਹਿਬ ਨੇ ਪ੍ਰਚੱਲਤ ਕੈਲੰਡਰ ਵਿੱਚ ਸੋਧ ਕਰਕੇ ਇਕ ਕੈਲੰਡਰ ਲਾਗੂ ਕੀਤਾ ਸੀ। ਜਿਸ ਨੂੰ 'ਮੂਲ ਸਿੱਖ ਕੈਲੰਡਰ' ਦਾ ਨਾਮ ਦਿੱਤਾ ਗਿਆ। ਕਈ ਵਾਰ ਮੰਗ ਕਰਨ ਤੇ ਵੀ ਇਸ ਨੇ, ਉਸ ਕੈਲੰਡਰ ਸਬੰਧੀ ਕੋਈ ਜਾਣਕਾਰੀ ਸਾਂਝੀ ਕੀਤੀ। ਫੇਰ ਕਿਤਾਬ ਲਿਖਣ/ ਛੱਪਣ ਦਾ ਜਿਕਰ ਚਲਦਾ ਰਿਹਾ, ਤਾਂ ਮੈਂ ਸੋਚਿਆ ਕਿ ਅਨੁਰਾਗ ਸਿੰਘ ਇਸੇ ਲਈ 'ਮੂਲ ਸਿੱਖ ਕੈਲੰਡਰ' ਸਾਂਝਾ ਨਹੀਂ ਕਰਦਾ ਕਿ ਕਿਤਾਬ ਵਿੱਚ ਹੀ ਪਾਠਕਾਂ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ। ਅਖੀਰ ਅਕਤੂਬਰ 2023 ਵਿੱਚ ਇਨ੍ਹਾਂ ਦੀ ਕਿਤਾਬ ਵੀ ਆ ਗਈ। ਕਿਤਾਬ ਦੇ ਨਾਮ "ਗੁਰੂ ਸਾਹਿਬ ਜੀ ਵੱਲੋਂ ਸਥਾਪਤ ਮੂਲ ਸਿੱਖ ਕੈਲੰਡਰ" ਤੋਂ ਇਹ ਆਸ ਬੱਝੀ ਕਿ ਹੁਣ ਤਾਂ 'ਮੂਲ ਸਿੱਖ ਕੈਲੰਡਰ' ਦੇ ਦਰਸ਼ਨ ਜਰੂਰ ਹੋ ਜਾਣਗੇ। ਪਰ ਕਿਤਾਬ ਪੜ੍ਹ ਕੇ ਵੀ ਨਿਰਾਸ਼ਾ ਹੀ ਪੱਲੇ ਪਈ। ਸ਼ਾਇਦ ਇਹ ਦੁਨੀਆਂ ਦੀ ਪਹਿਲੀ ਕਿਤਾਬ ਹੋਵੇਗੀ ਜਿਸ ਦੇ ਨਾਮ (ਸਿਰਲੇਖ) ਵਾਲਾ ਅਧਿਆਏ ਹੀ ਕਿਤਾਬ ਵਿੱਚ ਨਾ ਹੋਵੇ। ਇਸ ਸਬੰਧੀ 4 ਦਸੰਬਰ 2023 ਈ: ਨੂੰ ਇਕ ਪੱਤਰ ਲਿਖਿਆ ਸੀ, ਜਿਸ ਦਾ ਜਵਾਬ ਅੱਜ ਤਾਂਈ ਨਹੀਂ ਆਇਆ।

ਇਸੇ ਦੌਰਾਨ ਅਨੁਰਾਗ ਸਿੰਘ ਨੇ ਇਕ ਪੱਤਰ ਸਾਝਾਂ ਕੀਤਾ ਜਿਹੜਾ ਇਸ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ (12 ਅਕਤੂਬਰ 2009) ਲਿਖਿਆ ਸੀ। ਉਸ ਪੱਤਰ ਨਾਲ ਅਨੁਰਾਗ ਸਿੰਘ ਦੇ ਘਰ ( 23 ਮਾਰਚ 2003) ਹੋਈ ਮੀਟਿੰਗ ਵਿੱਚ ਸਿੱਖ ਇਤਿਹਾਸ ਦੀਆਂ ਨਿਰਧਾਰਤ ਕੀਤੀਆਂ ਗਈਆਂ ਸ਼ੁੱਧ ਤਾਰੀਖਾਂ ਦੀ ਸੂਚੀ ( 7 ਪੰਨੇ) ਵੀ ਨੱਥੀ ਕੀਤੀ ਗਈ ਸੀ। ਜਿਸ ਬਾਰੇ ਅਨੁਰਾਗ ਸਿੰਘ ਦਾ ਦਾਵਾ ਹੈ ਕਿ ਕੈਲੰਡਰ ਕਮੇਟੀ ਨੇ ਅਗਲੇ ਦਿਨ ਹੀ ਉਹ ਤਾਰੀਖਾਂ ਬਦਲ ਦਿੱਤੀਆਂ ਸਨ। ਕਈ ਵਾਰ ਬੇਨਤੀ ਕਰਨ ਤੇ ਵੀ ਖਾਨਦਾਨੀ ਇਤਿਹਾਸਕਾਰ ਨੇ ਉਹ ਸੂਚੀ ਸਾਂਝੀ ਨਹੀਂ ਕੀਤੀ। ਮੈ ਇਕ ਵਾਰ ਇਹ ਵੀ ਲਿਖਿਆ ਸੀ ਕਿ ਜੇ ਇਹ ਸੱਚ ਹੈ ਕਿ ਤੁਹਾਡੇ ਘਰ ਹੋਈ ਮੀਟਿੰਗ ਵਿੱਚ ਨਿਰਧਾਰਤ ਕੀਤੀਆਂ ਤਾਰੀਖਾਂ ਬਦਲ ਦਿੱਤੀਆਂ ਗਈਆਂ ਸਨ, ਤੁਹਾਨੂੰ ਤਾਂ ਕੋਠੇ ਚੜ ਕੇ ਢੋਲ ਵਜਾਉਣਾ ਚਾਹੀਦਾ ਸੀ, ਪਰ ਤੁਸੀਂ ਵਾਰ-ਵਾਰ ਬੇਨਤੀਆਂ ਕਰਨ ਤੇ ਵੀ ਉਹ ਸੂਚੀ ਸਾਂਝੀ ਕਰਨ ਲਈ ਤਿਆਰ ਨਹੀਂ, ਅਜੇਹਾ ਕਿਓ? ਖਾਨਦਾਨੀ ਇਤਿਹਾਸਕਾਰ ਨੇ ਦੜ ਵੱਟਣ ਵਿੱਚ ਹੀ ਭਲਾਈ ਸਮਝੀ!

ਆਪਣੀ ਹਰ ਦੂਜੀ-ਤੀਜੀ ਪੋਸਟ ਵਿੱਚ ਅਨੁਰਾਗ ਸਿੰਘ ਇਹ ਪੰਗਤੀਆਂ, "ਪਾਲ ਸਿੰਘ ਪੁਰੇਵਾਲ ਦੀ ਮਿਸ਼ਰਤ ਜੰਤਰੀ ਤੋਂ ਪਹਿਲਾਂ ਸਿੱਖਾਂ ਦਾ ਮੂਲ ਸਿੱਖ ਕੈਲੰਡਰ ਸੀ ਜਿਸ ਦਾ ਜਿਕਰ John Bowker ਇਸ ਤਰ੍ਹਾਂ ਕਰਦੇ ਹਨ: "The Sikh Religious Calendar is a modified form of the Bikarami Calendar", ਪੇਸਟ ਕਰਦਾ ਰਿਹਾ ਹੈ। ਆਪਣੀ ਕਿਤਾਬ "ਮੂਲ ਸਿੱਖ ਕੈਲੰਡਰ" ਵਿੱਚ ਵੀ ਇਹ ਪੰਗਤੀ ਦਰਜ ਕਰਨਾ ਨਹੀਂ ਭੁਲੇ (ਪੰਨਾ 19)। ਪਰ ਜਦੋਂ, 'Oxford Dictionary of World Religions' ਦਾ ਹਵਾਲਾ, "Sikhism The Sikhs' religious calendar is a modified form of the Bikrami calendar. The year is solar (23 minutes 44 seconds shorter than the Christian year) and the months are lunar. Lunar month dates, varying within fifteen days, are used for *gurpurbs. So in 1984 Guru *Gobind Singh's birthday fell on both 10 Jan. and 29 Dec. Solar months, based on the twelve zodiac signs, are also used, e.g. for *sangrands, *Baisakhl, and Lohrl. The anniversaries of the battle of Chamkaur, martyrdom of the younger *sahibzade, and battle of *Muktsar are solar dates. Because of the discrepancy between the Bikraml and Christian solar year these dates advance one day in sixty-seven years. (Page 188) ਦੇ ਕੇ ਸਵਾਲ ਕੀਤੇ ਤਾਂ ਖਾਨਦਾਨੀ ਇਤਿਹਾਸਕਾਰ ਨੇ 'ਇਕ ਚੁੱਪ ਸੌ ਸੁੱਖ' ਦੀ ਨੀਤੀ ਤੇ ਅਮਲ ਕਰਨ ਵਿੱਚ ਹੀ ਭਲਾਈ ਸਮਝੀ। ਖੈਰ; ਇਹ ਤਾਂ ਸੀ ਭੂਤਕਾਲ ਦੀ ਗੱਲਾਂ, ਆਓ ਹੁਣ ਵਰਤਮਾਨ ਦੀ ਗੱਲ ਕਰੀਏ।

ਸਾਂਝੇ ਸੱਜਣਾ ਰਾਹੀਂ, ਅਨੁਰਾਗ ਸਿੰਘ ਦੀ ਇਕ ਨਵੀਂ ਪੋਸਟ ਪ੍ਰਾਪਤ ਹੋਈ ਹੈ। ਜਿਹੜੀ ਭਾਈ ਬਲਜਿੰਦਰ ਸਿੰਘ (ਰਾੜੇਵਾਲਾ) ਦੇ ਅਕਾਲ ਚਲਾਣੇ ਦੇ ਸਬੰਧ ਵਿੱਚ ਹੈ। ਇਸ ਵਿੱਚ ਅਨੁਰਾਗ ਸਿੰਘ ਲਿਖਦਾ ਹੈ,

"ਫੇਰ ੨੦੦੯-੨੦੧੦ ਵਿੱਚ ਗੁਰ-ਪੰਥ ਵਿੱਚ ਕੈਲਡੰਰ ਵਿਵਾਦ ਨਾਲ ਘੁਸਬੈਠ ਕਰਨ ਵਾਲ਼ੀਆਂ ਨਾਸਤਕ ਸ਼ਕਤੀਆਂ ਦੇ ਵਿਰੁੱਧ ਜਦੋਂ ਖੱੜੇ ਹੋਣ ਦੀ ਘੜੀ ਆਈ ਤਾਂ ਬਾਬਾ ਬਲਜਿੰਦਰ ਸਿੰਘ ਜੀ ਨੇ ਸਾਡੇ ਨਾਲ ਮਿੱਲਕੇ ਜੋ ਜਵਾਬ ਤਿਆਰ ਕੀਤਾ: 'ਪਾਲ ਸਿੰਘ ਪੁਰੇਵਾਲ ਦਾ ਘੜੁਕਾ ਕੈਲੰਡਰ", ਉਸ ਨੇ ਪਾਲ ਸਿੰਘ ਪੁਰੇਵਾਲ ਦੇ ਮੁੱਖ ਖਰੀਦੇ ਭੱਗਤਾਂ ਦੀਆ ਨਾਪਾਕ ਕੋਸ਼ਿਸ਼ਾਂ ਨੂੰ ਦੱਫਣ ਕਰਨ ਵਿੱਚ ਜੋ ਯੋਗਦਾਨ ਪਾਇਆ ਉਹ ਹਮੇਸਾਂ ਯਾਦਗਾਰੀ ਮੀਲ ਪੱਥਰ ਦੀ ਤਰਾਂ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਅੰਕਿਤ ਰਹੇਗਾ। ਨਾਨਕਸਾਹੀ ਬਨਾਮ ਧੱਕੇਸ਼ਾਹੀ ਫਰਜੀ ਕੈਲੰਡਰ ਅਤੇ ਜੰਤਰੀ ਦਾ ਭੋਗ ਪਾਉਣ ਦੀ ਪੱਕੀ ਨੀਂਹ ਤਿਆਰ ਹੋਈ, ਜਿਸ ਨਾਲ ੨੦੧੦ ਵਿੱਚ ਜਥੇਦਾਰ ਜੋਗਿੰਦਰ ਸਿੰਘ ਵੇਦਾਤੀ ਵੱਲੋਂ ਮਨਜ਼ੂਰ ਕੀਤਾ ਘੜੁਕਾ ਕੈਲੰਡਰ ਦੱਫਣ ਕਰਕੇ ਸ਼ਰੋਮਣੀ ਕਮੇਟੀ ਨੇ ੩ ਮੀਟਿੰਗਾਂ ਕਰਕੇ ਗੁਰੂ ਸਾਹਿਬਾ ਵੱਲੋਂ ਸਥਾਪਤ ਕੀਤਾ " ਸਿੱਖ ਕੈਲੰਡਰ ਮੁੜ ਸੁਰਜੀਤ ਕੀਤਾ ਗਿਆ, ਜਿਸ ਵਿੱਚ ਸੁੱਦੀ-ਵੱਦੀ ਦੀ ਘਾਟ ਬਾਅਦ ਵਿੱਚ ਪੂਰੀ ਕੀਤੀ ਗਈ"।

ਇਥੇ ਖਾਸ ਧਿਆਨ ਦੇਣ ਵਾਲੀ ਵਾਲੀ ਗੱਲ ਇਹ ਹੈ ਕਿ, "ਜਿਸ ਨਾਲ ੨੦੧੦ ਵਿੱਚ ਜਥੇਦਾਰ ਜੋਗਿੰਦਰ ਸਿੰਘ ਵੇਦਾਤੀ ਵੱਲੋਂ ਮਨਜ਼ੂਰ ਕੀਤਾ ਘੜੁਕਾ ਕੈਲੰਡਰ ਦੱਫਣ ਕਰਕੇ ਸ਼ਰੋਮਣੀ ਕਮੇਟੀ ਨੇ ੩ ਮੀਟਿੰਗਾਂ ਕਰਕੇ ਗੁਰੂ ਸਾਹਿਬਾ ਵੱਲੋਂ ਸਥਾਪਤ ਕੀਤਾ ਸਿੱਖ ਕੈਲੰਡਰ ਮੁੜ ਸੁਰਜੀਤ ਕੀਤਾ ਗਿਆ"। ਇਸ ਪੰਗਤੀ ਦਾ ਭਾਵ ਜੋ ਮੈਂ ਸਮਝਿਆ ਹਾਂ ਉਹ ਇਹ ਹੈ ਕਿ, ਸ਼੍ਰੋਮਣੀ ਕਮੇਟੀ ਵੱਲੋਂ 14 ਮਾਰਚ 2010 ਈ: ਵਿੱਚ ਲਾਗੂ ਕੀਤਾ ਗਿਆ ਕੈਲੰਡਰ ਹੀ 'ਗੁਰੂ ਸਾਹਿਬਾ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ' ਹੈ। ਜਿਹੜੇ ਸਵਾਲ ਦਾ ਜਵਾਬ ਲੈਣ ਲਈ ਪਿਛਲੇ 9 ਸਾਲਾਂ ਤੋਂ ਵਾਰ-ਵਾਰ ਬੇਨਤੀਆਂ ਕਰ ਰਿਹਾ ਸੀ, ਉਸ ਸਵਾਲ ਦਾ ਜਵਾਬ ਇਸ ਪੋਸਟ ਵਿੱਚੋਂ ਮਿਲ ਗਿਆ ਹੈ। ਪਿਛਲੇ ਕਈ ਸਾਲਾਂ ਤੋਂ ਇਹ ਪ੍ਰਚਾਰ ਕਰਕੇ, ਸੰਗਤਾਂ ਨੂੰ ਗੁਮਰਾਹ ਕਰਨ ਦੀ ਅਸਫਲ ਕੋਸਿਸ਼ ਕੀਤੀ ਜਾ ਰਹੀ ਹੈ ਕਿ, ਪੁਰੇਵਾਲ ਨੇ ਗੁਰੂ ਸਾਹਿਬ ਵੱਲੋਂ ਸਥਾਪਿਤ ਕੀਤੇ 'ਮੂਲ ਸਿੱਖ ਕੈਲੰਡਰ' ਨੂੰ ਰੱਦ ਕਰਕੇ ਆਪਣਾ ਕੈਲੰਡਰ (ਘੜੁਕਾ ਕੈਲੰਡਰ) ਲਾਗੂ ਕਰਕੇ ਕੌਮ ਨੂੰ ਦੋਫਾੜ ਕਰ ਦਿੱਤਾ ਹੈ।

ਖਾਨਦਾਨੀ ਇਤਿਹਾਸਕਾਰ ਦੇ ਬਚਨ, "ਪਾਲ ਸਿੰਘ ਪੁਰੇਵਾਲ ਦੇ Indian National Saka Calendar ਨੂੰ ਨਾਨਕਸ਼ਾਹੀ ਦੇ ਨਾਮ ਨਾਲ ਪਰਚੱਲਤ ਕਰਕੇ ਮੂਲ ਨਾਨਕਸ਼ਾਹੀ ਕਹਿਣਾ ਅਤੇ ਗੁਰੂ ਸਾਹਿਬਾਂ ਵੱਲੋਂ ਆਪਣੇ ਹੱਥੀ ਵਰਤੇ ਬਿਕ੍ਰਮੀ ਕੈਲੰਡਰ ਦੇ ਸੋਧੇ ਰੂਪ ਨੂੰ ਹਿਦੂਵਾਦ ਕਹਿਕੇ ਬਦਨਾਮ ਕਰਨ ਵਾਲੇ ਚਿੱਕੜ ਚੁੱਕ ਭੇਖੀ ਸਿੱਖ ਕਾਮਰੇਡੀ ਸੋਚ ਦੇ ਭਗਤ ਬੰਨਕੇ ਗੁਰੂ ਨਾਲੋਂ ਟੁੱਟ ਕੇ ਖੁਆਰੀ ਦਾ ਸੰਤਾਪ ਭੋਗ ਰਹੇ ਹਨ"

ਅਸੀਂ ਬੜੀ ਮਗਜ਼ ਖਪਾਈ ਕੀਤੀ ਕਿ 'ਮੂਲ ਸਿੱਖ ਕੈਲੰਡਰ' ਬਾਰੇ ਕਿਤਿਓ ਜਾਣਕਾਰੀ ਮਿਲੇ, ਪਰ ਕਿੱਥੇ? ਉਸ ਕੈਲੰਡਰ ਬਾਰੇ ਜਾਣਕਾਰੀ ਤਾਂ ਮਿਲਦੀ ਜੇ ਕੋਈ ਅਜੇਹਾ ਕੈਲੰਡਰ ਹੁੰਦਾ। ਹੁਣ ਅਨੁਰਾਗ ਸਿੰਘ ਨੇ ਲਿਖਤੀ ਤੌਰ ਤੇ ਮੰਨ ਲਿਆ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਮਾਰਚ 2010 ਈ: ਜਾਰੀ ਕੀਤਾ ਗਿਆ ਕੈਲੰਡਰ ਹੀ 'ਮੂਲ ਸਿੱਖ ਕੈਲੈਂਡਰ' ਹੈ ਜਿਸ ਨੂੰ ਗੁਰੂ ਸਾਹਿਬ ਨੇ ਸੋਧ ਕੇ ਲਾਗੂ ਕੀਤਾ ਸੀ। ਇਹ ਤਾਂ ਉਹੀ ਗੱਲ ਹੋਈ, ਖੋਦਿਆ ਪਹਾੜ ਨਿਕਲਿਆ ਚੂਹਾ, ਉਹ ਵੀ..."। ਹੁਣ ਤਸਵੀਰ ਬਿਲਕੁਲ ਸਾਫ ਹੋ ਗਈ ਹੈ।

ਅਨੁਰਾਗ ਸਿੰਘ ਦਾ ਮੰਨਣਾ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਮਾਰਚ 2010 ਈ: ਵਿੱਚ ਜਾਰੀ ਕੀਤਾ ਗਿਆ ਕੈਲੰਡਰ, 'ਗੁਰੂ ਸਾਹਿਬ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ' ਹੈ। ਮੈਂ ਅਨੁਰਾਗ ਸਿੰਘ ਦੇ ਇਸ ਦਾਵੇ ਨੂੰ ਮੁੱਢੋਂ ਹੀ ਰੱਦ ਕਰਦਾ ਹਾਂ।

ਹੁਣ ਅਨੁਰਾਗ ਸਿੰਘ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਦਾਵੇ ਨੂੰ ਸਹੀ ਸਾਬਿਤ ਕਰੇ ਅਤੇ ਇਹ ਵੀ ਸਾਬਿਤ ਕਰੇ ਕਿ ਮਾਰਚ 2010 ਈ: ਵਾਲੇ ਕੈਲੰਡਰ ਵਿੱਚ, ਅਨੁਰਾਗ ਸਿੰਘ ਵੱਲੋਂ (12 ਅਗਸਤ 2009) ਭੇਜੀ ਗਈ ਸੂਚੀ ਮੁਤਾਬਕ ਹੀ ਸ਼ੁੱਧ ਤਾਰੀਖਾਂ ਦਰਜ ਕੀਤੀਆਂ ਗਈਆਂ ਸਨ।


**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

**07966 388 388**

# • ਪੰਜਾਬੀ ਫ਼ਿਲਮ ਦਰਪਣ •

## ਤੇਜੀ ਸੰਧੂ ਦਿਖਾ ਰਹੀ ਚੌਪਾਲ ਤੇ ਇਸ ਤਰਾਂ ਦਾ ਮੁੰਡਾ ਪੰਗੇਬਾਜ਼




ਨਾਮ ਯਾਦ ਹੈ ਨਾਂ ਪੰਜਾਬੀ ਫ਼ਿਲਮਾਂ ਦੀ ਅਭਿਨੇਤਰੀ ਤੇ ਲੇਖਿਕਾ ਨਿਰਦੇਸ਼ਕ ਤੇਜੀ ਸੰਧੂ ਦਾ ਥੋੜਾ ਹੋਰ ਜਾਣਕਾਰੀ ਤਾਂ ਭਾਜਪਾ ਮਹਿਲਾ ਕਿਸਾਨ ਮੋਰਚਾ ਦੀ ਉਪ ਪ੍ਰਧਾਨ ਤੇਜੀ ਸੰਧੂ। ਇਹੀ ਤੇਜੀ ਸੰਧੂ ਦੀ ਨਿਰਦੇਸ਼ਨਾ ਵਿੱਚ "ਚੌਪਾਲ ਐਪ" ਤੇ ਫ਼ਿਲਮ "ਮੁੰਡਾ ਪੰਗੇਬਾਜ਼" ਸਫਲਤਾ ਨਾਲ ਚਲ ਰਹੀ ਹੈ। ਜੈ ਮਲਹੋਤਰਾ ਦੇ ਨਾਲ ਜੱਸੀ ਕੌਰ ਤੇ ਤੇਜੀ ਸੰਧੂ ਕਲਾਕਾਰ ਹਨ। ਇਹਨਾਂ ਦੇ ਨਾਲ ਹੀ ਫ਼ਿਲਮ ਦੇ ਹੋਰ ਅਹਿਮ ਕਲਾਕਾਰ ਨੇ ਮਲਕੀਤ ਰੌਣੀ, ਦੀਦਾਰ ਗਿੱਲ ਤੇ ਨਰਿੰਦਰ ਗੱਖੜ। ਇਸ ਮਨੋਰੰਜਕ ਫ਼ਿਲਮ ਲਈ ਬਿੱਲ ਸਿੰਘ, ਅਰਪਿਤ, ਪ੍ਰੀਆ ਸਿੰਘ ਤੇ ਹਸਨ ਮਾਣਕ ਨੇ ਗੀਤ ਗਾਏ ਹਨ। ਫ਼ਿਲਮ ਵਿਰਾਟ ਮਾਹਲ ਨੇ ਲਿਖੀ ਹੈ ਜਦ ਕਿ ਸੰਵਾਦ ਵਿਰਾਟ ਨਾਲ ਤੇਜੀ ਸੰਧੂ ਨੇ ਲਿਖੇ ਹਨ। ਦਾ ਵੇਹਲਾ ਕੰਪਨੀ ਤੇ ਸੀਨੇਫਲਿਕਸ ਵੱਲੋਂ ਇਹ ਫ਼ਿਲਮ ਬਣਾਈ ਗਈ ਹੈ। ਤੇਜੀ ਸੰਧੂ ਨੇ ਫਿਰ ਸਰਗਰਮ ਹੋ ਕਿ ਸੰਕੇਤ ਦਿੱਤਾ ਹੈ ਕਿ ਰਾਜਨੀਤੀ ਦੇ ਨਾਲ ਉਸ ਦਾ ਫ਼ਿਲਮ ਸਫ਼ਰ ਜ਼ਾਰੀ ਰਹੇਗਾ।ਤੇਜੀ ਸੰਧੂ ਨੇ ਪਾਲੀਵੁੱਡ ਨੂੰ ਇੱਕ ਨਵਾਂ ਹੀਰੋ ਜੈ ਮਲਹੋਤਰਾ ਦੇ ਦਿੱਤਾ ਹੈ

## ਮੁੰਡਾ ਪੰਗੇਬਾਜ ਐੱਚ ਆਰ ਡੀ ਸਿੰਘ ਛਾਏ ਪਏ ਨੇ ਸਰਦਾਰ ਸਾਬ



ਐੱਚ ਆਰ ਡੀ ਸਿੰਘ ਰੰਗਮੰਚ ਦੇ ਕਲਾਕਾਰ, ਟੀਵੀ ਦੇ ਲੋਕ ਪ੍ਰਿਅ ਐਕਟਰ ਤੇ ਪਾਲੀਵੁੱਡ ਦੇ ਨਾਲ ਬਾਲੀਵੁੱਡ ਦੀ ਜਾਨ ਬਣੇ ਹੋਏ ਹਨ। ਹਿੰਦੀ ਵੀਡੀਓ ਗੀਤ "ਬਾਬਲ" ਨਾਲ ਓਹਨਾਂ ਦੀ ਗੱਲ ਦੇਸ਼ ਵਿਦੇਸ਼ ਹੋਈ ਕਿ ਕਮਾਲ ਦੀ ਐਕਟਿੰਗ ਓਹਨਾਂ ਕੀਤੀ ਹੈ। ਫ਼ਿਲਮਾਂ ਬਹੁਤ ਨੇ ਕਹਿ ਲਓ ਕਿ ਹਰ ਸਟਾਰ ਨਾਲ ਕੀਤਾ ਕੰਮ ਤੇ ਜਾਰੀ ਹੈ। ਯੂ ਐਸ ਏ ਤੱਕ ਓਹਨਾਂ ਨੇ ਫ਼ਿਲਮਜ਼ ਕੀਤੀਆਂ ਨੇ ਖੁਦ ਆਪ ਵੈੱਬ ਫ਼ਿਲਮ "ਸਾਂਝਾਂ ਪਿਆਰ ਦੀਆਂ" ਨਿਰਦੇਸ਼ਤ ਕੀਤੀ ਹੈ। ਐੱਚ ਆਰ ਡੀ ਸਿੰਘ ਨਰਮ ਸੁਭਾਅ ਤੇ ਹਰੇਕ ਨਾਲ ਮਿਲਵਰਤਣ ਵਤੀਰਾ ਰੱਖਦੇ ਹਨ। ਸਾਥੀ ਕਲਾਕਾਰ ਵੀ ਓਹਨਾਂ ਦੀ ਇੱਜ਼ਤ ਕਰਦੇ ਹਨ। ਹੁਣ ਓਹਨਾਂ ਦੀ ਨਜ਼ਰ ਹਾਲੀਵੁੱਡ ਹੈ ਤੇ ਹਾਂ ਐਵਾਰਡ ਦੇਣ ਵਾਲਿਆਂ ਨੂੰ ਚਾਹੀਦਾ ਕਿ ਓਹ ਸਰਦਾਰੀ ਰੂਪ ਵਿੱਚ ਕੰਮ ਕਰਨ ਵਾਲੇ ਐਕਟਰ ਲੋਕਾਂ ਦੀ ਅਲੱਗ ਸ਼੍ਰੇਣੀ ਬਣਾਉਣ ਇਸ ਤਰਾਂ ਅੰਮ੍ਰਿਤਪਾਲ ਸਿੰਘ ਬਿੱਲਾ, ਐੱਚ ਆਰ ਡੀ ਸਿੰਘ, ਮਲਕੀਤ ਰੌਣੀ ਆਦਿ ਕਲਾਕਾਰ ਵੀ ਐਵਾਰਡ ਦੇ ਹੱਕਦਾਰ ਹਨ। ਐੱਚ ਆਰ ਡੀ ਪਰਿਵਾਰ ਨਾਲ ਖੁਸ਼ੀਆਂ ਵੰਡਦੇ ਆਖਦੇ ਨੇ ਕਿ ਐਕਟਿੰਗ ਤੇ ਹੁਣ ਮੇਕਿੰਗ ਓਹ ਤਦ ਤੱਕ ਕਰਦੇ ਰਹਿਣਗੇ ਜਦ ਤੱਕ ਅਕਾਲ ਪੁਰਖ ਨੇ ਸਵਾਸ ਦਿੱਤੇ ਹਨ।

## ਰਮਨ ਗਿੱਲ ਏਕ ਲੜਕੀ ਕੋ ਦੇਖਾ ਖ਼ੂਬਸੂਰਤੀ ਸ਼ਰਮਾਈ




ਸੱਚੀਂ ਈਸ਼ਵਰ ਨੇ ਗੁਲਾਬ ਦੇ ਫੁੱਲ ਜਿਹਾ ਚਿਹਰਾ ਬਣਾ ਦਿੱਤਾ ਰਮਨ ਗਿੱਲ ਦਾ ਤੇ ਗਲੇ ਵਿੱਚ ਪਾਈ ਮਿਠਾਸ ਤੇ ਲਾਲ ਬੁੱਲੀਆਂ ਗੁਲਾਬੀ ਗੋਰੇ ਰੰਗ ਨਾਲ ਕਲਾਕਾਰ ਬਣਾ ਜ਼ਮੀਨ ਤੇ ਰਾਣੀ ਬਣਾ ਭੇਜੀ। ਰਮਨ ਗਿੱਲ ਦੇ ਗਾਣੇ ਇੱਕ ਤੋਂ ਵੱਧ ਇੱਕ ਹਿੱਟ ਹਨ ਤੇ ਬਿਨ ਕਿਸੇ ਪ੍ਰਚਾਰ ਮੁਹਿੰਮ ਦੇ ਇਸ ਵੇਲੇ ਓਸ ਦਾ ਟਰੈਕ "ਫੁਕਰੇ" ਮਿਲੀਅਨ ਤੋਂ ਜਿਆਦਾ ਵਿਊ ਲੈ ਚੁੱਕਾ ਹੈ। ਰਮਨ ਗਿੱਲ ਤੇ ਹਰ ਰੰਗ ਦਾ ਪਹਿਰਾਵਾ ਜਚਦਾ ਹੈ ਤੇ ਸਟੇਜ ਉੱਪਰ ਓਸ ਦਾ ਅੰਦਾਜ਼ ਤੇ ਆਵਾਜ਼ ਮਿਲ ਓਸ ਨੂੰ ਤਾੜੀਆਂ ਦਿਵਾਉਂਦੇ ਹਨ। ਕਨੇਡਾ ਵਿੱਚ ਅੱਜ ਕਲ ਓਸ ਦੇ ਪ੍ਰੋਗਰਾਮ ਕਾਮਯਾਬ ਜਾ ਰਹੇ ਹਨ। ਜਿਸ ਰਮਨ ਗਿੱਲ ਕੋਲ ਅੱਖੀਆਂ ਦਿਲਕਸ਼, ਆਵਾਜ਼ ਪਿਆਰੀ ਤੇ ਸਰੀਰਕ ਬਣਤਰ ਬਸ ਗੱਲ ਹੀ ਨਾ ਕਰ ਗਜ਼ਬ ਓਹ ਫਿਲਮੀ ਹੀਰੋਇਨ ਬਣੀ ਕਿ ਬਣੀ ਤੇ ਜਲਦੀ ਓਹ ਕੌਰ ਬੀ, ਸੁਨੰਦਾ ਸ਼ਰਮਾ ਦੀ ਤਰਾਂ ਨਾਇਕਾ ਤੇ ਗਾਇਕਾ ਹੋਏਗੀ ਬਾਦਸ਼ਾਹ। ਰਮਨ ਗਿੱਲ ਸ਼ੋ ਕਨੇਡਾ ਦੇ ਬਾਅਦ ਜੇਕਰ ਵੱਡੇ ਪੱਧਰ ਤੇ ਗਾਣਾ ਕਰਦੀ ਹੈ, ਰਲੀਜ਼ ਕਰਦੀ ਹੈ ਤਾਂ ਇਹ ਕਾਮਯਾਬੀ ਓਸ ਨੂੰ ਜਲਦੀ ਨਸੀਬ ਹੋਏਗੀ। ਇਹੀ ਆਸ ਰਮਨ ਗਿੱਲ ਦੇ ਪ੍ਰਸੰਸਕਾਂ ਨੂੰ ਹੈ।

## ਗੀਤਕਾਰੀ ਹੱਕਾਂ ਦੀ ਜੰਗ ਦਾ ਜਰਨੈਲ ਬਣਿਆ ਜਰਨੈਲ ਘੁਮਾਣ



ਇੱਕੋ ਹੀ ਸਿਰੇ ਦੀ ਗੱਲ ਕਿ ਪੰਜਾਬੀ ਸੰਗੀਤ ਨਗਰ ਦਾ ਬਾਸ਼ਿੰਦਾ ਜਰਨੈਲ ਘੁਮਾਣ ਪੇਸ਼ਕਾਰੀ ਤੋਂ ਗੀਤਕਾਰੀ ਤੇ ਫ਼ਿਲਮਸਾਜ਼ ਬਣ ਸਰਪੰਚੀ ਕਰਦਾ ਰਿਹਾ ਹੈ ਤੇ ਜਦ ਤੱਕ ਹੈ ਜਾਨ ਜਾਨੇ ਯਹਾਂ ਜਰਨੈਲ ਘੁਮਾਣ ਸਰਪੰਚੀ ਕਰਦਾ ਰਹੇਗਾ।ਗੀਤਕਾਰ ਅਜ਼ਾਦੀ ਮੰਗਦੇ ਨੇ ਹੱਕ ਮੰਗਦੇ ਨੇ ਪਰ ਕੇਂਦਰ ਸੰਗੀਤ ਦਾ ਦਿੰਦਾ ਘੱਟ ਤਾਂ ਖੁਦ ਯੁੱਧ ਛੇੜ ਸਭ ਨੂੰ ਕਾਮਯਾਬੀ ਜਰਨੈਲ ਬਣ ਜਰਨੈਲ ਘੁਮਾਣ ਦਿਵਾ ਰਹੇ ਹਨ। ਫ਼ਿਲਮ ਦੀ ਗੱਲ ਤਾਂ ਰਾਜਨ ਬੱਤਰਾ ਨਾਲ ਮਿਲ ਬਣਾਈ ਤੇ ਹੁਣ ਬੰਨੀ ਸ਼ਰਮਾ ਨਾਲ ਮਿਲ ਬਣਾ ਸਕਦੇ ਹਨ। ਜਰਨੈਲ ਘੁਮਾਣ ਆਖਦੇ ਨੇ ਕਿ ਗੀਤਕਾਰ ਨਾਮ ਵੀ ਕਮਾਉਣ ਤੇ ਪੈਸਾ ਵੀ ਤੇ ਜਰਨੈਲ ਘੁਮਾਣ ਸਾਰਾ ਧਿਆਨ ਇਧਰ ਦੇ ਰਹੇ ਹਨ। ਸੁਰ ਸੰਗਮ ਸਟੂਡੀਓ ਦੇ ਓਹ ਸੀਈਓ ਹਨ ਤੇ ਇਸ ਨੂੰ ਭਲੀ ਭਾਂਤ ਓਹ ਟੋਪ ਤੇ ਲਿਜਾ ਰਹੇ ਹਨ। ਜਰਨੈਲ ਘੁਮਾਣ ਨੇ ਹਰਭਜਨ ਸ਼ੇਰਾ ਤੋਂ ਕਰਮਜੀਤ ਅਨਮੋਲ ਤੱਕ ਨੂੰ ਰਾਹ ਦਿਖਾਈ ਤੇ ਹੋਰ ਵੀ ਅਹਿਮ ਲੋਕ ਹਨ ਜਿਹਨਾਂ ਤੇ ਜਰਨੈਲ ਘੁਮਾਣ ਦੇ ਥਾਪੜੇ ਨੇ ਜ਼ਿੰਦਗੀਆਂ ਬਣਾ ਦਿੱਤੀਆਂ।

## ਨਮਤਾਜ ਖਾਨ ਦੀ ਕਿਸ ਨਾਲ ਹੈ ਗੱਲ




ਟੀਮ ਤੁਗਲਕ ਨੂੰ ਦੂਜਿਆਂ ਦੀ ਨਜ਼ਰ ਹਿੱਟ ਫ਼ਿਲਮੀ ਟੀਮ ਨਮਤਾਜ ਖਾਨ ਬਣਾ ਰਹੇ ਹਨ ਤੇ ਐਲਬਮ "ਗੱਲ" ਇਸ ਦਾ ਸੰਕੇਤ ਹੈ। ਵਿਰਾਜ ਕਮਲ ਦਾ ਟਰੈਕ ਸਮਿਥ ਦਾ ਮਿਊਜ਼ਿਕ ਤੇ ਚਮਕੌਰ ਦਾ ਗੀਤ ਹੈ "ਗੱਲ" ਜਿਸ ਦਾ ਵੀਡੀਓ ਨਮਤਾਜ ਨੇ ਡਾਇਰੈਕਟ ਕੀਤਾ ਹੈ। ਵਿਰਾਜ ਦੇ ਨਾਲ ਆਪ ਨਮਤਾਜ ਖਾਨ ਨੇ ਐਕਟ ਕੀਤਾ ਹੈ ਤੇ ਖੁਸ਼ੀ ਸਿੱਧੂ ਨੂੰ ਵੀ ਲਿਆ ਹੈ। ਭੋਲਾ ਤੇ ਬਲਜੀਤ ਢਿੱਲੋਂ ਵੀ ਨੇ ਤੇ ਅਬਵ ਆਲ ਖੁਸ਼ੀ ਸੈਣੀ ਵੀ ਵੀਡੀਓ ਦੇ ਖਾਸ ਮਾਡਲ ਹਨ। ਨਮਤਾਜ ਖਾਨ ਦੀ "ਗੱਲ" ਸੰਨੀ ਧਾਲੀਵਾਲ ਨੇ ਬਣਾਈ ਹੈ। ਇਸ ਤੋਂ ਪਹਿਲਾਂ ਵੀ ਚੋਟੀ ਦੇ ਗੀਤ ਐਲਬਮ ਰੂਪ ਵਿੱਚ ਉਹ ਦੇ ਚੁੱਕੇ ਹਨ। ਵਿਰਾਜ ਕਮਲ ਨੇ ਦੱਸਿਆ ਕਿ ਪੂਰੇ ਫ਼ਿਲਮ ਤਰੀਕ ਨਾਲ ਟੀਮ ਤੁਗਲਕ ਨੇ ਓਸ ਦੇ ਐਲਬਮ "ਗੱਲ" ਨੂੰ ਤਿਆਰ ਕੀਤਾ ਹੈ ਤੇ ਇਸ ਦਾ ਲਾਭ ਉਸ ਨੂੰ ਹੋਏਗਾ। ਖੁਸ਼ੀ ਸੈਣੀ ਨਹੀਂ ਇਸ ਜਿਹੀ ਮਾਡਲ ਹੈਣੀ ਵੀ ਨਮਤਾਜ ਨਮਤਾਜ ਕਰਦੀ ਹੈ ਤੇ ਇਹੀ ਲੱਗਦਾ ਹੈ ਕਿ "ਗੱਲ" ਪੂਰੀ ਤਰਾਂ ਨਾਲ ਹਿੱਟ ਐਲਬਮ ਹੈ ਤੇ ਡਾਇਰੈਕਟਰ ਨਮਤਾਜ ਖਾਨ ਦੀ ਬੱਲੇ ਬੱਲੇ ਹੈ।

## ਗੋਗੀ ਘੁਮਾਣ ਆ ਰਿਹੈ ਗੁਰਲੇਜ਼ ਅਖ਼ਤਰ ਨਾਲ



ਗੋਗੀ ਘੁਮਾਣ ਅਮਰੀਕਾ ਜਿਹੇ ਦੇਸ਼ ਵਿੱਚ ਰਹਿ ਕਿ ਲਗਾਤਾਰ ਕੰਮ ਦੇ ਬੋਝ ਨੂੰ ਸਹਿਣ ਕਰਨ ਦੇ ਬਾਵਜ਼ੂਦ ਪੰਜਾਬੀ ਗਾਇਕੀ ਨਾਲ ਲਗਾਓ ਵੱਡੀ ਗੱਲ ਹੈ। ਸਵਰਗੀ ਸੇਵਕ ਬਰਾੜ ਦੇ ਲਿਖੇ ਤੇ ਗੁਰਲੇਜ਼ ਅਖ਼ਤਰ ਨਾਲ ਆਏ ਡਿਊਟ "ਅੱਧਾ ਪਿੰਡ" ਨੇ ਗਾਇਕ ਗੋਗੀ ਘੁਮਾਣ ਨੂੰ ਪ੍ਰਸਿੱਧੀ ਦਿੱਤੀ । ਕਕਰਾਲਾ ਦਾ ਜੰਮਪਲ ਗੋਗੀ ਘੁਮਾਣ ਆਪਣਾ ਨਵਾਂ ਡਿਊਟ ਲਿਆ ਰਿਹਾ ਹੈ। ਇਸ ਦੀਆਂ ਤਿਆਰੀਆਂ ਜ਼ੋਰ ਸ਼ੋਰ ਨਾਲ ਅੰਮ੍ਰਿਤ ਸਿੰਘ ਸਿੱਧੂ ਉਰਫ਼ ਪਾਲ ਸਿੱਧੂ ਕਰ ਰਹੇ ਹਨ

ਗੋਗੀ ਘੁਮਾਣ ਦਾ ਇਹ ਨਵਾਂ ਡਿਊਟ ਮਿਊਜ਼ਿਕ ਐਂਪਾਇਰ ਦੇ ਸੰਗੀਤ ਨਾਲ ਸ਼ਿੰਗਾਰ ਹੋਇਆ ਹੈ ਤੇ ਇਸ ਗਾਣੇ ਦੇ ਸ਼ਾਰਟਸ ਸੋਸ਼ਲ ਮੀਡੀਆ ਤੇ ਖ਼ੂਬ ਪਸੰਦ ਕੀਤੇ ਜਾ ਰਹੇ ਹਨ ਸੰਕੇਤ ਇਹੀ ਹੈ ਕਿ ਇਸ ਵਾਰ ਗੋਗੀ ਘੁਮਾਣ ਦਾ "ਅੱਧਾ ਪਿੰਡ" ਨਹੀਂ ਬਲ ਕਿ ਸਾਰਾ ਪਿੰਡ ਦੀਵਾਨਾ ਹੋ ਜਾਏਗਾ। ਇਸ ਦੀ ਪੂਰੀ ਉਮੀਦ ਹੈ।

ਪੰਜਾਬ ਕਿੰਗਜ ਮਿਊਜ਼ਿਕ ਹੀ ਗੋਗੀ ਘੁਮਾਣ ਦਾ ਇਹ ਡਿਊਟ ਜ਼ਾਰੀ ਕਰੇਗੀ ਤੇ ਇਹ ਡਿਊਟ ਗੋਗੀ ਘੁਮਾਣ ਦੇ ਨਾਲ ਮਲਿਕਾ ਏ ਸੁਰ ਗੁਰਲੇਜ਼ ਅਖ਼ਤਰ ਨੇ ਗਾਇਆ ਹੈ। ਮਨਜਿੰਦਰ ਕੌਰ ਇਸ ਗੀਤ ਦੀ ਨਿਰਮਾਤਾ ਹੈ। ਸੈਕਰਾਮੈਂਟੋ ਵਿਖੇ ਗਾਇਕ ਗੋਗੀ ਨੂੰ ਮਿਲੇ ਯਾਦੀ ਕੰਦੋਲਾ ਨੇ ਕਿਹਾ ਕਿ ਗੋਗੀ ਘੁਮਾਣ ਲਈ ਗੁਰਲੇਜ਼ ਅਖ਼ਤਰ ਲੱਕੀ ਹੈ ਤੇ ਗੁਰਲੇਜ਼ ਨਾਲ ਆ ਰਹੇ ਗੋਗੀ ਘੁਮਾਣ ਦੇ ਇਸ ਨਵੇਂ ਡਿਊਟ ਦੀ ਬੇਸਬਰੀ ਨਾਲ ਪੰਜਾਬੀ ਸੰਗੀਤ ਵਰਲਡ ਨੂੰ ਹੈ ਤੇ ਗੋਗੀ ਘੁਮਾਣ ਇਸ ਵਾਰ ਵਿਸ਼ਵ ਪੱਧਰ ਤੇ ਆਪਣਾ ਨਾਮ ਬੁਲੰਦ ਕਰਦਾ ਦਿਖਾਈ ਦੇਵੇਗਾ।

-ਅੰਮ੍ਰਿਤ ਪਵਾਰ

# ਗ਼ਦਰੀ ਬਾਬਾ ਬਲਵੰਤ ਸਿੰਘ ਕੈਨੇਡੀਅਨ

**14 ਸਤੰਬਰ ਨੂੰ ਜਨਮ ਦਿਨ 'ਤੇ ਵਿਸ਼ੇਸ਼**




– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਦੂਜੇ ਲਾਹੌਰ ਸਾਜਿਸ਼ ਕੇਸ ਵਿੱਚ ਲਾਹੌਰ ਜੇਲ੍ਹ ਵਿੱਚ ਫਾਂਸੀ ਦਾ ਰੱਸਾ ਚੁੰਮਣ ਵਾਲਾ ਮਹਾਨ ਸ਼ਹੀਦ ਗ਼ਦਰੀ ਬਾਬਾ ਬਲਵੰਤ ਸਿੰਘ ਕੈਨੇਡੀਅਨ ਅਜਿਹਾ ਸੂਰਬੀਰ ਯੋਧਾ ਸੀ, ਜਿਸ ਨੇ ਭਰ ਜਵਾਨੀ ਵਿੱਚ ਸ਼ਹਾਦਤ ਦਾ ਜਾਮ ਪੀਤਾ। ਭਾਈ ਬਲਵੰਤ ਸਿੰਘ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਉੱਘੇ ਪਿੰਡ ਖੁਰਦਪੁਰ (ਨੇੜੇ ਆਦਮਪੁਰ) ਵਿਖੇ ਸ. ਬੁੱਧ ਸਿੰਘ ਦੇ ਗ੍ਰਹਿ ਵਿਖੇ 14 ਸਤੰਬਰ, 1882 ਈ: ਨੂੰ ਹੋਇਆ। ਭਾਈ ਬਲਵੰਤ ਸਿੰਘ ਨੇ ਆਦਮਪੁਰ ਦੇ ਮਿਡਲ ਸਕੂਲ ਤੋਂ ਪੜ੍ਹਾਈ ਸ਼ੁਰੂ ਕੀਤੀ। ਪਰ ਉਸ ਸਮੇਂ ਬਾਲ ਵਿਆਹ ਦੀ ਰਸਮ ਪ੍ਰਚੱਲਤ ਸੀ, ਵਿਆਹ ਤੋਂ ਉਪਰੰਤ ਪੜ੍ਹਾਈ ਵਿੱਚ-ਵਿਚਾਲੇ ਹੀ ਛੱਡ ਦਿੱਤੀ। ਭਰ ਜਵਾਨੀ ਵਿੱਚ ਪੈਰ ਧਰਦਿਆਂ ਫੌਜ ਵਿੱਚ ਭਰਤੀ ਹੋ ਗਿਆ। ਜਦੋਂ ਭਾਈ ਬਲਵੰਤ ਸਿੰਘ ਦੀ ਪਲਟਨ ਗਰਦਾਨ (ਪਾਕਿਸਤਾਨ) ਵਿੱਚ ਸੀ ਤਾਂ ਇਨ੍ਹਾਂ ਦੀ ਸ਼ਖ਼ਸੀਅਤ ਉੱਤੇ ਪੰਜਾਬ ਦੀ ਪ੍ਰਸਿੱਧ ਧਾਰਮਿਕ ਹਸਤੀ ਬਾਬਾ ਕਰਮ ਸਿੰਘ ਹੋਤੀ ਮਰਦਾਨ ਦੀ ਸੰਗਤ ਦਾ ਅਜਿਹਾ ਅਸਰ ਹੋਇਆ, ਜਿਸ ਸਦਕਾ ਆਪ ਜੀ ਦਾ ਨਿਸ਼ਚਾ ਤੇ ਵਿਸ਼ਵਾਸ ਸਿੱਖ ਧਰਮ ਵਿੱਚ ਪਰਪੱਕ ਹੋ ਗਿਆ। 23 ਸਾਲ ਦੀ ਉਮਰ ਵਿੱਚ ਫੌਜ ਦੀ ਨੌਕਰੀ ਛੱਡ ਕੇ ਛੇਤੀ ਹੀ 1906 ਈ: ਵਿੱਚ ਕੈਨੇਡਾ ਚਲਾ ਗਿਆ। ਉਥੇ ਜਾ ਕੇ ਵੈਨਕੂਵਰ ਵਿੱਚ ਪਹਿਲਾ ਗੁਰੂ ਘਰ ਬਨਾਉਣ ਵਿੱਚ ਭਰਪੂਰ ਯੋਗਦਾਨ ਪਾਇਆ। ਸਿੱਖ ਸੰਗਤ ਨੇ ਇਨ੍ਹਾਂ ਨੂੰ ਸਿੱਖੀ ਵਿੱਚ ਪਰਪੱਕ ਵੇਖਦਿਆਂ ਗੁਰਦੁਆਰਾ ਸਾਹਿਬ ਦਾ ਗ੍ਰੰਥੀ ਨਿਯੁਕਤ ਕਰ ਦਿੱਤਾ। ਇਸੇ ਕਰਕੇ ਭਾਈ ਸ਼ਬਦ ਆਪ ਜੀ ਦੇ ਨਾਂਅ ਨਾਲ ਪੱਕੇ ਤੌਰ 'ਤੇ ਜੁੜ ਗਿਆ। ਕੈਨੇਡਾ ਸਰਕਾਰ ਨੇ 1908 ਈ: ਵਿੱਚ ਫੈਸਲਾ ਕੀਤਾ ਕਿ ਬ੍ਰਿਟਿਸ਼ ਕੋਲੰਬੀਆ (ਬੀ. ਸੀ.) ਵਿੱਚ ਰਹਿਣ ਵਾਲੇ ਹਿੰਦੁਸਤਾਨੀਆਂ ਨੂੰ ਅਮਰੀਕਾ ਦੀ ਹੋਂਡਰਸ ਕਾਲੋਨੀ ਵਿੱਚ ਅਬਾਦ ਕੀਤਾ ਜਾਵੇ। ਪਰ ਭਾਈ ਬਲਵੰਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਇਸ ਸਰਕਾਰੀ ਨੀਤੀ ਦੀ ਵਿਰੋਧਤਾ ਕੀਤੀ। 1909 ਈ: ਵਿੱਚ ਹਿੰਦੁਸਤਾਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ। ਇਸ ਸੰਸਥਾ ਦੇ ਖਜ਼ਾਨਚੀ ਭਾਈ ਬਲਵੰਤ ਸਿੰਘ ਨੂੰ ਨਿਯੁਕਤ ਕੀਤਾ ਗਿਆ।

ਇਸ ਐਸੋਸੀਏਸ਼ਨ ਦੇ ਸਾਰੇ ਹਿੰਦੁਸਤਾਨੀ ਪ੍ਰਵਾਸੀ ਮੈਂਬਰਾਂ ਨੇ ਕੈਨੇਡਾ ਸਰਕਾਰ ਵੱਲੋਂ ਭਾਰਤੀਆਂ ਦੇ ਪਰਿਵਾਰਾਂ ਨੂੰ ਕੈਨੇਡਾ ਨਾ ਆਉਣ ਦੇ ਯਤਨਾਂ ਵਿਰੁੱਧ ਅਵਾਜ਼ ਉਠਾਈ। 1911 ਈ: ਵਿੱਚ ਭਾਈ ਭਾਗ ਸਿੰਘ ਭਿੱਖੀਵਿੰਡ ਨਾਲ ਵਾਪਸ ਹਿੰਦੁਸਤਾਨ ਆ ਕੇ ਅਨੇਕਾਂ ਔਕੜਾਂ ਅਤੇ ਕਠਿਨਾਈਆਂ ਦੇ ਬਾਵਜੂਦ ਆਪਣੇ ਪਰਿਵਾਰ ਸਮੇਤ ਜਨਵਰੀ, 1912 ਈ: ਵਿੱਚ ਵੈਨਕੂਵਰ ਪਹੁੰਚੇ। 22 ਫਰਵਰੀ, 1913 ਈ: ਨੂੰ ਖ਼ਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਿਡ ਇੰਡੀਆ ਲੀਗ ਦੀ ਸਾਂਝੀ ਇਕੱਤਰਤਾ ਵਿੱਚ ਇਹ ਫੈਸਲਾ ਸਰਬਸੰਮਤੀ ਨਾਲ ਕੀਤਾ ਗਿਆ ਕਿ ਇੰਗਲੈਂਡ ਅਤੇ ਹਿੰਦੁਸਤਾਨ ਦੋਨਾਂ ਦੇਸ਼ਾਂ ਵਿੱਚ ਜਾ ਕੇ ਬ੍ਰਿਟਿਸ਼ ਸਰਕਾਰ ਨੂੰ ਆਪਣੀਆਂ ਮੁਸ਼ਕਿਲਾਂ ਦੂਰ ਕਰਨ ਲਈ ਮੰਗ ਪੱਤਰ ਦਿੱਤਾ ਜਾਵੇ। ਇਸ ਕਾਰਜ ਲਈ ਭਾਈ ਬਲਵੰਤ ਸਿੰਘ, ਭਾਈ ਨੰਦ ਸਿੰਘ, ਭਾਈ ਨਾਰਾਇਣ ਸਿੰਘ 'ਤੇ ਆਧਾਰਿਤ ਇਕ ਪ੍ਰਤੀਨਿੱਧੀ ਮੰਡਲ ਦੋਨਾਂ ਦੇਸ਼ਾਂ ਵਿੱਚ ਭੇਜਣ ਲਈ ਸਮਾਂ ਨਿਸ਼ਚਿਤ ਕੀਤਾ ਗਿਆ। ਪਰ ਦੋਵਾਂ ਦੇਸ਼ਾਂ ਵਿੱਚ ਅੰਗ੍ਰੇਜ਼ ਸਰਕਾਰ ਨੇ ਕੋਈ ਸਹਿਯੋਗ ਨਾ ਦਿੱਤਾ। ਕੈਨੇਡਾ ਪਰਤਣ ਸਮੇਂ ਭਾਈ ਬਲਵੰਤ ਸਿੰਘ ਦਾ ਮਿਲਾਪ ਕਾਮਾਗਾਟਾਮਾਰੂ ਜਹਾਜ਼ ਵਾਲੇ ਬਾਬਾ ਗੁਰਦਿੱਤ ਸਿੰਘ ਨਾਲ ਹੋਇਆ। ਬਾਬਾ ਗੁਰਦਿੱਤ ਸਿੰਘ ਨੂੰ ਹਰ ਔਕੜ ਸਮੇਂ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਕੈਨੇਡਾ ਵਿੱਚ ਦਾਖਲ ਨਾ ਹੋਣ ਦੇਣ ਦੇ ਵਿਰੋਧ ਵਿੱਚ ਸਾਰੇ ਪ੍ਰਵਾਸੀ ਹਿੰਦੁਸਤਾਨੀਆਂ ਵਿੱਚ ਅੰਤ ਦਾ ਗੁੱਸਾ ਸੀ। ਇਨ੍ਹਾਂ ਸਾਰੇ ਪ੍ਰਵਾਸੀਆਂ ਨੇ ਗਦਰ ਪਾਰਟੀ ਨਾਲ ਸੰਪਰਕ ਬਣਾਇਆ। ਪਰ ਅੰਗ੍ਰੇਜ਼ ਸਰਕਾਰ ਦਾ ਵਤੀਰਾ ਹੋਰ ਵੀ ਸਖ਼ਤ ਹੋ ਗਿਆ।

ਸਰਕਾਰ ਦੇ ਇਮੀਗ੍ਰੇਸ਼ਨ ਇੰਸਪੈਕਟਰ ਵਿਲੀਅਮ ਹਾਪਨਿਕਸ ਨੇ 5 ਸਤੰਬਰ, 1914 ਈ: ਨੂੰ ਵੈਨਕੂਵਰ ਦੇ ਗੁਰਦੁਆਰਾ ਕੰਪਲੈਕਸ ਵਿੱਚ ਦੋ ਬੰਦੇ ਗੋਲੀਆਂ ਮਾਰ ਕੇ ਮਾਰ ਦਿੱਤੇ। ਇਨ੍ਹਾਂ ਸ਼ਹਾਦਤਾਂ ਦੇ ਰੋਸ ਵਜੋਂ 21 ਅਕਤੂਬਰ 1914 ਈ: ਨੂੰ ਪ੍ਰਵਾਸੀ ਭਾਰਤੀ ਭਾਈ ਸੇਵਾ ਸਿੰਘ ਨੇ ਸ਼ਹਿਰ ਦੀ ਕਚਹਿਰੀ ਵਿੱਚ ਹੀ ਵਿਲੀਅਮ ਹਾਪਨਿਕਸ ਨੂੰ ਗੋਲੀਆਂ ਨਾਲ ਉਡਾ ਦਿੱਤਾ। ਇਸ ਕਤਲ ਦੀ ਸਾਜਿਸ਼ ਅਤੇ ਸ਼ੱਕ ਵਿੱਚ ਭਾਈ ਬਲਵੰਤ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਇਸ ਪਿੱਛੋਂ ਭਾਈ ਬਲਵੰਤ ਸਿੰਘ ਨੂੰ ਕੈਨੇਡਾ ਵਿੱਚੋਂ ਕੱਢ ਦਿੱਤਾ ਗਿਆ। ਇਥੋਂ ਆਪ ਸਿਆਮ ਪੁੱਜੇ ਅਤੇ ਪੂਰੇ ਹਿੰਦੁਸਤਾਨ ਦੇ ਲੋਕਾਂ ਦੀਆਂ ਔਕੜਾਂ ਨੂੰ ਦੇਖਦਿਆਂ ਗ਼ਦਰ ਲਹਿਰ ਦੇ ਹੱਕ ਵਿੱਚ ਪ੍ਰਚਾਰ ਸ਼ੁਰੂ ਕਰ ਦਿੱਤਾ। ਭਾਈ ਬਲਵੰਤ ਸਿੰਘ 1915 ਈ: ਵਿੱਚ ਥਾਈਲੈਂਡ ਗਏ ਅਤੇ ਅਮਰੀਕਾ ਤੋਂ ਆ ਕੇ ਸਾਰੇ ਗਦਰੀ ਬਾਬਿਆਂ ਨੂੰ ਮਿਲੇ, ਜੋ ਬਰਮਾ ਵਿੱਚ ਅੰਗ੍ਰੇਜ਼



ਦੇ ਵਿਰੋਧ ਵਿੱਚ ਬਗ਼ਾਵਤ ਖੜ੍ਹੀ ਕਰਨਾ ਚਾਹੁੰਦੇ ਸਨ। ਭਾਈ ਬਲਵੰਤ ਸਿੰਘ ਇਥੇ ਆ ਕੇ ਸਖ਼ਤ ਬਿਮਾਰ ਹੋ ਗਏ, ਜਦੋਂ ਹਸਪਤਾਲ ਪੁੱਜੇ ਤਾਂ ਇਥੋਂ ਉਨ੍ਹਾਂ ਨੂੰ ਬਿਮਾਰੀ ਦੀ ਹਾਲਤ ਵਿੱਚ ਗ੍ਰਿਫਤਾਰ ਕਰਕੇ ਹਿੰਦੁਸਤਾਨ ਲਿਆਂਦਾ ਗਿਆ। ਇਥੇ ਆਕੇ ਭਾਈ ਬਲਵੰਤ ਸਿੰਘ ਵਰਗੇ ਅਣਖੀ ਯੋਧੇ 'ਤੇ ਦੂਜੇ ਲਾਹੌਰ ਸਾਜਿਸ਼ ਕੇਸ ਅਧੀਨ ਮੁਕੱਦਮਾ ਚਲਾਇਆ ਗਿਆ। ਅੰਤ 30 ਮਾਰਚ, 1917 ਈ: ਵਿੱਚ ਇਸ ਸੂਰਬੀਰ ਨੂੰ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਫੰਦੇ 'ਤੇ ਲਟਕਾਇਆ ਗਿਆ। ਇਸ ਤਰ੍ਹਾਂ ਇਹ ਬਹਾਦਰ ਸੂਰਬੀਰ 35 ਕੁ ਸਾਲ ਦੀ ਜਵਾਨੀ ਦੀ ਉਮਰ ਵਿੱਚ ਹਿੰਦੁਸਤਾਨ ਦੇ ਗਲੋਂ ਗੁਲਾਮੀ ਦਾ ਤੌਕ ਲਾਹੁਣ ਲਈ ਸ਼ਹਾਦਤ ਦਾ ਜਾਮ ਪੀ ਗਿਆ। ਅੱਜ ਕੇਵਲ ਉਨ੍ਹਾਂ ਦੀ ਯਾਦ ਹੀ ਬਾਕੀ ਹੈ।

## ਤੁਸੀਂ ਸਾਡੇ ਵਿਹੜੇ ਆਏ ਜੀ ਆਇਆਂ ਨੂੰ ਟੀਵੀ ਤੇ ਮਿਊਜ਼ਿਕ ਇੰਡਸਟਰੀ ਦੇ ਸਟਾਰ ਮੇਕਰ ਬੰਨੀ ਸ਼ਰਮਾ ਦੇ ਬੇਟੇ ਦੀ ਸ਼ਾਦੀ ਟੋਰਾਂਟੋ ਨੱਚ ਉਠਿਆ



ਦਿੱਗਜ ਪੰਜਾਬੀ ਟੀਵੀ ਚੈਨਲ ਨਗਰੀ ਤੇ ਪੰਜਾਬੀ ਸੰਗੀਤ ਸੰਸਾਰ ਦੇ ਬੰਨੀ ਸ਼ਰਮਾ ਦੇ ਬੇਟੇ ਦੀ ਜਾਗੋ ਤੇ ਦੁਨੀਆਂ ਦੀ ਹਰ ਚੀਜ਼ ਖੁਸ਼ ਸੀ, ਮਹਿਮਾਨ ਚੋਟੀ ਦੇ ਤੇ ਅਰਸ਼ਾਂ ਤੋਂ ਸਵਰਗੀ ਰਜਨੀ ਸ਼ਰਮਾ ਵੀ ਈਸ਼ਵਰ ਚਰਨਾਂ ਵਿੱਚ ਖੁਸ਼ ਸੀ ਕਿ ਮੈਂ ਨਹੀਂ ਤਾਂ ਕੋਈ ਨਹੀਂ ਮੇਰੇ ਆਪਣੇ ਰਹੇ ਮਾਤ ਲੋਕ ਤੇ ਬੰਨੀ ਸ਼ਰਮਾ ਹਰ ਰੀਤ ਰਸਮ ਰਿਵਾਜ ਨਿਭਾ ਰਹੇ ਨੇ ਤੇ ਟੋਰਾਂਟੋ ਲੱਗੇ ਜਿਵੇਂ ਪੰਜਾਬੀਅਤ ਦੇ ਰੰਗ ਵਿੱਚ ਰੰਗਿਆ ਹੋਏ ਤੇ ਪੰਜਾਬੀ ਕਲਚਰ ਦੀ ਨਕਸ਼ ਨੁਹਾਰ ਬੰਨੀ ਸ਼ਰਮਾ ਦੇ ਟੋਰਾਂਟੋ ਘਰ ਹੋਏ।ਆਰ ਜੇ ਬੀਟਸ ਦੇ ਸੀਈਓ ਮਿਊਜ਼ਿਕ ਇੰਡਸਟਰੀ ਦੇ ਆਕਾ ਰਾਮ ਭੋਗ ਪੁਰੀਆ ਦੀ ਜੱਫੀ ਦੇਖ ਅੰਦਾਜਾ ਲਾਇਆ ਜਾ ਸਕਦਾ ਕਿ ਬੰਨੀ ਸ਼ਰਮਾ ਦੇ ਬੇਟੇ ਦੇ ਜਾਗੋ ਪ੍ਰੋਗਰਾਮ ਦੀ ਕਿੰਨੀ ਖੁਸ਼ੀ ਹੈ। ਪੁੱਤਰ ਦੇ ਵਿਆਹ ਤੇ ਬੰਨੀ ਸ਼ਰਮਾ ਨੂੰ ਬਹੁਤ ਬਹੁਤ ਵਧਾਈ ਹੈ ।ਕੇ ਐਸ ਮੱਖਣ ਜਿਹੇ ਸਟਾਰ ਕਲਾਕਾਰ ਵੀ ਜਾਗੋ ਵਿੱਚ ਆਏ।ਸਾਡੇ ਵੱਲੋਂ ਜਾਗੋ ਦੀ ਅਤਿਅੰਤ ਮੁਬਾਰਕ, ਬੰਨੀ ਸ਼ਰਮਾ ਨੂੰ ਤੇ ਜਰਨੈਲ ਘੁਮਾਣ, ਦੀਪਕ ਬਾਲੀ, ਸਵੀਕਾਰ, ਰਘੂ, ਹਿਮਾਂਸ਼ੂ ਸ਼ਰਮਾ, ਅਮਰਦੀਪ ਬੰਗਾ ਤੇ ਸਾਹਨੀ ਸਾਬ ਵੱਲੋਂ ਵਧਾਈ _ਅੰਮ੍ਰਿਤ ਪਵਾਰ।

## ਰਾਮਗੜ੍ਹੀਆ ਸਿੱਖ ਗੁਰਦੁਆਰਾ, ਫੌਰੈਸਟ ਗੇਟ ਵਿਖੇ ਤਿੰਨ ਧਾਰਮਿਕ ਸੇਵਾਦਾਰਾਂ (ਕੀਰਤਨੀ ਜਥੇ) ਦੀ ਤੁਰੰਤ ਲੋੜ ਹੈ

**3 Vacancies for Religious Workers (Tier 5) at Ramgarhia Sikh Gurdwara, Forest Gate, London E7 9QX**

**Job requirement:** Applicant must have relevant experience in a similar role and must be capable to perform all religious ceremonies according to the Sikh Rehat Maryada. Knowledge and understanding of Sikh religion and Sikh way of life. Good written and oral command of Punjabi language.

**Duties & responsibilities:**

To undertake non-pastoral work and support activities to assist the Minister of Religion (Head Priest) as and when required at all religious duties within the organisation.

Duties include reading of the Sri Guru Granth Sahib Ji, singing hymns, saying prayers, participating in weekly diwans to support the activities of the Gurdwara.

Performing Akhand Path, Sehaj Path, saying daily prayers from Sri Guru Granth Sahib ji.

Perform kirtan using instruments like, tabla and harmonium.

Co-ordinate all religious programs and events in promotion of Sikh way of life.

Assist with the preparation and serving of Langar.

Undertake any other reasonable religious duties/activities in pursuing the organisation's religious programs.

**PS** – This is not a Pastoral role and duties will not include leading a congregation.

**Salary:** According to UK Employment Law and National minimum wage for a minimum of 30 hours a week.

**Employee Benefits:** Free Food and accommodation will be provided by the Gurdwara Sahib.

**Other requirements:** Applicant has to be a UK resident or must have the right to work in the UK.

Must be able to provide references from previous employers.

The successful applicant will be required to abide by the Sikh moral codes of conduct and practice.

**Closing date 12th September 2025.**

**For more information,**
please contact the General Secretary (6:30pm - 8:00pm - Mon to Fri) **on 020 8552 9494.**

**Interested candidates please send your application /CV to the Gen. Secretary on the address below or email to: rsgtemple@yahoo.co.uk**

**RAMGARHIA SIKH GURDWARA**
**10-16 Neville Road, Forest Gate, London, E7 9QX. Tel: 020 8552 9494**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**619. ਕੱਚੀ ਬਾਣੀ ਕਿਹੜੀ ਹੈ?**

ਸਤਿਗੁਰੂ ਤੋਂ ਬਿਨਾ ਹੋਰ ਸਭ ਬਾਣੀ ਕੱਚੀ ਹੈ; ਭਾਵ ਸਦਾ ਰਹਿਣ ਵਾਲ਼ੀ ਨਹੀਂ ਹੈ/ਨਾਸਵੰਤ ਹੈ, ਚਹੁੰਆਂ ਜੁਗਾਂ 'ਚ ਵੱਜਣ ਵਾਲ਼ੀ ਨਹੀਂ ਹੈ ਤੇ ਪ੍ਰਭੂ ਮਿਲਾਪ 'ਚ ਸਹਾਈ ਨਹੀਂ ਹੁੰਦੀ । ਅਜਿਹੀ ਬਾਣੀ ਨੂੰ ਕਹਿਣ ਵਾਲ਼ੇ, ਸੁਣਨ ਵਾਲ਼ੇ ਤੇ ਆਖਣ ਵਾਲ਼ੇ ਵੀ ਕੱਚੇ ਹਨ (ਭਾਵ ਜੰਮਦੇ ਮਰਦੇ ਰਹਿੰਦੇ ਹਨ!) । ਉਹ ਆਪਣੀ ਜੀਭ ਨਾਲ਼ ਹਰੀ ਹਰੀ ਕਰਦੇ ਰਹਿੰਦੇ ਹਨ, ਪਰ ਕਹੇ ਨੂੰ ਕੁਛ ਜਾਣਦੇ/ਸਮਝਦੇ ਨਹੀਂ । ਜਿਹਨਾਂ ਦਾ ਚਿੱਤ ਮਾਇਆ ਨੇ ਚੁਰਾ ਲਿਆ ਹੁੰਦਾ ਹੈ ਉਹਨਾਂ ਦਾ ਬੋਲਣਾ ਹਵਾ 'ਚ ਗੱਲਾਂ ਕਰਨ ਦੇ ਬਰਾਬਰ ਹੁੰਦਾ ਹੈ । "ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥ ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥ ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥24॥ ਅੰਗ 920" ।

**620. ਵੇਦ ਬਾਣੀ ਵਾਰੇ ਗੁਰਬਾਣੀ ਕੀ ਕਹਿੰਦੀ ਹੈ?**

ਬ੍ਰਹਮਾ ਰਾਹੀਂ ਵੇਦ ਬਾਣੀ ਪ੍ਰਗਟ ਹੋਈ ਤੇ (ਇਸ ਨਾਲ਼) ਮਾਇਆ ਮੋਹ ਦਾ ਪਸਾਰਾ ਹੋ ਗਿਆ; ਇਸਦਾ ਮਤਲਬ ਹੈ ਕਿ ਬ੍ਰਹਮਾ ਦੀ ਬਾਣੀ ਮਾਇਆ ਮੋਹ ਤੋਂ ਉੱਪਰ ਨਹੀਂ ਹੈ/ਬ੍ਰਹਮਾ ਬਾਣੀ ਰਾਹੀਂ ਮਾਇਆ ਮੋਹ ਤੋਂ ਛੁਟਕਾਰਾ ਨਹੀਂ ਹੁੰਦਾ ।"ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ॥ ਅੰਗ 559" । ਵੇਦ ਬਾਣੀ ਤ੍ਰੈ ਗੁਣੀ ਮਾਇਆ ਦੀ ਵਿਚਾਰ ਕਰਦੀ ਹੈ । "ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥ ਅੰਗ 1262" । ਦੁਨੀਆਂ ਵੇਦਾਂ ਦੀ ਬਾਣੀ 'ਚ ਖਚਿਤ ਹੈ ਜੋ ਕਿ ਤ੍ਰੈ ਗੁਣੀ ਮਾਇਆ ਦੀ ਵਿਚਾਰ ਕਰਦੀ ਹੈ । "ਬੇਦ ਬਾਣੀ ਜਗੁ ਵਰਤਦਾ ਤ੍ਰੈ ਗੁਣ ਕਰੇ ਬੀਚਾਰੁ ॥ ਅੰਗ 1276" । ਵੇਦ ਬਾਣੀ ਵਰਤਾ ਕੇ ਮਨੁੱਖਾਂ ਅੰਦਰ ਝਗੜਾ ਪਾ ਦਿੱਤਾ ਹੈ । "ਬੇਦ ਬਾਣੀ ਵਰਤਾਇ ਅੰਦਰ ਵਾਦੁ ਘਤਿਆ ॥ ਅੰਗ 1280" । ਬ੍ਰਹਮਾ ਵੇਦਾਂ ਦੀ ਬਾਣੀ ਸਮੇਤ ਉਸ ਪ੍ਰਭੂ ਦਾ ਜਸ ਗਾਉਂਦਾ ਹੈ ਜਿਸ ਵਿਚ ਸਮਾਧੀ ਲਾ ਕੇ ਸ਼ਿਵ ਕੈਲਾਸ਼ ਪਰਬਤ ਨਹੀਂ ਛੱਡਦਾ । "ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ ॥ ਅੰਗ 1404" ।

**621. ਸਤਸੰਗਤਿ ਕੀ ਹੈ ਤੇ ਸਤਸੰਗਤਿ ਦੀ ਮਹਿਮਾ ਕੀ ਹੈ?**

ਸਤਸੰਗਤਿ ਨੂੰ ਗੁਰਬਾਣੀ 'ਚ ਸੰਗਤਿ, ਸਤਿਗੁਰ ਸੰਗਤ, ਸਾਧ ਸੰਗ ਤੇ ਸੰਤ ਸੰਗ ਕਰਕੇ ਵੀ ਸੰਬੋਧਨ ਕੀਤਾ ਗਿਆ ਹੈ । ਆਪਾਂ ਇਸ ਸਭ ਤੇ ਵਿਚਾਰ ਕਰਾਂਗੇ ।

ਸਤਸੰਗਤਿ ਕਿੱਦਾਂ ਦੀ ਜਾਣੀਏ, ਭਾਵ ਸਤਸੰਗਤਿ ਕੈਸੀ ਹੁੰਦੀ ਹੈ? ਸਤਸੰਗਤਿ ਉਹ ਹੈ ਜਿੱਥੇ ਸਿਰਫ਼ ਇਕ ਪਰਮਾਤਮਾ ਦਾ ਨਾਮ ਉਚਾਰਿਆ ਜਾਂਦਾ ਹੈ, ਜਿੱਥੇ ਪ੍ਰਭੂ ਦੀ ਕੀਰਤੀ ਸੁਣੀ ਜਾਂਦੀ ਹੈ । ਹੇ ਨਾਨਕ ! ਸਤਿਗੁਰੂ ਨੇ ਇਹ ਗੱਲ ਸਮਝਾ ਦਿੱਤੀ ਹੈ ਕਿ ਇਕ ਨਾਮ ਜਪਣਾ ਦਾ ਹੀ ਪ੍ਰਭੂ ਦਾ ਹੁਕਮ ਹੈ । "ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥ ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥5॥ ਅੰਗ 71" । ਅਤੇ "ਸਤਸੰਗਤਿ ਸਾਈ ਹਰਿ ਤੇਰੀ ਜਿਤੁ ਹਰਿ ਕੀਰਤਿ ਹਰਿ ਸੁਨਣੇ ॥ ਅੰਗ 1135" ।

ਸਤਿਗੁਰੂ ਦੀ ਸਤਸੰਗਤਿ ਪਾਠਸ਼ਾਲਾ ਹੈ ਜਿੱਥੇ ਪ੍ਰਭੂ ਦੇ ਗੁਣ ਸਿੱਖੇ ਜਾਂਦੇ ਹਨ । "ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥ ਅੰਗ 1316" । ਜਿੱਥੇ ਸਤਿਗੁਰੂ ਜੀ ਹੁੰਦੇ ਹਨ ਉੱਥੇ ਸਤਸੰਗਤਿ ਬਣ ਜਾਂਦੀ ਹੈ । "ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥ ਅੰਗ 160" । ਪ੍ਰਭੂ ਦਾ ਨਾਮ ਮਿਲਣ ਤੇ ਜੀਵ ਤ੍ਰਿਪਤ ਹੋ ਜਾਂਦਾ ਹੈ (ਭਾਵ ਮਾਇਆ ਦੀ ਭੁੱਖ ਲੱਥ ਜਾਂਦੀ ਹੈ) ਤੇ ਸੰਗਤਿ ਨਾਲ਼ ਮਿਲ ਕੇ ਦੈਵੀ ਗੁਣ (ਦਯਾ, ਧਰਮ, ਸਤਿ, ਸੰਤੋਖ ਤੇ ਧੀਰਜ) ਪ੍ਰਗਟ ਹੋ ਜਾਂਦੇ ਹਨ । "ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥2॥ ਅੰਗ 10"। ਜਿਹੜੇ ਮਨੁੱਖ ਸਤਿਗੁਰੂ ਦੀ ਸ਼ਰਨ ਤੇ ਸੰਗਤਿ ਵਿਚ ਨਹੀਂ ਆਉਂਦੇ, ਧ੍ਰਿਗ (ਫਿਟਕਾਰ) ਹੈ ਉਹਨਾਂ ਦੇ ਜੀਵਨ ਨੂੰ ਤੇ ਫਿਟਕਾਰ ਹੈ ਉਹਨਾਂ ਦੇ ਜੀਊਣ ਦੀ ਆਸ ਨੂੰ । "ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥3॥ ਅੰਗ 10" । ਲੇਕਿਨ ਉਹਨਾਂ ਸੇਵਕਾਂ ਨੂੰ ਹੀ ਸਤਿਗੁਰੂ ਦੀ ਸੰਗਤਿ ਪ੍ਰਾਪਤ ਹੋਈ ਜਿਹਨਾਂ ਦੇ ਮੱਥੇ ਤੇ ਧੁਰੋਂ (ਪ੍ਰਭੂ ਨੇ) ਇਹ ਲੇਖ ਲਿਖਿਆ ਹੋਇਆ ਸੀ । "ਜਿਨ ਹਰਿਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥ ਅੰਗ 10"। ਹੇ ਨਾਨਕ! ਧੰਨ ਧੰਨ ਹੈ ਸਤਸੰਗਤਿ! ਜਿੱਥੇ ਪ੍ਰਭੂ ਦੇ ਨਾਮ ਦਾ ਰਸ (ਆਨੰਦ) ਪ੍ਰਾਪਤ ਕੀਤਾ; ਪ੍ਰਭੂ ਦੇ ਸੇਵਕਾਂ ਨੂੰ ਮਿਲ ਕੇ (ਹਿਰਦੇ ਵਿਚ) ਨਾਮ ਪ੍ਰਗਟ ਹੋ ਗਿਆ । "ਧਨੁ ਧੰਨੁ ਸਤਸੰਗਤਿ ਜਿਤੁ ਹਰਿਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥4॥4॥ ਅੰਗ 10" । ਜਿਨ੍ਹਾਂ ਮਨੁੱਖਾਂ ਨੇ ਸਤਸੰਗਤਿ ਨਾਲ਼ ਮਿਲ ਕੇ ਰਾਮ ਰਸ ਪ੍ਰਾਪਤ ਕਰ ਲਿਆ, ਉਹ ਰਾਮ ਦੇ ਨਾਮ ਵਿਚ ਸਮਾ ਜਾਂਦੇ ਹਨ । ਸਤਸੰਗਤਿ ਵਿਚ ਮਿਲ ਕੇ ਗੁਰੂ ਅਨੁਸਾਰੀ ਨੂੰ ਪ੍ਰਭੂ ਦੇ ਨਾਮ ਦਾ ਸੁਆਦ ਆਇਆ ਤੇ ਉਸਨੇ ਵਾਹਿਗੁਰੂ ਨੂੰ ਪਛਾਣ ਲਿਆ । "ਸਤਸੰਗਤਿ ਮਿਲਿ ਹਰਿ ਸਾਦੁ ਆਇਆ ਗੁਰਮੁਖਿ ਬ੍ਰਹਮੁ ਪਛਾਤਾ ॥1॥ ਰਹਾਉ ॥ ਅੰਗ 984" । "ਸਤਸੰਗਤਿ ਮਿਲਿ ਰਾਮ ਰਸੁ ਪਾਇਆ ਹਰਿ ਰਾਮੈ ਨਾਮਿ ਸਮਾਤੇ॥1॥ ਰਹਾਉ ॥ ਅੰਗ 169" । ਜੇਕਰ ਮਨੁੱਖ ਨੂੰ ਸਤਿਗੁਰੂ ਸ੍ਰੇਸ਼ਟ ਪਿਆਰ ਨਾਲ਼ ਮਿਲੇ, ਤਾਂ ਗੁਰੂ ਦੀ ਸੰਗਤ ਵਿਚ ਮਨੁੱਖ ਦੇ ਅੰਦਰ ਪ੍ਰਭੂ ਦਾ ਨਾਮ ਪਰਗਟ ਹੋ ਜਾਂਦਾ ਹੈ । "ਸਤਸੰਗਤਿ ਮਹਿ ਨਾਮੁ ਹਰਿ ਉਪਜੈ ਜਾ ਸਤਿਗੁਰੁ ਮਿਲੈ ਸੁਭਾਏ ॥ ਅੰਗ 67" । ਸਤਸੰਗਤਿ ਵਿਚ ਨਿਰਮੋਲਕ ਨਾਮ ਵੱਡੇ ਭਾਗਾਂ ਨਾਲ਼ ਪ੍ਰਾਪਤ ਹੁੰਦਾ ਹੈ । "ਸਤਸੰਗਤਿ ਮਹਿ ਨਾਮੁ ਨਿਰਮੋਲਕੁ ਵਡੈ ਭਾਗਿ ਪਾਇਆ ਜਾਈ ॥7॥ ਅੰਗ 909"। ਮੇਰੇ ਪ੍ਰਭੂ ਜੀ, ਜੋ ਸਤਸੰਗਤਿ ਨੂੰ ਪ੍ਰਾਪਤ ਹੋ ਗਿਆ ਉਹ (ਸੰਸਾਰ ਸਮੁੰਦਰ ਤੋਂ) ਤਰ ਗਿਆ; ਭਾਵ ਉਸਦਾ ਪਾਰ ਉਤਾਰਾ ਹੋ ਗਿਆ । "ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥ ਅੰਗ 10" । ਸਤਸੰਗਤਿ ਨੂੰ ਮਿਲ ਕੇ ਸਭ ਸੋਝੀ ਹੋ ਜਾਂਦੀ ਹੈ ।"ਸਤਸੰਗਤਿ ਮਿਲਿ ਸਭ ਸੋਝੀ ਪਾਏ ॥ ਅੰਗ 364" । ਸਤਸੰਗਤਿ ਵਿਚ ਇਹ ਵਿਸ਼ਵਾਸ਼ ਹੋ ਜਾਂਦਾ ਹੈ ਕਿ ਪ੍ਰਭੂ ਜੀਵਨ ਭਰ ਤੇ ਮਰਨ ਵੇਲੇ/ਮਰਨ ਉਪਰੰਤ ਨਾਲ਼ ਹੁੰਦਾ ਹੈ । "ਸਤਸੰਗਤਿ ਮਹਿ ਬਿਸਾਸੁ ਹੋਇ ਹਰਿ ਜੀਵਤ ਮਰਤ ਸੰਗਾਰੀ॥3॥ ਅੰਗ 401" । ਸਤਸੰਗਤਿ ਨੂੰ ਮਿਲ ਕੇ ਬੁੱਧੀ ਅੱਛੇ ਬੁਰੇ ਦੀ ਪਰਖ ਕਰਨ ਵਾਲ਼ੀ ਹੋ ਜਾਂਦੀ ਹੈ । "ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥ ਅੰਗ 481"। ਸਤਸੰਗਤਿ ਦੇ ਮਿਲਾਪ ਨਾਲ਼ ਮਨੁੱਖ ਦੀ ਭੈੜੀ ਮਤਿ ਵਾਲ਼ੀ ਸਾਰੀ ਮੈਲ ਦੂਰ ਹੋ ਜਾਂਦੀ ਹੈ ਤੇ ਉਹ (ਬਿਬੇਕ) ਬੁੱਧੀ ਪਾ ਲੈਂਦਾ ਹੈ । "ਦੁਰਮਤਿ ਮੈਲੁ ਗਈ ਸਭ ਨੀਕਲਿ ਸਤਸੰਗਤਿ ਮਿਲਿ ਬੁਧਿ ਪਾਇ ॥1॥ ਅੰਗ 880" । ਸਤਸੰਗਤਿ ਦੀ ਧੂੜ ਉੱਡ ਕੇ ਮੇਰੀਆਂ ਅੱਖਾਂ 'ਚ ਪੈ ਗਈ ਤੇ ਮੇਰੇ ਅੰਦਰੋਂ ਭੈੜੀ ਮਤਿ ਦੀ ਸਾਰੀ ਮੈਲ਼ ਦੂਰ ਹੋ ਗਈ । "ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥1॥ ਰਹਾਉ॥ ਅੰਗ 1263" । ਸਤਸੰਗਤਿ ਤੇ ਗੁਰੂ ਦੇ ਪਿਆਰ ਰਾਹੀਂ ਸੋਝੀ, ਨੇਕ ਬੁੱਧੀ, ਪ੍ਰਭੂ ਵਲ ਧਿਆਨ (ਸੁਰਤੀ) ਤੇ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਹੁੰਦੀ ਹੈ । "ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ ॥2॥ ਅੰਗ 1256" । ਸਤਸੰਗਤਿ ਵਿਚ ਮਿਲ ਕੇ, ਪ੍ਰੀਤਮ ਗੋਵਿੰਦ ਮੇਰੇ ਮਨ ਵਿਚ ਆ ਵਸਿਆ ਹੈ ਤੇ ਮੇਰੇ ਮਨ ਨੂੰ ਮੋਹ ਰਿਹਾ ਹੈ । "ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ ਮਿਲਿ ਸਤਸੰਗਤਿ ਸਬਦਿ ਮਨੁ ਮੋਹੈ ॥ ਅੰਗ 482" । ਜਿਨ੍ਹਾਂ ਮਨੁੱਖਾਂ ਨੂੰ ਪਰਮਾਤਮਾ ਦਾ ਨਾਮ ਮਿੱਠਾ ਤੇ ਮਨ ਭਾਉਂਦਾ ਲੱਗਦਾ ਹੈ, ਉਹਨਾਂ ਨੂੰ ਸਤਿਗੁਰੂ ਦੀ ਸਤਸੰਗਤਿ ਭੀ ਪਿਆਰੀ ਲੱਗਦੀ ਹੈ ।ਪਰ ਜਿਨ੍ਹਾਂ ਮਨੁੱਖਾਂ ਨੂੰ ਸਤਿਗੁਰੂ ਦੀ ਸੰਗਤਿ ਦਾ ਸਾਥ ਨਹੀਂ ਪ੍ਰਾਪਤ ਕੀਤਾ, ਉਹਨਾਂ ਬਦ-ਕਿਸਮਤ ਪਾਪੀਆਂ ਨੂੰ ਜਮ ਖਾ ਜਾਂਦਾ ਹੈ । "ਸਤਸੰਗਤਿ ਗੁਰ ਕੀ ਹਰਿ ਪਿਆਰੀ ਜਿਨ ਹਰਿ ਹਰਿ ਨਾਮੁ ਮੀਠਾ ਮਨਿ ਭਾਇਆ ॥ ਜਿਨ ਸਤਿਗੁਰ ਸੰਗਤਿ ਸੰਗੁ ਨ ਪਾਇਆ ਸੇ ਭਾਗਹੀਣ ਪਾਪੀ ਜਮਿ ਖਾਇਆ ॥3॥ਅੰਗ 484" । ਸਤਸੰਗਤਿ ਦੀ ਇਹ ਵਡਿਆਈ ਹੈ ਕਿ ਜਿਸ ਤਰ੍ਹਾਂ ਪਾਰਸ ਨੂੰ ਛੋਹ ਕੇ ਧਾਤ ਸੋਨਾ ਹੋ ਜਾਂਦੀ ਹੈ, ਉਸੇ ਤਰ੍ਹਾਂ ਹੀ ਪਾਪੀ ਪੁਰਸ਼ ਸਤਸੰਗਤਿ ਵਿਚ ਪਵਿੱਤਰ ਹੋ ਜਾਂਦਾ ਹੈ । "ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ ॥6॥ ਅੰਗ 505" । ਕਿਉਂਕਿ, ਸਤਸੰਗਤਿ ਨਾਲ਼ ਮਿਲਾਪ ਹੋਏ ਤਾਂ ਪ੍ਰਭੂ ਨਾਲ਼ ਲੱਗੀ ਲਿਵ ਰੂਪੀ ਕਟੋਰੀ ਨਾਮ ਅੰਮ੍ਰਿਤ ਨਾਲ਼ ਭਰ ਜਾਂਦੀ ਹੈ, ਜਿਸਨੂੰ ਪੀ ਪੀ ਕੇ ਵਿਕਾਰ ਕੱਟੇ ਜਾਂਦੇ ਹਨ । "ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥3॥ ਅੰਗ 505" ।

ਸਤਸੰਗਤਿ ਨੂੰ ਮਿਲ ਕੇ ਤੂੰ ਹਰੀ ਪ੍ਰਭੂ ਦਾ ਆਰਾਧਨ ਕਰ, ਤੇਰਾ ਇਸ ਦੁਨੀਆਂ ਤੇ ਦੁਬਾਰਾ ਆਉਣਾ ਜਾਣਾ ਨਹੀਂ ਹੋਵੇਗਾ ।

**ਬਾਕੀ ਅਗਲੇ ਹਫ਼ਤੇ**

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME..........................................................................

ADDRESS....................................................................

..........................................POST CODE................................

TEL..............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85


*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*

ਲੜੀਵਾਰ ਨਾਵਲ



ਕਮਲ ਗਿੱਲ

Mob : +44 07454 394684

ਕਿਸ਼ਤ-40

# ਗੰਧਲੇ ਰਿਸ਼ਤੇ

**''ਤੂੰ ਸਹੀ ਕਹਿ ਰਹੀ ਹੈ ਬੀਰਾ, ਮੇਰਾ ਮਨ ਸਭ ਕਾਸੇ ਤੋਂ ਮਰ ਗਿਆ ਸੀ। ਕਿਸੇ ਨਾਲ ਦੁੱਖ- ਸੁੱਖ ਫੋਲਣਾ ਤਾਂ ਦੂਰ ਦੀ ਗੱਲ ਮੈਂ ਤਾਂ ਸਭ ਤੋਂ ਨਜ਼ਰਾਂ ਚੁਰਾ ਦੂਰ ਹਨ੍ਹੇਰੀ ਦੁਨੀਆਂ 'ਚ ਜਾ ਬੈਠੀ ਸਾਂ। ਖੈਰ ਛੱਡ ਆਹ ਗੱਲਾਂ ਸਵੇਰੇ-ਸਵੇਰੇ ਮੈਂ ਫਿਰ ਸ਼ੁਰੂ ਹੋ ਗਈ, ਚੱਲ ਤੂੰ ਜਾ ਆਪਣੇ ਹੋਟਲ ਨਹਾਂ-ਧੋ ਕੱਪੜੇ ਬਦਲ ਕੇ ਵਾਪਸ ਆ ਜਾ। ਓਹ ਦੇਖ ਆਪਣੇ ਗਿੱਲ ਫੈਮਲੀ ਜਸਲੀਨ ਹੁਰਾਂ ਦਾ ਟੱਬਰ ਜੋ ਆਪਾਂ ਨੂੰ ਰਾਤ ਮਿਲਿਆ ਸੀ ਬੀਚ 'ਤੇ। ਉਹ ਫਰੈਸ਼ ਧਨੀਆਂ ਪਾਲਕ ਤੇ ਬਾਕੀ ਦੀਆਂ ਕਿੰਨੀਆਂ ਸਬਜ਼ੀਆਂ ਸਵੇਰੇ ਆਪਣੀ ਬੈਕ ਡੋਰ 'ਤੇ ਬੈਗ ਭਰ ਕੇ ਟੰਗ ਵੀ ਗਏ।“ਕਿਚਨ 'ਚ ਪਏ ਵੱਡੇ ਸਾਰੇ ਲਫਾਫੇ ਵੱਲ ਹੱਥ ਕਰਦਿਆਂ ਕੈਲਾਸ਼ ਜੀ ਨੇ ਦੱਸਿਆ।''**



ਸ਼ਇਦ ਉਹ ਉਸ ਇਨਸਾਨ ਨੂੰ ਪਿਆਰ ਕਰਦੀ ਸੀ। ਤੇ ਪਿਆਰ ਵਿੱਚ ਬੰਦਾ ਦੂਜੇ ਦੀ ਹਰ ਗਲਤੀ ਮੁਆਫ ਕਰਨ ਨੂੰ ਤਿਆਰ ਹੀ ਰਹਿੰਦਾ ਹੈ। ਉਹੀ ਇਸ ਬਿਚਾਰੀ ਨਾਲ ਹੋ ਰਿਹਾ ਸੀ ।ਪਰ ਇਨਸਾਨ ਆਪਣਾ ਸੁਭਾਅ ਛੇਤੀ ਨਹੀਂ ਬਦਲ ਸਕਦਾ। ਸੁਭਾਅ ਅਤੇ ਆਦਤਾਂ ਨੂੰ ਬਦਲਣਾ ਸੌਖਾ ਨਹੀਂ ਹੈ। ਮੇਰੀ ਦਾਦੀ ਕਹਿੰਦੀ ਹੁੰਦੀ ਸੀ ਜੇ ਬੰਦੇ ਦੀਆਂ ਆਦਤਾਂ ਬਦਲ ਜਾਣ ਤਾਂ ਬੁੱਲ੍ਹੇ ਸ਼ਾਹ ਨਾ ਝੂਠਾ ਪੈ ਜਾਏ। ਤੇ ਕੈਲਾਸ਼ ਦੀਆਂ ਗੱਲਾਂ ਸੁਣ ਕੇ ਮੈਂ ਇਹ ਸਮਝ ਗਈ ਸੀ ਕਿ ਪਰਮ ਕਦੇ ਨਹੀਂ ਬਦਲ ਸਕਦਾ ਸੀ ਤੇ ਨਾ ਉਸ ਦੀ ਮਾਂ ਹੀ ।

ਖ਼ੈਰ ਇਹ ਵਿਚਾਰੀ ਔਰਤ ਬੁਰੀ ਜਗ੍ਹਾ ਫੱਸ ਗਈ ਸੀ। ਮੈ ਅਗਾਂਹ ਉਤਸੁਕ ਸੀ ਜਾਨਣ ਲਈ ਕਿ ਅਗਾਂਹ ਉਸ ਟੱਬਰ ਨੇ ਇਸ ਨਾਲ ਕੀ-ਕੀ ਮਾਨਸਿਕ ਟੋਰਚਰ ਕੀਤਾ ਜੋ ਇਹ ਇਸ ਹੱਦ ਤੱਕ ਪਹੁੰਚ ਗਈ ਕਿ ਇੰਗਲੈਂਡ ਛੱਡ ਇੰਨੇ ਸਾਲਾਂ ਤੋਂ ਮੁੜ ਇਥੇ ਆ ਵੱਸ ਗਈ ਤੇ ਆਪਣੇ ਪੁੱਤ ਨੂੰਹ ਦੇ ਕਹਿਣ 'ਤੇ ਵੀ ਮੁੜ ਉਸ ਧਰਤੀ 'ਤੇ ਪੈਰ ਨਾ ਪਾਇਆ।

''ਗੁੱਡ ਮੋਰਨਿੰਗ ਬੀਰਾ... ਉੱਠ ਗਈ ਪੁੱਤ?''

“ਮੇਰੇ ਕੋਲੋ ਲੰਘਦੀ ਹੋਈ ਕੈਲਾਸ਼ ਨੇ ਬੜੇ ਪਿਆਰ ਨਾਲ ਮੇਰੇ ਸਿਰ 'ਤੇ ਹੱਥ ਫੇਰਦਿਆਂ ਮੈਨੂੰ ਬੁਲਾਇਆ“।

''ਮੋਰਨਿੰਗ ਕੈਲਾਸ਼ ਜੀ, ਸੌਰੀ ਮੈਨੂੰ ਤਾਂ ਜਾਗ ਹੀ ਨਹੀਂ ਆਈ।''

''ਕੋਈ ਨਾ ਰਾਜੇ ਵਧੀਆ ਹੋਇਆ ਰੈਸਟ ਹੋ ਗਈ। ਤੁਸੀਂ ਕਿਹੜਾ ਉੱਠ ਕੇ ਕਲਾਕ ਲਾਉਣਾ ਸੀ।''

''ਕੈਲਾਸ਼ ਜੀ ਤੁਸੀਂ ਸ਼ਾਵਰ ਲੈ ਕੇ ਫਰੈੱਸ਼ ਹੋ ਜਾਓ, ਮੈਂ ਹੋਟਲ ਜਾ ਰਹੀ ਹਾਂ। ਉੱਥੇ ਸ਼ਾਵਰ ਲੈਂਦੀ ਹਾਂ ਨਾਲੇ ਮੇਰੇ ਬਾਕੀ ਕੱਪੜੇ-ਲੀੜੇ ਵੀ ਉੱਥੇ ਹੀ ਹਨ।''

''ਠੀਕ ਹੈ ਪੁੱਤ, ਤੁਸੀਂ ਕੋਈ ਅੱਜ ਦਾ ਪ੍ਰੀ-ਪ੍ਰੋਗਰਾਮ ਤਾਂ ਨਹੀ ਬੁੱਕ ਕੀਤਾ ਸੀ ਆਪਣੇ ਹੋਲਡੇ ਪੈਕਜ਼ 'ਚ?''

''ਨਹੀਂ ਨਹੀਂ, ਕੋਈ ਨਹੀਂ ਇਸ ਵਾਰ ਮੈਂ ਸਿਰਫ ਆਪਣੇ ਕਿਸੇ ਨਵੇਂ ਨਾਵਲ ਦੀ ਤਿਆਰੀ ਲਈ ਆਈ ਸੀ। ਸੋਚਿਆ ਸੀ ਕਿ ਐਤਕੀ ਕਿਤੇ ਘੁੰਮਣ ਨਹੀਂ ਜਾਣਾ ਹੋਟਲ 'ਚ ਹੀ ਵਿਟਾਮਿਨ ਡੀ ਲੈ ਕੇ ਖਾ-ਪੀ ਕੇ ਤੇ ਕੁਝ ਲਿੱਖ ਕੇ ਵਾਪਸ ਯੂਕੇ ਚਲੇ ਹੈ। ਪਰ ਹੁਣ ਮੈਂ ਜਿੰਨੇ ਦਿਨ ਇੱਥੇ ਹਾਂ ਤੁਸੀਂ ਭਾਵੇਂ ਮੈਨੂੰ ਰੱਖੋ ਜਾਂ ਨਾ ਮੈਂ ਇੱਥੇ ਤੁਹਾਡੇ ਸਰਾਹਣੇ ਹੀ ਰਹਿਣਾ ਆ ਕਿਤੇ ਨਹੀਂ ਜਾਣਾ। ਇਹ ਮੇਰਾ ਕੁਆਲਟੀ ਟਾਇਮ ਹੈ ਤੁਹਾਡੇ ਨਾਲ ਇਸ ਦਾ ਮੈਂ ਕੋਈ ਪਲ ਖਰਾਬ ਨਹੀਂ ਕਰਨਾ।“ ਹੁਣ ਮੇਰੇ ਜੇ ਕੋਈ ਪਲੈਨ ਸਨ ਵੀ ਤਾਂ ਉਹ ਸਭ ਪਲੈਨ ਕੈਂਸਲ।''

„ਮੈ ਮੁਸਕੁਰਾ ਕੇ ਆਖਿਆ।

''ਹਾਏ ਹਾਏ, ਸੌਰੀ ਰਾਜੇ ਮੇਰੇ ਚੱਕਰ 'ਚ ਤੁਹਾਡਾ ਸਾਰਾ ਪਲੇਨ ਹੀ ਖਰਾਬ ਹੋ ਗਿਆ। ਤੁਸੀਂ ਵੀ ਸੋਚਦੇ ਹੋਣੇ ਆ ਕਿ ਆਹ ਮੈਂ ਕਿੱਥੇ ਇਸ ਔਰਤ ਦੇ ਚੱਕਰਾਂ 'ਚ ਫਸ ਗਈ ਇੱਥੇ ਆ ਕੇ।''

''ਨਹੀਂ ਨਹੀਂ ਇਹੋ ਜਿਹੀ ਕੋਈ ਗੱਲ ਨਹੀਂ, ਸਗੋ ਤੁਹਾਨੂੰ ਮਿਲ ਕੇ ਜੋ ਮੈਨੂੰ ਖੁਸ਼ੀ ਮਿਲੀ ਉਹ ਮੈਂ ਸ਼ਬਦਾਂ 'ਚ ਬਿਆਨ ਨਹੀਂ ਕਰ ਸਕਦੀ।''

''ਮੈਂ ਸੱਚੀ ਚਾਹੁੰਦੀ ਹਾਂ ਤੁਸੀਂ ਮੇਰੇ ਨਾਲ ਆਪਣੀਆਂ ਸਾਰੀਆਂ ਗੱਲਾਂ ਸਾਂਝੀਆਂ ਕਰੋ। ਮੈਨੂੰ ਚੰਗਾ ਲੱਗ ਰਿਹਾ ਹੈ ਕਿ ਤੁਸੀਂ ਮੈਨੂੰ ਇਸ ਕਾਬਲ ਸਮਝਿਆ ਹੈ ਕਿ ਆਪਣੀ ਪ੍ਰਾਈਵੇਟ ਲਾਈਫ ਮੇਰੇ ਨਾਲ ਡਿਸਕਸ ਕਰ ਰਹੇ ਹੋ। ਮੈਨੂੰ ਤੁਹਾਡਾ ਪਤਾ ਹੈ ਇਹ ਸਾਰੀਆਂ ਗੱਲਾਂ ਤੁਸੀਂ ਆਪਣੇ-ਆਪ 'ਚ ਹੀ ਸਮੋ ਕੇ ਬੈਠੇ ਹੋ।''

''ਤੂੰ ਸਹੀ ਕਹਿ ਰਹੀ ਹੈ ਬੀਰਾ, ਮੇਰਾ ਮਨ ਸਭ ਕਾਸੇ ਤੋਂ ਮਰ ਗਿਆ ਸੀ। ਕਿਸੇ ਨਾਲ ਦੁੱਖ- ਸੁੱਖ ਫੋਲਣਾ ਤਾਂ ਦੂਰ ਦੀ ਗੱਲ ਮੈਂ ਤਾਂ ਸਭ ਤੋਂ ਨਜ਼ਰਾਂ ਚੁਰਾ ਦੂਰ ਹਨ੍ਹੇਰੀ ਦੁਨੀਆਂ 'ਚ ਜਾ ਬੈਠੀ ਸਾਂ। ਖੈਰ ਛੱਡ ਆਹ ਗੱਲਾਂ ਸਵੇਰੇ-ਸਵੇਰੇ ਮੈਂ ਫਿਰ ਸ਼ੁਰੂ ਹੋ ਗਈ, ਚੱਲ ਤੂੰ ਜਾ ਆਪਣੇ ਹੋਟਲ ਨਹਾਂ-ਧੋ ਕੱਪੜੇ ਬਦਲ ਕੇ ਵਾਪਸ ਆ ਜਾ। ਓਹ ਦੇਖ ਆਪਣੇ ਗਿੱਲ ਫੈਮਲੀ ਜਸਲੀਨ ਹੁਰਾਂ ਦਾ ਟੱਬਰ ਜੋ ਆਪਾਂ ਨੂੰ ਰਾਤ ਮਿਲਿਆ ਸੀ ਬੀਚ 'ਤੇ। ਉਹ ਫਰੈਸ਼ ਧਨੀਆਂ ਪਾਲਕ ਤੇ ਬਾਕੀ ਦੀਆਂ ਕਿੰਨੀਆਂ ਸਬਜ਼ੀਆਂ ਸਵੇਰੇ ਆਪਣੀ ਬੈਕ ਡੋਰ 'ਤੇ ਬੈਗ ਭਰ ਕੇ ਟੰਗ ਵੀ ਗਏ।“ਕਿਚਨ 'ਚ ਪਏ ਵੱਡੇ ਸਾਰੇ ਲਫਾਫੇ ਵੱਲ ਹੱਥ ਕਰਦਿਆਂ ਕੈਲਾਸ਼ ਜੀ ਨੇ ਦੱਸਿਆ।''

''ਸੱਚੀ, ਤੁਹਾਡੇ ਆਲੇ ਦੁਆਲੇ ਦੇ ਸਾਰੇ ਲੋਕ ਕਿੰਨੇ ਚੰਗੇ ਹਨ। ਕਿੰਨਾਂ ਖਿਆਲ ਰੱਖਦੇ ਹਨ ਸਾਰੇ ਇੱਕ ਦੂਜੇ ਦਾ। ਹਾਲੇ ਤੁਹਾਡੇ ਬ੍ਰਾਇਨ ਨੇ ਆਉਣਾ ਹੋਣਾ ਬੈਗ ਭਰ ਕੇ ਕੁਝ ਨਾ ਕੁਝ ਫੜਾਉਣ। ਤੁਸੀਂ ਤਾਂ ਭਾਂਵੇ ਇਹ ਸਾਰਾ ਸਮਾਨ ਇੱਕਠਾ ਕਰ ਕੇ ਮਿੰਨੀ ਮਾਰਕੀਟ ਲਾਉਣ ਲੱਗ ਜਾਓ ਕਿਤੇ ਟਾਊਨ 'ਚ ਜਾ ਕੇ।''

“ਤੇ ਅਸੀ ਦੋਵੇਂ ਖਿੱੜ-ਖਿੜਾ ਹੱਸ ਪਈਆਂ।

„ਚੱਲ ਗੱਲਾਂ ਨਾ ਮਾਰੀ ਜਾ ਹੁਣ ਜਾ ਆਪਣੇ ਹੋਟਲ ਨੂੰ ਤੇ ਮੁੜ ਕਿੰਨੇ ਵਜੇ ਤੱਕ ਆਵੇਂਗੀ ਬੀਰਾ? “ਮੈ ਉਸ ਹਿਸਾਬ ਨਾਲ ਅੱਜ ਦਾ ਆਪਣਾ ਪਲੈਨ ਬਣਾਵਾਂ ਫਿਰ।''

''ਹੁਣ 9 ਵੱਜ ਚੱਲੇ ਹਨ ''ਮੈਂ ਫੂਨ 'ਤੇ ਸਮ੍ਹਾਂ ਦੇਖਦਿਆਂ ਕਿਹਾ, “ਮੈਂ ਘੰਟਾ ਕੁ ਜਿੰਮ ਤੇ ਸਵੀਮਿੰਗ ਕਰਾਂਗੀ ਤੇ ਫਿਰ ਸ਼ਾਵਰ ਲੈ ਕੇ ਆ ਜਾਵਾਂਗੀ।-“ਠੀਕ ਹੈ ਇਸ ਤਰ੍ਹਾਂ?''

''ਹਾਂ ਹਾਂ ਠੀਕ ਹੈ, ਮਤਲਬ ਤੂੰ ਅਰਾਉਂਡ 11 ਕੁ ਤੱਕ ਆ ਜਾਵੇਂਗੀ!''

''ਹਾਂਜੀ।''

''ਚੱਲ ਫਿਰ, ਕੁਝ ਖਾ ਕੇ ਨਾ ਆਈ। ਨਾਲੇ ਉੱਥੇ ਕੀ ਇਨ੍ਹਾਂ ਦੀਆਂ ਸੁੱਕੀਆਂ ਬਰੈੱਡਾਂ ਦਾ ਤੂੰ ਖਾਣਾ, ਤੂੰ ਆਪਣੇ ਘਰ ਆ ਕੇ ਮਾਂ ਦੇ ਤਾਜ਼ੇ-ਤਾਜ਼ੇ ਪਰਾਂਠੇ ਖਾਈਂ।''

ਇੰਨਾਂ ਆਖ ਉਸ ਮੈਨੂੰ ਘੁੱਟ ਕੇ ਜੱਫੀ ਪਾ ਲਈ। ਮੈਂ ਵੀ ਦੋਹਾਂ ਹੱਥਾਂ ਨਾਲ ਉਸ ਨੂੰ ਬਾਹਾਂ ਵਿੱਚ ਘੁੱਟ ਲਿਆ।ਸੱਚੀ ਉਹ ਮਾਂ ਵਾਂਗ ਹੀ ਮੇਰਾ ਖਿਆਲ ਰੱਖ ਰਹੀ ਸੀ। ਆਹ ਦਿਨ ਮੇਰੀ ਜ਼ਿੰਦਗੀ ਦੇ ਬਹੁਤ ਸੋਹਣੇ ਦਿਨ ਸਨ। ਇੰਗਲੈਂਡ ਦੀ ਜ਼ਿੰਦਗੀ ਇਸ ਜ਼ਿੰਦਗੀ ਤੋਂ ਬਹੁਤ ਅੱਲਗ ਸੀ। ਉੱਥੇ ਰੋਜ਼ ਇੱਕ ਦੌੜ ਜਿਹੀ ਲੱਗੀ ਰਹਿੰਦੀ ਸੀ ਤੇ ਇੱਥੇ ਆ ਕੇ ਸ਼ਾਂਤੀ, ਸਕੂਨ ਤੇ ਬਹੁਤ ਸੋਹਣਾ ਵਾਤਾਵਰਣ ਸਭ ਕੁੱਝ ਵਧੀਆ ਸੀ। ਉਸ ਤੋਂ ਅਲਵਿਦਾ ਲੈ ਕੇ ਮੈਂ ਹੋਟਲ ਆ ਗਈ। ਹੋਟਲ ਵਿਚ ਮੈਂ ਜ਼ਿੰਮ ਅਤੇ ਸਵੀਮਿੰਗ ਕੀਤੀ ਤੇ ਸ਼ਾਵਰ ਤੋਂ ਬਾਅਦ ਮੈਂ ਤਰੋ-ਤਾਜ਼ਾ ਹੋ ਗਈ।ਕੋਈ ਅੱਧਾ-ਪੌਣਾ ਘੰਟਾ ਰਵੀ ਨਾਲ ਗੱਲਾਂ ਬਾਤਾਂ ਕੀਤੀਆਂ, ਆਪਣੇ ਕੰਮ-ਕਾਰ ਦਾ ਜਾਇਜ਼ਾ ਲਿਆ, ਤਾਜ ਤੇ ਨਿਮਰਤ ਦੇ ਮੈਸਜ ਆਏ ਸਨ। ਉਨ੍ਹਾਂ ਦੋਹਾਂ ਨਾਲ ਵੀ ਗੱਲ-ਬਾਤ ਹੋਈ। ਉਹ ਦੋਵੇ ਵੀ ਹੁਣ ਤਿਆਰੀ 'ਚ ਹੀ ਸਨ ਥੋੜੀਆਂ ਵੀਕਾਂ ਤੱਕ ਉਨ੍ਹਾਂ ਨੇ ਆ ਜਾਣਾ ਸੀ ਇੱਥੇ।

ਸਾਰਾ ਕੁਝ ਨਬੇੜ ਮੈਂ ਆਪਣੇ ਰੂਮ ਦਾ ਜਾਇਜ਼ਾ ਲਿਆ। ਹੋਟਲ ਦਾ ਮੇਰਾ ਰੂਮ, ਰੂਮ ਸਰਵਿਸ ਵਾਲਿਆ ਨੇ ਇੱਕ ਦਮ ਚਮਕਾ ਕੇ ਰੱਖਿਆ ਸੀ। ਉਹ ਵੀ ਸੋਚਦੇ ਹੋਣੇ ਇਹ ਬੀਬੀ ਪਤਾ ਨਹੀਂ ਸਾਰਾ ਦਿਨ ਰਾਤ ਗਾਇਬ ਰਹਿੰਦੀ ਆ। ਹੋਟਲ ਬਸ ਸੂਟਕੇਸ ਰੱਖਣ ਲਈ ਹੀ ਲਿਆ ਸੀ।

ਮੈਂ ਕਮਰੇ 'ਚ ਝਾਤੀ ਮਾਰੀ ਤੇ ਆਪੇ ਸੋਚਾਂ-ਸੋਚ ਮੁਸਕੁਰਾ ਕੇ ਡੋਰ ਭੇੜ ਦੁਬਾਰਾ ਕੈਲਾਸ਼ ਦੇ ਘਰ ਵੱਲ ਤੁਰ ਪਈ। 11 ਵੱਜ ਕੇ ਪੰਜ ਮਿੰਟ ਹੋ ਚੁੱਕੇ ਸਨ। ਮੈਂ ਡੋਰ ਦਾ ਲੋਕ ਖੋਲ੍ਹ ਅੰਦਰ ਵੜੀ ਤਾਂ ਬਹੁਤ ਹੀ ਸੋਹਣੀ ਖਾਣੇ ਦੀ ਖੁਸ਼ਬੂ ਆ ਰਹੀ ਸੀ।

ਕੈਲਾਸ਼ ਜੀ ਅੰਦਰ ਕਿਚਨ ਚ ਆਲੂ ਵਾਲੇ ਫਰੈੱਸ਼ ਧਨੀਆ ਪਾ ਕੇ ਪਰੌਂਠੇ ਬਣਾ ਰਹੇ ਸਨ ।

''ਆ ਗਈ ਬੀਰਾ, ਆਹ ਫੜ ਕੌਲੀ ਤੇ ਆਪਣੇ ਲਈ ਦਹੀ ਪਾ ਲੈ।''

“ਆ ਜਾਓ ਤੁਸੀਂ ਵੀ ਆਪਾਂ ਇੱਕਠੇ ਬਹਿ ਕੇ ਖਾਂਦੇ ਹਾਂ।''

“ਨਹੀਂ-ਨਹੀਂ ਤੂੰ ਗਰਮ-ਗਰਮ ਨਾਲ ਦੀ ਨਾਲ ਪਰੌਂਠੇ ਚੁੱਕ ਮੇਰਾ ਪੁੱਤ, ਠੰਡੇ ਹੋਏ ਖਾਣ ਦਾ ਮਜ਼ਾ ਨਹੀਂ ਆਉਣਾ।''

ਘਰ ਦੇ ਜਮਾਏ ਦਹੀਂ ਨਾਲ ਮੈਂ ਦੋ ਪਰੌਂਠੇ ਖਾਦੇ। ਨਜ਼ਾਰਾ ਹੀ ਆ ਗਿਆ ਸੱਚੀ, ਬੜੀ ਦੇਰ ਬਾਅਦ ਇੰਨੇ ਸਵਾਦ ਪਰੌਂਠੇ ਖਾਦੇ ਸਨ।

ਮੇਰੇ ਨਾਲ ਬੈਠ ਕੇ ਕੈਲਾਸ਼ ਜੀ ਨੇ ਵੀ ਆਪਣਾ ਪਰੌਂਠਾ ਖਾ ਲਿਆ। ਮੈਂ ਭਾਂਡੇ ਸਾਂਭਣ ਲੱਗ ਗਈ ਤੇ ਉਹ ਪਤੀਲੇ ਵਹਿਲੇ ਕਰਨ ਲੱਗ ਗਏ।

“ਆਹ ਕੀ ਤੁਸੀਂ ਤੇ ਮੇਰੇ ਮਗਰੋਂ ਬਹੁਤ ਬਿਜ਼ੀ ਹੋ ਗਏ ਸੀ।''

ਮੈਂ ਸੈਲਫ 'ਤੇ ਪਈ ਕੜਾਹੀ ਦਾ ਡੱਕਣ ਚੁੱਕ ਕੇ ਦੇਖਦਿਆਂ ਕਿਹਾ।

“ਹੋਰ ਕੀ ਮੈਂ ਸੋਚਿਆ ਤੂੰ ਵਾਹਲਾ ਬਾਹਰਲਾ ਖਾਣਾ ਪੰਸਦ ਨਹੀਂ ਕਰਦੀ ਸੋ ਮੈਂ ਸ਼ਾਮ ਲਈ ਤਾਜ਼ੇ-ਤਾਜ਼ੇ ਜਸਲੀਨ ਕੇ ਘਰੋਂ ਆਏ ਆਲੂ ਪਾ ਕੇ ਬੈਂਗਣ ਬਣਾ ਲਏ ਤੇਰੇ ਲਈ। ਤੇ ਆਹ ਦੇਖ ਤੂੰ ਅੱਜ ਸਵੇਰੇ ਹੀ ਬ੍ਰਇਨ ਨੂੰ ਯਾਦ ਕਰਦੀ ਸੀ ਉਹ ਵਿਚਾਰਾ ਘਰੋਂ ਤੋੜ ਕੇ ਮਟਰ ਫਲੀਆਂ ਕੱਢ ਕੇ ਫੜਾ ਗਿਆ। ਕਹਿੰਦਾ ਤੇਰੀ ਡੋਟਰ ਲਈ ਆ। ਤੇ ਮੈਂ ਇਹ ਵੀ ਆਲੂ ਪਾ ਕੇ ਆਲੂ ਮਟਰ ਬਣਾ ਤੇ।''

''ਹਾ...ਹਾ... ਵਧੀਆ ਕੀਤਾ ਆਪਾਂ ਆਪਣਾ ਬ੍ਰਾਇਨ ਥੋੜਾ ਨਰਾਜ਼ ਕਰਨਾ ਸੀ। ਤੁਸੀਂ ਤਾਂ ਬਹੁਤ ਕੰਮ ਕਰ ਲਿਆ ਮੇਰੇ ਮਗਰੋ।''


“ਹੋਰ ਮੈਂ ਸੋਚਿਆ ਹੁਣ ਹੀ ਆਪਾਂ ਡਿਨਰ ਦਾ ਵੀ ਕੰਮ ਨਬੇੜੀਏ ਫਿਰ ਵਿਹਲੇ ਹੋ ਕੇ ਕਿਤੇ ਗੇੜੀ-ਸ਼ੇੜੀ ਲਾ ਕੇ ਆਉਂਦੀਆਂ ਹਾਂ ਮਾਂਵਾਂ-ਧੀਆਂ।''

ਕਿਚਨ ਵਰਕ ਟੌਪ ਸਾਫ ਕਰਦਿਆਂ ਉਸ ਆਖਿਆ।

ਚਲਦਾ....

# ਅਦਿੱਤਿਆ ਨਾਥ ਯੋਗੀ ਨੇ ਕਿਹਾ, ਸਿੱਖ ਗੁਰੂਆਂ ਨੇ ਸਨਾਤਨ ਧਰਮ ਤੇ ਭਾਰਤੀ ਸੱਭਿਆਚਾਰ ਬਚਾਉਣ ਲਈ ਆਪਣੇ ਜੀਵਨ ਦਾ ਬਲੀਦਾਨ ਦਿੱਤਾ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



## ਧਰਮ ਪ੍ਰਚਾਰ ਕਮੇਟੀ, ਕਿਸੇ ਵੀ ਅਕਾਲੀ ਦਲ, ਦਮਦਮੀ ਟਕਸਾਲ ਤੇ ਸੰਤ ਸਮਾਜ ਦੇ ਮੁਖੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਾਂ ਮੌਜੂਦਾ ਕਾਰਜਕਾਰੀ ਜਥੇਦਾਰ ਨੇ ਯੋਗੀ ਦੇ ਬੇ-ਬੁਨਿਆਦ ਅਪਮਾਨਜਨਕ ਬਿਆਨ ਦਾ ਕੋਈ ਗੰਭੀਰ ਨੋਟਿਸ ਨਹੀਂ ਲਿਆ


ਅਦਿੱਤਿਆ ਨਾਥ ਯੋਗੀ

ਉੱਤਰ ਪ੍ਰਦੇਸ਼ ਦੇ ਸੀ. ਐਮ. ਅਦਿੱਤਿਆ ਨਾਥ ਯੋਗੀ ਨੇ ਭਗਵੇਂ ਬਸਤਰਾਂ ਵਿੱਚ ਸਿਰ 'ਤੇ ਭਗਵੀਂ ਬੰਨ ਕੇ ਗੋਰਖਪੁਰ ਗੁਰਦੁਆਰੇ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਤੇ ਸਿੱਖ ਸੰਗਤ ਦੀ ਹਜ਼ੂਰੀ ਵਿੱਚ ਨੌਵੇਂ ਪਾਤਸ਼ਾਹ ਦੇ 350ਵੇਂ ਸ਼ਹੀਦੀ ਸਮਾਗਮਾਂ ਬਾਰੇ ਬੋਲਦਿਆਂ ਕਿਹਾ: ਸਿੱਖ ਗੁਰੂਆਂ ਨੇ ਹਮੇਸ਼ਾ ਸਨਾਤਨ ਧਰਮ ਤੇ ਭਾਰਤੀ ਸੱਭਿਆਚਾਰ ਦੀ ਰਾਖੀ ਲਈ ਆਪਣੇ ਜੀਵਨ ਦਾ ਬਲੀਦਾਨ ਦਿੱਤਾ, ਉਨ੍ਹਾਂ ਦੀ ਬਹਾਦਰੀ, ਤਿਆਗ ਤੇ ਬਲੀਦਾਨ ਅੱਜ ਵੀ ਦੇਸ਼ ਦੀ ਆਤਮਾ ਵਿੱਚ ਜੀਊਂਦੇ ਹਨ। ਭਗਵੇਂ ਅਦਿੱਤਿਆ ਨਾਥ ਯੋਗੀ ਨੇ ਇਹ ਗੱਲ ਬਾਰ-ਬਾਰ ਦੁਹਰਾਈ ਕਿ ਸਿੱਖ ਗੁਰੂਆਂ ਨੇ ਆਪਣੇ ਲਈ ਨਹੀਂ ਸਨਾਤਨ ਧਰਮ ਲਈ ਬਲੀਦਾਨ ਦਿੱਤਾ, ਉਨ੍ਹਾਂ ਦਾ ਬਲੀਦਾਨ ਅੱਜ ਵੀ ਦੇਸ਼ ਦੀ ਆਤਮਾ ਵਿੱਚ ਜੀਊਂਦਾ ਹੈ। (ਨੋਟ-ਪੰਜਵੇਂ ਗੁਰੂ ਅਰਜਨ ਪਾਤਸ਼ਾਹ ਤੇ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਨੇ, ਗੁਰੂ ਨਾਨਕ ਦੇ, ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੇ) ਹਲੀਮੀ ਰਾਜ ਦੇ ਮਿਸ਼ਨ ਦੀ ਪੂਰਤੀ ਲਈ ਆਪਣੇ ਪੰਚ ਭੌਤਕ ਸਰੀਰਾਂ ਦੀਆਂ ਸ਼ਹਾਦਤਾਂ ਦਿੱਤੀਆਂ ਹਨ, ਨਾ ਕਿ ਸਨਾਤਨ ਧਰਮ (ਹਿੰਦੂ ਧਰਮ) ਬਚਾਉਣ ਲਈ ਬਲੀਦਾਨ ਦਿੱਤਾ। ਸ਼ਹਾਦਤ ਅਤੇ ਬਲੀ+ਦਾਨ, ਬਲੀਦਾਨ ਦਾ ਜਮੀਨ ਅਸਮਾਨ ਦਾ ਫਰਕ ਹੁੰਦਾ ਹੈ। ਬਲੀ+ਦਾਨ ਭਾਵ ਜਿਸ ਦੀ ਬਲੀ ਦਿੱਤੀ ਜਾਂਦੀ ਹੈ। ਸ਼ਹਾਦਤ ਦੇਣ ਵਾਲੇ ਦੀ ਹਸਤੀ ਜੁਗੋ-ਜੁਗ ਅਟਲ ਰਹਿੰਦੀ ਹੈ, ਜਦਕਿ ਬਲੀਦਾਨ ਦੇਣ ਵਾਲੇ ਦੀ ਕੋਈ ਹਸਤੀ ਹੁੰਦੀ ਹੀ ਨਹੀਂ ਹੈ।

1708 ਈ: ਨੂੰ ਗੁਰੂ ਨਾਨਕ ਦੇ ਦੱਸਵੇਂ ਵਾਰਸ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਨੰਦੇੜ ਵਿਖੇ ਹਮੇਸ਼ਾ ਲਈ ਦੇਹਧਾਰੀ ਪ੍ਰਥਾ ਖ਼ਤਮ ਕਰਕੇ, ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਨੂੰ ਸਤਿਗੁਰੂ ਨਾਨਕ ਦੇ ਤਖ਼ਤ 'ਤੇ ਸੁਭਾਇਮਾਨ ਕਰਕੇ ਬਚਨ ਕੀਤਾ, ਆਤਮਾ ਗ੍ਰੰਥ ਵਿੱਚ ਸਰੀਰ ਪੰਥ ਵਿੱਚ ਅਤੇ ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ, ਉਸ ਦਿਨ ਤੋਂ ਬਾਅਦ ਅੱਜ ਤੱਕ ਸਿੱਖ ਪੰਥ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਅਰਦਾਸ ਕਰਨ ਸਮੇਂ ਆਖਦਾ ਹੈ, ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਰਸ਼ਨ ਦਿਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ, ਸਿੱਖ ਗੁਰੂਆਂ ਦੀ ਆਤਮਾ ਦਾ ਉਕਤ ਸਿਧਾਂਤ ਲਾਗੂ ਹੋਣ ਤੋਂ ਬਾਅਦ ਅਦਿੱਤਿਆ ਨਾਥ ਯੋਗੀ ਦਾ ਇਹ ਕਹਿਣਾ ਕਿ ਸਿੱਖ ਗੁਰੂਆਂ ਦਾ ਬਲੀਦਾਨ ਅੱਜ ਵੀ ਦੇਸ਼ ਦੀ ਆਤਮਾ ਵਿੱਚ ਜੀਊਂਦਾ ਹੈ, ਐਵੇਂ ਝੱਖ ਮਾਰਨ ਵਾਲੀ ਗੱਲ ਹੈ। ਬੜੇ ਦੁੱਖ ਤੇ ਹੈਰਾਨੀ ਵਾਲੀ ਗੱਲ ਹੈ ਕਿ ਸਾਡੀਆਂ ਧਾਰਮਿਕ ਸੰਸਥਾਵਾਂ ਤੇ ਧਾਰਮਿਕ ਆਗੂਆਂ ਨੇ ਸਿੱਖ ਗੁਰੂਆਂ ਦੇ ਦੈਵੀ ਸਰੂਪ ਦਾ ਅਪਮਾਨ ਕਰਨ ਵਾਲੇ ਅਦਿੱਤਿਆ ਨਾਥ ਯੋਗੀ ਦੇ ਬਿਆਨ ਦਾ ਨੋਟਿਸ ਲੈ ਕੇ ਇਹ ਮਾਮਲਾ ਅਕਾਲ ਤਖ਼ਤ ਸਾਹਿਬ 'ਤੇ ਵਿਚਾਰਿਆ ਕਿਉਂ ਨਹੀਂ ਗਿਆ? ਅਦਿੱਤਿਆ ਨਾਥ ਯੋਗੀ ਘੱਟ ਗਿਣਤੀਆਂ ਦੇ ਖਿਲਾਫ਼, ਭਾਰਤ ਦੇ ਸੰਵਿਧਾਨ ਬਾਰੇ ਅਤੇ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਵਾਲੀਆਂ ਟਿੱਪਣੀਆਂ ਅਕਸਰ ਕਰਦਾ ਰਹਿੰਦਾ ਹੈ। ਫ਼ਤਹਿਨਾਮਾ ਮੈਗਜ਼ੀਨ ਵਿੱਚ ਅਦਿੱਤਿਆ ਨਾਥ ਯੋਗੀ ਦੇ ਵੱਖ-ਵੱਖ ਥਾਵਾਂ 'ਤੇ ਛਪੇ ਦੋ ਬਿਆਨ ਦਾਸ ਪਾਠਕਾਂ ਨਾਲ ਸਾਂਝੇ ਕਰੇਗਾ:

(1) ਇਤਿਹਾਸ ਨੂੰ ਪੁੱਠਾ ਗੇੜ - ਆਰ. ਐਸ. ਐਸ. ਨੇ, ਪੰਜਾਬ, ਬੰਗਾਲ ਅਤੇ ਜੰਮੂ-ਕਸ਼ਮੀਰ ਨੂੰ ਪਾਕਿਸਤਾਨ ਵਿੱਚ ਜਾਣ ਤੋਂ ਬਚਾਇਆ, ਅਦਿੱਤਿਆ ਨਾਥ, ਮੁੱਖ ਮੰਤਰੀ ਯੂ. ਪੀ., ਪੂਰੀ ਖ਼ਬਰ ਦਾ ਸਾਰਅੰਸ਼ ਹੈ ਕਿ: ਮੋਦੀ ਸਰਕਾਰ ਬਣਨ ਤੋਂ ਬਾਅਦ ਸਕੂਲੀ ਪਾਠ ਪੁਸਤਕਾਂ ਤੋਂ ਲੈ ਕੇ ਕਾਲਜਾਂ, ਯੂਨੀਵਰਸਿਟੀਆਂ ਨਾਲ ਸੰਬੰਧਿਤ ਸਿਲੇਬਸ ਵਿੱਚ ਹਿੰਦੂਤਵ ਦੀ ਝੂਠੀ ਮਹਿਮਾ ਦੇ ਨਾਲ-ਨਾਲ ਸੱਚੇ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦਾ ਅਮਲ ਸ਼ੁਰੂ ਹੋ ਗਿਆ ਹੈ। ਇਸ ਅਮਲ ਨੂੰ ਹੁਣ ਬੁਲੰਦੀਆਂ 'ਤੇ ਪਹੁੰਚਾਇਆ ਜਾ ਰਿਹਾ ਹੈ। ਯੂ.ਪੀ. ਵਿਧਾਨ ਸਭਾ ਸੈਸ਼ਨ ਦੇ ਅਖੀਰਲੇ ਦਿਨ ਵਿਧਾਨ ਸਭਾ ਨੂੰ ਸੰਬੋਧਿਤ ਹੁੰਦਿਆਂ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੇ ਕਿਹਾ: ਆਰ. ਐਸ. ਐਸ. ਜਮਾਤ ਨਾ ਹੁੰਦੀ ਤਾਂ ਅੱਜ ਪੰਜਾਬ, ਬੰਗਾਲ ਤੇ ਜੰਮੂ-ਕਸ਼ਮੀਰ ਪਾਕਿਸਤਾਨ ਦਾ ਹਿੱਸਾ ਹੋਣੇ ਸੀ। (ਫਤਹਿਨਾਮਾ ਜੂਨ 2017)

(2) ਸੈਕੂਲਰ ਸ਼ਬਦ ਘੜਨ ਵਾਲਿਆਂ ਨੂੰ ਆਪਣੇ ਗੁਨਾਹ ਦੀ ਮਾਫ਼ੀ ਮੰਗਣੀ ਚਾਹੀਦੀ ਹੈ - ਅਦਿੱਤਿਆ ਨਾਥ ਯੋਗੀ - ਪੂਰੀ ਖ਼ਬਰ ਦਾ ਸਾਰਅੰਸ਼ ਹੈ: ਯੂ.ਪੀ. ਦੇ ਮੁੱਖ ਮੰਤਰੀ ਅਦਿੱਤਿਆ ਨਾਥ ਯੋਗੀ ਨੇ ਦੈਨਿਕ ਅਖ਼ਬਾਰ ਨਾਲ ਸੰਬੰਧਿਤ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ, ਮੇਰਾ ਮਾਨਨਾ ਹੈ ਕਿ ਅਜ਼ਾਦੀ ਕੇ ਬਾਅਦ ਭਾਰਤ ਮੇਂ ਸਭ ਸੇ ਬੜਾ ਝੂਠ ਧਰਮ-ਨਿਰਪੇਖ (ਸੈਕੂਲਰ) ਹੈ - ਨਾਗਰਿਕੋਂ ਕੇ ਸਾਥ, ਭਾਰਤ ਕੇ ਲੋਗੋਂ ਕੇ ਸਾਥ! ਉਨ ਲੋਗੋਂ ਕੋ ਮਾਫੀ ਮੰਗਣੀ ਚਾਹੀਏ ਜਿਨਹੋਂ ਨੇ ਇਸ ਸ਼ਬਦ ਕੋ ਜਨਮ ਦੀਆ ਔਰ ਯੇ ਸ਼ਬਦ ਇਸਤੇਮਾਲ ਕਰਤੇ ਹੈਂ, ਕੋਈ ਵਿਵਸਥਾ ਧਰਮ ਨਿਰਪੇਕਸ਼ ਨਹੀਂ ਹੋ ਸਕਤੀ। ਜ਼ਾਹਰ ਹੈ ਕਿ ਯੋਗੀ ਇਹ ਕਹਿਣਾ ਚਾਹੁੰਦਾ ਹੈ ਕਿ ਭਾਰਤੀ ਸੰਵਿਧਾਨ ਨੂੰ ਹਿੰਦੂ ਸੰਵਿਧਾਨ ਅਨੁਸਾਰ ਮਨੂੰ ਸਿਮਰਤੀ ਅਧਾਰਿਤ ਬਣਾਇਆ ਜਾਵੇ। ਯਾਦ ਰਹੇ ਭਾਰਤ ਸੰਵਿਧਾਨ ਦੀ ਭੂਮਿਕਾ ਯਾਨੀ ਕਿ ਪਰੀਐਂਬਲ ਵਿੱਚ ਭਾਰਤ ਨੂੰ ਇਕ ਸੈਕੂਲਰ ਦੇਸ਼ ਐਲਾਨਿਆ ਗਿਆ ਹੈ। ਯੋਗੀ ਦੀ ਮੰਗ ਹੈ ਕਿਉਂਕਿ ਸੈਕੂਲਰ ਸ਼ਬਦ ਘੜਨ ਵਾਲੇ ਪਾਪੀ ਹਨ, ਇਸ ਲਈ ਇਸ ਨੂੰ ਇਸਤੇਮਾਲ ਕਰਨ ਵਾਲੇ ਮਾਫੀ ਮੰਗਣ। (ਫਤਹਿਨਾਮਾ ਦਸੰਬਰ 2017) ਉਕਤ ਬਿਆਨ ਤੋਂ ਅਦਿੱਤਿਆ ਨਾਥ ਯੋਗੀ ਦੀ ਮਨੂੰ ਸਿਮਰਤੀ ਵਾਲੀ ਮਾਨਸਿਕਤਾ ਸਾਫ਼ ਨਜ਼ਰ ਆਉਂਦੀ ਹੈ, ਜਦਕਿ ਮਨੁੱਖਤਾ ਵਿੱਚ ਵੰਡੀਆਂ ਪਾਉਣ ਵਾਲੀ ਮਨੂੰ ਸਿਮਰਤੀ ਦਾ ਸਿੱਖ ਗੁਰੂਆਂ ਨੇ ਮੁੱਢੋਂ ਹੀ ਖੰਡਨ ਕੀਤਾ ਹੋਇਆ ਹੈ।

ਇਸ ਤਰ੍ਹਾਂ 3-3-2022 ਦੇ ਪੰਜਾਬ ਟਾਈਮਜ਼ ਦੇ ਸਫ਼ਾ 21 ਉੱਤੇ ਭਾਜਪਾ ਵੱਲੋਂ ਤਰੋੜ ਮਰੋੜ ਕੇ ਲਿਖੇ ਸਿੱਖ ਇਤਿਹਾਸ ਵਿਰੁੱਧ ਸਿੱਖ ਪੰਥ ਲਾਮਬੰਦ ਹੋਵੇ ਦਾ ਹੋਕਾ ਦੇ ਸਿਰਲੇਖ ਹੇਠ ਇਕ ਖ਼ਬਰ ਛਪੀ ਸੀ, ਜਿਸ ਦਾ ਸਾਰਅੰਸ਼ ਸੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪਿਛਲੇ 14 ਦਸੰਬਰ ਨੂੰ ਕਾਸ਼ੀ ਵਿਖੇ ਵਿਸ਼ਵਨਾਥ ਕੋਰੀਡੋਰ ਦਾ ਉਦਘਾਟਨ ਕਰਨ ਸਮੇਂ ਇਕ ਕਿਤਾਬਚਾ (ਬੁੱਕਲੈਟ) ਸ੍ਰੀ ਕਾਸ਼ੀ ਵਿਸ਼ਵਨਾਥ ਧਾਮ ਦਾ ਗੌਰਵਸ਼ਾਲੀ ਇਤਿਹਾਸ ਰਿਲੀਜ਼ ਕੀਤਾ ਗਿਆ। ਜਿਸ ਵਿੱਚ ਸਿੱਖ ਇਤਿਹਾਸ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ ਗਿਆ। ਇਸ ਵਿੱਚ ਲਿਖਿਆ ਹੈ ਕਿ ਸਿੱਖ ਧਰਮ ਦੀ ਸਥਾਪਨਾ ਸਨਾਤਨ ਧਰਮ ਨੂੰ ਮੁਗ਼ਲਾਂ ਤੋਂ ਬਚਾਉਣ ਲਈ ਹੋਈ। ਖ਼ਾਲਸਾ ਪੰਥ ਦੀ ਸਾਜਨਾ ਲਈ ਚੁਣੇ ਗਏ ਪੰਜ ਪਿਆਰਿਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪਹਿਲਾਂ ਕਾਸ਼ੀ ਭੇਜਿਆ ਤਾਂ ਜੋ ਉਹ ਸਨਾਤਨ ਬਾਰੇ ਪੂਰਾ ਗਿਆਨ ਪ੍ਰਾਪਤ ਕਰ ਸਕਣ ਅਤੇ ਇਸ ਦੀ ਰੱਖਿਆ ਲਈ ਤਿਆਰ ਹੋ ਸਕਣ। ਉਕਤ ਕਿਤਾਬਚੇ ਵਿੱਚ ਦਿੱਤਾ ਗਿਆ ਇਹ ਹਵਾਲਾ ਝੂਠ ਦਾ ਪਲੰਦਾ ਹੈ, ਅਤੇ ਸਿੱਖ ਧਰਮ ਨੂੰ ਸਨਾਤਨ ਧਰਮ ਵਿੱਚ ਜਜ਼ਬ ਕਰ ਲੈਣ ਦੀ ਇਕ ਡੂੰਘੀ ਸਾਜਿਸ਼ ਹੈ ਅਤੇ ਇਹ ਕਿਤਾਬਚਾ ਸਿੱਖ ਕੌਮ ਦੀ ਨਿਆਰੀ ਤੇ ਵਿਲੱਖਣ ਹੋਂਦ ਹਸਤੀ ਨੂੰ ਮਿਟਾਉਣ ਲਈ ਨਰਿੰਦਰ ਮੋਦੀ ਵੱਲੋਂ ਇਕ ਸੰਦ ਵਜੋਂ ਵਰਤਿਆ ਜਾ ਰਿਹਾ ਹੈ। ਸਿੱਖ ਧਰਮ ਮੁਗ਼ਲਾਂ ਤੋਂ ਹਿੰਦੂਆਂ ਦੀ ਰੱਖਿਆ ਕਰਨ ਲਈ ਨਹੀਂ ਸੀ ਬਣਾਇਆ ਗਿਆ। ਇਹ ਵਿਸ਼ਵਵਿਆਪੀ ਧਰਮ ਹੈ ਜੋ ਹਰ ਤਰ੍ਹਾਂ ਦੇ ਜ਼ੁਲਮ ਦੇ ਖਿਲਾਫ਼ ਹੈ ਭਾਵੇਂ ਉਹ ਹਿੰਦੂਆਂ ਦੁਆਰਾ ਹੋਵੇ ਜਾਂ ਮੁਗ਼ਲਾਂ ਦੁਆਰਾ। ਸਿੱਖ ਧਰਮ ਮਨੁੱਖੀ ਅਧਿਕਾਰਾਂ ਦੀ ਗੱਲ ਕਰਦਾ ਹੈ ਉਹ ਭਾਵੇਂ ਕਿਸੇ ਵੀ ਧਰਮ ਵੱਲੋਂ ਹੋਵੇ।

ਸ: ਗੁਰਤੇਜ ਸਿੰਘ ਅਨੁਸਾਰ ਸਿੱਖ ਇਤਿਹਾਸ ਵਿੱਚ ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਮਿਲਦਾ ਕਿ ਪੰਜਾਂ ਪਿਆਰਿਆਂ ਨੂੰ ਸਨਾਤਨ ਧਰਮ ਦਾ ਗਿਆਨ ਪ੍ਰਾਪਤ ਕਰਨ ਲਈ ਕਾਸ਼ੀ ਭੇਜਿਆ ਗਿਆ ਹੋਵੇ। ਇਤਿਹਾਸ ਗਵਾਹ ਹੈ ਕਿ ਸਿੱਖ ਪੰਥ ਨੇ ਸਿੱਖ ਗੁਰੂਆਂ ਦੇ ਅਕੀਦੇ ਉੱਤੇ ਖਰਾ ਉਤਰਨ ਲਈ ਅਤੇ ਪੰਥ ਪ੍ਰਥਮ ਦਾ ਵਜੂਦ ਕਾਇਮ ਰੱਖਣ ਲਈ ਅਣਥੱਕ ਘਾਲਣਾਵਾਂ ਘਾਲੀਆਂ। ਮਣਾਂ ਮੂੰਹੀ ਸ਼ਹੀਦੀਆਂ ਏਸ ਰਾਹ ਚੱਲਦਿਆਂ ਹੋਇਆਂ ਮਿੱਥ ਕੇ ਦਿੱਤੀਆਂ। ਕੁਝ ਹਾਲਾਤਾਂ ਵਿੱਚ ਸ਼ਹਾਦਤ ਮਨੁੱਖਤਾ ਨਾਲ ਪ੍ਰੀਤ ਨਿਭਾਉਣ ਦਾ ਆਖਰੀ ਅੰਜਾਮ ਹੈ ਅਤੇ ਏਸ ਪੜਾਅ ਉੱਤੇ ਹਰ ਜਾਗਦੀ ਜਮੀਰ ਵਾਲੇ ਨੂੰ ਅਕਸਰ ਲੈ ਹੀ ਜਾਂਦਾ ਹੈ। ਮੌਜੂਦਾ ਸਮਿਆਂ ਤੱਕ ਸਿੱਖ ਗੁਰੂਆਂ ਦੇ ਬਚਨ ਏਸ ਤਰ੍ਹਾਂ ਪੁਗਾਉਣ ਦੀ ਰੀਤ ਖ਼ਾਲਸੇ ਵਿੱਚ ਬੜੇ ਸਿਦਕ ਨਾਲ ਜਾਰੀ ਹੈ। ਲੋਕ ਪੱਖੀ, ਨਿਆਂ ਪੱਖੀ, ਮਨੁੱਖੀ ਅਧਿਕਾਰਾਂ ਦੀ ਰਾਖੀ, ਲੋਕਾਂ ਦੇ ਸਵੈਮਾਨ ਲਈ ਹਰ ਹੀਲੇ ਜੂਝਣ ਨੂੰ ਹਰ ਚੇਤੰਨ ਸਿੱਖ ਆਪਣਾ ਧਾਰਮਿਕ ਫਰਜ਼ ਸਮਝਦਾ ਹੈ।

ਸਿੱਖ ਗੁਰੂਆਂ ਦਾ ਉਪਦੇਸ਼ ਸਰਬ-ਕਲਿਆਣਕਾਰੀ ਹੈ ਅਤੇ ਉਨ੍ਹਾਂ ਅਸੂਲਾਂ ਉੱਤੇ ਅਧਾਰਿਤ ਹੈ ਜੋ ਹਰ ਸਮਾਜ, ਹਰ ਦੇਸ਼ ਦੀ ਅਸੀਮ ਤਰੱਕੀ ਅਤੇ ਭਲੇ ਦੇ ਜਾਮਨ ਹਨ। ਇਹ ਨੂੰ ਧਾਰਣ ਕਰਕੇ ਹਰ ਮਨੁੱਖ, ਕਾਲ ਸਰਹੱਦਾਂ ਤੇ ਸਮੇਂ ਦੀਆਂ ਸੀਮਾਵਾਂ ਨੂੰ ਉਲੰਘ ਕੇ ਸੰਸਾਰ ਨਾਲ ਡੂੰਘੀ ਅਧਿਆਤਮਕ ਸਾਂਝ ਪਾ ਲੈਂਦਾ ਹੈ। ਉਹ ਇਕ ਆਲਮੀ ਹੈਸੀਅਤ ਅਖ਼ਤਿਆਰ ਕਰ ਲੈਂਦਾ ਹੈ ਜਿਸ ਅਵਸਥਾ ਵਿੱਚ ਉਸ ਨੂੰ ਸਭ ਅਕਾਲ ਦਾ ਰੂਪ ਦਿਸ ਆਉਂਦੇ ਹਨ। ਰੰਗਾਂ, ਨਸਲਾਂ, ਧਰਮਾਂ ਦੇ ਭੇਦ ਮਿੱਟ ਜਾਂਦੇ ਹਨ ਅਤੇ ਜਹ ਦੇਖਾ ਤਹ ਏਕੋ ਸੋਈ, ਦੀ ਧੁੰਨੀ ਕੁੱਲ ਆਲਮ ਵਿੱਚੋਂ ਉੱਠਦੀ ਸੁਣਾਈ ਦਿੰਦੀ ਹੈ ਅਤੇ ਉਸ ਦੀ ਸੁਰਤਿ ਨਾ ਕੋਈ ਬੈਰੀ ਨਹੀਂ ਬਿਗਾਨਾ....ਦੀ ਅਵਸਥਾ ਤੱਕ ਅਪੜ ਜਾਂਦੀ ਹੈ, ਇਕ ਪ੍ਰਭਾਵਸ਼ਾਲੀ ਬੁਲੰਦ ਨਾਅਰਾ ਬਣ ਕੇ ਇਹ ਅਕਾਲ ਫਤਹਿ ਦਾ ਸਿੰਘ ਨਾਦ ਬਣਦੀ ਹੈ (ਹਵਾਲਾ - ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇ-ਅਦਬੀ ਕੱਚਾ ਚਿੱਠਾ,

**ਬਾਕੀ ਹਿਸਾ ਅਗਲੇ ਸਫ਼ੇ 36 ਤੇ ਪੜ੍ਹੋ**

# ਪਾਠਕਾਂ ਦੇ ਪੱਤਰ

TO. H. S. Mandar
Editor, Panjab Times,
24 Cotton Brook Road,
Derby DE23 8YJ. UK.

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ । ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ । ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ । ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ । -ਡਾਇਰੈਕਟਰ, ਪੰਜਾਬ ਟਾਈਮਜ਼

## 35,000 ਗ਼ਲਤੀਆਂ ਵਾਲੇ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਦਾ ਮਸਲਾ

ਪਿਆਰੇ ਸੰਪਾਦਕ ਜੀਓ,

ਪਿਛਲੇ ਕੁਝ ਦਿਨਾਂ ਤੋਂ 'ਮਹਾਨ ਕੋਸ਼' ਦਾ ਮਸਲਾ ਬਹੁਤ ਉਲਝਿਆ ਹੋਇਆ ਹੈ। ਦੱਸਿਆ ਜਾਂਦਾ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਛਾਪੇ ਗਏ ਇਸ ਮਹਾਨ ਕੋਸ਼ ਵਿਚ ਪੈਂਤੀ ਹਜ਼ਾਰ ਗ਼ਲਤੀਆਂ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਕੀ ਇਸ ਕੋਸ਼ ਨੂੰ ਛਪਵਾਉਣ ਵਾਲੇ ਕੱਚੀ ਪੱਕੀ ਦੇ ਵਿਦਿਆਰਥੀ ਸਨ ਜੋ ਇਤਨੀਆਂ ਗ਼ਲਤੀਆਂ ਕਰ ਗਏ? ਕੀ ਭਾਸ਼ਾ 'ਤੇ ਆਧਾਰਿਤ ਇਕ ਯੂਨੀਵਰਸਿਟੀ ਦੇ ਵਿਦਵਾਨਾਂ ਲਈ ਸ਼ਰਮ ਦੀ ਗੱਲ ਨਹੀਂ? ਪੰਜਾਬ ਸਰਕਾਰ ਦਾ ਤਕਰੀਬਨ ਚਾਰ ਕਰੋੜ ਰੁਪਇਆ ਇਸ ਉੱਪਰ ਖ਼ਰਚ ਆਇਆ। ਇਹ ਵੀ ਚਰਚਾ ਹੈ ਕਿ ਇਸ ਵਿਚ ਸਿਰਫ਼ ਗ਼ਲਤੀਆਂ ਹੀ ਨਹੀਂ, ਸਿੱਖ ਸਿਧਾਂਤਾਂ ਨਾਲ ਵੀ ਛੇੜ-ਛਾੜ ਕੀਤੀ ਗਈ ਹੈ। ਜੇ ਇਹ ਸੱਚ ਹੈ ਤਾਂ ਕੀ ਜ਼ਿੰਮੇਵਾਰ ਅਧਿਕਾਰੀਆਂ ਨੂੰ ਸਜ਼ਾ ਨਹੀਂ ਮਿਲਣੀ ਚਾਹੀਦੀ? ਇਹ ਅਲੱਗ ਮਸਲਾ ਹੈ ਕਿ ਇਸ ਕੋਸ਼ ਨੂੰ ਜ਼ਮੀਨ 'ਚ ਦੱਬਿਆ ਜਾਵੇ, ਜਿਵੇਂ ਪੰਜਾਬ ਸਰਕਾਰ ਨੇ ਸਲਾਹ ਦਿਤੀ ਹੈ, ਜਾਂ ਇਸ ਨੂੰ ਸਾੜ ਦਿਤਾ ਜਾਵੇ। ਸੂਝਵਾਨ ਪਾਠਕ ਇਹ ਜਾਨਣਾ ਚਾਹੁੰਦੇ ਹਨ ਕਿ ਕੀ ਜਿਤਨੇ ਕੋਸ਼ ਛਾਪੇ ਗਏ ਸਨ ਸਾਰੇ ਹੀ ਨਸ਼ਟ ਕੀਤੇ ਜਾਣਗੇ ਜਾਂ ਕੁਝ ਕਾਪੀਆਂ ਸਿੱਖ ਸਿਧਾਂਤਾਂ ਨਾਲ ਖਿਲਵਾੜ ਕਰਨ ਵਾਲ਼ੇ ਲੋਕਾਂ ਕੋਲ ਪਹੁੰਚਾ ਦਿਤੀਆਂ ਗਈਆਂ ਹਨ, ਜਿਵੇਂ ਸ਼੍ਰੋਮਣੀ ਕਮੇਟੀ ਵਲੋਂ ਹਿੰਦੀ ਭਾਸ਼ਾ 'ਚ ਲਿਖਵਾਈ ਕਿਤਾਬ 'ਸਿੱਖ ਇਤਿਹਾਸ' ਪਹੁੰਚਾ ਦਿਤੀ ਗਈ ਸੀ। ਪਾਠਕਾਂ ਦੀ ਸ਼ੰਕਾ ਕੌਣ ਦੂਰ ਕਰੇਗਾ? ਯਾਦ ਰਹੇ ਕਿ ਇਸ ਕੋਸ਼ ਦਾ ਰੇੜਕਾ ਸੰਨ 2016 ਤੋਂ ਹੀ ਚਲ ਰਿਹਾ ਹੈ।



ਨਿਰਮਲ ਸਿੰਘ ਕੰਧਾਲਵੀ

## (ਮਿੰਨੀ ਕਹਾਣੀ)

## ਤੇ ' ਖੁਰੋਚਣਾ ਕੰਮ ਦਾ ਨਿਕਲਿਆ

ਮੇਰਾ ਜਮਾਤੀ ਬਿੱਟੂ ਜਿਸ ਨੂੰ ਕਿ ਸਕੂਲ ਵਿੱਚ ਹਰ ਮਾਸਟਰ ਤੋਂ ਅੱਛੀ ਪੜ੍ਹਾਈ ਨਾ ਕਰਨ, ਖੇਡ ਮੈਦਾਨ ਵਿੱਚ ਹਰ ਸਰੀਰਕ ਸਿੱਖਿਆ ਦੇ ਮਾਸਟਰ ਤੋਂ ਖੇਡਾਂ ਸਹੀ ਢੰਗ ਨਾਲ ਨਾ ਖੇਡਣ ਕਾਰਣ, ਘਰ ਵਿੱਚ ਘਰੇਲੂ ਸਿਖਿਆ ਵੱਲ ਵਿਸ਼ੇਸ਼ ਧਿਅਨ ਨਾ ਦੇਣ ਕਾਰਣ ਮਾਂ, ਬਾਪ ਅਤੇ ਵੱਡੇ ਭਰਾ ਤੋਂ ਅਤੇ ਦੋਸਤ ਮਿਤਰਾਂ ਤੋਂ ਆਪਣੀਆਂ ਸ਼ੈਤਾਨੀਆਂ ਅਤੇ ਗਲਤ ਹਰਕਤਾਂ ਕਾਰਨ ਅਕਸਰ ਮਾਰ ਖਾਣੀ ਪੈਂਦੀ ਸੀ। ਕਈ ਵਾਰ ਤਾਂ ਇਸ ਤਰ੍ਹਾਂ ਲੱਗਦਾ ਸੀ ਕਿ ਸ਼ਾਇਦ ਇਹ ਬੰਦਾ ਜੰਮਿਆ ਹੀ ਮਾਰ ਖਾਣ ਲਈ ਹੈ। ਕੇਰਾਂ ਉਹ ਸਾਡੇ ਨਾਲ ਸਾਈਕਲ ਤੇ ਸਕੂਲ ਤੋਂ ਘਰ ਜਾ ਰਿਹਾ ਸੀ ਅਤੇ ਆਪਣੀ ਆਦਤ ਅਨੁਸਾਰ ਸਾਈਕਲ ਨੂੰ ਪਿੰਡ ਵਾਲੀ ਲਿੰਕ ਰੋਡ ਤੇ ਘੁੰਮਾ ਘੁੰਮਾਂ ਕੇ ਚਲਾ ਰਿਹਾ ਸੀ। ਇਕ ਟਰੱਕ ਵਾਲੇ ਨੇ ਟਰੱਕ ਰੋਕ ਕੇ ਉਸ ਨੂੰ ਇਕ ਚਪੇੜ ਲਗਾਈ ਅਤੇ ਕਿਹਾ ਪੁੱਤ ਸੜਕ ਤੋਂ "ਖੁਰੋਚਣੇ" ਨਾਲ ਖਰੋਚ ਕੇ ਵੀ ਨਹੀਂ ਲੱਥਣਾ ਜੇ ਕਿਸੇ ਟਰੱਕ ਜਾਂ ਲਾਰੀ ਹੇਠ ਆ ਗਿਆ । ਉਸ ਤੋਂ ਬਾਅਦ ਅਸੀਂ ਛੇੜ ਨਾਲ ਉਸ ਦਾ ਨਾਮ ਹੀ "ਖੁਰੋਚਣਾ" ਰੱਖ ਦਿੱਤਾ। ਹੁਣ ਅਸਕਰ ਸਾਰੇ ਉਸ ਨੂੰ ਖੁਰੋਚਣਾ ਕਹਿ ਕੇ ਬੁਲਾਉਂਦੇ। ਸਮਾਂ ਬੀਤਦਾ ਗਿਆ ਸਾਰੇ ਜਮਾਤੀ ਆਪਣੇ ਕੰਮਾਂ ਕਾਰਾਂ ਵਿੱਚ ਰੁਝ ਗਏ। ਇਕ ਦਿਨ ਅਚਾਨਕ ਖਬਰਾਂ ਵੇਖਦੇ ਸਮੇਂ ਮੈਂ ਉਸ ਨੂੰ ਮੁੱਖ ਮੰਤਰੀ ਜੀ ਨਾਲ ਨਿੱਜੀ ਸੁਰੱਖਿਆ ਵਿੱਚ ਵੇਖ ਕੇ ਦੰਗ ਰਹਿ ਗਿਆ ਕਿ ਇਹ ਉਹ ਹੀ ਖੁਰੋਚਣਾ ਹੈ ਜੋ ਸਾਡੇ ਸਭ ਨਾਲੋਂ ਨਾਲਾਇਕ ਸੀ। ਕਿਉਂਕਿ ਮੈਂ ਟੈਕਸੀ ਚਲਾਉਣ ਦਾ ਕੰਮ ਕਰਦਾ ਹਾਂ,ਕਿਸੇ ਤਰ੍ਹਾਂ ਪਿੰਡ ਤੋਂ ਉਸਦਾ ਮੋਬਾਇਲ ਨੰਬਰ ਲੈ ਲਿਆ ਅਤੇ ਮੋਬਾਇਲ ਤੇ ਗੱਲ ਕੀਤੀ। ਉਸ ਵਲੋਂ ਆਖਿਆ ਗਿਆ ਕਿਤੇ ਕੋਈ ਸਮੱਸਿਆ ਹੋਵੇ ਤਾਂ ਭਰਾ ਨੂੰ ਫੋਨ ਕਰ ਲੈਣਾ।


ਇਕ ਦਿਨ ਪੁਲਿਸ ਵਾਲਿਆ ਮੇਰੀ ਟੈਕਸੀ ਰੋਕ ਕੇ ਮੈਨੂੰ ਪ੍ਰੇਸ਼ਾਨ ਕਰਨ ਲੱਗੇ ਤੇ ਅਚਾਨਕ ਮੈਨੂੰ ਖੁਰੋਚਣੇ ਦੀ ਯਾਦ ਆਈ ਅਤੇ ਮੈਂ ਉਸ ਦਾ ਨੰਬਰ ਮਿਲਾ ਕੇ ਮੌਕੇ ਦੇ ਅਫ਼ਸਰ ਨਾਲ ਉਸ ਦੀ ਗੱਲ ਕਰਵਾ ਦਿੱਤੀ । ਮੌਕੇ ਦੇ ਅਫ਼ਸਰ ਨੇ ਫੋਨ ਤੇ ਸਰ ਸਰ ਕਰਦੇ ਨੇ ਮੈਨੂੰ ਬੜੀ ਇੱਜਤ ਨਾਲ ਜਾਣ ਦਿੱਤਾ। ਮੈਂ ਵਾਪਸ ਆਪਣੀ ਟੈਕਸੀ ਵਿੱਚ ਬੈਠਾ ਅਤੇ ਸੋਚਣ ਲੱਗਾ ਯਾਰ ਇਹ "ਖੁਰੋਚਣਾ " ਦਾ ਬੜਾ ਕੰਮ ਦਾ ਨਿਕਲਿਆ ।



ਅਮਰਜੀਤ ਸਿੰਘ ਸੰਧੂ

## ਪ੍ਰਵਾਸੀ ਪੰਜਾਬੀਆਂ ਦੀਆਂ ਮੁਸ਼ਕਲ ਦਾ ਹੱਲ

ਅਸੀਂ ਸਾਰੇ ਹਰ ਵੇਲੇ ਕੋਈ ਨਾ ਕੋਈ ਖਬਰ ਨਵੀਂ ਸੁਨਣ-ਪੜ੍ਹਨ ਨੂੰ ਆਉਂਦੀ ਹੈ। ਕਈ ਵਜ਼ੀਰ ਪ੍ਰਦੇਸ਼ ਆਏ ਐਨ.ਆਰ.ਆਈ. ਵੀਰਾਂ ਦੀ ਮੁਸ਼ਕਿਲ ਹੱਲ ਕਰਨ ਲਈ ਬਹੁਤ ਵਾਰੀ ਬਿਆਨ ਦਿੱਤੇ। ਮੁੱਖ ਮੰਤਰੀ ਖਾਸ ਕਰਕੇ ਸਵਰਗੀ ਬਾਦਲ ਸਾਹਿਬ ਕਿਤਨੀ ਵਾਰ ਐਨ.ਆਰ.ਆਈ. ਸੰਮੇਲਨ ਵਿੱਚ ਕਿਹਾ ਮੇਰੇ ਦਫ਼ਤਰ ਆਉ ਤੁਹਾਡੀ ਹਰ ਤਰ੍ਹਾਂ ਦੀ ਮੁਸ਼ਕਲ ਹੱਲ ਕੀਤੀ ਜਾਵੇਗੀ। ਕਈ ਅਫ਼ਸਰ ਆਏ ਪੁਲਸ ਦੇ I.A.S. ਬੱਸ ਇਕੋ ਬਿਆਨ ਐਨ.ਆਰ.ਆਈ. ਦੀ ਮੁਸ਼ਕਲਾਂ ਦਾ ਹਰ ਹੱਲ ਕੀਤਾ ਜਾਵੇਗਾ, ਜਾਇਦਾਦ ਸੰਬੰਧੀ ਕਬਜ਼ੇ ਵਗੈਰਾ ਹਰ ਵਾਰੀ ਬਿਆਨ ਆਉਂਦੇ ਹਨ, ਅੱਜ ਤੀਕਰ ਜਾਣਦੇ ਹੋ ਹੱਲ ਕਿਤਨੇ ਮਸਲੇ ਹੋਏ, ਆਪਣਿਆਂ ਦੇ ਜਰੂਰ ਹੋਏ ਹੋਣਗੇ। ਜਿਨ੍ਹਾਂ ਜਿਹੜੇ ਇਥੇ ਆਇਆਂ ਦੀ ਸੇਵਾ ਕਰਦੇ ਉਨ੍ਹਾਂ ਦਾ ਮਾੜਾ ਮੋਟਾ ਮਸਲਾ ਹੱਲ ਹੋਇਆ ਹੋਵੇਗਾ। ਐਨ.ਆਰ.ਆਈ. ਦਾ ਮਸਲਾ ਅਦਾਲਤਾਂ ਰਾਹੀਂ ਪੁਲਸ ਡਿਪਾਰਟਮੈਂਟ ਨੂੰ ਲੈ ਕੇ ਹੱਲ ਹੁੰਦਾ ਹੈ। ਕਾਨੂੰਨ ਐਨ.ਆਰ.ਆਈ. ਦੀ ਮਦਦ ਕਰਦਾ ਹੈ ਉਸ ਨਾਲ ਥੋੜ੍ਹਾ ਫਰਕ ਜਰੂਰ ਪਿਆ ਹੈ। ਯੂਨੀਅਨ ਦਾ ਗਠਨ ਪ੍ਰਦੇਸ ਵਿੱਚ ਕਰਦੇ ਹੋ, ਪ੍ਰਦੇਸ ਵਿੱਚ ਤੁਸੀਂ ਪੰਜਾਬ ਬੈਠੇ ਐਨ.ਆਰ.ਆਈ. ਵੀਰਾਂ ਦੀ ਮਦਦ ਕਿਵੇਂ ਕਰ ਸਕਦੇ ਹੋ। ਮਸਾਲ ਦੇ ਤੌਰ 'ਤੇ ਤੁਸੀਂ ਐਨ.ਆਰ.ਆਈ. ਸਭ ਪੰਜਾਬ ਨੂੰ ਬੇਨਤੀ ਲਿਖਦੇ ਹੋ ਪੰਜਾਬ ਐਨ.ਆਰ.ਆਈ. ਸਭਾ ਦੇ ਚੇਅਰਮੈਨ ਜੋ ਕਮਿਸ਼ਨਰ ਸਾਹਿਬ I.A.S. ਹੁੰਦੇ ਹਨ ਜਿਵੇਂ ਜਲੰਧਰ ਦੇ ਕਿਉਂ ਜਲੰਧਰ ਮੇਰੇ ਖਿਆਲ ਨਾਲ ਐਨ. ਆਰ. ਆਈ. ਸਭਾ ਦਾ ਹੈਡ ਆਫਿਸ ਤੁਹਾਡੀ ਦਰਖ਼ਾਸਤ ਉਨ੍ਹਾਂ ਪਾਸ ਜਾਂਦੀ ਉਸ ਦਰਖ਼ਾਸਤ ਨੂੰ ਸੰਬੰਧਿਤ ਅਫ਼ਸਰ ਜੋ ਇੰਚਾਰਜ ਹੁੰਦਾ ਹੈ ਭੇਜਦੇ ਹਨ। ਪੁਲਸ ਸੰਬੰਧੀ ਇਨਕੁਆਰੀ ਹੁੰਦੀ ਹੈ ਉਹ ਉਸ ਜ਼ਿਲ੍ਹੇ ਦੇ ਇੰਚਾਰਜ ਪਾਸ ਜਾਂਦੀ ਹੈ ਉਹ ਇਨਕੁਆਰੀ ਕਰਦਾ ਹੈ ਜੋ ਲਿਖਦਾ ਹੈ ਰਿਪੋਰਟ ਵਾਪਸ ਆ ਜਾਂਦੀ ਹੈ, ਤੁਹਾਡੀ ਆਪਣੀ ਪੁਜ਼ੀਸ਼ਨ ਕੀ ਹੈ ਉਸ ਦਰਖ਼ਾਸਤ ਦੀ ਲਿਖਤ ਜਵਾਬ ਅਫ਼ਸਰ ਤੁਹਾਡੇ ਅਸਰ ਰਸੂਖ ਹੇਠ ਲਿਖਦਾ ਅੱਗੇ ਫੈਸਲਾ ਹੁੰਦਾ ਹੈ, ਕਈ ਦਰਖ਼ਾਸਤ ਅਜਿਹੀਆਂ ਹਨ ਜਿਨ੍ਹਾਂ ਵਿੱਚ ਐਨ.ਆਰ.ਆਈ. S.H.O. ਐਨ.ਆਰ.ਆਈ. ਦੇ ਥਾਣੇਦਾਰ ਮਰਜੀ ਮੁਤਾਬਕ ਲਿਖ ਦਿੰਦੇ ਹਨ ਐਨ.ਆਰ.ਆਈ. ਵੀਰ U.K. ਵਿੱਚ ਹੁੰਦਾ ਹੈ, ਥਾਣੇਦਾਰ ਸਾਹਿਬ ਲਿਖ ਦਿੰਦੇ ਹਨ ਕਿ ਦੋਵਾਂ ਧਿਰਾਂ ਨੂੰ ਸੱਦ ਕੇ ਫੈਸਲਾ ਕਰਵਾ ਦਿੱਤਾ, ਜ਼ਿਆਦਾ ਐਨ.ਆਰ.ਆਈ. ਦੇ ਖਿਲਾਫ਼ ਹੀ ਲਿਖਦੇ ਹਨ ਕਿਥੇ ਪੰਜਾਬ ਦੇ ਰਹਿਣ ਵਾਲੇ ਪੈਸੇ ਦੇ ਸਕਦੇ ਹਰ ਵੇਲੇ ਥਾਣੇ ਜਾ ਸਕਦੇ ਹਨ, ਪ੍ਰਦੇਸੀ ਨੇ ਦੋ ਤਿੰਨ ਹਫ਼ਤੇ ਰਹਿਣਾ ਹੈ ਪੈਸਾ ਭੀ ਦਿੰਦੇ ਹਨ ਬੇਨਤੀਆਂ ਕਰਦੇ ਹਨ ਪਰ ਕੁਝ ਨਹੀਂ ਬਣਦਾ। ਹੁਣ ਪ੍ਰਦੇਸ ਵਿੱਚ ਯੂਨੀਅਨ ਬਣਾ ਕੇ ਐਨ.ਆਰ.ਆਈ. ਵੀਰਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨਾ ਬਹੁਤ ਹੀ ਵਧੀਆ ਤਰੀਕਾ ਹੈ। ਹੋ ਸਕਦਾ ਹੋਵੇ ਗੁਰੂ ਘਰਾਂ ਦੇ ਪ੍ਰਧਾਨ ਨੂੰ ਕਮਿਸ਼ਨਰ ਸਾਹਿਬ ਉਨਾਂ ਦਾ ਹੁਕਮ ਮੰਨਣ ਲੱਗ ਪੈਣ, ਸਾਰੇ ਪੰਜਾਬ ਵਿੱਚ ਐਨ.ਆਰ.ਆਈ. ਵੀਰਾਂ ਨਾਲ ਧੱਕੇ ਸ਼ਾਹੀ ਹੁੰਦੀ ਲਈ ਬਹੁਤ ਕੁਝ ਕਰਦੇ ਹਨ ਪਰ ਪਰਨਾਲਾ ਉਥੇ ਦਾ ਉਥੇ। ਇਹ ਕੰਮਾਂ ਦਾ ਹੱਲ ਵਗੈਰ ਸਖ਼ਤ ਕਾਨੂੰਨ ਬਣਾਏ ਉਨ੍ਹਾਂ ਨੂੰ ਜਲਦੀ ਲਾਗੂ ਕਰਨਾ ਹੀ ਹੋ ਸਕਦਾ ਹੈ। ਅਫ਼ਸਰਸ਼ਾਹੀ ਅਤੇ ਅਫ਼ਸਰਸ਼ਾਹੀ ਦੇ ਚੇਲੇ ਸਿਆਸੀ ਲੀਡਰਾਂ ਵਗੈਰ ਕਿਹੜਾ ਕੰਮ ਹੋ ਸਕਦਾ ਹੈ ਕੋਈ ਭੀ ਕੰਮ ਹੋਣਾ ਮੁਸ਼ਕਿਲ ਨਹੀਂ ਅਸੰਭਵ ਹੈ। ਵੈਸੇ ਗੁਰੂ ਕਰੇ ਇਹ ਯੂਨੀਅਨ ਦਾ ਗਠਨ ਵੱਡੇ ਤੋਂ ਵੱਡਾ ਹੋਵੇ। ਇਥੇ U.K. ਵਿੱਚ ਬੈਠੇ ਹਰ ਵੀਰ ਦਾ ਕੰਮ ਉਨ੍ਹਾਂ ਘਰ ਆ ਕੇ ਕਰਵਾਉਣ ਅਸੀਂ ਵਾਹਿਗੁਰੂ ਅੱਗੇ ਬੇਨਤੀ ਕਰਾਂਗਾ ਅਰਦਾਸਾ ਕਰਾਂਗਾ ਕਿ ਇਹ ਇਸ ਹੋ ਸਕੇ ਜਦੋਂ ਹੋਵੇਗਾ ਫਿਰ ਦੇਖਿਆ ਜਾਵੇ-ਗੀ। ਗੱਲ ਬਾਤਾਂ ਨਾਲ ਸਾਰੇ ਕੰਮ ਹੋ ਜਾਂਦੇ ਹਨ-ਪਰ, ਉਪਰੋਕਤ ਗਲਤੀ ਮੁਆਫ਼



ਆਪ ਦਾ ਦਾਸ

-ਕੁਲਤਾਰ ਸਿੰਘ ਜੋਗੀ

35 ਸਫ਼ੇ ਦੀ ਬਾਕੀ

ਪੰਥਕ ਅਸੈਂਬਲੀ ਸ੍ਰੀ ਅੰਮ੍ਰਿਤਸਰ, ਸੰਪਾਦਕ, ਗੁਰਤੇਜ ਸਿੰਘ ਤੇ ਜਸਪਾਲ ਸਿੰਘ ਸਿੱਧੂ ਪੱਤਰਕਾਰ) 1469 ਤੋਂ 1699 ਤੇ 1699 ਤੋਂ 1708 ਤੱਕ ਦਾ ਗੁਰ ਇਤਿਹਾਸ ਗਵਾਹ ਹੈ ਕਿ ਨਾ ਤਾਂ ਸਿੱਖ ਗੁਰੂ ਰਾਸ਼ਟਰਵਾਦੀ ਹਨ ਅਤੇ ਨਾ ਹੀ ਉਨ੍ਹਾਂ ਦੇ ਸਿੱਖ ਰਾਸ਼ਟਰਵਾਦੀ ਹਨ ਤੇ ਨਾ ਹੀ ਸਿੱਖ ਗੁਰੂਆਂ ਨੇ ਸਨਾਤਨ ਧਰਮ ਬਚਾਉਣ ਲਈ ਆਪਣਾ ਬਲੀਦਾਨ ਦਿੱਤਾ। ਗੁਰੂ ਅਰਜਨ ਪਾਤਸ਼ਾਹ ਤੇ ਗੁਰੂ ਤੇਗ਼ ਬਹਾਦਰ ਸਾਹਿਬ ਨੇ, ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ (ਅੰਕ 966) ਦੇ ਹਲੇਮੀ ਰਾਜ ਦੇ ਸੰਕਲਪ ਦੀ ਪੂਰਤੀ ਲਈ ਆਪਣੇ ਪੰਜ ਭੌਤਿਕ ਸਰੀਰਾਂ ਦੀਆਂ ਸ਼ਹਾਦਤਾਂ ਦਿੱਤੀਆਂ। ਅੰਤ ਵਿੱਚ ਦਾਸ ਦੇ ਨਿਜੀ ਵਿਚਾਰ ਹਨ ਕਿ ਖਾਲਿਸਤਾਨ ਬਣਾਉਣ ਤੇ ਪੰਜਾਬ ਬਚਾਉਣ ਦੇ ਨਾਲ ਪੰਥ ਪ੍ਰਥਮ ਦੇ ਵਜੂਦ ਅਤੇ ਦਸ਼ਮੇਸ਼ ਪਿਤਾ ਦੇ ਖ਼ਾਲਸਾ ਪੰਥ ਨੂੰ ਬਖ਼ਸ਼ਿਸ਼ ਕੀਤੇ ਗੁਰੂ ਗ੍ਰੰਥ, ਗੁਰੂ ਪੰਥ ਦੇ ਸਿੱਖੀ ਵਿਧਾਨ ਨੂੰ ਬਚਾਉਣਾ ਵੀ ਅਤਿ ਜਰੂਰੀ ਹੈ। ਦਸ਼ਮੇਸ਼ ਪਿਤਾ ਦੇ ਬਖ਼ਸ਼ਿਸ਼ ਕੀਤੇ ਵਿਧਾਨ ਨੂੰ ਪਿੱਠ ਦੇ ਕੇ ਖ਼ਾਲਸਾ ਆਪਣੀ ਖ਼ਾਲਸਾ ਰਾਜ ਦੀ ਮੰਜ਼ਿਲ ਤੱਕ ਨਹੀਂ ਪਹੁੰਚ ਸਕੇਗਾ।

ਭੁੱਲਾਂ ਚੁੱਕਾਂ ਦੀ ਖਿਮਾਂ

ਗੁਰੂ ਪੰਥ ਦਾ ਦਾਸ

ਜਥੇਦਾਰ ਮਹਿੰਦਰ ਸਿੰਘ ਯੂ.ਕੇ

**ਨੋਟ**-ਯੋਗੀ ਦਾ ਬਿਆਨ ਯੂ ਟਿਊਬ ਤੇ ਦੇਖਿਆ ਜਾ ਸਕਦਾ ਹੈ।


* * * * * *

– ਲੇਖਕ –
ਗਿਆਨੀ
ਗੁਰਦਿੱਤ ਸਿੰਘ



# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਦੇਵਦਾਸੀਆਂ ਦੀ ਰੀਤ ਨੇ ਸਰਗੁਣ ਭਗਤੀ ਨੂੰ ਵਿਲਾਸੀ ਰੂਪ ਬਣਾ ਧਰਿਆ। ਇਹ ਪ੍ਰਥਾ ਸਮਾਜ ਲਈ ਅਤਿਅੰਤ ਸ਼ਰਮਨਾਕ ਪਤਨ ਦਾ ਕਾਰਨ ਬਣੀ । ਮੰਦਰਾਂ ਵਿੱਚ ਸੈਂਕੜੇ ਦੇਵਦਾਸੀਆਂ ਦਾ ਰਹਿਣਾ ਜਿਥੇ ਮੰਦਰਾਂ ਨੂੰ ਬਿਭਚਾਰ ਦੇ ਅੱਡੇ ਬਨਾਉਣ ਦੀ ਪ੍ਰਕ੍ਰਿਆ ਨਾਲ ਜੁੜਿਆ । ਉਥੇ ਹਮਲਾਵਰ ਮੁਸਲਮਾਨਾਂ ਲਈ ਲੁੱਟ ਮਾਰ ਕਰਕੇ ਧੰਨ ਪ੍ਰਾਪਤੀ ਦੇ ਨਾਲ ਹੀ ਜੁਆਨ ਔਰਤਾਂ ਦੇ ਝੁੰਡਾਂ ਵਿੱਚੋਂ ਮਨ ਭਾਉਂਦੀ ਚੋਣ ਕਰਨ ਲਈ ਖੁੱਲ੍ਹਾ ਸੱਦਾ ਸੀ। ਜਗਨ ਨਾਥ ਮੰਦਰ ਦੀ ਲੁੱਟ ਵੇਲੇ ਜਿਥੋਂ ਕਰੋੜਾਂ ਦੇ ਜਵਾਹਰ ਲੁਟੇਰਿਆਂ ਦੇ ਹੱਥ ਆਏ ਪੰਜ ਸੌ ਦੇਵਦਾਸੀਆਂ ਭੀ ਉਨ੍ਹਾਂ ਉਧਾਲੀਆਂ ਸਨ ।**




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–9**

ਅਨੰਦ ਭੋਗ, ਸਖੀਆਂ ਲਈ ਤਾਂ ਪਰਮ ਸੁੱਖਦਾਈ ਹੈ ਹੀ ਸੀ, ਪੁਰਖ ਭੀ ਰਾਧਾ ਤੇ ਗੋਪੀਆਂ ਦਾ ਰੂਪ ਧਾਰਨ ਕਰਕੇ ਸਖੀਆਂ ਅਤੇ ਸਖੇ ਬਣਕੇ ਰੂਪ ਮਧਰਤਾ ਦਾ ਰੱਸ ਮਾਣਨ ਲੱਗੇ। ਕ੍ਰਿਸ਼ਨ ਜੀ ਕਾਮ ਤੋਂ ਉਪਰ ਨਿਹਕਲੰਕ ਹੈ ਹੀ ਸਨ, ਸਖੀ ਭਾਵਨਾ ਨੂੰ ਭੀ ਕਾਮਭੋਗ ਤੋਂ ਨਿਰਲੇਪ ਦੱਸਿਆ ਜਾਣ ਲੱਗਾ। ਸਖੀ ਲਛਣਾ ਭਗਤੀ ਦੀ ਇਤਨੀ ਜ਼ੋਰਦਾਰ ਲਹਿਰ ਚੱਲੀ ਕਿ ਮੱਧ–ਕਾਲੀਨ ਸਾਹਿਤ ਉੱਤੇ ਇਹ ਭਾਵਨਾ ਤਿਰਬਰੇ ਵਾਂਗ ਛਾ ਗਈ। ਹਰ ਪਾਸੇ, ਜੈ ਰਾਧੇ ਦੀਆਂ ਗੂੰਜਾਂ ਪੈਣ ਲੱਗੀਆਂ, ਵੈਸ਼ਨਵ ਮੱਤ ਦੀ ਸਹਜੀਆ ਸੰਪਰਦਾਏ ਦਾ ਕਥਨ ਹੈ:– ਹਰ ਪੁਰਖ ਕ੍ਰਿਸ਼ਨ ਹੈ, ਹਰ ਇਸਤ੍ਰੀ ਰਾਧਾ ਹੈ।

ਭਗਤੀ ਮੱਤ ਦੇ ਗ੍ਰੰਥਾਂ ਵਿੱਚ ਰਾਧਾ ਭਗਤੀ ਦੇ ਵਿਰਤਾਂਤ ਬੜੇ ਅਚੰਭੇ ਭਰੇ ਮਿਲਦੇ ਹਨ। ਰਾਮ ਭਗਤੀ ਸ਼ਾਖਾ (ਸਫ਼ਾ 11, ਬਿਹਾਰ ਰਾਸ਼ਟਰ ਪ੍ਰੀਸ਼ਦ ਪਟਨਾ) ਵਿੱਚੋਂ ਇਕ ਪੜ੍ਹਨ ਯੋਗ ਟੂਕ ਇਸ ਤਰ੍ਹਾਂ ਹੈ :–

ਬੰਗਾਲ ਕੇ ਸ੍ਰੀ ਨਿਵਾਸ ਅਚਾਰੀਆ ਏਕ ਸਮਯ ਸੂਖਮ ਦੇਹ ਸੇ ਕ੍ਰਿਸ਼ਨ ਜੀ ਕੋ ਪਿਆਰ ਕਰ ਰਹੇ ਥੇ। ਉਨ੍ਹੋਂ ਨੇ ਦੇਖਾ ਸ੍ਰੀ ਕ੍ਰਿਸ਼ਨ ਜੀ ਗੋਪੀਉਂ ਕੇ ਸੰਗ ਜਲ ਕ੍ਰੀੜਾ ਕਰ ਰਹੇ ਹੈਂ। ਸ੍ਰੀ ਰਾਧਾ ਜੀ ਕੇ ਏਕ ਕਾਨ ਕਾ ਕੁੰਡਲ ਜਲ ਮੇਂ ਗਿਰ ਪੜਾ, ਸਖੀਆਂ ਖੋਜਨੇ ਲਗੀ। ਭਾਵਨਾ ਦੇਹ ਮੇਂ ਸਾਰਾ ਕੁੰਡ ਸ੍ਰੀ ਨਿਵਾਸ ਜੀ ਭੀ ਦੇਖ ਰਹੇ ਥੇ। ਬ੍ਰਹਮ ਦ੍ਰਿਸ਼ਟੀ ਸੇ ਇਸ ਸਾਧਨਾ ਮੇਂ ਜੁੱਟੇ ਰਹੇ। ਇਤਨੇ ਮੇਂ ਰਾਮਚੰਦਰ ਕਵੀਰਾਜ ਭੀ ਪਹੁੰਚ ਗਏ, ਵੋ ਭੀ ਇਸੀ ਸਾਧਨਾ ਮੇਂ ਜੁੱਟ ਗਏ। ਰਾਮਚੰਦਰ ਜੀ ਕੋ ਕਮਲ ਪੱਤਰ ਕੇ ਨੀਚੇ ਸੇ ਵਹਿ ਕੁੰਡਲ ਮਿਲ ਗਿਆ। ਉਨ੍ਹੋਂ ਨੇ ਸ੍ਰੀ ਨਿਵਾਸ ਕੀ ਸੂਖਮ ਦੇਹ ਕੇ ਹਾਥ ਦੇ ਦੀਆ। ਸ੍ਰੀ ਨਿਵਾਸ ਜੀ ਨੇ ਰਾਧਾ ਜੀ ਕੋ ਸੌਂਪ ਦੀਆ। ਸਖੀ ਮੰਡਲ ਮੇਂ ਸਨੇਹ ਕੀ ਤਰੰਗ ਉਠਣੇ ਲਗੀ। ਰਾਧਾ ਜੀ ਨੇ ਖੁਸ਼ ਹੋ ਕੇ ਆਪਣੇ ਮੂੰਹ ਕਾ ਪਾਨ, ਜੋ ਵੋਹ ਚਬਾ ਰਹੀ ਥੀ, ਇਨਾਮ ਕੇ ਤੌਰ ਪੇ ਇਸ ਸਾਧਕ ਕੋ ਦੇ ਦੀਆ। ਜਬ ਸਾਧਕ ਸੋਏ ਹੂਏ ਪ੍ਰਾਨੀ ਜੈਸੇ ਉਠੇ ਤੋ ਰਾਧਾ ਜੀ ਕਾ ਬਖ਼ਸ਼ਾ ਹੂਆ ਪਾਨ ਸੱਚਮੁੱਚ ਉਨਹੋਂ ਕੇ ਮੂੰਹ ਮੇਂ ਥਾ। ਇਹ ਸੀ ਰਾਧਾ ਭਗਤੀ ਦਾ ਸਰੂਪ। ਇਹ ਸੀ ਸਾਧਨਾ ਦੇ ਫਲ ਦੀ ਪ੍ਰਾਪਤੀ ਕਿਉਂਕਿ ਕ੍ਰਿਸ਼ਨ ਭਗਤੀ ਵਿੱਚ ਰਾਧਾ ਦੀ ਜੈ ਜੈ ਕਾਰ ਹੋ ਰਹੀ ਸੀ, ਰਾਮ ਭਗਤੀ ਸ਼ਾਖਾ ਦੇ ਭਗਤਾਂ ਦੇ ਪਰਮ ਪਵਿੱਤਰ ਆਦਰਸ਼ ਪਤਨੀ ਮੰਨੀ ਜਾਂਦੀ ਸੀਤਾ ਮਾਤਾ ਜੀ ਨੂੰ ਭੀ ਰਾਧਾ ਵਾਂਗ ਮਧੁਰਤਾ ਰੱਸ ਵਾਲੇ ਜੀਵਨ ਦੇ ਕਟਾਖਸ਼ੀ ਮੰਡਲ ਵਿੱਚ ਵਲ੍ਹੇਟ ਲਿਆ।

ਭਗਤੀ ਸਾਹਿਤ ਦੇ ਵਿਚਾਰਕਾਂ ਨੇ ਨਾਰੀ ਤਤ੍ਵ ਦੇ ਦਖਲ ਵਾਲੀ ਭਗਤੀ ਨੂੰ ਲਕਸ਼ਣਾ ਭਗਤੀ ਦਾ ਨਾਂ ਦਿੱਤਾ ਹੈ। ਲਕਸ਼ਣਾ ਭਗਤੀ ਜਾਂ ਕਲਛਣਾਂ ਭਗਤੀ ਤੋਂ ਰਾਮ ਭਗਤੀ ਪ੍ਰਭਾਵਤ ਹੋ ਜਾਣ ਤੋਂ ਵਿਦਵਾਨਾਂ ਵੱਲੋਂ ਪ੍ਰਸੰਨਤਾ ਪ੍ਰਗਟ ਕੀਤੀ ਜਾਂਦੀ ਰਹੀ। ਹਿੰਦੀ ਸਾਹਿਤ ਕਾ ਇਤਿਹਾਸ ਵਿੱਚ ਰਾਮਚੰਦਰ ਸ਼ੁਕਲਾ ਨੇ ਲੱਛਣਾ ਭਗਤੀ ਦਾ ਰੂਪ ਦਿੰਦਿਆਂ ਲਿਖਿਆ ਹੈ :–

ਨਿਰਸੰਦੇਹ ਯਹ ਪ੍ਰਸ਼ੰਸਾ ਕੀ ਬਾਤ ਹੈ, ਵੈਸ਼ਣਵੋਂ ਕੀ ਕ੍ਰਿਸ਼ਨ ਭਗਤੀ ਸ਼ਾਖ ਨੇ ਕੇਵਲ ਪ੍ਰੇਮ ਲਛਣਾ ਭਕਤੀ ਕੀ। ਫਲ ਯਹਿ ਹੂਆ ਕੀ ਉਸ ਨੇ ਅਸ਼ਲੀਲ ਬਿਲਾਸਤਾ ਕੀ ਪ੍ਰਵਿਰਤੀ ਜਗਾਈ। ਰਾਮ ਭਕਤੀ ਸ਼ਾਖਾ ਮੇਂ ਭਕਤੀ ਸਰਵਾਂਗ ਪੂਰਨ ਰਹੀ। ਇਸ ਸੇ ਵਹਿ ਵਿਕ੍ਰਿਤਿ ਨਾ ਹੋਣੇ ਪਾਏ। ਹਿੰਦੀ ਸਾਹਿਤ ਕਾ ਇਤਿਹਾਸ, ਸਕੂਲ, ਅਨੁਸਾਰ, ਰਾਮ ਭਗਤ ਸਾਹਿਤਯ ਮੇਂ ਮਧੁਰ ਉਪਾਸ਼ਨਾ, ਗ੍ਰੰਥ ਕੇ ਲੇਖਕ, ਨੇ ਰਾਮ ਜੀ ਅਤੇ ਸੀਤਾ ਬਾਰੇ, ਕਾਮ ਕ੍ਰੀੜਾ ਵਾਲੇ ਟੇਢੀ ਅਦਾ ਵਾਲੇ ਸਾਹਿਤ ਦੇ ਟੋਟਕੇ ਉਸ ਗ੍ਰੰਥ ਵਿੱਚ ਦੇ ਕੇ ਆਚਰਣ ਪੱਖੋਂ ਭਲੇ ਮਾਣਸ ਮੰਨੇ ਜਾਂਦੇ, ਰਾਮ ਚੰਦਰ ਤੇ ਸੀਤਾ ਰਾਮ ਦੀ ਜੋੜੀ ਦੇ ਸਬੰਧਾਂ ਨੂੰ ਭੀ ਕਲੂਖਤ ਕਰ ਦਿੱਤਾ।

ਸੱਚ ਤਾਂ ਇਹ ਹੈ ਕਿ, ਲੋਕ ਭਗਤੀ ਰਾਧਾ ਕ੍ਰਿਸ਼ਨ ਦੀ ਲੀਲਾ ਨੂੰ ਹੀ ਮੰਨਦੇ ਹਨ। ਸਰਗੁਣ ਵਾਦੀ–ਅਵਤਾਰ ਭਗਤੀ ਦੇ ਅਰਾਧਕਾਂ ਅਤੇ ਲਿਖਾਰੀਆਂ ਨੇ ਨਿਰਗੁਣ ਭਗਤੀ ਦੀ ਅਰੂਪਤਾ ਉੱਤੇ ਕਟਾਖਸ਼ ਕੀਤੇ ਹਨ। ਉਪਰ ਦੱਸੀ ਲੱਛਣ ਭਗਤੀ ਦੇ ਅੰਗਾਂ ਦਾ ਪ੍ਰਭਾਵ ਇਹ ਪਿਆ ਰਾਮ ਭਗਤੀ ਨਾਲ ਹੀ, ਕ੍ਰਿਸ਼ਨ ਭਗਤੀ ਜਿਹੀਆਂ ਲੀਲਾ, ਨਾਲ ਭੀ ਵਾਸ਼ਨਾ ਅਤੇ ਕੁਚੇਸ਼ਟਾ ਤੇ ਕਾਮ ਕ੍ਰੀੜਾ ਜੋੜੀਆਂ ਜਾਣ ਲੱਗੀਆਂ। ਰਾਮਚੰਦਰ ਸ਼ੁਕਲਾ ਨੇ ਅਜਿਹੇ ਲੋਕਾਂ ਦੇ ਕਰਤੱਵ ਤੋਂ ਦੁਖੀ ਹੋ ਕੇ ਹੀ ਲਿਖਿਆ ਹੈ :–

ਆਜਕਲ ਕੁਛ ਲੋਗੋਂ ਨੇ ਕ੍ਰਿਸ਼ਨ ਸ਼ਾਖਾ ਦਾ ਅਨੁਕਰਨ ਕਰਕੇ ਉਸ ਰਾਮਭਗਤੀ ਮੇਂ ਭੀ ਮਧੁਰ ਭਾਵ ਕਾ ਗਹੁ (ਗੁਹਝ) ਰਹੱਸਯ, ਘੁਮਾਨੇ ਕਾ ਉਪਯੋਗ ਕੀਯਾ ਹੈ, ਜਿਸਸੇ ਸਖੀ ਸੰਪਰਦਾਏ ਨਿਕਲ ਪੜੀ ਹੈ, ਔਰ ਰਾਮ ਕੀ ਤਿਰਛੀ ਚਿਤਵਨ ਔਰ ਬਾਂਕੀ ਅਦਾ ਕੇ ਗੀਤ ਗਾਏ ਜਾਨੇ ਲਗੇ ਹੈਂ।

ਇਸੇ ਪ੍ਰਸੰਗ ਵਿੱਚ ਅੱਗੇ ਜਾ ਕੇ ਲਿਖਿਆ ਹੈ:–

ਸ੍ਰੀ ਮਦ ਭਾਗਵਤ ਗ੍ਰੰਥ ਮੇਂ ਸ੍ਰੀ ਕ੍ਰਿਸ਼ਨ ਕੇ ਮਧੁਰ ਰੂਪ ਕਾ ਵਿਸ਼ੇਸ਼ ਵਰਨਣ ਹੋਨੇ ਸੇ, ਭਗਤੀ ਛੇਤ੍ਰ ਮੇਂ ਗੋਪੀਉਂ ਕੇ ਢੰਗ ਕੇ ਮਧੁਰਯ ਭਾਵ ਕਾ ਰਾਸਤਾ ਖੁਲ੍ਹਾ। ਇਸਕੇ ਪ੍ਰਚਾਰ ਮੇਂ ਦਖਸ਼ਣ ਮੇਂ ਮੰਦਰੋਂ ਕੀ ਦੇਵਦਾ–ਸੀਉਂ ਕੀ ਪ੍ਰਥਾ ਵਿਸ਼ੇਸ਼ ਰੂਪ ਸੇ ਸਹਾਇਕ ਹੂਈ। ਮਾਤਾ ਪਿਤਾ ਲੜਕੀਉਂ ਕੋ ਮੰਦਰੋਂ ਮੇਂ ਚੜ੍ਹਾ ਜਾਤੇ ਥੇ। ਉਨ੍ਹ ਕਾ ਵਿਵਾਹ ਭੀ ਠਾਕਰ ਕੇ ਸਾਥ ਹੋ ਜਾਤਾ ਥਾ। ਇਨ ਕੇ ਲੀਏ ਮੰਦਰ ਮੇਂ ਸਥਾਪਤ ਭਗਵਾਨ ਕੀ ਉਪਾਸ਼ਨਾ ਪਤੀ ਕੇ ਰੂਪ ਮੇਂ ਵਿਧੇਯ ਥੀ।

ਦੇਵਦਾਸੀਆਂ ਦੀ ਰੀਤ ਨੇ ਸਰਗੁਣ ਭਗਤੀ ਨੂੰ ਵਿਲਾਸੀ ਰੂਪ ਬਣਾ ਧਰਿਆ। ਇਹ ਪ੍ਰਥਾ ਸਮਾਜ ਲਈ ਅਤਿਅੰਤ ਸ਼ਰਮਨਾਕ ਪਤਨ ਦਾ ਕਾਰਨ ਬਣੀ। ਮੰਦਰਾਂ ਵਿੱਚ ਸੈਂਕੜੇ ਦੇਵਦਾਸੀਆਂ ਦਾ ਰਹਿਣਾ ਜਿਥੇ ਮੰਦਰਾਂ ਨੂੰ ਬਿਭਚਾਰ ਦੇ ਅੱਡੇ ਬਨਾਉਣ ਦੀ ਪ੍ਰਕ੍ਰਿਆ ਨਾਲ ਜੁੜਿਆ। ਉਥੇ ਹਮਲਾਵਰ ਮੁਸਲਮਾਨਾਂ ਲਈ ਲੁੱਟ ਮਾਰ ਕਰਕੇ ਧੰਨ ਪ੍ਰਾਪਤੀ ਦੇ ਨਾਲ ਹੀ ਜੁਆਨ ਔਰਤਾਂ ਦੇ ਝੁੰਡਾਂ ਵਿੱਚੋਂ ਮਨ ਭਾਉਂਦੀ ਚੋਣ ਕਰਨ ਲਈ ਖੁੱਲ੍ਹਾ ਸੱਦਾ ਸੀ। ਜਗਨ ਨਾਥ ਮੰਦਰ ਦੀ ਲੁੱਟ ਵੇਲੇ ਜਿਥੋਂ ਕਰੋੜਾਂ ਦੇ ਜਵਾਹਰ ਲੁਟੇਰਿਆਂ ਦੇ ਹੱਥ ਆਏ ਪੰਜ ਸੌ ਦੇਵਦਾਸੀਆਂ ਭੀ ਉਨ੍ਹਾਂ ਉਧਾਲੀਆਂ ਸਨ।

ਦੇਵਦਾਸੀਆਂ ਵਿੱਚੋਂ ਇਕ ਪ੍ਰਸਿੱਧ ਭਗਤਨੀ, ਜਿਸ ਨੂੰ ਦੱਖਣ ਦੀ ਮੀਰਾਂ ਕਿਹਾ ਜਾਂਦਾ ਹੈ, ਅੰਡਾਲ ਕਹਿੰਦੀ ਹੈ :–

ਅਬ ਮੈਂ ਪੂਰੀ ਜੁਆਨ ਹੋ ਗਈ ਹੂੰ ਔਰ ਕ੍ਰਿਸ਼ਨ ਕੇ ਅਤਿਰਿਕਤ ਔਰ ਕਿਸੀ ਕੋ ਆਪਣਾ ਪਤੀ ਨਹੀਂ ਬਣਾ ਸਕਤੀ। ਕਿਹੀ ਮਜਬੂਰੀ ਹੈ ਇਸ ਭਗਤਣੀ ਦੇ ਬੋਲਾਂ ਵਿੱਚ? ਪ੍ਰੰਤੂ ਭਗਤੀ ਦੀ ਨਿਸ਼ਠਾ ਦੀ ਕਿਤਨੀ ਪਰਬਲ ਦ੍ਰਿੜਤਾ ਹੈ।

ਜੋਬਨ ਮੱਤੀਆਂ ਦੇਵਦਾਸੀਆਂ ਦੀ ਅਜਿਹੀ ਭਾਵਨਾ, ਖਿਆਲੀ ਉਪਾਸ਼ਨਾ ਕਿਤਨੇ ਦਿਨ ਮਾਨਵੀ ਪ੍ਰਕਿਰਿਆ ਤੋਂ ਦੂਰ ਰਹਿ ਸਕਦੀ ਸੀ?

***ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ***

**ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥**

**ਵੱਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ।।**

*ਗੁ: ਗ੍ਰੰ: ਸਾ: ਪੰਨਾ*

**ਜੁੱਗੋ ਜੁਗ ਅਟੱਲ ਚਵਰ, ਛਤਰ, ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਸਮੂਹ ਸਿੱਖ ਜਗਤ ਨੂੰ ਲੱਖ ਲੱਖ ਵਧਾਈ ਹੋਵੇ**



ਸਤੰਬਰ 1604 ਈ: ਨੂੰ ਗੁਰੂ ਅਰਜਨ ਪਾਤਸ਼ਾਹ ਜੀ ਨੇ ਜਦੋਂ ਦਰਬਾਰ ਸਾਹਿਬ ਵਿਖੇ ਆਦਿ ਗ੍ਰੰਥ ਦਾ ਚੰਦੋਆ ਲਾ ਕੇ ਪੀੜ੍ਹਾ ਸਾਹਿਬ ਉੱਤੇ ਪ੍ਰਕਾਸ਼ ਕੀਤਾ ਤਾਂ ਹੁਕਮ–ਨਾਮਾ ਬਾਬਾ ਬੁੱਢਾ ਜੀ ਨੇ ਲਿਆ ਤੇ ਚੌਰ ਗੁਰੂ ਅਰਜਨ ਪਾਤਸ਼ਾਹ ਜੀ ਨੇ ਆਪ ਕੀਤਾ ।

ਗੁਰੂ ਨਾਨਕ ਦੇ ਪੰਜਵੇਂ ਸਰੂਪ ਗੁਰੂ ਅਰਜਨ ਦੇਵ ਜੀ ਨੇ ਪੀੜ੍ਹਾ ਸਾਹਿਬ (ਸਿੰਘਾਸਨ) ਚੰਦੋਆ (ਛਤਰ) ਅਤੇ ਚੌਰ ਦੀ ਸੰਕੇਤਕ ਮਰਿਯਾਦਾ ਨਿਰਧਾਰਤ ਕਰਕੇ ਇਹ ਸਪੱਸ਼ਟ ਕਰ ਦਿੱਤਾ ਕਿ ਆਦਿ ਗ੍ਰੰਥ ਕੇਵਲ ਧਾਰਮਿਕ ਗ੍ਰੰਥ ਹੀ ਨਹੀਂ ਸਗੋਂ ਜੁੱਗੋ ਜੁਗ ਅਟੱਲ ਚੱਵਰ ਛੱਤਰ ਦੇ ਮਾਲਕ ਪੋਥੀ ਪ੍ਰਮੇਸ਼ਰ ਕਾ ਥਾਨ ਹੈ ਅਰਥਾਤ :

ਬਾਣੀ ਗੁਰੂ ਗੁਰੂ ਹੈ ਬਾਣੀ ॥ ਵਿਚਿ ਬਾਣੀ ਅੰਮ੍ਰਿਤ ਸਾਰੇ ॥ ਗੁ: ਗ੍ਰੰ: ਸਾ: ਪੰਨਾ 982


ਸ਼ਬਦ ਗੁਰੂ ਦੀ ਸਥਾਪਨਾ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਇਸ ਸ਼ਬਦ ਦੁਆਰਾ ਦਿੱਤੀ ਸੀ :

ਸਬਦੁ ਗੁਰੂ, ਸੁਰਤਿ ਧੁਨਿ ਚੇਲਾ ॥

ਅਤੇ ਗੁਰ ਸੰਗੀਤ ਬਾਣੀ ਬਿਨਾ ਦੂਜੀ ਓਟ ਹਹਿ ਰਾਈ । ਗੁਰੂ ਨਾਨਕ ਸਾਹਿਬ ਦੇ ਉਕਤ ਮੁਬਾਰਕ ਸ਼ਬਦ ਗੁਰੂ ਦੇ ਲੋਕਤੰਤਰ ਦਾ ਸੰਕਲਪ ਤਾਂ ਦੱਸਦੇ ਹਨ, ਨਾਲੋ ਨਾਲ ਗੁਰੂ ਗ੍ਰੰਥ, ਗੁਰੂ ਪੰਥ ਦਾ ਬੀਜ ਬੀਜਦੇ ਹਨ । ਗੁਰੂ ਨਾਨਕ ਪਾਤਸ਼ਾਹ ਦੇ ਇਸ ਸਿਧਾਂਤਕ ਬੀਜ ਫਲ ਸਰੂਪ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਸਮੇਂ ਖ਼ਾਲਸਾ ਪੰਥ ਨੂੰ ਪੈਗਾਮ ਦਿੱਤਾ ਸੀ ਆਤਮਾ ਗ੍ਰੰਥ ਵਿੱਚ ਸਰੀਰ ਪੰਥ ਵਿੱਚ ਅਤੇ ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ । ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਪੁਰਬ, ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ ਦਾ ਪ੍ਰਤੀਕ ਹੈ ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥


**ਜਥੇਦਾਰ ਮਹਿੰਦਰ ਸਿੰਘ ਖਹਿਰਾ, ਕਵੈਂਟਰੀ**



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-16

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ
## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

**ਸਿੱਖਾਂ ਨੂੰ ਆਪਣੇ ਰਾਜ ਲਈ ਫ਼ੌਜ ਰੂਪ ਵਿੱਚ ਵੀ ਜਥੇਬੰਦਕ ਕਰ ਤਿਆਰ ਕੀਤਾ ਸੀ। ਇਸ ਲਈ ਗੁਰੂ ਹਰਿਰਾਇ ਸਾਹਿਬ ਦਾ ਦਰਬਾਰ ਇਸ ਗੱਲ ਦੀ ਗਵਾਹੀ ਭਰਦਾ ਸੀ ਕਿ ਸਿੱਖਾਂ ਦੀ ਹੁਣ ਇੱਕ ਰਾਜਸੀ ਤਾਕਤ ਬਣਨ ਦੀ ਤਿਆਰੀ ਹੋ ਚੁੱਕੀ ਹੈ। ਗੁਰੂ ਸਾਹਿਬ ਦਾ ਦਰਬਾਰ ਲੱਗਦਾ ਤਾਂ ਨਗਾਰੇ ਵਜਦੇ ਰਹਿੰਦੇ, ਨਗਾਰੇ ਸਿਰਫ਼ ਬਾਦਸ਼ਾਹਾਂ ਲਈ ਹੀ ਵੱਜਦੇ ਸਨ। ਦਰਬਾਰ ਦੇ ਬਾਹਰ ਚਾਂਦੀ ਦੇ ਹੌਦੇ ਵਾਲ਼ਾ ਹਾਥੀ ਝੂਮਦਾ ਰਹਿੰਦਾ ਸੀ, 2200 ਸਵਾਰ ਸ਼ਾਹੀ ਵਰਦੀਆਂ ਪਾ ਦੀਵਾਨ ਵਿੱਚ ਸੱਜਦੇ। ਇੱਥੋਂ ਇਹ ਸਿੱਧ ਹੁੰਦਾ ਹੈ ਕਿ ਸਿੱਖਾਂ ਦਾ ਆਪਣਾ ਇੱਕ ਖ਼ਿੱਤਾ, ਜਿੱਥੇ ਓਹਨਾਂ ਦਾ ਰਾਜ ਸੀ ਹੁਣ ਤਕ ਨਿਰਧਾਰਿਤ ਹੋ ਚੁੱਕਾ ਸੀ।**




**ਡਾ: ਕਿਰਨਪ੍ਰੀਤ ਕੌਰ ਬਾਠ**



ਐਸੇ ਵਿੱਚ ਬਹੁਤ ਸੁਭਾਵਿਕ ਹੈ ਕਿ ਮਨ ਅੰਦਰ ਇਹ ਭਾਵ ਪੈਦਾ ਹੋ ਜਾਵੇ ਕਿ ਅਸੀਂ ਕਿਸੇ ਨੂੰ ਵੀ ਮਾਰ ਸਕਦੇ ਹਾਂ ਗੁਰੂ ਸਾਹਿਬ ਦੇ ਬੋਲ ਜੋ ਵੱਡੇ ਦਾਮਨ ਨੂੰ ਸੰਕੋਚ ਕੇ ਚਲਣ ਦੀ ਗੱਲ ਕਰ ਰਹੇ ਹਨ, ਅਸਲ ਵਿੱਚ ਸਿੱਖਾਂ ਦੇ ਮਨਾਂ ਅੰਦਰ ਦਇਆ, ਕਰੁਣਾ ਅਤੇ ਬੇਗਾਨੀ ਪੀੜ ਸਮਝਣ ਦੀ ਕਾਬਲੀਅਤ ਭਰ ਰਹੇ ਸਨ। ਸੋਚੋ ਜੋ ਦੋ ਕ੍ਰਿਪਾਨਾਂ ਧਾਰ ਜੰਗ ਦੇ ਮੈਦਾਨ ਵਿੱਚ ਮਹਾਬਲੀ ਹੋਵੇ, ਉਹ ਆਪਣੇ ਪੁੱਤਰ ਨੂੰ ਇੱਕ ਫੁੱਲ ਟੁੱਟਣ ਉੱਤੇ ਵੀ ਤਾੜਨਾ ਕਰ ਰਿਹਾ ਹੈ। ਏਹੀ 'ਸੰਤ-ਸਿਪਾਹੀ' ਦਾ ਸਿਧਾਂਤ ਹੈ।

ਸ਼ਕਤੀਸ਼ਾਲੀ ਹੋ ਜਾਣਾ ਕੋਈ ਵੱਡੀ ਗੱਲ ਨਹੀਂ ਬਹੁਤ ਲੋਕ ਪੈਸੇ, ਰੁਤਬੇ ਜਾਂ ਭੀੜ ਦੇ ਸਿਰ ਉੱਤੇ ਸ਼ਕਤੀਸ਼ਾਲੀ ਹੋ ਜਾਇਆ ਕਰਦੇ ਹਨ। ਬੀਤ ਗਏ ਕੱਲ੍ਹ ਦੇ ਤਾਨਾਸ਼ਾਹ ਲੈ ਲਵੋ ਜਾਂ ਅੱਜ ਦੇ ਲੋਕਤੰਤਰ ਦਾ ਮੁਖੌਟਾ ਪਾਈ ਨੇਤਾ, ਤੁਸੀਂ ਇਹ ਪਾਓਗੇ ਕਿ ਸ਼ਕਤੀਸ਼ਾਲੀ ਹੋਣਾ ਬਹੁਤ ਸੌਖਾ ਹੈ, ਪਰ ਇਹ ਸ਼ਕਤੀ ਇਹਨਾਂ ਅੰਦਰੋਂ ਇਨਸਾਨੀਅਤ ਮਾਰ ਦਿੰਦੀ ਹੈ। ਦੁਨਿਆਵੀ ਪਰਿਭਾਸ਼ਾ ਵਾਲ਼ੇ ਸੰਤ ਹੋਣਾ ਵੀ ਕੋਈ ਬਹੁਤ ਵੱਡੀ ਗੱਲ ਨਹੀਂ, ਬਹੁਤ ਲੋਕ ਘਰਾਂ ਨੂੰ ਤਿਆਗ ਜੰਗਲਾਂ ਵਿੱਚ ਮਾਲ਼ਾ ਫੜੀ ਸੰਤ ਹੋਏ ਨੇ, ਪਰ ਨਾ ਤਾਂ ਇਹ ਆਪਣੇ ਲੋਕਾਂ ਲਈ 'ਹਾਅ ਦਾ ਨਾਹਰਾ' ਮਾਰ ਸਕੇ, ਨਾ ਹੀ ਜਾਬਰ ਨੂੰ ਲਲਕਾਰ ਸਕਦੇ ਹਨ। ਕਰੁਣਾ ਵੀ ਕੁਝ ਲੋਕ ਆਪਣੇ ਮਨ ਅੰਦਰ ਹੋਣ ਦਾ ਦਾਅਵਾ ਕਰਦੇ ਹਨ, ਜਾਨਵਰਾਂ ਨੂੰ ਬਚਾਉਣ ਲਈ ਲੋਕਾਂ ਨੇ ਅਧਿਕਾਰ ਤਕ ਮੰਗੇ ਹਨ। ਪਰ ਓਹੀ ਲੋਕ ਜਦੋਂ ਕਿਸੇ ਇਨਸਾਨ ਉੱਤੇ ਵਧੀਕੀ ਹੋਵੇ ਤਾਂ ਸੀਅ ਵੀ ਨਹੀਂ ਕਰਦੇ।

ਗੁਰੂ ਨਾਨਕ ਸਾਹਿਬ ਦੇ ਨਿਰਾਲੇ ਪੰਥ ਦੀ ਘਾੜਤ ਹੀ ਐਵੇਂ ਦੀ ਹੋਈ ਹੈ ਕਿ ਉਹ ਸ਼ਕਤੀਸ਼ਾਲੀ ਵੀ ਹੈ ਪਰ ਕਿਸੇ ਦੀ ਅਧੀਨਗੀ ਸਵੀਕਾਰ ਕੇ ਨਹੀਂ। ਜੰਗਲਾਂ ਵਿੱਚ ਰਹਿ ਘੋੜਿਆਂ ਦੀਆਂ ਕਾਠੀਆਂ ਉੱਤੇ ਸੌਂ ਕੇ ਵੀ ਉਹ ਕਿਸੇ ਵੱਲੋਂ ਦਿੱਤੀ ਨਵਾਬੀ ਨੂੰ ਠੋਕਰ ਉੱਤੇ ਰੱਖਦਾ ਹੈ। ਉਸ ਦੀ ਸ਼ਕਤੀ ਅਕਾਲ ਪੁਰਖ ਦੇ ਅਧੀਨ ਹੋ ਨਿਰਭਉ ਦੇ ਫ਼ਲਸਫ਼ੇ ਵਿੱਚ ਪਈ ਹੈ, ਇਹ ਸ਼ਕਤੀ ਕਿਸੇ ਉੱਤੇ ਜ਼ੁਲਮ ਇਸ ਲਈ ਨਹੀਂ ਕਰ ਸਕਦੀ ਕਿਉਂਕਿ ਉਸ ਨੂੰ ਨਿਰਵੈਰ ਹੋਣ ਦਾ ਹੁਕਮ ਵੀ ਹੈ ਅਤੇ ਅਭਿਆਸ ਵੀ। ਇਹ ਸ਼ਕਤੀਸ਼ਾਲੀ ਨਿਰਮਲ ਪੰਥ ਸੰਤ ਵੀ ਹੈ, ਪਰ ਜੰਗਲਾਂ ਵਿੱਚ ਬੈਠਾ ਮਾਲ਼ਾ ਨਹੀਂ ਫੇਰ ਰਿਹਾ, ਸਗੋਂ ਆਪਣਾ ਫ਼ਰਜ਼ ਨਿਭਾਉਂਦੇ ਹੋਏ ਲੋਕਾਈ ਦੇ ਭਲੇ ਲਈ ਰਣ ਵਿੱਚ ਜੂਝ ਰਿਹਾ ਹੈ। ਸ਼ਕਤੀਸ਼ਾਲੀ ਐਨਾ ਕਿ ਜ਼ਾਲਮ ਦਾ ਸਿਰ ਇਹ ਰਹਿਣ ਨਹੀਂ ਦਿੰਦਾ ਤੇ ਕਰੁਣਾਵਾਨ ਐਨਾ ਕਿ ਫੁੱਲ ਟੁੱਟਣ ਉੱਤੇ ਵੀ ਉਦਾਸ ਹੁੰਦਾ ਹੈ। ਭਗਤੀ ਅਤੇ ਸ਼ਕਤੀ ਦਾ ਏਹੀ ਸੁਮੇਲ ਹੈ ਜਿਸ ਕਾਰਨ ਗੁਰੂ ਨਾਨਕ ਕਹਿੰਦੇ ਨੇ:

ਸਬਦਿ ਜਿਤੀ ਸਿਧਿ ਮੰਡਲੀ
ਕੀਤੋਸੁ ਆਪਣਾ ਪੰਥੁ ਨਿਰਾਲਾ ॥
(ਭਾਈ ਗੁਰਦਾਸ ਵਾਰ 1)

**ਨਿਰਮਲ ਅਤੇ ਕਰੁਣਾਵਾਨ ਹੋਣ ਦਾ ਅਭਿਆਸ :**

ਗੁਰੂ ਹਰਿਰਾਇ ਸਾਹਿਬ ਨੇ ਗੁਰੂ ਤਖ਼ਤ ਉੱਤੇ ਬਿਰਾਜਮਾਨ ਹੋ, ਗੁਰੂ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਦ੍ਰਿੜ੍ਹ ਕਰਵਾਏ ਕਰੁਣਾ ਦੇ ਪਾਠ ਨੂੰ ਹੀ ਸਭ ਤੋਂ ਪਹਿਲਾ ਸੰਗਤ ਨੂੰ ਅਭਿਆਸ ਕਰਵਾਇਆ। ਇਤਿਹਾਸ ਵਿੱਚ ਆਉਂਦਾ ਹੈ ਕਿ ਸੰਗਤਾਂ ਨੂੰ ਪਹਿਲੇ ਬਚਨ ਵਿੱਚ ਹੀ ਓਹਨਾਂ ਭਾਈ ਗੁਰਦਾਸ ਜੀ ਦੀ ਵਾਰ ਪੜ੍ਹ ਸਮਝਾਇਆ ਸੀ :

ਪਿਛਲ ਰਾਤੀ ਜਾਗਣਾ
ਨਾਮੁ ਦਾਨੁ ਇਸਨਾਨੁ ਦਿੜਾਏ ॥
ਮਿਠਾ ਬੋਲਣੁ ਨਿਵ ਚਲਣੁ
ਹਥਹੁ ਦੇ ਕੈ ਭਲਾ ਮਨਾਏ ॥
ਥੋੜਾ ਸਵਣਾ ਖਾਵਣਾ
ਥੋੜਾ ਬੋਲਨੁ ਗੁਰਮਤਿ ਪਾਈ ॥
ਘਾਲਿ ਖਾਇ ਸੁਕ੍ਰਿਤੁ ਕਰੈ
ਵਡਾ ਹੋਇ ਨ ਆਪੁ ਗਣਾਏ ॥
ਸਾਧਸੰਗਤਿ ਮਿਲਿ ਗਾਂਵਦੇ
ਰਾਤਿ ਦਿਹੈਂ ਨਿਤ ਚਲਿ ਚਲਿ ਜਾਏ ॥
ਸਬਦ ਸੁਰਤਿ ਪਰਚਾ ਕਰੈ
ਸਤਿਗੁਰੁ ਪਰਚੈ ਮਨ ਪਰਚਾਏ ॥
ਆਸਾ ਵਿੱਚ ਨਿਰਾਸ ਵਿਲਾਏ ॥
(ਭਾਈ ਗੁਰਦਾਸ ਵਾਰ 28)

ਇਸ ਦੇ ਨਾਲ਼ ਹੀ ਕਰੁਣਾ ਦੇ ਉਸ ਪਾਠ ਨੂੰ ਜੋ ਗੁਰੂ ਹਰਿਗੋਬਿੰਦ ਸਾਹਿਬ ਨੇ ਸਿਧਾਂਤਕ ਰੂਪ ਵਿੱਚ ਸਿੱਖਾਂ ਨੂੰ ਸਮਝਾਇਆ ਸੀ, ਗੁਰੂ ਹਰਿਰਾਇ ਸਾਹਿਬ ਨੇ ਅਮਲੀ ਰੂਪ ਵਿੱਚ ਉਸ ਦਾ ਅਭਿਆਸ ਕਰਵਾਉਣ ਲਈ ਬਾਗ਼ ਲਵਾਏ, ਬੂਟਿਆਂ ਦੀ ਸਾਂਭ-ਸੰਭਾਲ਼ ਲਈ ਮਾਲੀ ਰੱਖੇ, ਬਿਮਾਰ ਜਾ ਫੱਟੜ ਜਾਨਵਰਾਂ ਲਈ ਰੱਖ ਜਾ ਚਿੜੀਆ-ਘਰ ਬਣਵਾਏ, ਜਿੱਥੇ ਓਹਨਾਂ ਦਾ ਇਲਾਜ ਹੁੰਦਾ ਅਤੇ ਠੀਕ ਹੋਣ ਉਪਰੰਤ ਖੁੱਲ੍ਹੇ ਜੰਗਲ ਵਿੱਚ ਛੱਡ ਦਿੱਤਾ ਜਾਂਦਾ।

ਇਨਸਾਨਾਂ ਲਈ ਵੀ ਗੁਰਦੁਆਰਿਆਂ ਦੇ ਨਾਲ਼ ਹੀ ਦਵਾਖ਼ਾਨਾ ਅਤੇ ਸ਼ਫ਼ਾਖ਼ਾਨਾ ਬਣਾਇਆ। ਇਸੇ ਲਈ ਗੁਰਦੁਆਰਾ ਬਾਕੀ ਧਾਰਮਿਕ ਸਥਾਨਾਂ ਤੋਂ ਵੱਖਰਾ ਹੈ ਕਿਉਂਕਿ ਇਹ ਪੂਜਾ ਘਰ ਨਹੀਂ ਹੈ, ਇੱਥੇ ਗੁਰਬਾਣੀ ਅਧਿਆਤਮਿਕ ਗਿਆਨ ਦੇ ਕੇ ਮਨੁੱਖ ਦਾ ਹਿਰਦਾ ਰੁਸ਼ਨਾਉਂਦੀ ਹੈ, ਪਾਠਸ਼ਾਲਾ ਦੁਨਿਆਵੀ ਪੜ੍ਹਾਈ ਨਾਲ਼ ਦਿਮਾਗ ਰੁਸ਼ਨਾਉਂਦੀ ਹੈ, ਅਖਾੜੇ ਸਰੀਰਕ ਕਸਰਤ ਨਾਲ਼ ਰੋਗ ਮੁਕਤ ਰੱਖਦੇ ਹਨ ਅਤੇ ਫਿਰ ਵੀ ਜੇ ਕੋਈ ਬਿਮਾਰ ਪੈ ਵੀ ਜਾਵੇ ਤਾਂ ਝਾੜ-ਫੂਕ ਨੂੰ ਨਕਾਰਦੇ ਦਵਾਖ਼ਾਨੇ ਹਨ। ਇਹ ਆਪਣੇ-ਆਪ ਵਿੱਚ ਇੱਕ ਸੰਪੂਰਨ ਢਾਂਚਾ ਸੀ ਜੋ ਗੁਰੂ ਸਾਹਿਬ ਨੇ ਗੁਰਸਿੱਖਾਂ ਨੂੰ ਦਿੱਤਾ।

**ਗੁਰੂ ਘਰ ਦੀ ਰਾਜਸੀ ਸ਼ਾਨ:**

ਪਹਿਲੇ ਜਾਮੇ ਵਿੱਚ ਗੁਰੂ ਨਾਨਕ ਸਾਹਿਬ ਨੇ ਹੁਕਮ ਕੀਤਾ ਸੀ 'ਧੌਲੁ ਧਰਮੁ ਦਇਆ ਕਾ ਪੂਤੁ' (ਅੰਗ 3) ਕਿ ਦੁਨੀਆ ਜੋ ਕਹਿੰਦੀ ਹੈ ਕਿ ਧਰਤੀ ਇੱਕ ਬਲਦ ਦੇ ਸਿੰਙਾਂ ਉੱਤੇ ਖੜ੍ਹੀ ਹੈ ਤਾਂ ਸਿੱਖ ਇਹ ਸਮਝ ਲੈਣ ਕੇ ਉਹ ਧੌਲ ਧਰਮ ਹੈ, ਜੋ ਦਇਆ ਦਾ ਪੁੱਤਰ ਹੀ ਹੈ। ਭਾਵ ਦਇਆ ਤੋਂ ਬਿਨਾ ਧਰਮ ਰੂਪੀ ਉਹ ਧੌਲ ਪੈਦਾ ਵੀ ਨਹੀਂ ਹੋ ਸਕਦਾ, ਤਾਂ ਖੜ੍ਹਾ ਕਿਵੇਂ ਰਹੇਗਾ। ਸੋ ਦੁਨੀਆ ਨੂੰ ਟਿਕਾਏ ਰੱਖਣ ਲਈ ਦਇਆ ਦਾ ਹੋਣਾ ਬੇਹੱਦ ਜ਼ਰੂਰੀ ਹੈ। ਇਹ ਸੱਚ ਹੈ ਕਿ ਇਹਨਾਂ ਹੀ ਮਹਾਵਾਕਾਂ ਨੂੰ ਯਾਦ ਕਰਵਾਉਣ ਲਈ ਹੀ ਛੇਵੇਂ ਜਾਮੇ ਵਿੱਚ ਗੁਰੂ ਸਾਹਿਬ ਨੇ ਇਹ ਸਿਧਾਂਤ ਦੁਹਰਾਇਆ ਅਤੇ ਸਤਵੇਂ ਜਾਮੇਂ ਵਿੱਚ ਬਾਕਾਇਦਾ ਇਸ ਦਇਆ ਦਾ ਅਭਿਆਸ ਕਰਵਾਇਆ।

ਇਸ ਦੇ ਨਾਲ਼-ਨਾਲ਼ ਇਹ ਵੀ ਸੱਚ ਹੈ ਕਿ ਸਿੱਖਾਂ ਨੂੰ ਆਪਣੇ ਰਾਜ ਲਈ ਫ਼ੌਜ ਰੂਪ ਵਿੱਚ ਵੀ ਜਥੇਬੰਦਕ ਕਰ ਤਿਆਰ ਕੀਤਾ ਸੀ। ਇਸ ਲਈ ਗੁਰੂ ਹਰਿਰਾਇ ਸਾਹਿਬ ਦਾ ਦਰਬਾਰ ਇਸ ਗੱਲ ਦੀ ਗਵਾਹੀ ਭਰਦਾ ਸੀ ਕਿ ਸਿੱਖਾਂ ਦੀ ਹੁਣ ਇੱਕ ਰਾਜਸੀ ਤਾਕਤ ਬਣਨ ਦੀ ਤਿਆਰੀ ਹੋ ਚੁੱਕੀ ਹੈ। ਗੁਰੂ ਸਾਹਿਬ ਦਾ ਦਰਬਾਰ ਲੱਗਦਾ ਤਾਂ ਨਗਾਰੇ ਵਜਦੇ ਰਹਿੰਦੇ, ਨਗਾਰੇ ਸਿਰਫ਼ ਬਾਦਸ਼ਾਹਾਂ ਲਈ ਹੀ ਵੱਜਦੇ ਸਨ। ਦਰਬਾਰ ਦੇ ਬਾਹਰ ਚਾਂਦੀ ਦੇ ਹੌਦੇ ਵਾਲ਼ਾ ਹਾਥੀ ਝੂਮਦਾ ਰਹਿੰਦਾ ਸੀ, 2200 ਸਵਾਰ ਸ਼ਾਹੀ ਵਰਦੀਆਂ ਪਾ ਦੀਵਾਨ ਵਿੱਚ ਸੱਜਦੇ। ਇੱਥੋਂ ਇਹ ਸਿੱਧ ਹੁੰਦਾ ਹੈ ਕਿ ਸਿੱਖਾਂ ਦਾ ਆਪਣਾ ਇੱਕ ਖ਼ਿੱਤਾ, ਜਿੱਥੇ ਓਹਨਾਂ ਦਾ ਰਾਜ ਸੀ ਹੁਣ ਤਕ ਨਿਰਧਾਰਿਤ ਹੋ ਚੁੱਕਾ ਸੀ। (ਸਤਿਬੀਰ ਸਿੰਘ, ਨਿਰਭਉ ਨਿਰਵੈਰੁ, ਜੀਵਨੀ ਗੁਰੂ ਹਰਿ ਰਾਇ ਜੀ (ਜਲੰਧਰ, ਨਿਊ ਬੁੱਕ ਕੰਪਨੀ), 1981, ਪੰਨਾ ਨੰਬਰ 57-59)

ਭਾਈ ਨੰਦ ਲਾਲ ਨੇ ਗੁਰੂ ਦਰਬਾਰ ਦੀ ਇਸੇ ਮਹਿਮਾ, ਅਤੇ ਗੁਰੂ ਹਰਿਰਾਇ ਸਾਹਿਬ ਦੇ ਨਿਰਵੈਰੁ-ਨਿਰਭਉ ਸੁਭਾਅ ਨੂੰ ਆਪਣੀਆਂ ਗ਼ਜ਼ਲਾਂ ਵਿੱਚ ਲਿਖਿਆ ਹੈ:

ਹਕ ਪਰਵਰ ਹਕ ਕੇਸ਼ ਕਰਤਾ ਹਰਿ ਰਾਇ
ਸੁਲਤਾਨ ਹਮ ਦਰਵੇਸ਼
ਗੁਰੂ ਕਰਤਾ ਹਰਿ ਰਾਇ ॥ 87 ॥
ਫ਼ਯਾਜ਼ੁਲ ਦਾਰੈਨ
ਗੁਰੂ ਕਰਤਾ ਹਰਿ ਰਾਇ ਸਰਵਰਿ ਕੌਨਨ
ਗੁਰੂ ਕਰਤਾ ਹਰਿ ਰਾਇ ॥88 ॥
ਹਕ ਵਾਸਫ਼ਿ ਅਕਰਾਮ
ਗੁਰੂ ਕਰਤਾ ਹਰਿ ਰਾਇ
ਖਾਸਾਂ ਹਮਾ ਬਰ ਕਾਮ
ਗੁਰੂ ਕਰਤਾ ਹਰਿ ਰਾਇ ॥ 89 ॥
ਸ਼ਹਨਸ਼ਾਹਿ ਹੱਕ ਨਸਕ
ਗੁਰੂ ਕਰਤਾ ਹਰਿ ਰਾਇ
ਫ਼ਰਮਾ-ਦਿਹੇ ਨਹੁ ਤਬਕ
ਗੁਰੂ ਕਰਤਾ ਹਰਿ ਰਾਇ ॥ 90 ॥
ਗਰਦਨ-ਜ਼ਨਿ ਸਰਕਸ਼ਾਂ
ਗੁਰੂ ਕਰਤਾ ਹਰਿ ਰਾਇ
ਯਾਰਿ ਮੁਤਜ਼ੱਰਆਂ
ਗੁਰੂ ਕਰਤਾ ਹਰਿ ਰਾਇ॥ 91 ॥

ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫ਼ੁਰਮਾਇਆ:

ਜਿਨ ਕੀ ਜਾਤ ਔਰ ਕੁਲ ਨਾਹੀਂ,
ਸਰਦਾਰੀ ਨਾ ਭਈ ਕਿਦਾਹੀਂ
ਇਨਹੀ ਕਉ ਸਰਦਾਰ ਬਣਾਉ,
ਤਬੇ ਗੋਬਿੰਦ ਸਿੰਘ ਨਾਮ ਕਹਾਉਂ
ਇਨ ਗਰੀਬ ਸਿਖਨ ਕੋ ਦੇਉਂ ਪਾਤਸ਼ਾਹੀ,
ਯਾਦ ਕਰੇ ਹਮਰੀ ਗੁਰਿਆਈ

ਤਾਂ ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਦੀ ਤਿਆਰੀ ਤਾਂ ਉਹ ਪਹਿਲੇ ਜਾਮੇ ਤੋਂ ਹੀ ਕਰਵਾ ਰਹੇ ਸਨ। 'ਗੰਜਨਾਮੇ' ਵਿੱਚ ਭਾਈ ਨੰਦ ਲਾਲ, ਗੁਰੂ ਨਾਨਕ ਸਾਹਿਬ ਤੋਂ ਹੀ ਪਹਿਲੀ ਪਾਤਸ਼ਾਹੀ ਦੇ ਨਾਲ਼-ਨਾਲ਼ ਪਹਿਲੀ ਸਲਤਨਤ ਲਿਖਦੇ ਹਨ, ਗੁਰੂ ਹਰਿਰਾਇ ਸਾਹਿਬ ਦੀ ਮਹਿਮਾ ਦੱਸਣ ਵੇਲੇ ਉਹ 'ਸਲਤਨਤਿ ਹਫ਼ਤਮ' ਲਿਖਦੇ ਹਨ। ਇੱਥੋਂ ਇਹ ਸਪਸ਼ਟ ਹੈ ਕਿ ਗੁਰੂ ਦੇ ਸਿੱਖਾਂ ਵਿੱਚ ਇਸ ਗੱਲ ਦਾ ਕੋਈ ਭਰਮ-ਭੁਲੇਖਾ ਨਹੀਂ ਸੀ ਕਿ ਉਹ ਧਾਰਮਿਕ ਅਤੇ ਰਾਜਸੀ ਦੋਵਾਂ ਤਖ਼ਤਾਂ ਦੇ ਮਾਲਿਕ ਦੇ ਲੜ ਲੱਗੇ ਹੋਏ ਹਨ। ਸਤਵੇਂ ਜਾਮੇ ਵਿੱਚ ਜਦ ਇੱਕ ਬੱਚਾ, ਜੋ ਘੋੜ ਸਵਾਰੀ ਦੇ ਕਰਤਬ ਵੇਖਦਾ ਡਰ ਕੇ ਪਿੱਛੇ ਡਿੱਗਾ ਸੀ, ਨੂੰ ਕਹਿੰਦੇ ਹਨ 'ਡਰਦੇ ਕਿਉਂ ਹੋ, ਤੁਸੀਂ ਹੀ ਤਾਂ ਰਾਜ ਕਰਨਾ ਹੈ, ਤੁਹਾਨੂੰ ਘੋੜਿਆਂ ਤੋਂ ਡਰ ਕਾਹਦਾ' ਤਾਂ ਉਹ ਉਸ ਬੱਚੇ ਦੇ ਰੂਪ ਵਿੱਚ ਸਿੱਖਾਂ ਨਾਲ਼ ਵਾਅਦਾ ਕਰ ਚੁੱਕੇ ਸਨ ਕਿ ਰਾਜ ਤੁਹਾਡੇ ਕੋਲ ਹੀ ਆਉਣਾ ਹੈ ਬਸ ਉਸ ਦੇ ਲਾਇਕ ਹੋ ਨਿਰਵੈਰੁ ਨਿਰਭਉ ਹੋਣ ਦਾ ਹੁਨਰ ਸਿਖ ਲਓ।

ਚਲਦਾ.....

# ਗੁਰੂ ਬੈਠਾ ਅਮਰੁ ਸਰੂਪ ਹੋਇ




– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




ਗੁਰਦੁਆਰਾ ਸਾਹਿਬ ਜਨਮ ਸਥਾਨ ਗੁਰੂ ਅਮਰ ਦਾਸ ਜੀ ਬਾਸਰਕੇ



ਗੁਰੂ ਅਮਰਦਾਸ ਪਾਤਸ਼ਾਹ ਜੀ

## ਕਿਸ਼ਤ-5

ਅਗੇ ਦਰਵਾਜ਼ਾ ਖੋਲ੍ਹ ਕੇ ਖੜੇ ਹਜ਼ੂਰ ਪਾਤਸ਼ਾਹ ਇਨ੍ਹਾਂ ਦੀ ਇੰਤਜ਼ਾਰ ਕਰ ਰਹੇ ਸਨ। ਬਾਬਾ ਜੀ ਨੇ ਸ਼ਨਾਨ ਕਰਵਾਇਆ ਅਰ ਗੁਰੂ ਪਾਤਸ਼ਾਹ ਪ੍ਰਭੂ-ਸਿਮਰਨ ਵਿਚ ਸਮਾਧੀ ਇਸਥਿਤ ਹੋ ਗਏ। ਦਿਨ ਦੇ ਚੜ੍ਹਾਅ ਨਾਲ ਕੀਰਤਨ ਸ਼ੁਰੂ ਹੋ ਗਿਆ, ਸੰਗਤ ਆਉਣ ਲੱਗ ਪਈ, ਗੁਰੂ ਸਾਹਿਬ ਵੀ ਆ ਕੇ ਸਿੰਘਾਸਣ 'ਤੇ ਸ਼ਸ਼ੋਭਿਤ ਹੋ ਗਏ। ਬਾਬਾ ਜੀ ਵੀ ਬੈਠੇ ਹੋਏ ਸਨ। ਕੀਰਤਨ ਸਮਾਪਤ ਹੋਣ 'ਤੇ ਗੁਰੂ ਸਾਹਿਬ ਨੇ ਬਾਬਾ ਜੀ ਨੂੰ ਪੁੱਛਿਆ,

'ਅਜ ਪ੍ਰਭਾਤੇ ਜਲ ਲੈ ਕੇ ਆਉਂਦਿਆਂ ਜੁਲਾਹਿਆਂ ਨੂੰ ਕੀਹ ਕਹਿ ਰਹਿ ਸਓ'? ਸੁਣ ਕੇ ਬਾਬਾ ਜੀ ਨੂੰ ਸਮਝਦਿਆਂ ਦੇਰ ਨਾ ਲੱਗੀ, ਸੀਸ ਨਿਵਾ ਕੇ ਉੱਠ ਖੜੇ ਹੋਏ ਅਰ ਕਹਿਣ ਲੱਗੇ,

'ਸਤਿਗੁਰੂ ਜੀ! ਮੈਂ ਕੀਹ ਕਹਿਣਾ ਸੀ, ਬੱਸ, ਜੁਲਾਹੀ ਕੁਝ ਬੋਲੀ ਸੀ ਜੋ ਚੰਗਾ ਨ ਲੱਗਾ, ਤਾਂ ਉੱਤਰ ਦਿੱਤਾ ਸੀ। ਅੱਗੇ ਆਪ ਜਾਣੀ ਜਾਣ ਹੋ, ਕੁਝ ਕਿਹਾ ਨਹੀਂ ਜਾਂਦਾ'। ਇਹ ਸੁਣ ਕੇ ਹਜ਼ੂਰ ਨੇ ਇਕ ਸਿੱਖ ਨੂੰ ਭੇਜਿਆ ਕਿ ਉਹ ਗੁਆਂਢੀ ਜੁਲਾਹੀ-ਜੁਲਾਹੇ ਨੂੰ ਸੱਦ ਲਿਆਵੇ। ਕੁਝ ਛਿਨਾਂ ਵਿਚ ਹੀ ਦੋਵੇਂ ਦਰਬਾਰ ਵਿਚ ਪਹੁੰਚ ਗਏ। ਸੰਗਤਾਂ ਬੈਠੀਆਂ ਦੇਖ ਰਹੀਆਂ ਸਨ। ਜੁਲਾਹੇ ਨੂੰ ਹਜ਼ੂਰ ਨੇ ਕਿਹਾ,

'ਅੱਜ ਸਵੇਰੇ ਹਨ੍ਹੇਰੇ ਤੁਸੀਂ ਸ੍ਰੀ ਅਮਰਦਾਸ ਨੂੰ ਕੀਹ ਬੋਲ ਰਹੇ ਸੀ'? ਜੁਲਾਹੇ ਨੇ ਹੱਥ ਜੋੜੇ ਝਿਜਕਦਿਆਂ ਕਿਹਾ,

'ਗੁਰੂ ਜੀ! ਮੈਂ ਨਿਮਾਣਾ ਭਲਾ ਕੀਹ ਕਹਿ ਸਕਦਾ ਹਾਂ? ਸਾਨੂੰ ਮੁਆਫ਼ ਕਰ ਦਿਉ ਜੀ'। ਗੁਰਦੇਵ ਜੀ ਨੇ ਕਿਹਾ,

'ਫ਼ਿਕਰ ਨ ਕਰੋ, ਜੋ ਹੋਇਆ ਸਾਨੂੰ ਦੱਸ ਦਿਉ'।

'ਪਾਤਸ਼ਾਹ ਜੀ! ਅਸੀਂ ਸੁੱਤੇ ਪਏ ਸਾਂ ਜਦੋਂ ਤੁਹਾਡੇ ਸੇਵਾਦਾਰ ਦਾ ਪੈਰ ਕੁੰਭਲ ਦੇ ਕਿੱਲੇ ਨਾਲ ਵੱਜਿਆ। ਖੜਕਾ ਹੋਣ 'ਤੇ ਮੇਰੀ ਜਾਗ ਖੁਲ੍ਹ ਗਈ। ਮੈਂ ਬੋਲਿਆ ਕਿ ਕੌਣ ਹੈ ਬਈ ਇਸ ਵੇਲੇ? ਜੁਲਾਹੀ ਕੋਲੋਂ ਬੋਲੀ,

'ਪੈਂਦੇ ਮੀਂਹ ਵਿਚ ਹੋਰ ਕਿਨ੍ਹੇ ਹੋਣਾ, ਅਮਰੂ ਨਿਥਾਵਾਂ ਹੋਣੈ ਜਿਹੜਾ ਇਸ ਵੇਲੇ ਗੁਰੂ ਲਈ ਪਾਣੀ ਲੈ ਕੇ ਆਇਆ ਹੋਇਗਾ'।

ਤੁਹਾਡੇ ਸੇਵਕ ਨੇ ਇਹ ਸੁਣ ਲਿਆ ਹੋਵੇਗਾ। ਕੋਲੋਂ ਲੰਘਦਿਆਂ ਇਸ ਨੇ ਕਿਹਾ, 'ਕਮਲੀਏ! ਤੂੰ ਕੀਹ ਜਾਣੇਂ, ਗੁਰੂ-ਘਰ ਰਹਿ ਕੇ ਸੇਵਾ ਕਰਦਾ ਮੈਂ ਭਲਾ ਨਿਥਾਵਾਂ ਕਿਵੇਂ ਰਿਹਾ'?

'ਬੋਲੀ ਸੁਣਿ ਮਨ ਪਰਖ ਕੈ -ਇਹ ਅਮਰੁ ਨਿਥਾਵਾਂ-।('ਇਸ ਨੇ ਕਿਹਾ -ਇਹ ਨਿਥਾਵਾਂ ਅਮਰੂ ਹੋਇਗਾ-)

ਦਾਸ ਤੁਮਾਰੇ -ਬਾਵਰੀ- ਤਬਿ ਬਾਕ ਅਲਾਵਾ।(ਤੁਹਾਡੇ ਦਾਸ ਨੇ ਇਸ ਨੂੰ-ਕਮਲੀ- ਕਹਿ ਦਿੱਤਾ)

ਇੰਨੀ ਗੱਲ ਸੁਣਦਿਆਂ ਹੀ ਜੁਲਾਹੀ ਨੂੰ ਕੁਝ ਹੋ ਗਿਆ, ਉਸੇ ਵੇਲੇ ਦੀ ਇਹ ਕਮਲੀ ਜਿਹੀ ਹੋਈ ਕੁਝ ਨ ਕੁਝ ਬੋਲੀ ਜਾਂਦੀ ਸੀ। ਮੈਂ ਹੈਰਾਨ ਸਾਂ ਇਹ ਕੀਹ ਹੋ ਗਿਆ? ਮੈਂ ਕੀਹ ਕਰਾਂ? ਤੁਹਾਡਾ ਸੁਨੇਹਾ ਮਿਲਦਿਆਂ ਹੀ ਮੈਂ ਇਸ ਨੂੰ ਹੱਥ ਫੜ ਕੇ ਨਾਲ ਲੈ ਆਇਆ। ਹੁਣੇ ਜਦੋਂ ਆਪ ਦੇ ਦਰਸ਼ਨ ਕੀਤੇ ਹਨ, ਇਹ ਸ਼ਾਂਤ ਹੋਈ ਹੈ'।

ਦਰਸ਼ਨ ਦੇਖੇ ਸੁਧਿ ਭਈ ਅਬ ਰਾਵਰਿ ਪਾਸੀ।(ਤੁਹਾਡੇ ਦਰਸ਼ਨ ਕਰ ਕੇ ਹੁਣ ਠੀਕ ਹੋ ਗਈ ਹੈ)

ਬਚਨ ਫੁਰਹਿ ਸਭ ਕਹੈ ਜਿਮ ਸੁਨ ਹਮ ਮਤ ਤ੍ਰਾਸੀ'।19॥(ਅਸੀਂ ਡਰਦੇ ਹਾਂ ਇਹ ਜੋ ਬੋਲਦਾ ਹੈ, ਹੋ ਜਾਂਦਾ ਹੈ')

ਹੁਣ ਸਤਿਗੁਰਾਂ ਬਾਬਾ ਜੀ ਨੂੰ ਪੁੱਛਿਆ, 'ਪੁਰਖਾ! ਜਿਵੇਂ ਇਨ੍ਹਾਂ ਦੱਸਿਆ ਏਵੇਂ ਹੀ ਹੋਈ'? ਉਨ੍ਹਾਂ ਕਿਹਾ,

'ਜੀ ਪਾਤਸ਼ਾਹ! ਜਦੋਂ ਜੁਲਾਹੀ ਮੈਨੂੰ ਨਿਥਾਵਾਂ ਕਿਹਾ ਤਾਂ ਮੈਥੋਂ ਜਰਿਆ ਨ ਗਿਆ ਕਿ ਇਸ ਦਰ 'ਤੇ ਆਪ ਦਾ ਸੇਵਕ ਹੋ ਕੇ ਮੈਂ ਨਿਥਾਵਾਂ ਕਿਵੇਂ ਹੋਇਆ'।

'ਜਬ ਤੁਮਰੀ ਸੇਵਾ ਰੁਚਿਰ ਕਿਯ ਤਰਕ ਜੁਲਾਹੀ।('ਜਦੋਂ ਆਪ ਦੀ ਉੱਤਮ ਸੇਵਾ ਤੇ ਜੁਲਾਹੀ ਨੇ ਤਰਕ ਕੀਤੀ)

ਸਹੀ ਗਈ ਨਹੀਂ ਮੋਹਿ ਤੇ -ਬੌਰੀ- ਤਬ ਪ੍ਰਾਹੀ।21॥(ਮੇਰੇ ਕੋਲੋਂ ਇਹ ਸਹੀ ਨ ਗਈ ਤਾਂ -ਕਮਲੀ- ਆਖਿਆ')

ਪ੍ਰੇਮ ਭਿੱਜੇ ਬਚਨ ਸੁਣ ਕੇ ਪਾਤਸ਼ਾਹ ਜੀ ਨਿਹਾਲ ਹੋ ਗਏ ਅਰ ਸ੍ਰੀ ਅਮਰਦਾਸ ਜੀ ਨੂੰ ਸੀਨੇ ਨਾਲ ਲਾ ਲਿਆ। ਮਹਾਂਕਵੀ ਜੀ ਅਨੁਸਾਰ ਸਾਹਿਬ ਜੀ ਨੇ ਬਚਨ ਕੀਤਾ:

ਤੋਮਰ ਛੰਦ॥ 'ਤੁਮ ਹੋ ਨਿਥਾਵਨ ਥਾਨ।
('ਤੁਸੀਂ ਨਿਥਾਵਿਆਂ ਦੇ ਥਾਂ ਹੋ)
ਕਰਿ ਹੋ ਨਿਮਾਨਨ ਮਾਨ॥
(ਨਿਮਾਣਿਆਂ ਦਾ ਮਾਨ ਹੋ)
ਬਿਨ ਓਟ ਕੀ ਤੁਮ ਓਟ।
(ਨਿਓਟਿਆਂ ਦੀ ਓਟ ਹੋ)
ਨਿਧਰੇਨ ਕੀ ਧਿਰ ਕੋਟ॥23॥
(ਨਿਆਸਰਿਆਂ ਦੇ ਆਸਰਾ ਹੋ)
ਬਿਨ ਜੋਰ ਕੇ ਤੁਮ ਜੋਰ।
(ਕਮਜ਼ੋਰਾਂ ਦੇ ਜ਼ੋਰ ਹੋ)
ਸਮ ਕੋ ਨ ਹੈ ਤੁਮ ਹੋਰ।
(ਤੁਹਾਡੇ ਵਰਗਾ ਹੋਰ ਕੋਈ ਨਹੀਂ)
ਬਿਨ ਧੀਰ ਕੋ ਬਰ ਧੀਰ।
(ਬੇ-ਹੌਸਲਿਆਂ ਦੇ ਹੌਸਲਾ ਹੋ)
ਸਭ ਪੀਰ ਕੇ ਬਡ ਪੀਰ।24॥
(ਸਭ ਪੀਰਾਂ ਦੇ ਪੀਰ ਹੋ)
ਤੁਮ ਹੋ ਸੁ ਗਈ ਬਹੋੜ।
(ਲੰਘ ਗਈ ਨੂੰ ਮੋੜਨ ਵਾਲੇ ਹੋ)
ਨਰ ਬੰਧ ਕੋ ਤਿਹ ਛੋੜ।(ਬੰਦੀ ਛੋੜ ਹੋ)
ਘੜ ਭੰਨਬੇ ਸਮਰਥ।(ਘੜਨ ਭੰਨਣ ਵਾਲੇ ਹੋ)
ਜਗ ਜੀਵਕਾ ਤੁਮ ਹਥ।25॥
(ਜਗਤ ਦੇ ਰੋਜ਼ੀ ਦਾਤਾ ਹੋ)

ਅਜਿਹੀਆਂ ਬਖ਼ਸ਼ਿਸ਼ਾਂ ਕਰਦਿਆਂ ਸਾਰੀ ਸੰਗਤ ਸਨਮੁਖ ਸ੍ਰੀ ਅਮਰਦਾਸ ਜੀ ਨੂੰ ਕਿਹਾ:

ਮਮ ਰੂਪ ਭੇ ਮਿਲਿ ਅੰਗ।(ਸਾਨੂੰ ਮਿਲ ਕੇ ਤੁਸੀਂ ਹੁਣ ਅਭੇਦ ਹੋ ਗਏ ਹੋ)
ਸਲਿਤਾ ਮਿਲੇ ਜਿਮ ਗੰਗ।(ਜਿਵੇਂ ਨਦੀ ਵਿਚ ਨਦੀ ਮਿਲ ਜਾਂਦੀ ਹੈ)
ਜਿਮਿ ਬੂੰਦ ਸਿੰਧ ਮਝਾਰ।(ਜਿਵੇਂ ਬੂੰਦ ਸਾਗਰ ਵਿਚ ਮਿਲ ਜਾਂਦੀ ਹੈ)
ਤਿਮ ਏਕ ਰੂਪ ਹਮਾਰ'।27॥(ਇਵੇਂ ਤੁਸੀਂ ਸਾਡਾ ਰੂਪ ਹੋ ਗਏ ਹੋ')

ਅਰ ਸ੍ਰੀ ਗੁਰ ਅਮਰ ਜੀ ਕੋ ਬਚਨ ਹੂਆ-ਪੁਰਖਾ ਜੀ ਤੁਸੀ ਨਿਮਾਨਿਆ ਕੇ ਮਾਨ ਹੋ। ਨਿਥਾਵਿਆਂ ਕੇ ਥਾਉ ਹੋ। ਨਿਓਟਿਆ ਕੀ ਵੋਟ (ਓਟ) ਹਉ। ਨਿਧਿਰਿਆਂ ਕੀ ਧਿਰ ਹਉ। ਗਈ ਬਹੋੜ ਹਉ। ਬੰਦੀ ਛੋੜ ਹੋ। ਭਨਨ ਘੜਨ ਸਮਰਥ ਹੋ। ਰਿਜਕ ਦੀ ਕੁੰਜੀ ਤੁਮਾਰੇ ਹਥ ਹੈ। ਪੁਰਖਾ ਜੀ ਤੁਮ ਧੰਨ ਹੋ।ਪੰਨਾ 66 ਮ.ਪ.ਵਾ.

ਸਤਿਗੁਰਾਂ ਨੇ ਸ੍ਰੀ ਅਮਰਦਾਸ ਜੀ ਨੂੰ ਸ਼ਨਾਨ ਕਰਵਾ ਕੇ ਨਵੇਂ ਬਸਤ੍ਰ ਪਹਿਨਾ ਕੇ ਸੁੰਦਰ ਦਸਤਾਰ ਸਜਾਈ ਅਰ ਕਿਹਾ,

'ਪੁਰਖਾ ਜੀ! ਤੁਹਾਡੀ ਘਾਲ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਥਾਇ ਪਈ। ਤੁਸੀਂ ਹੁਣ ਬਾਸਰ ਕੇ ਚਲੇ ਜਾਉ ਅਰ ਇਲਾਕੇ ਵਿਚ ਨਾਮ-ਬਾਣੀ ਦਾ ਪ੍ਰਚਾਰ ਕਰੋ'।

ਇਸ ਸਮੇਂ ਜੋ ਕੁਝ ਹੋਇਆ ਉਹ ਬਾਬਾ ਜੀ ਲਈ ਬਿਲਕੁਲ ਅਣ-ਕਿਆਸਿਆ ਸੀ ਅਰ ਆਪ ਜੀ ਗੁਰੂ ਸਾਹਿਬ ਦੇ ਇਸ ਅਸਚਰਜ ਵਰਤਾਰੇ 'ਤੇ ਬਿਸਮਾਦ ਦੀ ਅਵਸਥਾ ਵਿਚ ਸਨ।

ਅਗਲੀ ਭਲਕ ਸਵੇਰੇ ਹੀ ਹੁਕਮ ਅਨੁਸਾਰ ਆਪ ਜੀ ਬਾਸਰ ਕੇ ਤੁਰ ਪਏ।

* * * * * * *

# ਇੰਗਲੈਂਡ ਦੀਆਂ ਪੰਜਾਬਣਾਂ ਨੇ ਵਿਸਰ ਚੁੱਕਾ ਤੀਆਂ ਬੱਲੋ ਦਾ ਤਿਉਹਾਰ ਮਨਾਕੇ ਤੀਆਂ ਨੂੰ ਕੀਤਾ ਵਿਦਾ





ਤੀਆਂ ਬੱਲੋ ਦਾ ਤਿਉਹਾਰ ਮਨਾਉਣ ਮੌਕੇ ਪੰਜਾਬਣ ਮੁਟਿਆਰਾਂ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-** ਲੈਸਟਰ ਦੇ ਸਪਿਨ ਹਿਲ ਪਾਰਕ ਦੇ ਵਿੱਚ ਪੰਜਾਬ ਗਰੁੱਪ ਦੀਆਂ ਪੰਜਾਬਣ ਮੁਟਿਆਰਾਂ ਗੁਰਦੀਪ ਕੌਰ ਅਤੇ ਉਨਾਂ ਦੀਆਂ ਸਾਥਣਾਂ ਵੱਲੋਂ ਸਾਂਝੇ ਤੌਰ ਤੇ ਤੀਆਂ ਬੱਲੋ ਦਾ ਤਿਉਹਾਰ ਬੜੇ ਵੱਡੇ ਪੱਧਰ ਤੇ ਮਨਾਇਆ ਗਿਆ। ਇਸ ਮੌਕੇ ਤੇ ਲੈਸਟਰ ਤੇ ਹੋਰਨਾ ਸ਼ਹਿਰਾਂ ਤੋਂ ਪੁੱਜੀਆਂ ਪੰਜਾਬਣਾਂ ਵੱਲੋਂ ਨੱਚ ਗਾ ਕੇ ਅਤੇ ਪੰਜਾਬੀ ਬੋਲੀਆਂ ਪਾ ਕੇ ਖੂਬ ਮਨੋਰੰਜਨ ਕੀਤਾ ਗਿਆ। ਤੀਆਂ ਬੱਲੋ ਸਬੰਧੀ ਯਾਦਗਾਰੀ ਦਿੰਦਿਆਂ ਗੁਰਦੀਪ ਕੌਰ ਨੇ ਦੱਸਿਆ ਕਿ ਤੀਆਂ ਬੱਲੋਂ ਦਾ ਤਿਉਹਾਰ ਤੀਆਂ ਨੂੰ ਵਿਦਿਆ ਕਰਨ ਮੌਕੇ ਮਨਾਇਆ ਜਾਂਦਾ ਹੈ। ਉਹਨਾਂ ਦੱਸਿਆ ਕਿ ਪੁਰਾਤਨ ਵਿਰਸੇ ਨਾਲ ਜੋੜਿਆ ਇਹ ਤੀਆਂ ਬੱਲੋਂ ਦਾ ਤਿਉਹਾਰ ਹੁਣ ਪੰਜਾਬ ਸਮੇਤ ਵਿਦੇਸ਼ਾਂ ਚੋ ਵੀ ਅਲੋਪ ਹੁੰਦਾ ਜਾ ਰਿਹਾ ਹੈ, ਪਰ ਪੰਜਾਬ ਗਰੁੱਪ ਦੀਆਂ ਮੁਟਿਆਰਾਂ ਵੱਲੋਂ ਇਹ ਸਲਾਘਾਯੋਗ ਉਪਰਾਲਾ ਕਰਕੇ ਵਿਦੇਸ਼ਾਂ ਚ ਵਸਦੇ ਆਪਣੇ ਬੱਚਿਆਂ ਨੂੰ ਮੁੜ ਆਪਣੇ ਪੰਜਾਬੀ ਵਿਰਸੇ ਨਾਲ ਜੋੜਨ ਲਈ ਤੀਆਂ ਬੱਲੋਂ ਦਾ ਤਿਉਹਾਰ ਮਨਾਇਆ ਗਿਆ,ਤਾਂ ਜੋ ਇਥੋਂ ਦੇ ਜੰਮਪਲ ਬੱਚਿਆਂ ਨੂੰ ਆਪਣੇ ਪੁਰਾਤਨ ਗੌਰਵਮਈ ਵਿਰਸੇ ਤੋਂ ਜਾਣੂ ਕਰਵਾਇਆ ਜਾ ਸਕੇ ।ਇਸ ਮੌਕੇ ਤੇ ਵੱਡੀ ਗਿਣਤੀ ਚ ਪੁੱਜੀਆਂ ਪੰਜਾਬਣ ਮੁਟਿਆਰਾਂ ਨੂੰ ਸੰਧਾਰਾ ਵੀ ਵੰਡਿਆ ਗਿਆ। ਵਰਦੇ ਮੀਂਹ ਦੇ ਬਾਵਜੂਦ ਵੀ ਪੰਜਾਬਣ ਮੁਟਿਆਰਾਂ ਵੱਧ ਚੜ ਕੇ ਇਸ ਤੀਆਂ ਬੱਲੋ ਦੇ ਤਿਉਹਾਰ ਵਿੱਚ ਸ਼ਾਮਿਲ ਹੋਈਆਂ ਪੰਜਾਬਣ ਮੁਟਿਆਰਾ ਵੱਲੋਂ ਆਪਣੇ ਘਰਾਂ ਤੋਂ ਬਣਾ ਕੇ ਲਿਆਂਦਾ ਗਿਆ ਵੱਖ ਵਖ ਪ੍ਰਕਾਰ ਦਾ ਭੋਜਨ ਵੀ ਪੰਜਾਬਣਾ ਚੋਂ ਵੰਡਿਆ ਗਿਆ।

# ਲੇਬਰ ਡੇ 'ਤੇ ਅਮਰੀਕਾ ਭਰ ਵਿੱਚ ਅਰਬਪੱਤੀਆਂ ਵਿਰੁੱਧ ਪ੍ਰਦਰਸ਼ਨ, ਟਰੰਪ ਦੀਆਂ ਨੀਤੀਆਂ ਦਾ ਜੰਮ ਕੇ ਕੀਤਾ ਵਿਰੋਧ




ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–ਲੇਬਰ ਡੇ 'ਤੇ ਕਿਰਤੀ ਯੁਨੀਅਨਾਂ ਤੇ ਕਿਰਤੀ ਕਾਰਕੁੰਨਾਂ ਨੇ ਅਮਰੀਕਾ ਭਰ ਵਿੱਚ ਸਮੂਹਿਕ ਪ੍ਰਦਰਸ਼ਨ ਕੀਤੇ ਤਾਂ ਜੋ ਅਮਰੀਕੀ ਲੋਕਾਂ ਨੂੰ ਕੰਮਕਾਰੀ ਵਰਗ ਦੀ ਸ਼ਕਤੀ ਨੂੰ ਵਿਖਾਇਆ ਜਾ ਸਕੇ ਖਾਸ ਕਰਕੇ ਉਸ ਸਮੇ ਜਦੋਂ ਅਰਬਪੱਤੀ ਸੱਤਾਧਾਰੀ ਕੌਮੀ ਰਾਜਨੀਤੀ ਤੋਂ ਬਾਹਰ ਇੱਕ ਵੱਖਰੀ ਹੀ ਭੂਮਿਕਾ ਨਿਭਾਅ ਰਿਹਾ ਹੈ। ਇਹ ਪ੍ਰਦਰਸ਼ਨ ਨਾ ਕੇਵਲ ਅਰਬਪੱਤੀ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ ਸਨ ਬਲ ਕਿ ਉਨਾਂ ਹੋਰ ਅਰਬਪੱਤੀਆਂ ਦੇ ਵਿਰੁੱਧ ਵੀ ਸਨ ਜੋ ਟਰੰਪ ਦਾ ਸਮਰਥਨ ਕਰਦੇ ਹਨ ਜਾਂ ਟਰੰਪ ਪ੍ਰਸ਼ਾਸਨ ਤੋਂ ਲਾਭ ਉਠਾ ਰਹੇ ਹਨ। ਬੋਸਟਨ, ਸ਼ਿਕਾਗੋ, ਡੈਟਰਾਇਟ ਤੇ ਨਿਊਯਾਰਕ ਸਮੇਤ ਵੱਡੇ ਸ਼ਹਿਰਾਂ ਵਿੱਚ ਰੈਲੀਆਂ ਕੀਤੀਆਂ ਗਈਆਂ ਤੇ ਮਾਰਚ ਕੱਢੇ ਗਏ। ''ਕਾਮੇ ਬਨਾਮ ਅਰਬਪੱਤੀ'' ਦੇ ਨਾਂ ਹੇਠ ਹੋਏ ਇਨਾਂ ਪ੍ਰਦਰਸ਼ਨਾਂ ਵਿੱਚ ਹਜਾਰਾਂ ਲੋਕਾਂ ਨੇ ਹਿੱਸਾ ਲਿਆ। ਸਕਾਟਸਡੇਲ, ਐਰੀਜ਼ੋਨਾ ਤੋਂ ਲੈ ਕੇ ਸਿਓਅਕਸ ਫਾਲਜ਼, ਦੱਖਣੀ ਡਕੋਤਾ ਤੱਕ ਛੋਟੇ ਸ਼ਹਿਰਾਂ ਵਿੱਚ ਇਨਾਂ ਪ੍ਰਦਰਸ਼ਨਾਂ ਵਿੱਚ ਦਰਮਿਆਨੀ ਭੀੜ ਰਹੀ ਜਦ ਕਿ ਵੱਡੇ ਸ਼ਹਿਰਾਂ ਵਿੱਚ ਬੇਮਿਸਾਲ ਇਕੱਠ ਹੋਏ ਜੋ ਸਪੱਸ਼ਟ ਤੌਰ 'ਤੇ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਵਿਰੁੱਧ ਰੋਹ ਦਾ ਪ੍ਰਗਟਾਵਾ ਸੀ। ਇਨਾਂ ਪ੍ਰਦਰਸ਼ਨਾਂ ਦਾ ਆਯੋਜਨ ਅਨੇਕਾਂ ਸੰਗਠਨਾਂ ਨੇ ਕੀਤਾ ਜਿਨਾਂ ਨੇ ਆਪਣੇ ਪੱਧਰ 'ਤੇ ਲੇਬਰ ਡੇ ਪ੍ਰਦਰਸ਼ਨਾਂ ਵਿੱਚ ਸ਼ਾਮਿਲ ਲੋਕਾਂ ਦੀ ਗਿਣਤੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਮੀਡੀਆ ਰਿਪੋਰਟਾਂ ਅਨੁਸਾਰ ਪ੍ਰਦਰਸ਼ਨ ਪ੍ਰਭਾਵਸ਼ਾਲੀ ਸਨ ਤੇ ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਤਖਤੀਆਂ ਫੜੀਆਂ ਹੋਈਆਂ ਸਨ ਜਿਨਾਂ ਉਪਰ ਦੇਸ਼ ਦੇ ਅਰਬਪੱਤੀਆਂ ਵਿਰੁੱਧ ਨਾਅਰੇ ਲਿਖੇ ਹੋਏ ਸਨ। ਵਿਗਿਆਨਕ ਖੋਜ਼ਾਂ ਤੇ ਸਵਿਧਾਨਕ ਹੱਕਾਂ ਦਾ ਸਮਰਥਨ ਕੀਤਾ ਗਿਆ ਸੀ। ਸਾਕਿਬ ਭੱਟੀ ਕਾਰਜਕਾਰੀ ਡਾਇਰੈਕਟਰ ਐਕਸ਼ਨ ਸੈਂਟਰ ਰੇਸ ਐਂਡ ਇਕਾਨਮੀ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਹ ਅਹਿਮ ਹੈ ਕਿ ਲੋਕਾਂ ਨੂੰ ਦੱਸਿਆ ਜਾਵੇ ਕਿ ਅਰਬਪੱਤੀ ਟਰੰਪ ਦੇ ਏਜੰਡੇ ਦਾ ਹਰ ਭਾਈਚਾਰੇ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਜੋ ਕੁਝ ਦੇਸ਼ ਵਿੱਚ ਹੋ ਰਿਹਾ ਹੈ, ਉਸ ਦੇ ਵਿਰੁੱਧ ਸਾਰੇ ਇਕਜੁੱਟ ਹਨ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਗਿਣਤੀ ਨੂੰ ਪੜਨਾ ਤੇ ਲਿਖਣਾ ਸਿਖੀਏ...



ਪਾਠ 16

123 ਗਿਣਤੀ

Learn to pronounce the numbers in Punjabi, and also learn to write


| | | | |
|---|---|---|---|
| 1 | One | ੧ | ਇੱਕ |
| 2 | Two | ੨ | ਦੋ |
| 3 | Three | ੩ | ਤਿੰਨ |
| 4 | Four | ੪ | ਚਾਰ |
| 5 | Five | ੫ | ਪੰਜ |

Write each number five times


੧ ________ ੧ ________
੨ ________ ੨ ________
੩ ________ ੩ ________
੪ ________ ੪ ________
੫ ________ ੫ ________

ਸਿੱਖਿਆ - ਗੁਰਮੁਖੀ Page 33 Level I

# ਸਿਹਤ ਤੇ ਸੁੰਦਰਤਾ



## ਬੈਕਟੀਰੀਆ ਦੀ ਇਨਫੈਕਸ਼ਨ, ਦਿਲ ਦੇ ਦੌਰੇ ਦਾ ਬਣ ਸਕਦੀ ਹੈ ਕਾਰਨ



ਲੰਡਨ-ਅਮੇਰਿਕਨ ਹਾਰਟ ਐਸੋਸੀਏਸ਼ਨ ਦੇ ਜਰਨਲ ਵਿਚ ਪ੍ਰਕਾਸ਼ਿਤ ਅਧਿਐਨ ਤੋਂ ਪਤਾ ਲੱਗਾ ਹੈ ਕਿ ਇਨਫੈਕਸ਼ਨ ਦੀਆਂ ਬਿਮਾਰੀਆਂ ਦਿਨ ਦੇ ਦੌਰੇ ਦਾ ਕਾਰਨ ਬਣ ਸਕਦੀਆਂ ਹਨ। ਫਿਨਲੈਂਡ ਤੇ ਬਰਤਾਨੀਆ ਦੇ ਖੋਜੀਆਂ ਵੱਲੋਂ ਕੀਤਾ ਗਿਆ ਇਹ ਅਧਿਐਨ ਇਲਾਜ ਦੇ ਨਵੇਂ ਮੌਕੇ ਖੋਲ੍ਹ ਸਕਦਾ ਹੈ। ਅਧਿਐਨ ਮੁਤਾਬਕ ਇਨਫੈਕਸ਼ਨ ਮਾਇਓਕਾਰਡੀਅਲ ਇਨਫਾਰਕਸ਼ਨ ਨੂੰ ਟ੍ਰਿਗਰ ਕਰ ਸਕਦੀ ਹੈ। ਅਧਿਐਨ 'ਚ ਪਾਇਆ ਗਿਆ ਕਿ ਕੋਰੋਨਰੀ ਨਸ ਬਿਮਾਰੀ 'ਚ ਕੋਲੈਸਟਰੋਲ ਵਾਲਾ ਪਲਾਕ ਸਾਲਾਂ ਜਾਂ ਦਹਾਕਿਆਂ ਤੱਕ ਬੈਕਟੀਰੀਆ ਵੱਲੋਂ ਗਠਿਤ ਇਕ ਬਾਇਓਫਿਲਮ ਨੂੰ ਕਾਇਮ ਰੱਖ ਸਕਦੇ ਹਨ। ਬਾਇਓਫਿਲਮ ਦੇ ਅੰਦਰ ਨਕਾਰਾ ਬੈਕਟੀਰੀਆ ਮਰੀਜ਼ ਦੀ ਵਿਰੋਧੀ ਪ੍ਰਣਾਲੀ ਤੇ ਐਂਟੀਬਾਇਓਟਿਕ ਦਵਾਈਆਂ ਦੋਵਾਂ ਤੋਂ ਸੁਰੱਖਿਅਤ ਰਹਿੰਦੇ ਹਨ, ਕਿਉਂਕਿ ਉਹ ਬਾਇਓਫਿਲਮ ਮੈਟ੍ਰਿਕਸ 'ਚ ਦਾਖ਼ਲ ਨਹੀਂ ਹੋ ਸਕਦੇ ਹਨ।

ਇਕ ਵਾਇਰਲ ਇਨਫੈਕਸ਼ਨ ਜਾਂ ਕੋਈ ਹੋਰ ਬਾਹਰੀ ਕਾਰਨ ਬਾਇਓਫਿਲਮ ਨੂੰ ਸਰਗਰਮ ਕਰ ਸਕਦਾ ਹੈ, ਜਿਸ ਨਾਲ ਬੈਕਟੀਰੀਆ ਦਾ ਪ੍ਰਸਾਰ ਤੇ ਸੋਜ ਹੋ ਸਕਦੀ ਹੈ। ਸੋਜ ਕਾਰਨ ਪਲਾਕ ਦੀ ਰੇਸ਼ੇਦਾਰ ਟੋਪੀ ਫੱਟ ਸਕਦੀ ਹੈ, ਜਿਸਦੇ ਸਿੱਟੇ ਵਜੋਂ ਥ੍ਰੌਂਬਸ ਦਾ ਨਿਰਮਾਣ ਹੋ ਸਕਦਾ ਹੈ ਤੇ ਅਖ਼ੀਰ ਮਾਇਓਕਾਰਡੀਅਲ ਇਨਫਾਰਕਸ਼ਨ ਹੋ ਸਕਦਾ ਹੈ।

### ਪਲੋਸ ਵਨ ਜਰਨਲ ਵਿਚ ਪ੍ਰਕਾਸ਼ਿਤ ਅਧਿਐਨ ਵਿਚ ਹੈਰਾਨ ਕਰਨ ਵਾਲਾ ਹੋਇਆ ਖੁਲਾਸਾ

## ਰੋਜ਼ਾਨਾ ਸਾਹ ਰਾਹੀਂ ਸਰੀਰ ਅੰਦਰ ਜਾ ਰਹੇ 68,000 ਮਾਈਕ੍ਰੋਪਲਾਸਟਿਕ!



ਨਵੀਂ ਪੀਅਰ-ਸਮੀਖਿਆ ਕੀਤੀ ਗਈ ਖੋਜ ਵਿਚ ਹੈਰਾਨ ਕਰਦੇ ਖੁਲਾਸੇ ਕੀਤੇ ਗਏ ਹਨ ਕਿ ਅਸੀਂ ਜੋ ਸਾਹ ਆਪਣੇ ਸੁਰੱਖਿਅਤ ਘਰ ਜਾਂ ਕਾਰ ਵਿਚ ਲੈਂਦੇ ਹਨ ਉਸ ਰਾਹੀਂ ਵੀ ਵੱਡੀ ਮਾਤਰਾ ਵਿਚ ਮਾਈਕ੍ਰੋਪਲਾਸਟਿਕ ਸਾਡੇ ਸਰੀਰ ਅੰਦਰ ਜਾ ਰਹੇ ਹਨ, ਜੋ ਫੇਫੜਿਆਂ 'ਚ ਡੂੰਘਾਈ ਨਾਲ ਧਸ ਸਕਦੇ ਹਨ ਤੇ ਅੱਗੇ ਚੱਲ ਕੇ ਵੱਡੀ ਬਿਮਾਰੀ ਨੂੰ ਜਨਮ ਦੇ ਸਕਦੇ ਹਨ।

ਪਲੋਸ ਵਨ ਜਰਨਲ ਵਿਚ ਪ੍ਰਕਾਸ਼ਿਤ ਅਧਿਐਨ ਵਿਚ ਕਿਹਾ ਗਿਆ ਹੈ ਕਿ ਮਨੁੱਖ ਅੰਦਰ ਰੋਜ਼ਾਨਾ 68,000 ਛੋਟੇ ਪਲਾਸਟਿਕ ਕਣ ਸਾਹ ਰਾਹੀਂ ਜਾ ਸਕਦੇ ਹਨ। ਪਿਛਲੇ ਅਧਿਐਨਾਂ ਨੇ ਹਵਾ ਵਿਚ ਬਣੇ ਮਾਈਕ੍ਰੋਪਲਾਸਟਿਕ ਦੇ ਵੱਡੇ ਟੁਕੜਿਆਂ ਦੀ ਪਛਾਣ ਕੀਤੀ ਹੈ, ਪਰ ਇਹ ਸਿਹਤ ਲਈ ਬਹੁਤ ਜ਼ਿਆਦਾ ਖ਼ਤਰਾ ਨਹੀਂ ਹਨ, ਕਿਉਂਕਿ ਉਹ ਹਵਾ ਵਿੱਚ ਇੰਨੀ ਦੇਰ ਤੱਕ ਨਹੀਂ ਲਟਕਦੇ ਜਾਂ ਪਲਮਨਰੀ ਪ੍ਰਣਾਲੀ ਵਿੱਚ ਇੰਨੇ ਡੂੰਘਾਈ ਨਾਲ ਨਹੀਂ ਜਾਂਦੇ।

ਛੋਟੇ ਟੁਕੜੇ 1 ਤੋਂ 10 ਮਾਈਕ੍ਰੋਮੀਟਰ ਦੇ ਵਿਚਕਾਰ ਹੋ ਸਕਦੇ ਹਨ ਜਾਂ ਮਨੁੱਖੀ ਵਾਲਾਂ ਦੀ ਮੋਟਾਈ ਦੇ ਲਗਭਗ ਸੱਤਵੇਂ ਹਿੱਸੇ ਦੇ ਵਿਚਕਾਰ ਹੋ ਸਕਦੇ ਹਨ ਤੇ ਸਿਹਤ ਲਈ ਵਧੇਰੇ ਖ਼ਤਰਾ ਬਣਾ ਸਕਦੇ ਹਨ ਕਿਉਂਕਿ ਉਨ੍ਹਾਂ ਨੂੰ ਪੂਰੇ ਸਰੀਰ ਵਿਚ ਆਸਾਨੀ ਪਹੁੰਚ ਮਿਲ ਸਕਦੀ ਹੈ। ਖੋਜਾਂ ਵਿਚ ਸੁਝਾਅ ਦਿੱਤੇ ਗਏ ਹਨ ਕਿ ਮਾਈਕ੍ਰੋਪਲਾਸਟਿਕ ਸਾਹ ਲੈਣ ਦੇ ਸਿਹਤ ਪ੍ਰਭਾਵ ਸਾਡੇ ਅਹਿਸਾਸ ਨਾਲੋਂ ਜ਼ਿਆਦਾ ਮਹੱਤਵਪੂਰਨ ਹੋ ਸਕਦੇ ਹਨ।

ਫਰਾਂਸ ਦੀ ਟੂਲੂਸ ਯੂਨੀਵਰਸਿਟੀ ਦੇ ਮਾਈਕ੍ਰੋਪਲਾਸਟਿਕ ਖੋਜਕਰਤਾ ਅਤੇ ਅਧਿਐਨ ਸਹਿ-ਲੇਖਕ, ਨਾਦੀਆ ਯਾਕੋਵੇਂਕੋ ਨੇ ਕਿਹਾ "ਅਸੀਂ ਮਾਈਕ੍ਰੋਪਲਾਸਟਿਕ ਦੇ ਪੱਧਰਾਂ ਬਾਰੇ ਕਾਫ਼ੀ ਹੈਰਾਨ ਸੀ- ਇਹ ਪਹਿਲਾਂ ਦੇ ਅੰਦਾਜ਼ੇ ਨਾਲੋਂ ਕਿਤੇ ਜ਼ਿਆਦਾ ਸੀ। ਕਣ ਦਾ ਆਕਾਰ ਛੋਟਾ ਹੈ ਅਤੇ ਟਿਸ਼ੂ 'ਚ ਤਬਦੀਲ ਹੋਣ ਲਈ ਜਾਣਿਆ ਜਾਂਦਾ ਹੈ, ਜੋ ਕਿ ਖ਼ਤਰਨਾਕ ਹੈ ਕਿਉਂਕਿ ਇਹ ਖ਼ੂਨ ਦੇ ਪ੍ਰਵਾਹ ਵਿੱਚ ਦਾਖਲ ਹੋ ਸਕਦਾ ਹੈ ਅਤੇ ਸਾਹ ਪ੍ਰਣਾਲੀ ਵਿੱਚ ਡੂੰਘਾਈ ਨਾਲ ਜਾ ਸਕਦਾ ਹੈ।"

ਇਹ ਪਦਾਰਥ ਪੂਰੇ ਮਨੁੱਖੀ ਸਰੀਰ ਵਿੱਚ ਪਾਇਆ ਗਿਆ ਹੈ ਅਤੇ ਪਲੇਸੈਂਟਲ ਅਤੇ ਦਿਮਾਗ ਦੀਆਂ ਰੁਕਾਵਟਾਂ ਨੂੰ ਪਾਰ ਕਰ ਸਕਦਾ ਹੈ। ਭੋਜਨ ਅਤੇ ਪਾਣੀ ਨੂੰ ਮੁੱਖ ਐਕਸਪੋਜਰ ਰੂਟ ਮੰਨਿਆ ਗਿਆ ਹੈ, ਪਰ ਨਵੀਂ ਖੋਜ ਹਵਾ ਪ੍ਰਦੂਸ਼ਣ ਵਿੱਚ ਜੋਖਮਾਂ ਨੂੰ ਉਜਾਗਰ ਕਰਦੀ ਹੈ। ਹੋਰ ਮੁੱਦਿਆਂ ਦੇ ਨਾਲ, ਮਾਈਕ੍ਰੋਪਲਾਸਟਿਕ ਪੁਰਾਣੀ ਪਲਮਨਰੀ ਸੋਜਸ਼ ਨਾਲ ਜੁੜੇ ਹੋਏ ਹਨ, ਜੋ ਫੇਫੜਿਆਂ ਦੇ ਕੈਂਸਰ ਦਾ ਕਾਰਨ ਬਣ ਸਕਦਾ ਹੈ।

## * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਸਿੱਖ ਕਤਲੇਆਮ ਦੌਰਾਨ ਮਾਰੇ ਗਏ ਸਿੱਖ ਪਰਵਾਰਾਂ ਨੂੰ ਸੀ.ਐਮ.ਸੈਣੀ ਵਲੋਂ ਨੌਕਰੀਆਂ ਦੇਣ ਦੀ ਸ਼ਲਾਘਾ-ਪਰਮਜੀਤ ਸਿੰਘ ਮਾਖਾ

-ਬਿਨਾਂ ਪਾਣੀ ਤੋਂ ਹੀ ਮੌਜੇ ਨਾ ਉਤਾਰੀ ਜਾਉ, ਪਹਿਲਾਂ ਨੌਕਰੀਆਂ ਮਿਲ ਤਾਂ ਲੈਣ ਦਿਉ। ਫੇਰ ਕਰਿਉ ਸ਼ਲਾਘਾ।



*ਡੱਲੇਵਾਲ ਤੋਂ ਵੱਖ ਹੋਏ ਪ੍ਰਮੁੱਖ ਕਿਸਾਨ ਆਗੂਆਂ ਨੇ ਇਕ ਹੋਰ ਮੋਰਚਾ ਬਣਾ ਕੇ ਸਰਗਰਮੀ ਕੀਤੀ ਸ਼ੁਰੂ- ਇਕ ਖ਼ਬਰ

-ਬਾਰਾ ਭਾਈਏ, ਅਠਾਰਾਂ ਚੁੱਲ੍ਹੇ।



*ਮੇਰੇ ਕੋਲ ਅਜਿਹੇ ਕਾਰਡ ਹਨ ਜੇ ਖੋਲ੍ਹ ਦਿਤੇ ਤਾਂ ਚੀਨ ਬਰਬਾਦ ਹੋ ਜਾਵੇਗਾ- ਟਰੰਪ

-ਟਰੰਪ ਕਾਰਡ।



*ਅਮਰੀਕੀ ਅਦਾਲਤ ਨੇ ਟੈਰਿਫ਼ ਨੂੰ ਗ਼ੈਰਕਾਨੂੰਨੀ ਦੱਸਿਆ- ਇਕ ਖ਼ਬਰ

-ਅੱਗੇ ਬੀਬੀ ਟਾਪਣੀ, ਪਿੱਛੇ ਢੋਲਾਂ ਦੀ ਘੜਮੱਸ।



*ਬਿਹਾਰ 'ਚ ਇੰਡੀਆ ਗੱਠਜੋੜ ਇਕਜੁਟ- ਰਾਹੁਲ ਗਾਂਧੀ

-ਮੇਰੀ ਕੱਤਣੀ ਨਸੀਬਾਂ ਵਾਲ਼ੀ, ਭਰੀ ਰਹੇ ਲੱਡੂਆਂ ਦੀ।




*ਐਸ. ਬੀ. ਆਈ ਮਗਰੋਂ ਬੈਂਕ ਆਫ਼ ਇੰਡੀਆ ਨੇ ਵੀ ਆਰਕਾਮ ਅਤੇ ਅਨਿਲ ਅੰਬਾਨੀ ਨੂੰ ਧੋਖੇਬਾਜ਼ ਕਰਾਰ ਦਿਤਾ-ਇਕ ਖ਼ਬਰ

-ਕਿਹੜੇ ਯਾਰ ਦਾ ਗੁਤਾਵਾ ਕੀਤਾ, ਅੱਖ ਵਿਚ ਕੱਖ ਪੈ ਗਿਆ।



*ਸ਼ਿਵਰਾਜ ਸਿੰਘ ਚੌਹਾਨ ਨੇ ਭਾਜਪਾ ਦੇ ਪ੍ਰਧਾਨ ਦਾ ਅਹੁਦਾ ਲੈਣ ਤੋਂ ਕੀਤਾ ਇਨਕਾਰ- ਇਕ ਖ਼ਬਰ

-ਮੇਰਾ ਨਰਮ ਕਾਲਜਾ ਮੱਚਦਾ, ਲੱਡੂ ਨਹੀਂ ਖਾਣੇ ਤੇਰੇ ਤੇਲ ਦੇ।



*ਟਰੰਪ ਨੇ ਨਿੱਜੀ ਰੰਜਿਸ਼ ਕਾਰਨ ਭਾਰਤ 'ਤੇ ਲਾਇਆ ਟੈਰਿਫ਼- ਅਮਰੀਕੀ ਨਿਵੇਸ਼ ਕੰਪਨੀ

-ਬਾਂਹ ਮਾਰ ਕੇ ਘੋਟਣਾ ਭੰਨ 'ਤੀ, ਜੇਠ ਦੀ ਮੈਂ ਗੱਲ ਨਾ ਮੰਨੀ।



*ਕਿਸਾਨਾਂ ਨੇ ਜੰਤਰ ਮੰਤਰ 'ਤੇ ਮਹਾਂਪੰਚਾਇਤ ਕਰ ਕੇ ਮੋਦੀ ਸਰਕਾਰ ਨੂੰ ਵੰਗਾਰਿਆ- ਇਕ ਖ਼ਬਰ

-ਦਾਰੂ ਪੀ ਕੇ ਮਿੱਤਰਾਂ ਨੇ, ਤੇਰੇ ਬੂਹੇ ਅੱਗੇ ਡਾਂਗ ਖੜਕਾਉਣੀ।

*ਹਰਿਆਣਾ ਨੇ ਪਾਣੀ ਦਾ ਕੋਟਾ ਹੋਰ ਘਟਾਉਣ ਲਈ ਪੰਜਾਬ ਨੂੰ ਕਿਹਾ- ਇਕ ਖ਼ਬਰ

-ਕਿਉਂ ਹੁਣ ਪਾਣੀ ਬੁਰਾ ਲਗਦਾ? ਜੀ ਪਉ ਚਿੜੀਓ ਮਰ ਜਾਓ ਚਿੜੀਓ!



*ਕੇਂਦਰ ਸਰਕਾਰ ਪੰਜਾਬ ਦੇ ਹੜ੍ਹ ਪੀੜਤਾਂ ਲਈ ਵਿਸ਼ੇਸ਼ ਰਾਹਤ ਫੰਡ ਜਲਦੀ ਜਾਰੀ ਕਰੇ- ਗਿ. ਹਰਪ੍ਰੀਤ ਸਿੰਘ

-ਉਹ ਫਿਰੇ ਨੱਥ ਘੜਾਉਣ ਨੂੰ ਤੇ ਉਹ ਫਿਰੇ ਨੱਕ ਵਢਾਉਣ ਨੂੰ।



*ਬਿਹਾਰ ਤੋਂ ਸ਼ੁਰੂ ਹੋਈ 'ਵੋਟਰ ਅਧਿਕਾਰ ਯਾਤਰਾ' ਸਾਰੇ ਦੇਸ਼ ਵਿਚ ਫ਼ੈਲੇਗੀ- ਰਾਹੁਲ ਗਾਂਧੀ

-ਨੱਚ ਲੈ ਸ਼ਾਮ ਕੁਰੇ, ਹੁਣ ਭੌਰ ਬੋਲੀਆਂ ਪਾਵੇ।



*ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਤਾਪ ਸਿੰਘ ਬਾਜਵਾ ਨੇ ਵੀ ਕੇਂਦਰ ਤੋਂ ਰਾਹਤ ਪੈਕੇਜ ਦੀ ਮੰਗ ਕੀਤੀ- ਇਕ ਖ਼ਬਰ

-ਲੈ ਗਈ ਕੁੰਜੀਆਂ ਚੁਬਾਰਿਆਂ ਵਾਲ਼ੀ, ਖੈਰ ਕਿੱਥੋਂ ਪਾਵਾਂ ਜੋਗੀਆ।

*ਸੰਵਿਧਾਨ ਦੀ ਰਾਖੀ ਲਈ ਲੋਕ ਆਪਣੇ ਵੋਟ ਦੇ ਅਧਿਕਾਰ ਦੀ ਰੱਖਿਆ ਕਰਨ- ਰਾਹੁਲ ਗਾਂਧੀ

-ਲੋਕੋ ਜਾਗਦੇ ਰਹਿਣਾ, ਟੋਲੀ ਲੋਟੂਆਂ ਦੀ ਆਈ।

*ਸੁਪਰੀਮ ਕੋਰਟ 'ਚ ਰਿੱਟ ਪਟੀਸ਼ਨ ਦਾਇਰ ਨਹੀਂ ਕਰ ਸਕਦੇ ਸੂਬੇ- ਕੇਂਦਰ ਸਰਕਾਰ

-ਮੇਰੀ ਗੁੱਤ ਦੇ ਵਿਚਾਲੇ ਠਾਣਾ, ਕੈਦ ਕਰਾ ਦਊਂਗੀ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਦੁਆਰਾ ਐਕਟ ਦੀ ਧਾਰਾ 85 ਅਧੀਨ ਆਪਣੇ ਮੈਨੇਜਰ ਰਾਹੀਂ ਚਲਾ ਰਹੀ ਹੈ ਅਤੇ ਇਹ ਨੋਟੀਫਾਈਡ ਹੈ।

ਗੁਰਦੁਆਰੇ ਸਾਹਿਬ ਦੇ ਅੰਦਰ ਜਾਣ ਸਮੇਂ ਉੱਚਾ ਗੇਟ ਅਤੇ ਦੀਵਾਰਾਂ ਤੋਂ ਇਹ ਜਿਵੇਂ ਕਿਲ੍ਹਾ ਲੱਗਦਾ ਹੈ। ਮੁਰੱਬਾ ਦੀਵਾਨ ਹਾਲ ਦੇ ਅੰਦਰ ਪ੍ਰਕਾਸ਼ ਅਸਥਾਨ ਹੈ ਜੋ ਪੁਰਾਣੇ ਗੁਰਦੁਆਰੇ ਦੀ ਨਿਸ਼ਾਨਦੇਹੀ ਕਰਦਾ ਹੈ।

**(ਅ) ਗੁਰਦੁਆਰਾ ਪਾਤਸ਼ਾਹੀ ਦੱਸਵੀਂ ਗੋਬਿੰਦਪੁਰਾ:–** ਇਹ ਗੁਰਦੁਆਰਾ ਵੀ ਅੰਬਾਲੇ ਦੀ ਜੈਨ-ਕਾਲਜ ਸੜਕ 'ਤੇ ਪੁਰਾਣੇ ਲਬੂ-ਦਾ-ਤਾਲਾਬ ਕੋਲ ਹੈ। ਗੁਰੂ ਸਾਹਿਬ 1670–71 ਵਿੱਚ ਇਥੇ ਆਏ ਸਨ ਜਦੋਂ ਉਨ੍ਹਾਂ ਮੁਸਲਮਾਨ ਪੀਰ ਨੂਰਦੀਨ ਦਾ ਹੰਕਾਰ ਤੋੜਿਆ ਸੀ ਜਦੋਂ ਗੁਰੂ ਜੀ ਨੇ ਚਿੜੀਆਂ ਨਾਲ ਪੀਰ ਦੇ ਬਾਜ਼ ਲੜਾਇਆ ਸੀ ਤੇ ਬਾਜ਼ ਮਰ ਕੇ ਲਬੂ-ਦਾ-ਤਲਾਬ ਡਿੱਗਾ ਸੀ। ਦੂਸਰਾ, ਰੂਹਾਨੀ ਮੁਸਲਮਾਨ ਸਈਦ ਸ਼ਾਹ ਪੀਰ ਨੇ ਗੁਰੂ ਸਾਹਿਬ ਦਾ ਇਹ ਕੌਤਕ ਦੇਖ ਕੇ ਬੇਨਤੀ ਕੀਤੀ ਕਿ ਮਹਾਰਾਜ, ਇਥੇ ਪਾਣੀ ਦਾ ਮਿੱਠਾ ਚਸ਼ਮਾ ਕੱਢੋ ਕਿਉਂਕਿ ਇਥੇ ਸਾਰੇ ਖੂਹਾਂ ਦਾ ਪਾਣੀ ਖਾਰਾ ਹੈ। ਗੁਰੂ ਸਾਹਿਬ ਦੇ ਹੁਕਮ ਨਾਲ ਜੋ ਖੂਹ ਕੱਢਿਆ ਗਿਆ ਉਹ ਅੱਜ ਵੀ ਗੁਰਦੁਆਰੇ ਦੇ ਪਿਛਵਾੜੇ ਮੌਜੂਦ ਹੈ। ਇਹ ਇਮਾਰਤ 1947 ਤੋਂ ਬਾਅਦ ਬਣੀ ਹੈ, ਜਿਸ ਵਿੱਚ ਇਕ ਵੱਡਾ ਹਾਲ, ਦਰਬਾਰ ਅਸਥਾਨ ਵੀ ਹੈ, ਜੋ ਪੁਰਾਣੇ ਅਸਥਾਨਾਂ ਦੀ ਨਿਸ਼ਾਨਦੇਹੀ ਕਰਦਾ ਹੈ।

**(ੲ) ਗੁਰਦੁਆਰਾ ਮੰਜੀ ਸਾਹਿਬ:–** ਇਹ ਗੁਰਦੁਆਰਾ ਅੰਬਾਲਾ ਰੇਲਵੇ ਸਟੇਸ਼ਨ ਤੋਂ ਇਕ ਕਿਲੋਮੀਟਰ ਦੂਰ ਜੀ.ਟੀ. ਰੋਡ 'ਤੇ ਸਥਿਤ ਹੈ। ਇਹ ਗੁਰਦੁਆਰਾ ਬਾਉਲੀ ਸਾਹਿਬ ਦੇ ਨਾਂ 'ਤੇ ਵੀ ਪ੍ਰਸਿੱਧ ਹੈ। ਇਹ ਅੰਬਾਲਾ ਸ਼ਹਿਰ ਦਾ ਸਭ ਤੋਂ ਪੁਰਾਣਾ ਗੁਰਦੁਆਰਾ ਹੈ। ਗੁਰੂ ਹਰਿਗੋਬਿੰਦ ਸਾਹਿਬ ਜਹਾਂਗੀਰ ਬਾਦਸ਼ਾਹ ਨੂੰ ਦਿੱਲੀ ਮਿਲਣ ਜਾਣ ਸਮੇਂ ਇਕ ਰਾਤ ਇਥੇ ਠਹਿਰੇ ਸਨ। ਇਹ ਥਾਂ ਉਸ ਸਮੇਂ ਛੋਟਾ ਜਿਹਾ ਪਿੰਡ ਖੁਰਮਪੁਰ ਕਰਕੇ ਜਾਣਿਆ ਜਾਂਦਾ ਸੀ। ਇਥੇ ਪਾਣੀ ਦੀ ਬਹੁਤ ਘਾਟ ਸੀ। ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਹੁਕਮ ਕੀਤਾ ਕਿ ਇਕ ਬਾਉਲੀ ਬਣਾਉ ਜਿਸ ਦੀਆਂ ਪੌੜੀਆਂ ਪਾਣੀ ਤੱਕ ਜਾ ਸਕਣ। ਗੁਰੂ ਸਾਹਿਬ ਜਦੋਂ ਦਿੱਲੀ ਤੋਂ ਵਾਪਸ ਆਏ ਤਾਂ ਇਕ ਰਾਤ ਇਥੇ ਠਹਿਰੇ ਤਾਂ ਉਸ ਸਮੇਂ ਤੱਕ ਬਾਉਲੀ ਤਿਆਰ ਕੀਤੀ ਗਈ ਸੀ।

ਕੁਰੁਕਸ਼ੇਤਰ ਜਾਣ ਸਮੇਂ 1702 ਨੂੰ ਗੁਰੂ ਗੋਬਿੰਦ ਸਿੰਘ ਇਥੇ ਆਏ ਸਨ। ਮੁਕਾਮੀ ਰਿਵਾਇਤ ਅਨੁਸਾਰ ਬੰਦਾ ਸਿੰਘ ਬਹਾਦਰ ਵੀ ਇਥੇ ਕੁਝ ਸਮਾਂ ਠਹਿਰਿਆ ਸੀ, ਜਦੋਂ ਉਹ ਚਾਟ-ਬਨੂੜ ਅਤੇ ਸਰਹੰਦ ਵੱਲ 1710 ਵਿੱਚ ਅੱਗੇ ਵੱਧ ਰਿਹਾ ਸੀ। ਪੰਜਾਬ ਵਿੱਚ 18ਵੀਂ ਸਦੀ ਦੇ ਦੂਜੇ ਅੱਧ ਵਿੱਚ


ਗੁਰਦੁਆਰਾ ਮੰਜੀ ਸਾਹਿਬ ਅੰਬਾਲਾ

ਸਿੱਖ ਰਾਜ ਕਾਇਮ ਹੋਣ ਨਾਲ ਅੰਬਾਲਾ ਅਤੇ ਇਸ ਦੇ ਆਸ-ਪਾਸ ਦੇ ਖੇਤਰ ਨਿਸ਼ਾਨਵਾਲੀ ਮਿਸਲ ਦੇ ਹਿੱਸੇ ਆਏ। ਸ੍ਰ. ਮਿਹਰ ਸਿੰਘ, ਮਿਸਲ ਦੇ ਮੁਖੀ ਨੇ ਬਾਉਲੀ ਨੂੰ ਦੁਬਾਰਾ ਬਣਾਇਆ ਅਤੇ ਪੁਰਾਣੀ ਮੰਜੀ ਸਾਹਿਬ ਦੀ ਥਾਂ ਇਕ ਕਮਰਾ ਤਾਮੀਰ ਕੀਤਾ। ਖੁਰਾਮ ਪੁਰ ਪਿੰਡ ਦਰਿਆ ਟਾਂਗਰੀ ਵਿੱਚ ਸੈਲਾਬ ਕਾਰਨ ਤਬਾਹ ਹੋ ਗਿਆ ਸੀ। ਇਹ ਦੁਬਾਰਾ ਮਹਾਰਾਜਾ ਹੀਰਾ ਸਿੰਘ (1843–1911) ਆਫ਼ ਨਾਭਾ ਨੇ 20ਵੀਂ ਸਦੀ ਦੇ ਸ਼ੁਰੂ ਵਿੱਚ ਬਣਾਇਆ। 1947 ਦੀ ਵੰਡ ਮਗਰੋਂ ਸਿੱਖ ਆਬਾਦੀ ਇਥੇ ਹੋਰ ਵੱਸ ਗਈ ਜੋ ਪੱਛਮੀ ਪੰਜਾਬ ਤੋਂ ਉਜੜ ਕੇ ਆਈ ਸੀ। ਨਵੀਂ ਇਮਾਰਤ ਦਾ ਨੀਂਹ ਪੱਥਰ 12 ਮਈ 1951 ਨੂੰ ਰੱਖਿਆ ਗਿਆ। ਇਸ ਇਮਾਰਤ ਦੀ ਤਿੰਨ-ਛੱਤਾ ਡਿਉੜੀ ਅਤੇ ਅੱਠ ਗੁੰਬਦਾਂ ਵਾਲੇ ਛੱਤੇ ਅਤੇ ਇਥੇ ਵੱਡਾ ਚਕੋਰ ਹਾਲ ਬਣਿਆ ਹੈ। ਹਾਲ ਦੇ ਅੰਦਰ ਪ੍ਰਕਾਸ਼ ਅਸਥਾਨ ਹੈ ਜੋ ਖਾਸ ਤੌਰ 'ਤੇ ਮੰਜੀ ਸਾਹਿਬ ਦੀ ਥਾਂ 'ਤੇ ਹੈ। ਬਾਉਲੀ ਹਾਲ ਦੇ ਇਕ ਸਿਰੇ ਵੱਲ ਆਉਂਦੀ ਹੈ। ਗੁਰਦੁਆਰੇ ਦੀ ਦੇਖ-ਭਾਲ ਮੁਕਾਮੀ ਕਮੇਟੀ ਕਰਦੀ ਹੈ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆਉਂਦੀ ਹੈ। ਗੁਰਦੁਆਰੇ ਦੇ ਅਹਾਤੇ ਵਿੱਚ ਹੀ ਲੜਕੀਆਂ ਦਾ ਸਕੂਲ, ਗੁਰੂ ਹਰਿਗੋਬਿੰਦ ਸਾਹਿਬ ਦੇ ਨਾਂ 'ਤੇ ਚੱਲ ਰਿਹਾ ਹੈ। ਗੁਰੂ ਸਾਹਿਬ ਦਾ ਜਨਮ ਉਤਸਵ ਹਰ ਸਾਲ ਜੂਨ ਦੇ ਮਹੀਨੇ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

**(ਸ) ਗੁਰਦੁਆਰਾ ਸਤਿਸੰਗ ਸਾਹਿਬ:–** ਇਹ ਗੁਰਦੁਆਰਾ ਨੌਵੇਂ ਨਾਨਕ ਗੁਰੂ ਤੇਗ ਬਹਾਦਰ ਸਾਹਿਬ ਅਤੇ ਦੱਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਦੀ ਯਾਦ ਵਿੱਚ ਬਣੇ ਹਨ। ਗੁਰੂ ਗੋਬਿੰਦ ਸਿੰਘ ਜੀ (1666–1708) ਇਕ ਵੇਰ ਅਨੰਦਪੁਰ ਸਾਹਿਬ ਤੋਂ ਕੁਰੁਕਸ਼ੇਤਰ ਜਾਣ ਸਮੇਂ ਇਕ ਦਰਖਤ ਹੇਠ ਘੁਮਾਰ ਦੀ ਝੁੱਗੀ ਕੋਲ ਠਹਿਰੇ ਸਨ।

ਇਕ ਬੁੱਢੇ ਆਦਮੀ ਮਹਿਰ ਘੁਮਾਨ ਨੇ ਗੁਰੂ ਸਾਹਿਬ ਨੂੰ ਦਰਖ਼ਤ ਤੋਂ ਦੂਰ ਬੈਠਣ ਦੀ ਬੇਨਤੀ ਕੀਤੀ ਅਤੇ ਇਸ ਸੰਦਰਭ ਵਿੱਚ ਇਕ ਪੁਰਾਤਨ ਸਾਖੀ ਸੁਣਾਈ ਕਿ ਇਕ ਵੇਰ ਇਕ ਲਾ-ਮਾਲੂਮ ਮੁਸਾਫ਼ਰ ਨੇ ਇਕ ਭਰਿਆ ਹੋਇਆ ਟੋਕਰਾ ਉਪਰੋਂ ਢੱਕ ਕੇ ਰੱਖਿਆ ਸੀ ਅਤੇ ਉਸ ਨੇ ਘੁਮਾਨ ਨੂੰ ਆਖਿਆ ਕਿ ਇਸ ਹਦੂਦ ਅੰਦਰ ਕਿਸੇ ਸਿੱਖ ਦਾ ਘਰ ਹੈ। ਘੁਮਾਨ ਨੇ ਉਸ ਨੂੰ ਤਵਾਕਲ-ਸ਼ਾਹ ਦੇ ਤਕੀਏ ਵੱਲ ਇਸ਼ਾਰਾ ਕੀਤਾ ਪਰ ਉਸ ਦੀ ਹੈਰਾਨੀ ਕਿ ਉਸ ਨੇ ਦਰਖ਼ਤ ਦੀਆਂ ਪੱਤੇ ਵਾਲੀਆਂ ਟਾਹਣੀਆਂ 'ਤੇ ਲਹੂ ਦੇ ਦਾਗ ਵੇਖੇ ਜਿਥੇ ਮੁਸਾਫ਼ਰ ਨੇ ਟੋਕਰੀ ਲਟਕਾਈ ਸੀ। ਇਸ ਸਾਖੀ ਦੀ ਪੜਚੋਲ ਕਰਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦੱਸਿਆ ਕਿ ਉਹ ਮੁਸਾਫ਼ਰ ਕੋਈ ਹੋਰ ਨਹੀਂ ਸੀ ਸਗੋਂ ਭਾਈ ਜੈਤਾ ਜੀ ਸਨ ਜੋ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸੀਸ ਅਨੰਦਪੁਰ ਸਾਹਿਬ ਲੈ ਜਾ ਰਹੇ ਸਨ। ਬਾਅਦ ਵਿੱਚ ਇਸ ਥਾਂ 'ਤੇ ਇਕ ਬੜ੍ਹਾ ਕਾਇਮ ਕੀਤਾ ਗਿਆ। ਗੁਰੂ ਸਾਹਿਬ ਕਾਫੀ ਸਮਾਂ ਇਥੇ ਠਹਿਰੇ ਅਤੇ ਸਿੱਖਾਂ ਦੇ ਇਕੱਠ ਕਰਕੇ ਸਤਿਸੰਗ ਕਰਦੇ ਰਹੇ। ਇਸੇ ਕਾਰਨ ਗੁਰਦੁਆਰਾ ਸਤਿਸੰਗ ਸਾਹਿਬ ਪ੍ਰਸਿੱਧ ਹੋ ਗਿਆ। ਕਾਫੀ ਸਮਾਂ ਇਹ ਪਵਿੱਤਰ ਥਾਂ ਗੰਬੀ ਸਿੰਘਾਂ ਦਾ ਨਿੱਜੀ ਘਰ ਹੀ ਰਿਹਾ। 1934 ਵਿੱਚ ਇਕ ਕਮੇਟੀ ਬਣੀ ਜਿਸ ਨੇ 1935 ਵਿੱਚ ਇਕ ਨਵੀਂ ਇਮਾਰਤ ਬਣਾਈ। ਅੱਜ ਕੱਲ੍ਹ ਇਕ ਵੱਡਾ ਹਾਲ ਅਤੇ ਨਾਲ ਪੁਰਾਣੀ ਦੋ-ਮੰਜ਼ਲੀ ਗੁੰਬਦੀ ਇਮਾਰਤ ਵੀ ਦਿੱਸਦੀ ਹੈ।

**(ਹ) ਗੁਰਦੁਆਰਾ ਸੀਸ ਗੰਜ ਸਾਹਿਬ:–** ਇਹ ਗੁਰਦੁਆਰਾ ਮੰਜੀ ਸਾਹਿਬ ਤੋਂ ਕੇਵਲ 300 ਮੀਟਰ ਅਤੇ ਰੇਲਵੇ ਸਟੇਸ਼ਨ ਤੋਂ ਡੇਢ ਕਿਲੋਮੀਟਰ ਦੂਰ ਹੈ। ਇਹ ਗੁਰ-ਦੁਆਰਾ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿੱਚ ਬਣਿਆ ਹੈ। ਜਦੋਂ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਦਿੱਲੀ ਚਾਂਦਨੀ ਚੌਂਕ ਵਿੱਚ 11 ਨਵੰਬਰ 1675 ਵਿੱਚ ਸ਼ਹੀਦ ਕੀਤਾ ਗਿਆ ਸੀ ਤਾਂ ਭਾਈ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਅਨੰਦਪੁਰ ਸਾਹਿਬ ਲੈ ਆਇਆ ਸੀ ਅਤੇ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਭਾਈ ਲੱਖੀ ਸ਼ਾਹ ਵਣਜਾਰਾ ਨੇ ਦਿੱਲੀ ਵਿੱਚ ਕੀਤਾ ਸੀ।

ਭਾਈ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਲੈ ਕੇ ਇਕ ਸਿੱਖ ਦੇ ਘਰ ਰਾਤ ਠਹਿਰੇ ਸਨ। ਭਾਈ ਜੈਤਾ ਜੀ ਨਾਲ ਭਾਈ ਨਾਨੂ ਅਤੇ ਭਾਈ ਉਦੇ ਵੀ ਸੀ। ਜਿਥੇ ਭਾਈ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਲੈ ਕੇ ਜਿਸ ਸਿੱਖ ਦੇ ਘਰ ਠਹਿਰੇ ਸਨ, ਉਥੇ ਹੀ ਅੱਜ ਕੱਲ੍ਹ ਗੁਰਦੁਆਰਾ ਸੀਸ ਗੰਜ ਬਣਿਆ ਹੋਇਆ ਹੈ। ਮੁਕਾਮੀ ਸਿੱਖਾਂ ਨੇ ਇਸ ਗੁਰਦੁਆਰੇ ਦੀ ਇਮਾਰਤ ਤਾਮੀਰ ਕੀਤੀ ਹੈ।

ਛੇਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਅੰਬਾਲਾ 1913 ਵਿੱਚ ਹੋਈ ਤਾਂ ਉਸ ਸਮੇਂ ਸਿੱਖਾਂ ਨੂੰ ਬਹੁਤ ਜਾਣਕਾਰੀ ਇਸ ਗੁਰਦੁਆਰੇ ਬਾਰੇ ਹੋਈ। ਇਸ ਦੇ ਨੇੜੇ ਹੀ ਮੁਸਲਮਾਨ ਤਕੀਏ ਤਵੱਕਲ ਸ਼ਾਹ ਦੀ ਗੱਦੀ ਨਸ਼ੀਨੀ ਨੂੰ ਵੱਧ ਰਹੀਆਂ ਸਿੱਖ ਸੰਗਤਾਂ ਬਾਰੇ ਖਦਸ਼ਾ ਪ੍ਰਗਟ ਕੀਤਾ ਅਤੇ ਮੁਕੱਦਮਾ ਦਾਇਰ ਕਰ ਦਿੱਤਾ ਜੋ ਸਿੱਖਾਂ ਦੇ ਹੱਕ ਵਿੱਚ ਰਿਹਾ। 1925 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠ ਇਸ ਗੁਰਦੁਆਰੇ ਦਾ ਪ੍ਰਬੰਧ ਆ ਗਿਆ। ਅਜੋਕੀ ਗੁਰਦੁਆਰਾ ਇਮਾਰਤ 1969 ਵਿੱਚ ਬਣੀ ਹੈ ਜਿਸ ਦੀ ਦੋ ਮਜ਼ਲੀ ਗੁੰਬਦੀ ਡਿਉੜੀ ਅਤੇ ਅੰਦਰ ਇਕ ਛੋਟਾ ਦੀਵਾਨ ਹਾਲ ਹੈ, ਇਸ ਵਿੱਚ ਪ੍ਰਕਾਸ਼ ਅਸਥਾਨ ਸੁਸ਼ੋਭਿਤ ਹੈ।

ਪੁਸਤਕ ਸੂਚੀ:–

(1) ਕਾਨ੍ਹ ਸਿੰਘ ਨਾਭਾ– ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990

(2) ਠਾਕਰ ਸਿੰਘ ਗਿ.– ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923

(3) ਤਾਰਾ ਸਿੰਘ– ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975

(4) ਰਣਧੀਰ, ਜੀ. ਸਿੰਘ– ਸਿੱਖ ਸ਼ਰਾਇਨਜ਼ ਇਨ ਇੰਡੀਆ, ਦਿੱਲੀ, 1990

(5) ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ ਪਹਿਲੀ, ਪਟਿਆਲਾ, 1998

(6) ਦਿਲਗੀਰ, ਹਰਜਿੰਦਰ ਸਿੰਘ (ਡਾ.)– ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997

ਬਾਕੀ ਅਗਲੇ ਹਫ਼ਤੇ ਪੜ੍ਹੋ

## ਹੋਸਟਨ ਵਿੱਚ ਇਕ 11 ਸਾਲਾ ਮੁੰਡੇ ਦਾ ਗੋਲੀ ਮਾਰ ਕੇ ਕਤਲ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)– ਹੋਸਟਨ ਵਿੱਚ 'ਡੋਰਬੈੱਲ ਡਿੱਚ ਪਰੈਂਕ' ਖੇਡ ਰਹੇ ਇੱਕ 11 ਸਾਲਾ ਮੁੰਡੇ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਇਹ ਟਿਕਟਾਕ ਰੁਝਾਨ ਦੀ ਤਾਜ਼ਾ ਮਿਸਾਲ ਹੈ ਜਿਸ ਵਿਰੁੱਧ ਪੁਲਿਸ ਮਾਪਿਆਂ ਨੂੰ ਹਮੇਸ਼ਾਂ ਚੌਕਸ ਰਹਿਣ ਦੀ ਸਲਾਹ ਦਿੰਦੀ ਆਈ ਹੈ। ਹੋਸਟਨ ਪੁਲਿਸ ਨੇ ਕਿਹਾ ਹੈ ਕਿ ਮੁੰਡਾ ਆਪਣੇ ਦੋਸਤਾਂ ਨਾਲ ਇਕ ਘਰ ਵਿੱਚ ਇੱਕ ਖੇਡ ''ਡਿੰਗ ਡਾਂਗ ਡਿੱਚ'' ਖੇਡ ਰਿਹਾ ਸੀ ਜਦੋਂ ਇੱਕ ਵਿਅਕਤੀ ਘਰ ਵਿੱਚ ਦਾਖਲ ਹੋਇਆ ਤੇ ਉਸ ਨੇ ਮੁੰਡੇ ਨੂੰ ਗੋਲੀ ਮਾਰ ਦਿੱਤੀ।

ਮੌਕੇ ਦੇ ਇਕ ਗਵਾਹ ਅਨੁਸਾਰ ਮੁੰਡਾ ਇਕ ਘਰ ਦੀ ਘੰਟੀ ਵਜਾ ਕੇ ਭੱਜਾ ਸੀ ਜਿਸ ਤੋਂ ਬਾਅਦ ਉਸ ਨੂੰ ਗੋਲੀ ਮਾਰੀ ਗਈ। ਪੁਲਿਸ ਅਨੁਸਾਰ ਮੁੰਡੇ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਿਆ।

# ਹੜ੍ਹ ਪੀੜਤਾਂ ਲਈ ਪੰਜਾਬੀਆਂ ਨੇ ਖ਼ਜਾਨਿਆਂ ਦੇ ਮੂੰਹ ਖੋਲ੍ਹ ਦਿੱਤੇ



ਸਾਕਸ਼ੀ ਸਾਹਨੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ, ਦਲਜੀਤ ਦੋਸਾਂਝ, ਐਮੀ ਵਿਰਕ, ਗਿਪੀ ਗਰੇਵਾਲ, ਐਸ.ਪੀ.ਸਿੰਘ ਉਬਰਾਏ।

**ਉਜਾਗਰ ਸਿੰਘ**



ਕੇਂਦਰ ਸਰਕਾਰ ਨੂੰ ਪੰਜਾਬ ਦੇ ਹੜ੍ਹਾਂ ਦੀ ਸਥਿਤੀ ਨੂੰ ਰਾਸ਼ਟਰੀ ਆਫ਼ਤ ਐਲਾਨਣਾ ਚਾਹੀਦਾ ਹੈ। ਭਾਖੜਾ ਡੈਮ ਵਿੱਚ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਸਿਰਫ ਤਿੰਨ ਫੁੱਟ ਦੂਰ ਰਹਿ ਗਿਆ ਹੈ। ਪੌਂਗ ਤੇ ਰਣਜੀਤ ਸਾਗਰ ਡੈਮਾਂ ਵਿੱਚ ਪਾਣੀ ਖ਼ਤਰੇ ਦੇ ਨਿਸ਼ਾਨ 'ਤੇ ਪਹੁੰਚ ਗਿਆ ਹੈ। ਰਾਵੀ, ਬਿਆਸ ਅਤੇ ਸਤਲੁਜ ਦਰਿਆ ਵੀ ਖ਼ਤਰੇ ਦੇ ਨਿਸ਼ਾਨ 'ਤੇ ਵਹਿ ਰਹੇ ਹਨ। ਘੱਗਰ ਵੀ ਖ਼ਤਰੇ ਦੇ ਨਿਸ਼ਾਨ ਦੇ ਨੇੜੇ ਹੀ ਹੈ। ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਅਤਿਅੰਤ ਗੰਭੀਰ ਹੋ ਗਈ ਹੈ। ਪੰਜਾਬੀਆਂ ਦੀ ਇੱਕ ਖ਼ੂਬਸੂਰਤ ਖ਼ੂਬੀ ਹੈ ਕਿ ਭਾਵੇਂ ਉਹ ਆਪ ਪੀੜਤ ਹੋਣ, ਪ੍ਰੰਤੂ ਤਾਂ ਵੀ ਦੂਜਿਆਂ ਦੀ ਮਦਦ ਕਰਨ ਲਈ ਤਿਆਰ ਰਹਿੰਦੇ ਹਨ। ਵਰਤਮਾਨ ਹੜ੍ਹਾਂ ਦੌਰਾਨ ਜਦੋਂ ਹੜ੍ਹ ਪੀੜਤਾਂ ਨੂੰ ਰਾਹਤ ਸਮਗਰੀ ਦੇਣ ਲਈ ਲੋਕ ਜਾਂਦੇ ਸਨ ਤਾਂ ਉਹ ਉਨ੍ਹਾਂ ਦੀ ਪੂਰੀ ਆਓ ਭਗਤ ਕਰਦੇ ਸਨ। ਇਹ ਪੰਜਾਬੀਆਂ ਦੀ ਸੰਤੁਸ਼ਟਤਾ ਦੀ ਨਿਸ਼ਾਨੀ ਹੈ। ਪੰਜਾਬੀ ਕੁਦਰਤੀ ਆਫ਼ਤ ਦਾ ਮੁਕਾਬਲਾ ਪਹਿਲੀ ਵਾਰ ਨਹੀਂ ਕਰ ਰਹੇ। ਅੰਤਰਰਾਸ਼ਟਰੀ ਸਰਹੱਦ ਅਤੇ ਪਹਾੜਾਂ ਦੇ ਨਜ਼ਦੀਕ ਭੂਗੋਲਿਕ ਸਥਿਤੀ ਹੋਣ ਕਰਕੇ ਉਹ ਹਮੇਸ਼ਾ ਮੁਸੀਬਤਾਂ ਨਾਲ ਨਿਪਟਦੇ ਰਹਿੰਦੇ ਹਨ। ਪੰਜਾਬੀਆਂ ਨੇ 1955, 1988, 1993 ਅਤੇ 2023 ਵਿੱਚ ਵੀ ਹੜ੍ਹਾਂ ਦੀ ਕੁਦਰਤੀ ਆਫ਼ਤ ਦੇ ਪ੍ਰਕੋਪ ਦਾ ਸੰਤਾਪ ਹੰਢਾਇਆ ਹੈ। ਬੇਸ਼ੁਮਾਰ ਤਬਾਹੀ ਤੋਂ ਬਾਅਦ ਵੀ ਉਹ ਮੁੜ ਆਪਣੇ ਪੈਰਾਂ 'ਤੇ ਖੜ੍ਹੇ ਹੋ ਜਾਂਦੇ ਹਨ, ਕਿਉਂਕਿ ਪੰਜਾਬੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਨੇ ਆਪਣੀ ਮੁਸੀਬਤ ਦਾ ਮੁਕਾ-ਬਲਾ ਕਰਨ ਦੀ ਸਮਰੱਥਾ ਤਾਂ ਦਿੱਤੀ ਹੀ ਹੈ, ਪ੍ਰੰਤੂ ਪੰਜਾਬੀ ਤਾਂ ਸੰਸਾਰ ਵਿੱਚ ਕਿਸੇ ਵੀ ਦੇਸ਼ ਵਿੱਚ ਕੋਈ ਕੁਦਰਤੀ ਆਫ਼ਤ ਆਉਂਦੀ ਹੈ ਤਾਂ ਮੋਹਰੀ ਬਣਕੇ ਲੋਕਾਈ ਦੀ ਸੇਵਾ ਲਈ ਤਤਪਰ ਹੋ ਜਾਂਦੇ ਹਨ। ਪੰਜਾਬ ਦੀ ਵਰਤਮਾਨ ਸਥਿਤੀ ਪਹਿਲੀਆਂ ਕੁਦਰਤੀ ਆਫ਼ਤਾਂ ਨਾਲੋਂ ਬਹੁਤ ਜ਼ਿਆਦਾ ਖ਼ਤਰਨਾਕ ਬਣੀ ਹੋਈ ਹੈ। ਪੰਜਾਬ ਦੇ ਤਿੰਨੋ ਦਰਿਆਵਾਂ ਸਤਲੁਜ, ਰਾਵੀ ਅਤੇ ਬਿਆਸ ਤੋਂ ਇਲਾਵਾ ਘੱਗਰ, ਟਾਂਗਰੀ, ਮਾਰਕੰਡਾ, ਰਜਵਾਹਿਆਂ, ਨਾਲਿਆਂ, ਚੋਆਂ ਵਿੱਚ ਵਧੇਰੇ ਮਾਤਰਾ ਵਿੱਚ ਪਾਣੀ ਆ ਜਾਣ ਕਰਕੇ ਉਨ੍ਹਾਂ ਦੇ ਆਲੇ ਦੁਆਲੇ ਵਸਣ ਵਾਲੇ ਪਿੰਡਾਂ ਦੇ ਵਸਿੰਦਿਆਂ ਦੇ ਘਰਾਂ, ਫਸਲਾਂ, ਮਨੁਖੀ ਜਾਨਾ ਅਤੇ ਪਸ਼ੂਆਂ ਦਾ ਬੇਅੰਤ ਨੁਕਸਾਨ ਹੋਇਆ ਹੈ। ਇਹ ਨੁਕਸਾਨ ਪੂਰਾ ਤਾਂ ਨਹੀਂ ਹੋ ਸਕਦਾ, ਪ੍ਰੰਤੂ ਹੌਸਲਾ ਹਾਰਕੇ ਵੀ ਕੁਝ ਨਹੀਂ ਬਣਦਾ। ਬਿਆਸ ਦਰਿਆ ਦੇ ਪਾਣੀ ਨੇ ਸਭ ਤੋਂ ਵਧੇਰੇ ਨੁਕਸਾਨ ਪਹੁੰਚਾਇਆ ਹੈ। ਇਸ ਲਈ ਪੰਜਾਬੀਆਂ ਨੇ ਹਰ ਅਣਸੁਖਾਵੇਂ ਹਾਲਤ ਦਾ ਮੁਕਾਬਲਾ ਕਰਨ ਦੀ ਠਾਣ ਲਈ ਹੈ। ਪੰਜਾਬੀ ਹੀ ਪੰਜਾਬੀਆਂ ਦੇ ਮਦਦਗਾਰ ਬਣ ਰਹੇ ਹਨ।

ਪੰਜਾਬ ਦੇ ਕਿਸੇ ਜ਼ਿਲ੍ਹੇ ਵਿੱਚ ਜਦੋਂ ਵੀ ਕੋਈ ਗੰਭੀਰ ਕੁਦਰਤੀ ਆਫ਼ਤ ਆਉਂਦੀ ਹੈ ਤੇ ਉਥੋਂ ਦੇ ਲੋਕਾਂ ਨੂੰ ਅਣਸੁਖਾਵੇਂ ਹਾਲਾਤ ਵਿੱਚੋਂ ਲੰਘਦਿਆਂ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਲੋਕਾਂ ਵਿੱਚ ਪ੍ਰਸ਼ਾਸ਼ਨ ਦੀ ਕਾਰਗੁਜ਼ਾਰੀ 'ਤੇ ਗੁੱਸਾ ਤੇ ਰੋਸ ਜ਼ਰੂਰ ਆਉਂਦਾ ਹੈ। ਉਨ੍ਹਾਂ ਦਾ ਗੁੱਸਾ ਸਹੀ ਵੀ ਹੁੰਦਾ ਹੈ। ਵੈਸੇ ਅਜਿਹੀ ਪੁਜੀਸ਼ਨ ਹਰ ਕੁਦਰਤੀ ਆਫ਼ਤ ਵਿੱਚ ਵੇਖਣ ਨੂੰ ਮਿਲਦੀ ਹੈ, ਭਾਵੇਂ ਜ਼ਿਲ੍ਹਾ ਪ੍ਰਸ਼ਾਸ਼ਨ ਜਿੰਨਾ ਮਰਜ਼ੀ ਵਧੀਆ ਕੰਮ ਕਰਨ ਦੀ ਕੋਸ਼ਿਸ਼ ਕਰੇ। ਇਹ ਸਮਾਂ ਸਰਕਾਰਾਂ ਦੀ ਅਣਗਹਿਲੀਆਂ ਦੀ ਨਿੰਦਿਆ ਕਰਨ ਦਾ ਨਹੀਂ, ਸਗੋਂ ਲੋਕਾਂ ਦੀ ਬਾਂਹ ਫੜ੍ਹਨ ਦਾ ਸਮਾਂ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਸਰਕਾਰਾਂ ਦੀ ਅਣਗਹਿਲੀ ਨਹੀਂ, ਬਿਲਕੁਲ ਸਰਕਾਰ ਫੇਲ੍ਹ ਹੋਈ ਹੈ। ਪ੍ਰੰਤੂ ਹੁਣ ਇੱਕ ਦੂਜੇ 'ਤੇ ਦੋਸ਼ ਲਗਾਉਣ ਦਾ ਸਮਾਂ ਨਹੀਂ। ਸਿਆਸਤਦਾਨਾ ਨੂੰ ਕੁਦਰਤੀ ਆਫ਼ਤ 'ਤੇ ਸਿਆਸਤ ਨਹੀਂ ਕਰਨੀ ਚਾਹੀਦੀ। ਸਿਆਸਤ ਕਰਨ ਲਈ ਹੋਰ ਬਥੇਰੇ ਮੁੱਦੇ ਮਿਲਦੇ ਰਹਿਣ-ਗੇ। ਇਸ ਸਮੇਂ ਪੰਜਾਬ ਦੇ 12 ਜ਼ਿਲ੍ਹਿਆਂ ਤਰਨਤਾਰਨ, ਫ਼ਾਜਿਲਕਾ, ਅੰਮ੍ਰਿਤਸਰ, ਗੁਰ-ਦਾਸਪੁਰ, ਫ਼ੀਰੋਜ਼ਪੁਰ, ਹੁਸ਼ਿਆਰਪੁਰ, ਪਠਾਨਕੋਟ, ਕਪੂਰਥਲਾ, ਰੋਪੜ, ਮੋਹਾਲੀ, ਮੋਗਾ, ਬਰਨਾਲਾ, ਸੰਗਰੂਰ, ਮਾਨਸਾ ਅਤੇ ਪਟਿਆਲਾ ਜ਼ਿਲ੍ਹੇ ਸਭ ਤੋਂ ਜ਼ਿਆਦਾ ਪ੍ਰਭਾਵਤ ਹਨ। ਕੁਲ 1400 ਪਿੰਡ ਹੜ੍ਹਾਂ ਨਾਲ ਪ੍ਰਭਾਵਤ ਹੋਏ ਹਨ, ਗੁਰਦਾਸਪੁਰ ਦੇ ਸਭ ਤੋਂ ਵੱਧ 324 ਪਿੰਡ, ਮਾਨਸਾ 163, ਕਪੂਰਥਲਾ 152, ਅੰਮ੍ਰਿਤਸਰ 135, ਹੁਸ਼ਿਆਰਪੁਰ 119 ਪਿੰਡ ਪਾਣੀ ਦੀ ਮਾਰ ਵਿੱਚ ਆਏ ਹਨ। ਹੁਣ ਤੱਕ ਪੰਜਾਬ ਵਿੱਚ 30 ਮੌਤਾਂ ਹੋ ਚੁੱਕੀਆਂ ਹਨ, 2.50 ਲੱਖ ਏਕੜ ਰਕਬੇ ਵਿੱਚ ਫ਼ਸਲ ਦਾ ਨੁਕਸਾਨ ਹੋਇਆ ਹੈ, 50 ਹਜ਼ਾਰ ਏਕੜ ਨਰਮਾ ਤਬਾਹ ਹੋ ਗਿਆ ਹੈ? ਇਕੱਲੀਆਂ ਫ਼ਸਲਾਂ ਦਾ 3200 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ, ਬਾਕੀ ਹੋਰ ਨੁਕਸਾਨ ਵੱਖਰਾ ਹੈ। 3.00 ਲੱਖ ਲੋਕ ਪ੍ਰਭਾਵਤ ਹੋਏ ਹਨ, 174 ਅਸਥਾਈ ਰਾਹਤ ਕੈਂਪ ਸਥਾਪਤ ਕੀਤੇ ਹਨ, ਜਿਨ੍ਹਾਂ ਵਿੱਚ 7400 ਪ੍ਰਭਾਵਤ ਲੋਕਾਂ ਨੂੰ ਠਹਿਰਾਇਆ ਗਿਆ ਹੈ, ਭਾਰਤੀ ਫ਼ੌਜ ਦੀਆਂ 10 ਪਲਾਟੂਨਾਂ, 35 ਹੈਲੀਕਾਪਟਰ, ਐਨ. ਡੀ. ਆਰ. ਐਫ਼ ਦੀਆਂ 20 ਟੀਮਾਂ ਅਤੇ 818 ਮੈਡੀਕਲ ਟੀਮਾਂ ਲੋਕਾਂ ਨੂੰ ਬਚਾਉਣ ਵਿੱਚ ਲੱਗੀਆਂ ਹੋਈਆਂ ਹਨ। 20000 ਲੋਕਾਂ ਨੂੰ ਹੜ੍ਹਾਂ ਦੇ ਪਾਣੀ 'ਚੋਂ ਬਾਹਰ ਕੱਢਿਆ ਗਿਆ ਹੈ। ਮਰਨ ਵਾਲੇ ਬੇਜ਼ੁਬਾਨ ਪਸ਼ੂਆਂ ਦੀ ਗਿਣਤੀ ਵੀ 350 ਦੇ ਕਰੀਬ ਪਹੁੰਚ ਗਈ ਹੈ, 60 ਹਜ਼ਾਰ ਪਸ਼ੂ ਪ੍ਰਭਾਵਤ ਹੋਏ ਦੱਸੇ ਜਾ ਰਹੇ ਹਨ, ਪ੍ਰੰਤੂ ਹੜ੍ਹ ਦਾ ਪਾਣੀ ਘੱਟਣ ਤੋਂ ਬਾਅਦ ਅਸਲੀ ਗਿਣਤੀ ਦਾ ਪਤਾ ਚਲ ਸਕੇਗਾ।

ਪੰਜਾਬ ਦੇ 23 ਜ਼ਿਲ੍ਹਿਆਂ ਵਿੱਚੋਂ 9 ਜ਼ਿਲ੍ਹਿਆਂ ਵਿੱਚ ਇਸਤਰੀਆਂ ਡਿਪਟੀ ਕਮਿਸ਼ਨਰ ਹਨ। ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਆਪਣੀਆਂ ਪ੍ਰਸ਼ਾਸ਼ਨਿਕ ਟੀਮਾ ਨਾਲ ਬਚਾਓ ਕਾਰਜਾਂ ਵਿੱਚ ਲੱਗੇ ਹੋਏ ਹਨ, ਪ੍ਰੰਤੂ ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਲੋਕਾਂ ਦੀ ਵਧੇਰੇ ਪ੍ਰਸੰਸਾ ਦੀ ਪਾਤਰ ਬਣ ਰਹੀ ਹੈ। ਸ਼ੋਸ਼ਲ ਮੀਡੀਆ 'ਤੇ ਉਸਨੂੰ ਪੰਜਾਬ ਦੀ ਧੀ ਕਿਹਾ ਜਾ ਰਿਹਾ ਹੈ। ਉਹ ਪਿੰਡਾਂ ਵਿੱਚ ਲੋੜੀਂਦਾ ਸਾਮਾਨ ਵੰਡਣ ਲਈ ਖੁਦ ਪਾਣੀ ਦੇ ਵਿੱਚ ਜਾ ਰਹੀ ਹੈ। ਪਿੰਡਾਂ ਦੇ ਲੋਕ ਉਸਦੀ ਪ੍ਰਸੰਸਾ ਕਰਦਿਆਂ ਕਹਿੰਦੇ ਹਨ ਕਿ ਅਜਿਹੀਆਂ ਧੀਆਂ ਪ੍ਰਸ਼ਾਸ਼ਨਿਕ ਪ੍ਰਣਾਲੀ ਵਿੱਚ ਹੋਣੀਆਂ ਚਾਹੀਦੀਆਂ ਹਨ। ਇਥੋਂ ਤੱਕ ਕਿ ਉਹ ਔਰਤਾਂ ਦੇ ਗਲੇ ਲੱਗ ਕੇ ਮਿਲਦੀ ਹੈ ਅਤੇ ਮਰਦ ਬਜ਼ੁਰਗ ਉਸਦਾ ਸਿਰ ਪਲੋਸ ਰਹੇ ਹਨ। ਸਾਕਸ਼ੀ ਸਾਹਨੀ ਤਾਂ 2023 ਦੇ ਹੜ੍ਹਾਂ ਸਮੇਂ ਪਟਿਆਲਾ ਵਿਖੇ ਰਾਤ ਬਰਾਤੇ ਹੜ੍ਹ ਵਾਲੇ ਇਲਾਕਿਆਂ ਵਿੱਚ ਲੋਕਾਂ ਦੀ ਮਦਦ ਲਈ ਨਾਮਣਾ ਖੱਟ ਚੁੱਕੀ ਹੈ। ਬਾਕੀ ਸਰਕਾਰੀ ਅਧਿਕਾਰੀਆਂ ਨੂੰ ਵੀ ਲੋਕਾਂ ਨਾਲ ਵਧੇਰੇ ਤਾਲ ਮੇਲ ਰੱਖਣਾ ਚਾਹੀਦਾ ਹੈ, ਕਿਉਂਕਿ ਹੌਸਲਾ ਦੇਣ ਨਾਲ ਦੁੱਖ ਘੱਟਦਾ ਹੈ।

ਅਜਿਹੇ ਦੁੱਖ ਦੇ ਮੌਕੇ ਪੰਜਾਬੀਆਂ ਦੀ ਪੰਜਾਬੀਆਂ ਨੇ ਹੀ ਬਾਂਹ ਫੜ੍ਹੀ ਹੈ। ਪੰਜਾਬੀਆਂ ਦੀ ਮਦਦ ਲਈ ਪੰਜਾਬੀ ਹੀ ਅੱਗੇ ਆਏ ਹਨ। ਵੱਡੀ ਮਾਤਰਾ ਵਿੱਚ ਵਾਲੰਟੀਅਰ ਸੰਸਥਾਵਾਂ ਇਸ ਕੰਮ ਵਿੱਚ ਮਦਦ ਕਰ ਰਹੀਆਂ ਹਨ, ਜਿਨ੍ਹਾਂ ਵਿੱਚ ਖਾਲਸਾ ਏਡ ਸ਼ਾਮਲ ਹੈ। ਪਿੰਡਾਂ ਵਿੱਚੋਂ ਲੋਕ ਰਾਹਤ ਸਮਗਰੀ ਲੈ ਕੇ ਧੜਾ ਧੜ ਪ੍ਰਭਾਵਤ ਇਲਾਕਿਆਂ ਵਿੱਚ ਪਹੁੰਚ ਰਹੇ ਹਨ। ਪੰਜਾਬ ਦੇ ਸੈਲੀਵਰਿਟੀਜ਼ ਦੀਆਂ ਟੀਮਾਂ ਵੀ ਹੜ੍ਹ ਰਾਹਤਾਂ ਵਿੱਚ ਮੋਹਰੀ ਦੀ ਭੂਮਿਕਾ ਨਿਭਾ ਰਹੀਆਂ ਹਨ, ਜਿਨ੍ਹਾਂ ਵਿੱਚ ਜਸਬੀਰ ਜੱਸੀ, ਸਤਿੰਦਰ ਸਰਤਾਜ, ਦਲਜੀਤ ਦੋਸਾਂਝ, ਐਮੀ ਵਿਰਕ, ਗਿੱਪੀ ਗਰੇਵਾਲ, ਸੋਨੂੰ ਸੂਦ, ਸੰਜੇ ਦੱਤ, ਗੁਰਦਾਸ ਮਾਨ, ਰਾਜ ਕੁੰਦਰਾ, ਗੀਤਾ ਬਸਰਾ, ਜਸਪਿੰਦਰ ਨਰੂਲਾ, ਕਰਨ ਔਜਲਾ, ਰਣਜੀਤ ਬਾਵਾ, ਇੰਦਰਜੀਤ ਨਿੱਕੂ, ਸੁਨੰਦਾ ਸ਼ਰਮਾ, ਸੋਨਮ ਬਾਜਵਾ ਅਤੇ ਸੋਨੀਆਂ ਮਾਨ ਸ਼ਾਮਲ ਹਨ। ਜਸਬੀਰ ਜੱਸੀ, ਸਤਿੰਦਰ ਸਰਤਾਜ ਅਤੇ ਮਾਲਵਿਕਾ ਸੂਦ ਨੇ ਸਭ ਤੋਂ ਪਹਿਲਾਂ ਰਾਹਤ ਕਾਰਜਾਂ ਦੀ ਸੇਵਾ ਸ਼ੁਰੂ ਕੀਤੀ ਸੀ। ਦਲਜੀਤ ਦੋਸਾਂਝ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਦਸ ਪਿੰਡ ਗੋਦ ਲਏ ਹਨ। ਗਿੱਪੀ ਗਰੇਵਾਲ ਨੇ ਅਜਨਾਲਾ ਇਲਾਕੇ ਵਿੱਚ ਪਸ਼ੂਆਂ ਲਈ ਸਾਏਲੇਜ ਦੇ ਟਰੱਕ ਭੇਜੇ ਹਨ। ਐਮੀ ਵਿਰਕ ਨੇ 200 ਪ੍ਰਭਾਵਿਤ ਪਰਿਵਾਰ ਦੀ ਸਹਾਇਤਾ ਕਰਨ ਦਾ ਫ਼ੈਸਲਾ ਕੀਤਾ ਹੈ। ਐਸ.ਪੀ.ਸਿੰਘ ਓਬਰਾਏ ਨੇ ਸਾਰੇ ਪ੍ਰਭਾਵਤ ਜ਼ਿਲ੍ਹਿਆਂ ਦੇ ਪਸ਼ੂਆਂ ਲਈ ਚਾਰਾ ਦੇਣ ਦਾ ਪ੍ਰਬੰਧ ਕੀਤਾ ਹੈ। ਪਰਵਾਸ ਵਿੱਚੋਂ ਵੀ ਹੁੰਗਾਰੇ ਆ ਰਹੇ ਹਨ, ਅਮਰੀਕਾ ਤੋਂ ਵੱਡੇ ਟਰਾਂਸਪੋਰਟਰ ਹਰਸਿਮਰਨ ਸੰਗਰਾਮ ਸਿੰਘ ਨੇ ਵੀ ਮਦਦ ਕਰਨ ਦਾ ਬੀੜਾ ਚੁੱਕਿਆ ਹੈ। ਕੈਨੇਡਾ ਦੇ ਕਾਰੋਬਾਰੀ ਨੇ ਮੋਬਿਲਿਟੀ ਗੱਡੀ ਸ਼ੈਰਪ (1"OR N 1200) ਜਿਹੜੀ ਹੜ੍ਹ ਦੇ ਪਾਣੀ ਵਿੱਚ ਬਚਾਓ ਕਾਰਜ ਕਰਨ ਦੇ ਸਮਰੱਥ ਹੈ, ਭੇਜੀ ਗਈ ਹੈ। ਫ਼ੌਜ ਨੇ ਵੀ ਇਹ ਗੱਡੀਆਂ ਦਿੱਤੀਆਂ ਹਨ। ਇਹ ਸ਼ੈਰਪ ਗੱਡੀ ਪਾਣੀ ਵਿੱਚ ਅਸਾਨੀ ਨਾਲ ਚਲ ਸਕਦੀ ਹੈ। ਇਹ ਹਰ ਤਰ੍ਹਾਂ ਦੀ ਐਮਰਜੈਂਸੀ ਹਾਲਾਤ ਵਿੱਚ ਹੀ ਵਰਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਿਸਾਨ ਜਥੇਬੰਦੀਆਂ ਵੀ ਅੱਗੇ ਹੋ ਕੇ ਮਦਦ ਕਰ ਰਹੀਆਂ ਹਨ। ਵਿਕਰਮ ਸਿੰਘ ਸਾਹਨੀ ਰਾਜ ਸਭਾ ਮੈਂਬਰ ਨੇ ਵੀ ਮਦਦ ਕੀਤੀ ਹੈ। ਹਰਿਆਣਾ ਤੇ ਜੰਮੂ ਕਸ਼ਮੀਰ ਸਰਕਾਰਾਂ ਨੇ 5-5 ਕਰੋੜ ਦੀ ਮਦਦ ਭੇਜੀ ਹੈ। ਹਰਿਆਣਾ ਤੋਂ ਲੋਕ ਵੀ ਰਾਹਤ ਸਮਗਰੀ ਲੈ ਕੇ ਆ ਰਹੇ ਹਨ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸੰਸਥਾਵਾਂ ਕੰਮ ਕਰ ਰਹੀਆਂ ਹਨ। ਧੜਾ ਧੜ ਹੋਰ ਲੋਕਾਂ ਅਤੇ ਸੰਸਥਾਵਾਂ ਹੜ੍ਹ ਰਾਹਤ ਲਈ ਪਹੁੰਚ ਰਹੀਆਂ ਹਨ। ਪੰਜਾਬੀਆਂ ਦੀ ਦਾਦ ਦੇਣੀ ਬਣਦੀ ਹੈ ਕਿ ਉਹ ਹਰ ਕੁਦਰਤੀ ਆਫ਼ਤ ਦਾ ਮੁਕਾਬਲਾ ਕਰਨ ਲਈ ਇੱਕ ਦੂਜੇ ਦੇ ਸਹਿਯੋਗੀ ਬਣਦੇ ਹਨ। ਅਜਿਹੇ ਗੰਭੀਰ ਹਾਲਾਤ ਵੀ ਉਨ੍ਹਾਂ ਖਿੜ੍ਹੇ ਮੱਥੇ ਪ੍ਰਵਾਨ ਕਰਦਿਆਂ ਹੌਸਲਾ ਬਰਕਰਾਰ ਰੱਖਿਆ ਹੈ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarisngh48@yahoo.com

# ਕਾਵਿ-ਕਿਆਰੀ

## ਕਵਿਤਾ

ਇਸ਼ਕ ਸਮੁੰਦਰ ਡੁੱਬਣਾ ਤਰਨਾ ਹੁੰਦਾ ਹੈ
ਇਸ ਬਾਜ਼ੀ ਵਿੱਚ ਜਿੱਤਣਾ ਹਰਨਾ ਹੁੰਦਾ ਹੈ

ਹਾਕਮ ਆਖੇ ਅੜਨਾ ਵੀ ਕੀ ਜਿਉਣਾ ਹੈ
ਮੈਂ ਆਖਾਂ ਕਿ ਝੁਕਣਾ ਮਰਨਾ ਹੁੰਦਾ ਹੈ

ਤੂੰ ਕਹਿਨੈਂ ਕਿ ਭੁੱਲਿਆਂ ਸੌਖਾ ਸਾਹ ਆਊ ?
ਇਹ ਤਾਂ ਸਾਹੋਂ ਸਖਣਾ ਕਰਨਾ ਹੁੰਦਾ ਹੈ

ਯਾਦ ਦਮੂਹੀ ਰੂਹ ਦਾ ਪਿੰਡਾ ਛੂਹ ਜਾਵੇ
ਫੇਰ ਉਮਰ ਭਰ ਫਿੱਸਣਾ ਭਰਨਾ ਹੁੰਦਾ ਹੈ

ਸਿਰ 'ਤੇ ਛੱਤ ਨਾ ਹੋਵੇ ਕੱਚੀ ਪੱਕੀ ਤਾਂ
ਕੰਧਾਂ ਤੋਂ ਵੀ ਸੱਜਣਾ ਡਰਨਾ ਹੁੰਦਾ ਹੈ

ਅਕਸ ਮਿਲੇ ਤਾਂ ਸਿਮਰਨ ਬਰਕਤ ਹੋ ਜਾਵੇ
ਸ਼ੀਸ਼ਾ ਤਾਂ ਜੀ ਸੱਖਣਾ ਵਰਨਾ ਹੁੰਦਾ ਹੈ

**-ਸਿਮਰਨ ਅਕਸ**

## ਹੜ੍ਹ !

ਹੜ੍ਹ ਆਉਂਦੇ ਜਦੋਂ ਮਾਰੋ ਮਾਰ ਕਰਦੇ
ਸਭ ਕੁੱਝ ਸਮੇਟ ਕੇ ਨਾਲ ਲੈ ਜਾਂਦੇ !


ਜਾਨੀ ਨੁਕਸਾਨ ਹੋਣ ਦੇ ਨਾਲ ਨਾਲ
ਘਰ ਵੀ ਹੜ੍ਹਾਂ ਨਾਲ ਕਈ ਢਹਿ ਜਾਂਦੇ !

ਲੀਡਰ ਮੌਕਾ ਵੇਖਣ ਨੇ ਜਦ ਆਉਂਦੇ
ਮੁਆਵਜ਼ਾ ਦੇਣ ਦੀ ਗੱਲ ਕਹਿ ਜਾਂਦੇ !

ਪਰ ਕੀਤੇ ਵਾਅਦੇ ਜੋ ਸਰਕਾਰਾਂ ਦੇ ਹੁੰਦੇ
ਠੰਡੇ ਬਸਤਿਆਂ ਵਿੱਚ ਪਏ ਰਹਿ ਜਾਂਦੇ !

ਹੱਕ ਗਰੀਬਾਂ ਨੂੰ ਕਦੇ ਵੀ ਮਿਲਦਾ ਨਹੀਂ
ਉਹ ਹਾਰ ਹੰਭ ਕੇ ਘਰ ਬਹਿ ਜਾਂਦੇ !

ਮੁੱਲਾਂਪੁਰ ਗਰੀਬ ਦਾ ਕਹਿੰਦੇ ਰੱਬ ਹੁੰਦਾ
ਪਈ ਰੱਬ ਦੀ ਮਾਰ ਵੀ ਹੱਸਕੇ ਸਹਿ ਜਾਂਦੇ !



**ਸੁਖਵਿੰਦਰ ਸਿੰਘ**
**ਮੁੱਲਾਂਪੁਰ**
**ਕੈਲਪੁਰ ਰੋਡ**
**ਮੁੱਲਾਂਪੁਰ ਦਾਖਾ**



## ਹੋਕਾ

ਬਹੁਤੇ ਨੇ ਅਫਸਾਨਾ ਲਿਖਣੇ ਵਾਲੇ ਨੱਕ ਦੇ ਕੋਕੇ 'ਤੇ
ਵਿਰਲੀ ਹੀ ਕੋਈ ਨਿਗ੍ਹਾ ਠਹਿਰਦੀ, ਦਾਤੀ ਰੰਬੇ ਟੋਕੇ 'ਤੇ

ਮਾਰ ਹੇਠ ਅਉਂਦੇ ਨੇ ਕਿਰਤੀ, ਲੁੱਟ ਹੈ ਧੰਨ ਕੁਬੇਰਾਂ ਦੀ
ਸਰਦਾ ਨਹੀਂ ਅਣਗੌਲੇ ਕਰਕੇ, ਸਰਦਾ ਛਾਤੀ ਠੋਕੇ 'ਤੇ

ਪੰਜ ਦਰਿਆਵਾਂ ਵਾਲੇ ਦੇਖੋ, ਸਾਵਣ ਆਇਆਂ ਡੁੱਬ ਜਾਂਦੇ
ਬੂੰਦ ਬੂੰਦ ਲਈ ਤਰਸ ਜਾਂਦੇ ਨੇ, ਮਾਰ ਪੈਂਦੀ ਹੈ ਸੋਕੇ 'ਤੇ

ਅੰਬਾਨੀ ਅਤੇ ਅਡਾਨੀ ਨੇ ਹੀ, ਮੱਖਣ ਲਹੁੰਦੇ ਰਹਿਣਾ ਹੈ
ਰਹਿਣਾ ਜੇ ਪੰਜਾਬ ਮੁਨੱਸਰ, ਕੇਂਦਰ ਦੇ ਹੀ ਡੋਕੇ 'ਤੇ

ਹੋਰ ਨਹੀਂ ਪੰਜਾਬੀ ਪੁੱਛਣ, ਇੱਕ ਸਵਾਲ ਤਾਂ ਆਪੇ ਤੋਂ
ਕਦ ਤਕ ਲੁੱਟੀ ਜਾਵਣਗੇ ਭਲਾ, ਬਿੱਪਰ ਵਾਅਦੇ ਫੋਕੇ 'ਤੇ

ਸਿੱਧੀ ਉਂਗਲੇ ਘਿਉ ਨਾ ਨਿਕਲੇ, ਟੇਢੀ ਕਰਨੀ ਪੈਂਦੀ ਹੈ
ਕਾਰਗਰ ਹਥਿਆਰ ਉਹੀ ਹੈ, ਕੰਮ ਆਵੇ ਜੋ ਮੌਕੇ 'ਤੇ

ਮੱਥੇ ਦੀਆਂ ਲਕੀਰਾਂ ਨੂੰ ਹੀ, ਰੋ ਕੇ ਪੂਰੀ ਪੈਣੀ ਨਾ
ਪੂਰੀ ਤਾਂ ਪੈਣੀ ਸਰਦਾਰੋ, ਹਿੰਮਤ ਸਾਰੀ ਝੋਕੇ 'ਤੇ

ਗਲੋਂ ਗੁਲਾਮੀ ਲਹੁਣ ਲਈ ਸਿੰਘੋ, ਕੱਠੇ ਹੋਣਾ ਪੈਣਾ ਹੈ
ਦਿੱਲੀ ਵਾਲੇ ਰੁਕਣੇ ਨਾ ਉਂਝ, ਰੁਕਣੇ ਨੇ ਉਹ ਰੋਕੇ 'ਤੇ

ਭੋਗੀ ਸਭਿਆਚਾਰ ਦਾ ਬੰਦਾ, ਸੌਖਾ ਨਹੀਂ ਕਿ ਜਾਗ ਪਏ
ਜਿੰਨੇ ਜਾਗਣ ਓਹੀ ਗਨੀਮਤ, 'ਢੇਸੀ' ਤੇਰੇ ਹੋਕੇ 'ਤੇ

**ਕੁਲਵੰਤ ਸਿੰਘ ਢੇਸੀ**




## ਡੁੱਬ ਰਿਹਾ ਪੰਜਾਬ

ਡੁੱਬ ਰਿਹਾ ਪੰਜਾਬ, ਪਿਆਰੇ ਹੱਥ ਵਟਾ ਕੇ ਦੇਖ
ਰਾਹਤ ਕਾਰਜਾਂ ਦੇ ਵਿਚ ਆਪਣਾ ਫਰਜ਼ ਨਿਭਾ ਕੇ ਦੇਖ
ਤੇਰੇ ਲਵੇਰੇ ਦੁੱਧ ਮੱਖਣ ਦੇ ਤੈਨੂੰ ਪਾਲ ਰਹੇ
ਭੁੱਖੇ ਪਿਆਸੇ ਮਾਲ ਡੰਗਰ ਨੂੰ, ਚਾਰਾ ਪਾ ਕੇ ਦੇਖ
ਜਾਨ ਤਲੀ 'ਤੇ ਰੱਖ ਕੇ ਜਿਹੜੇ ਚੁੱਭੀਆਂ ਲਉਂਦੇ ਨੇ
ਗੋਤਾਖੋਰ ਪਿਆਰਿਆਂ ਨੂੰ ਵੀ ਚਿੱਤੋਂ ਚਾਹ ਕੇ ਦੇਖ
ਰੱਜਿਆਂ ਨੂੰ ਤਾਂ ਅਕਸਰ ਹੀ ਰਜਾਉਂਦਾ ਰਹਿਨਾ ਏਂ
ਲੋੜ ਹੈ ਹੁਣ ਜੇ ਲਉਣੇ ਨੇ ਤਾਂ, ਲੰਗਰ ਲਾ ਕੇ ਦੇਖ
ਟੁੱਟਦੇ ਬੰਨ੍ਹ ਜੋੜਨ ਲਈ ਜਾਨ ਦੀ ਬਾਜ਼ੀ ਲਉਂਦੇ ਜੋ
ਉਹਨਾ ਲਈ ਜੋ ਕਰ ਸਕਦਾ ਏਂ ਕਰ ਕਰਾ ਕੇ ਦੇਖ
ਹਾਲ ਚਾਲ ਗਵਾਂਢੀ ਦਾ ਵੀ ਪੁੱਛਦਾ ਰਹਿ ਸੱਜਣਾ
ਲਾਗ ਡਾਟ ਜੇ ਹੈ ਤਾਂ ਅੱਜ ਉਹ ਭੁੱਲ ਭੁਲਾ ਕੇ ਦੇਖ
ਲੋਕਾਂ ਲਈ ਜੋ ਆਪਣਾ ਫਰਜ਼ ਨਿਭਾਉਂਦੇ ਨਹੀਂ ਆਗੂ
ਸੁੱਤੇ ਹੋਇਆਂ ਦੇ ਸਿਰ੍ਹਾਣੇ ਢੋਲ ਵਜਾ ਕੇ ਦੇਖ
ਅਫਰਾ ਤਫਰੀ ਤੇ ਅਫਵਾਹਾਂ ਜੋ ਫੈਲਾਉਂਦੇ ਨੇ
ਕੂੜੀਆਂ ਪੌਡ ਕਾਸਟਾਂ ਨੂੰ ਤੂੰ ਸੋਧਾ ਲਾ ਕੇ ਦੇਖ
ਕੀ ਮੌਸਮੀ ਆਫਤ ਹੈ ਜਾਂ ਕੀਤੀ ਬੰਦਿਆਂ ਦੀ
ਜੇ ਕਰਵਾ ਸਕਦਾ ਏਂ,ਵਾਜਬ ਖੋਜ ਕਰਾ ਕੇ ਦੇਖ
ਕਰਨੀ ਤਾਂ ਹਰ ਇੱਕ ਨੂੰ ਏਥੇ ਭਰਨੀ ਪੈਣੀ ਹੈ
ਪੌਣ ਪਾਣੀ ਨਾਲ ਭੁੱਲ ਭੁਲਾ ਨਾ ਦਗ਼ਾ ਕਮਾ ਕੇ ਦੇਖ
ਵਿਲਕ ਰਿਹਾਂ ਦੀ ਬਹੁੜੀ ਤੇ ਅਰਦਾਸ ਜਰੂਰੀ ਹੈ
ਸੱਚੇ ਸਤਗੁਰ ਅੱਗੇ ਬੰਦਿਆ ਸਿਰ ਨਿਵਾ ਕੇ ਦੇਖ
ਸਹੀ ਸਟੀਕ ਅਪੀਲਾਂ ਅਤੇ ਦਲੀਲਾਂ ਦੇ 'ਢੇਸੀ'
ਫਰਜ਼ ਨਿਭਾ ਤੂੰ ਆਪਣਾ ਤਿੱਖੀ ਕਲਮ ਵਗਾ ਦੇਖ



**ਕੁਲਵੰਤ ਸਿੰਘ ਢੇਸੀ**

## ਕੁਦਰਤ ਕਹਿਰਵਾਨ



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਵਹਿਣ ਕੁਦਰਤੀ ਪਾਣੀ ਦੇ ਰੋਕ ਲਏ ਨੇ
ਛੱਡ ਸਿਆਣਪਾਂ ਬਿਰਤੀ ਨਾਦਾਨ ਹੋਈ।
ਰੇਤਾ ਵੇਚ ਦਰਿਆਵਾਂ ਦਾ 'ਸ਼ਾਹ' ਹੋਏ
ਨਵੇਂ ਬਣੇ 'ਅਮੀਰਾਂ' ਵਿਚ ਸ਼ਾਨ ਹੋਈ।
ਮਿੱਤਰ ਕੀੜੇ ਵੀ ਅੱਗ ਲਾ ਸਾੜਦੇ ਹਾਂ
ਭੁੱਲੀ ਤੁਕ ਜੀਅ ਦਇਆ ਪ੍ਰਵਾਨ ਹੋਈ।
ਕਈ 'ਵਿਰਾਸਤੀ' ਵਰਤੋਂ-ਵਿਹਾਰ ਛੱਡੇ
ਲਿਸ਼ਕ-ਪੁਸ਼ਕ ਦੀ ਭੁੱਖ ਬਲਵਾਨ ਹੋਈ।
ਪੌਣ ਪਾਣੀ ਤੇ ਧਰਤੀ ਪਲੀਤ ਕਰ ਲਏ
ਬਹੁਗਿਣਤੀ 'ਲੋਕਾਈ' ਬੇਈਮਾਨ ਹੋਈ।
ਸਹਿ ਬਹੁਤ ਮਨਮਰਜ਼ੀਆਂ ਸਾਡੀਆਂ ਨੂੰ
ਕੁਦਰਤ ਅੱਕ ਕੇ ਹੁਣ ਕਹਿਰਵਾਨ ਹੋਈ !
-ਤਰਲੋਚਨ ਸਿੰਘ ਦੁਪਾਲ ਪੁਰ
78146-92724


## ਜਥੇਦਾਰ ਗੜਗੱਜ ਵੱਲੋਂ ਗੁਰਦਾਸਪੁਰ ਤੇ ਅੰਮ੍ਰਿਤਸਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ, ਟਿਕੈਤ ਦਾ ਕੀਤਾ ਸਨਮਾਨ



ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਰਣਸੀਕੇ ਤੱਲਾ ਪਿੰਡ ਵਾਸੀਆਂ ਨੂੰ ਰਾਹਤ ਸਮੱਗਰੀ ਰਾਸ਼ਨ, ਪਾਣੀ ਵੰਡਿਆ।

ਉਸ ਤੋਂ ਬਾਅਦ ਜਥੇਦਾਰ ਗੜਗੱਜ ਨੇ ਗੁਰਦੁਆਰਾ ਬਾਬਾ ਬੁੱਢਾ ਜੀ ਰਮਦਾਸ ਵਿਖੇ ਅਕਾਲ ਪੁਰਖ ਦੇ ਅੱਗੇ ਅਰਦਾਸ ਕੀਤੀ ਕਿ ਪੰਜਾਬ ਦੇ ਹਾਲਾਤ ਜਲਦ ਹੀ ਸੁਖਾਵੇਂ ਹੋਣ, ਹੜ੍ਹਾਂ ਤੋਂ ਨਿਜ਼ਾਤ ਮਿਲੇ ਅਤੇ ਗੁਰੂ ਸਾਹਿਬਾਨ ਦਾ ਪੰਜਾਬ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੇ। ਇਸ ਆਫ਼ਤ ਦੌਰਾਨ ਆਪਣੀ ਜਾਨਾਂ ਦੀ ਪਰਵਾਹ ਕੀਤੇ ਬਿਨਾਂ ਦਿਨ ਰਾਤ ਸੇਵਾ ਕਰਨ ਵਾਲੇ ਪੰਜਾਬ ਅਤੇ ਪੰਥ ਦੇ ਨੌਜਵਾਨਾਂ ਨੂੰ ਅਕਾਲ ਪੁਰਖ ਹਮੇਸ਼ਾ ਇਸੇ ਤਰ੍ਹਾਂ ਹਿੰਮਤ ਤੇ ਦ੍ਰਿੜ੍ਹਤਾ ਬਖਸ਼ਦਾ ਰਹੇ। ਇਸ ਦੌਰਾਨ ਗੁਰਦੁਆਰਾ ਬਾਬਾ ਬੁੱਢਾ ਜੀ ਰਾਮਦਾਸ ਵਿਖੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਮੁਲਾਕਾਤ ਉੱਤਰ ਪ੍ਰਦੇਸ਼ ਤੋਂ ਪੰਜਾਬ ਰਾਹਤ ਸਮੱਗਰੀ ਲੈ ਕੇ ਪੁੱਜੇ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਸ੍ਰੀ ਰਾਕੇਸ਼ ਟਿਕੈਤ ਨਾਲ ਵੀ ਹੋਈ। ਜਥੇਦਾਰ ਗੜਗੱਜ ਵੱਲੋਂ ਔਖੇ ਵੇਲੇ ਪੰਜਾਬ ਨਾਲ ਖੜ੍ਹਣ ਅਤੇ ਰਾਹਤ ਸਮੱਗਰੀ ਲੈ ਕੇ ਆਉਣ ਲਈ ਰਾਕੇਸ਼ ਟਿਕੈਤ ਦਾ ਸਨਮਾਨ ਕੀਤਾ ਗਿਆ।

# ਸਾਊਥਾਲ ਵਿੱਚ ਸੁਰਿੰਦਰ ਸੀਹਰਾ ਦੇ ਗਜ਼ਲ ਸੰਗ੍ਰਹਿ ਸ੍ਰੀ ਤੇ ਚਰਚਾ






ਸਲਾਨਾ ਅਦਾਰਾ ਸਾਹਿਤਕ ਸਮਾਗਮ ਵਿੱਚ ਭਾਗ ਲੈਣ ਵਾਲੇ ਸਾਹਿਤਕਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਦਿਨੀ ਅਦਾਰਾ ਸ਼ਬਦ' ਵਲੋਂ ਆਪਣਾ ਅਠਾਈਵਾਂ ਸਲਾਨਾ ਸਮਾਗਮ ਅੰਬੇਦਕਰ ਹਾਲ, ਸਾਊਥਾਲ ਵਿਖੇ ਪੂਰੀ ਧੂਮਧਾਮ ਨਾਲ ਕਰਵਾਇਆ ਗਿਆ। ਇਸ ਸਮਾਗਮ ਦੇ ਪਹਿਲੇ ਭਾਗ ਵਿੱਚ ਕੁੰਜੀਵਤ ਭਾਸ਼ਨ ਦਰਸ਼ਨ ਬੁਲੰਦਵੀ ਨੇ 'ਸਮਕਾਲ ਤੇ ਸਾਹਿਤ' ਬਾਰੇ ਪੜ੍ਹਿਆ ਤੇ ਇਸ ਤੋਂ ਬਿਨਾਂ ਸਮਾਗਮ ਵਿੱਚ ਚਾਰ ਪਰਚੇ ਪੜ੍ਹੇ ਗਏ।

ਪਹਿਲਾ ਪਰਚਾ ਡਾ ਦੇਵਿੰਦਰ ਕੌਰ ਦਾ ਸੁਰਿੰਦਰ ਸੀਹਰਾ ਦੀ ਨਵੇਂ ਗਜ਼ਲ ਸੰਗ੍ਰਹਿ 'ਸ੍ਰੀ' ਬਾਰੇ ਲਿਖਿਆ ਸੀ ਜਿਸ ਦਾ ਅਨੁਵਾਨ ਸੀ, 'ਸ੍ਰੀ' ਹੋਣ ਦਾ ਮਹੱਤਵ" ਇਹ ਪਰਚਾ ਕੁਲਵੰਤ ਢਿਲੋਂ ਨੇ ਪੜ੍ਹਿਆ। ਦੂਜਾ ਮਿਨਾਕਸ਼ੀ ਰਾਠੌਰ ਦਾ ਲਿਖਿਆ ਪਰਚਾ ਹਰਦੇਸ਼ ਬਸਰਾ ਨੇ ਪੜ੍ਹਿਆ। ਤੀਜਾ ਪਰਚਾ ਗੁਰਪਾਲ ਸਿੰਘ ਲੰਡਨ ਨੇ ਸੁਰਿੰਦਰ ਸੀਹਰਾ ਨੂੰ ਮੁਖਾਤਬ ਹੋ ਕੇ ਉਹਨਾਂ ਦੀਆਂ ਗਜ਼ਲਾਂ ਬਾਰੇ ਇਕ ਚਿੱਠੀ ਦੇ ਰੂਪ ਵਿੱਚ ਪੇਸ਼ ਕੀਤਾ। ਚੌਥਾ ਪਰਚਾ ਪਾਕਿਸਤਾਨੀ ਗਜ਼ਲ ਬਾਰੇ ਡਾ ਨਬੀਲਾ ਰਹਿਮਾਨ ਦਾ ਲਿਖਿਆ ਹੋਇਆ ਸੀ।

ਪਰਚਿਆਂ ਨੂੰ ਪੜ੍ਹਨ ਉਪਰੰਤ ਇਹਨਾਂ ਉਪਰ ਭਰਪੂਰ ਬਹਿਸ ਹੋਈ ਜਿਸ ਵਿੱਚ ਸਾਰੇ ਪਰਚੇ ਹੀ ਹਾਜ਼ਰੀਨ ਵਲੋਂ ਬਹੁਤ ਸਲਾਹੇ ਗਏ ਤੇ ਸੁਰਿੰਦਰ ਸੀਹਰਾ ਦੀਆਂ ਗਜ਼ਲਾਂ ਬਾਰੇ ਖੁੱਲ੍ਹ ਕੇ ਗੱਲਾਂ ਹੋਈਆਂ। ਸਮਾਗਮ ਦੇ ਇਸ ਭਾਗ ਦੀ ਪ੍ਰਧਾਨਗੀ ਰਣਜੀਤ ਧੀਰ ਨੇ ਕੀਤੀ ਤੇ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਣ ਵਾਲੇ ਵਿਦਵਾਨਾਂ ਵਿੱਚ ਡਾ ਨਬੀਲਾ ਰਹਿਮਾਨ, ਸਦਾਫ ਮਿਰਜ਼ਾ, ਡਾ, ਕਰਨੈਲ ਸ਼ੇਰਗਿੱਲ, ਸੁਕੀਰਤ ਅਨੰਦ ਸ਼ਾਮਲ ਸਨ। ਇਸ ਭਾਗ ਦੀ ਮੰਚ ਸੰਚਾਲਨਾ ਦਰਸ਼ਨ ਬੁਲੰਦਵੀ ਤੇ ਹਰਜੀਤ ਅਟਵਾਲ ਨੇ ਕੀਤੀ। ਸਮਾਗਮ ਦੇ ਦੂਜੇ ਭਾਗ ਵਿੱਚ ਕਵੀ ਦਰਬਾਰ ਹੋਇਆ। ਜਿਸ ਦੀ ਪ੍ਰਧਾਨਗੀ ਵਰਿੰਦਰ ਪਰਿਹਾਰ ਨੇ ਕੀਤੀ ਤੇ ਉਹਨਾਂ ਨਾਲ ਦਲਵੀਰ ਕੌਰ, ਕੁਲਵੰਤ ਕੌਰ ਤੇ ਜਸਵਿੰਦਰ ਮਾਨ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ। ਇਸ ਕਵੀ ਦਰਬਾਰ ਵਿੱਚ ਤਿੰਨ ਦਰਜਨ ਕਵੀਆਂ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਪ੍ਰੋਗਰਾਮ ਦੇ ਇਸ ਭਾਗ ਦੀ ਮੰਚ ਸੰਚਾਲਨਾ ਸੁਰਿੰਦਰ ਸੀਹਰਾ ਨੇ ਆਪਣੇ ਖੂਬਸੂਰਤ ਅੰਦਾਜ਼ ਵਿੱਚ ਕੀਤੀ। ਇਸ ਤੋ ਇਲਾਵਾ ਦਰਸ਼ਨ ਢਿਲੋਂ, ਅਜੀਤ ਸਿੰਘ ਢਿਲੋਂ, ਨਛੱਤਰ ਭੋਗਲ, ਪਰਮਜੀਤ ਸਿੰਘ, ਬਲਵਿੰਦਰ ਚਹਿਲ, ਨੀਲਮ ਜੋਗਨ, ਕਿਰਪਾਲ ਪੂਨੀ, ਸੁਰਿੰਦਰ ਪਾਲ, ਕੁਲਵੰਤ ਢੇਸੀ, ਸੰਤੋਖ ਹੇਅਰ, ਡਾ. ਅਜੀਤਪਾਲ ਸਿੰਘ, ਰਪਿੰਦਰ ਗਿੱਲ, ਸ਼ਿਵਦੀਪ ਢੇਸੀ, ਕਿੱਟੀ ਬੱਲ, ਅਜ਼ੀਮ ਸ਼ੇਖਰ, ਪਰਮਿੰਦਰ ਹਾਰਟਫੋਰਡ, ਮਿਸਟਰ ਹਾਰਟਫੋਰਡ, ਪਰਮ ਸੰਧਾਵਾਲੀਆ, ਮਿਸਜ਼ ਸ਼ੇਖਰ, ਮਿਸਟਰ ਚੀਮਾ, ਮਨਜੀਤ ਪੱਡਾ, ਮਿਸਜ਼ ਚਰਨਜੀਤ ਬੁਲੰਦਵੀ, ਕੇ.ਸੀ. ਮੋਹਨ, ਸੁਖਦੇਵ ਔਜਲਾ, ਭਿੰਦਰ ਜਲਾਲਾਬਾਦੀ, ਬੇਅੰਤ ਕੌਰ, ਸਿਕੰਦਰ ਬਰਾੜ, ਜਸਵਿੰਦਰ ਸਿੰਘ, ਯਾਕੂਬ ਪਰਦੇਸੀ, ਮੰਜੂ ਬਾਲਾ ਤੇ ਸਤਨਾਮ ਚਾਨਾ ਆਦਿ ਸਮਾਗਮ ਵਿੱਚ ਉਚੇਚੇ ਤੌਰ ਤੇ ਹਾਜ਼ਰੀ ਭਰੀ।

## ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਸ਼ਹੀਦੀ ਸਮਾਗਮ



ਭਾਈ ਖਾਲੜਾ ਦੇ ਪਰਿਵਾਰ ਦਾ ਸਨਮਾਨ ਕਰਦੇ ਹੋਏ ਸਿੱਖ ਆਗੂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਨੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ ਭਾਈ ਜਸਵੰਤ ਸਿੰਘ ਖਾਲੜਾ ਨੇ ਉਹਨਾਂ ਹਜ਼ਾਰਾਂ ਨੌਜਵਾਨਾਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਅਵਾਜ਼ ਬੁਲੰਦ ਕੀਤੀ ਸੀ ਜਿਨ੍ਹਾਂ ਨੂੰ ਪੰਜਾਬ ਅਤੇ ਭਾਰਤ ਸਰਕਾਰ ਦੀ ਸ਼ਹਿ ਤੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਮਾਰ ਦਿੱਤਾ ਗਿਆ ਅਤੇ ਉਹਨਾਂ ਦੀਆਂ ਲਾਸ਼ਾਂ ਨੂੰ ਅਣਪਛਾਤੀਆਂ ਲਾਸ਼ਾਂ ਕਹਿ ਕੇ ਖੁਰਦ ਬੁਰਦ ਕਰ ਦਿੱਤਾ ਗਿਆ। ਪਰ ਅਫ਼ਸੋਸ ਕਿ ਚਾਰ ਦਹਾਕਿਆਂ ਤੋਂ ਬਾਅਦ ਵੀ ਪੰਜਾਬ ਦੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲਿਆ। ਇਹ ਵਿਚਾਰ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਕਰਵਾਏ ਗਏ ਸ਼ਹੀਦੀ ਸਮਾਗਮ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਨੇ ਪ੍ਰਗਟ ਕੀਤੇ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਅਤੇ ਕਥਾ ਵਿਚਾਰਾਂ ਹੋਈਆਂ ਅਤੇ ਬਾਅਦ ਵਿੱਚ ਯੂ ਕੇ ਭਰ ਤੋਂ ਪਹੁੰਚੇ ਸਿੱਖ ਜੱਥੇਬੰਦੀਆਂ ਦੇ ਆਗੂਆਂ ਨੇ ਭਾਈ ਖਾਲੜਾ ਨੂੰ ਯਾਦ ਕਰਦਿਆਂ ਉਹਨਾਂ ਵੱਲੋਂ ਕੀਤੇ ਕੰਮਾਂ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਜਤਿੰਦਰ ਸਿੰਘ, ਜਸਵਿੰਦਰ ਸਿੰਘ ਬਾਂਕਾ, ਮਲਕੀਤ ਸਿੰਘ ਤੇਹਿੰਗ, ਹਰਦੀਸ਼ ਸਿੰਘ, ਦਬਿੰਦਰਜੀਤ ਸਿੰਘ, ਕੁਲਵੰਤ ਸਿੰਘ ਮੁਠੱਡਾ ਆਦਿ ਨੇ ਭਾਈ ਖਾਲੜਾ ਦੇ ਭਰਾਵਾਂ ਅਮਰਜੀਤ ਸਿੰਘ ਖਾਲੜਾ ਅਤੇ ਰਾਜਿੰਦਰ ਸਿੰਘ ਖਾਲੜਾ ਦਾ ਸਨਮਾਨ ਕੀਤਾ। ਸ਼ਹੀਦੀ ਸਮਾਗਮ ਨੂੰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਅਵਤਾਰ ਸਿੰਘ, ਜੱਸ ਸਿੰਘ ਆਦਿ ਨੇ ਸੰਬੋਧਨ ਕੀਤਾ।

## ਬਰਤਾਨਵੀ ਸੰਸਦ ਜੀਵਨ ਸੰਧਰ ਅਤੇ ਲੁਈਸ ਜੋਨਸ ਵਿਆਹ ਬੰਧਨ ਵਿੱਚ ਬੱਝੇ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਦੋ ਸੰਸਦ ਮੈਂਬਰਾਂ ਜੀਵਨ ਸੰਧਰ ਅਤੇ ਲੁਈਸ ਜੋਨਸ ਨੇ ਬੀਤੇ ਦਿਨੀ ਵਿਆਹ ਕਰਵਾ ਲਿਆ ਹੈ। ਜੀਵਨ ਸੰਧਰ ਅਤੇ ਲੁਈਸ ਜੋਨਸ ਦੀ ਮੰਗਣੀ ਦਾ ਖੁਲਾਸਾ ਬਰਤਾਨੀਆਂ ਦੀ ਸੰਸਦ ਵਿੱਚ ਹਾਊਸ ਦੀ ਮੁਖੀ ਲੂਸੀ ਪਾਵੇਲ ਨੇ ਇੱਕ ਸਵਾਲ ਜਵਾਬ ਮੌਕੇ ਕੀਤਾ ਸੀ। ਜੋਨਸ ਜੋ ਨੌਰਥ ਈਸਟ ਡਰਬੀਸ਼ਾਇਰ ਤੋਂ ਸੰਸਦ ਮੈਂਬਰ ਹੈ ਨੇ ਕਿਹਾ ਕਿ ਉਹ ਆਪਣੇ ਵਿਆਹ ਦੀ ਖ਼ਬਰ ਸਾਂਝੀ ਕਰਕੇ ਬਹੁਤ ਖੁਸ਼ ਹੈ। ਮੈਂ ਅਗਸਤ ਵਿੱਚ ਆਪਣੇ ਜੀਵਨ ਸਾਥੀ ਜੀਵਨ ਸੰਧਰ ਨਾਲ ਵਿਆਹ ਕੀਤਾ ਹੈ। ਸਾਡਾ ਵਿਆਹ ਦੋ ਵੱਖ-ਵੱਖ ਵਿਰਾਸਤਾਂ ਦੀਆਂ ਪਰੰਪਰਾਵਾਂ ਦਾ ਸੁਮੇਲ ਹੈ, ਅਸੀਂ ਆਪਣੇ ਸਾਂਝੇ ਭਵਿੱਖ ਦਾ ਅਗਲਾ ਅਧਿਆਇ ਸ਼ੁਰੂ ਕਰ ਰਹੇ ਹਾਂ। ਜੋਨਸ ਨੇ ਕਿਹਾ ਕਿ ਉਹ ਆਪਣਾ ਆਖਰੀ ਨਾਮ ਬਦਲ ਕੇ ਸੰਧਰ-ਜੋਨਸ ਰੱਖੇਗੀ। ਜੋ ਜਲਦੀ ਹੀ ਉਸ ਦੇ ਸ਼ੋਸ਼ਲ ਮੀਡੀਆ ਤੇ ਵਿਖਾਈ ਦੇਵੇਗਾ। ਜੋੜੇ ਨੇ ਪੰਜਾਬੀ ਅਤੇ ਅੰਗਰੇਜ਼ੀ ਦੋਵਾਂ ਸੱਭਿਆਚਾਰਕ ਪ੍ਰੰਪਰਾਵਾਂ ਦੇ ਜਸ਼ਨ ਸਮਾਗਮ ਮਨਾਏ। ਉਹ ਪਹਿਲੀ ਵਾਰ ਜਨਵਰੀ 2023 ਵਿੱਚ ਮਿਲੇ ਸਨ, ਜਦੋਂ ਜੋਨਸ ਲੌਫਬਰੋ ਵਿੱਚ ਕੌਂਸਲਰ ਬਣਨ ਲਈ ਚੋਣ ਲੜ ਰਹੀ ਸੀ ਅਤੇ ਸੰਧਰ ਉੱਥੇ ਚੋਣ ਪ੍ਰਚਾਰ ਕਰ ਰਿਹਾ ਸੀ। ਜੀਵਨ ਸੰਧਰ ਪਹਿਲੀ ਵਾਰ ਲੌਫਬਰੋ ਤੋਂ ਸੰਸਦ ਮੈਂਬਰ ਚੋਣੇ ਗਏ ਸਨ। ਬਰਤਾਨੀਆਂ ਦੀ ਸੰਸਦ ਵਿੱਚ ਜੀਵਨ ਸੰਧਰ ਅਤੇ ਜੋਨਸ ਤੋਂ ਪਹਿਲਾਂ ਮੌਜੂਦਾ ਗ੍ਰਹਿ ਮੰਤਰੀ ਯਵੇਟ ਕੂਪਰ ਨੇ ਗੋਰਡਨ ਬ੍ਰਾਊਨ ਦੇ ਮੰਤਰੀ ਮੰਡਲ ਵਿੱਚ ਆਪਣੇ ਪਤੀ ਐਡ ਬਾਲਸ ਦੇ ਨਾਲ ਸੇਵਾ ਕੀਤੀ, ਇਸ ਤੋਂ ਇਲਾਵਾ ਸਾਬਕਾ ਸਿਹਤ ਮੰਤਰੀ ਬੈਰੋਨੈਸ ਵਰਜੀਨੀਆ ਬੌਟਮਲੀ ਅਤੇ ਉਸਦੇ ਪਤੀ ਸਰ ਪੀਟਰ ਬੌਟਮਲੀ ਦੋਵੇਂ ਕੰਜ਼ਰਵੇਟਿਵ ਸੰਸਦ ਮੈਂਬਰ ਵਜੋਂ ਸੇਵਾ ਨਿਭਾਉਂਦੇ ਰਹੇ ਹਨ।

## ਫ਼ਿਲਮ 'ਮੇਹਰ' ਤੋਂ ਹੋਈ ਕਮਾਈ ਪੰਜਾਬ ਹੜ੍ਹ ਰਾਹਤ ਲਈ ਜਾਵੇਗੀ: ਰਾਜ ਕੁੰਦਰਾ

ਪੰਜਾਬ ਦੇ ਕਈ ਜ਼ਿਲ੍ਹੇ ਇਸ ਸਮੇਂ ਹੜ੍ਹਾਂ ਦੀ ਮਾਰ ਹੇਠ ਹਨ। ਰਾਜਨੀਤਿਕ ਪਾਰਟੀਆਂ ਦੇ ਨਾਲ ਨਾਲ ਕਈ ਫ਼ਿਲਮੀ ਸਿਤਾਰੇ ਹੜ੍ਹ ਪ੍ਰਭਾਵਿਤ ਇਲਾਕਿਆਂ ਤੇ ਲੋਕਾਂ ਦੀ ਮਦਦ ਲਈ ਅੱਗੇ ਆਏ ਹਨ। ਇਸ ਦੌਰਾਨ, ਬਾਲੀਵੁੱਡ ਅਦਾਕਾਰਾ ਸ਼ਿਲਪਾ ਸ਼ੈੱਟੀ ਦੇ ਪਤੀ ਅਤੇ ਅਦਾਕਾਰ ਰਾਜ ਕੁੰਦਰਾ ਵੀ ਮਦਦ ਲਈ ਅੱਗੇ ਆਏ ਹਨ। ਉਨ੍ਹਾਂ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਆਉਣ ਵਾਲੀ ਪੰਜਾਬੀ ਫ਼ਿਲਮ ਮੇਹਰ ਦੀ ਪਹਿਲੇ ਦਿਨ ਦੀ ਬਾਕਸ ਆਫਿਸ ਕਮਾਈ ਹੜ੍ਹ ਪੀੜਤਾਂ ਨੂੰ ਦਿੱਤੀ ਜਾਵੇਗੀ। ਰਾਜ ਕੁੰਦਰਾ ਨੇ ਇਹ ਜਾਣਕਾਰੀ ਆਪਣੇ ਇੰਸਟਾਗ੍ਰਾਮ ਅਕਾਊਂਟ ਤੇ ਸਾਂਝੀ ਕੀਤੀ ਅਤੇ ਲੋਕਾਂ ਨੂੰ ਵੀ ਅੱਗੇ ਆਉਣ ਦੀ ਅਪੀਲ ਕੀਤੀ ਤਾਂ ਜੋ ਲੋੜਵੰਦਾਂ ਦੀ ਮਦਦ ਕੀਤੀ ਜਾ ਸਕੇ। ਉਨ੍ਹਾਂ ਨੇ ਅੱਜ ਕੁਝ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਅਤੇ ਉੱਥੇ ਦੀ ਸਥਿਤੀ ਦੇਖ ਕੇ ਕਿਹਾ ਕਿ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ। ਰਾਜ ਕੁੰਦਰਾ ਨੇ ਆਪਣੀ ਪੋਸਟ ਵਿੱਚ ਸਪੱਸ਼ਟ ਕੀਤਾ ਹੈ ਕਿ ਇਹ ਕੋਈ ਫ਼ਿਲਮ ਪ੍ਰਮੋਸ਼ਨ ਨਹੀਂ ਹੈ। ਉਨ੍ਹਾਂ ਸਾਰਿਆਂ ਨੂੰ ਇਕੱਠੇ ਹੋ ਕੇ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਕਰਨ ਦੀ ਅਪੀਲ ਕੀਤੀ ਹੈ।

# ਆਸਟ੍ਰੇਲੀਆ ਵਿੱਚ ਪਰਵਾਸ ਵਿਰੋਧੀ ਰੈਲੀਆਂ ਦਾ ਉਭਾਰ: ਸੱਜੇ ਪੱਖੀ ਗਰੁੱਪਾਂ ਦੀ ਅਗਵਾਈ

**ਖਾਸ ਖ਼ਬਰ**

- ਭਾਰਤੀ ਭਾਈਚਾਰੇ ਵਿੱਚ ਡਰ ਦਾ ਮਾਹੌਲ: ਨੀਓ-ਨਾਜ਼ੀ ਵਿਚਾਰਧਾਰਾ ਦੀ ਸਰਕਾਰ ਵਲੋਂ ਨਿੰਦਾ
- ਆਰਥਿਕ ਮੰਦੀ ਅਤੇ ਪਰਵਾਸ: ਸਿਆਸੀ ਤਣਾਅ ਵਧਾਉਣ ਵਾਲੀਆਂ ਮਾਰਚ ਫਾਰ ਆਸਟ੍ਰੇਲੀਆ ਮੁਹਿੰਮਾਂ

ਸਿਡਨੀ-ਆਸਟ੍ਰੇਲੀਆ ਵਿੱਚ ਹਾਲ ਹੀ ਵਿੱਚ ਹੋਈਆਂ ਪਰਵਾਸ ਵਿਰੋਧੀ ਰੈਲੀਆਂ ਨੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। 'ਮਾਰਚ ਫਾਰ ਆਸਟ੍ਰੇਲੀਆ' ਨਾਂ ਹੇਠ ਸਿਡਨੀ, ਮੈਲਬਰਨ, ਬ੍ਰਿਸਬੇਨ, ਪਰਥ ਅਤੇ ਹੋਰ ਵੱਡੇ ਸ਼ਹਿਰਾਂ ਵਿੱਚ ਹਜ਼ਾਰਾਂ ਲੋਕਾਂ ਨੇ ਰੈਲੀਆਂ ਕੱਢੀਆਂ, ਜਿੱਥੇ ਉਨ੍ਹਾਂ ਨੇ ਆਸਟ੍ਰੇਲੀਆ ਦੇ ਝੰਡੇ ਫੜ੍ਹੇ ਅਤੇ ਪਰਵਾਸ ਵਿਰੋਧੀ ਬੈਨਰ ਚੁੱਕੇ ਸਨ। ਇਨ੍ਹਾਂ ਰੈਲੀਆਂ ਵਿੱਚ ਲਗਭਗ 25 ਹਜ਼ਾਰ ਲੋਕ ਸੜਕਾਂ ਤੇ ਉੱਤਰੇ ਸਨ। 573285 ਇਹ ਪ੍ਰਦਰਸ਼ਨ ਮਹਿੰਗਾਈ, ਨੌਕਰੀਆਂ ਦੀ ਘਾਟ ਅਤੇ ਆਰਥਿਕ ਮੰਦੀ ਨੂੰ ਪਰਵਾਸੀਆਂ ਨਾਲ ਜੋੜ ਕੇ ਵੇਖ ਰਹੇ ਹਨ।



## ਪਰਵਾਸ ਵਿਰੋਧੀ ਪ੍ਰਦਰਸ਼ਨ ਕਰਨ ਵਾਲੇ ਲੋਕ ਕੌਣ ਹਨ?

ਇਹ ਮੁੱਖ ਤੌਰ ਤੇ ਸੱਜੇ ਪੱਖੀ ਗਰੁੱਪਾਂ, ਨੀਓ-ਨਾਜ਼ੀ ਤੱਤ ਅਤੇ ਕੁਝ ਲਾਕਡਾਊਨ ਵਿਰੋਧੀ ਮੁਹਿੰਮਾਂ ਨਾਲ ਜੁੜੇ ਲੋਕ ਹਨ। ਰੈਲੀਆਂ ਨੂੰ ਵਨ ਨੇਸ਼ਨ ਪਾਰਟੀ ਦੇ ਸੈਨੇਟਰ ਪੌਲੀਨ ਹੈਨਸਨ ਅਤੇ ਫੈਡਰਲ ਮੈਂਬਰ ਬਾਬ ਕੈਟਰ ਵਰਗੇ ਵਿਰੋਧੀ ਧਿਰ ਦੇ ਆਗੂਆਂ ਨੇ ਉਤਸ਼ਾਹਿਤ ਕੀਤਾ ਹੈ। ਉਨ੍ਹਾਂ ਦੀ ਵੈੱਬਸਾਈਟ ਤੇ ਲਿਖਿਆ ਹੈ ਕਿ ਵੱਡੇ ਪੈਮਾਨੇ ਤੇ ਪਰਵਾਸ ਨੇ ਆਸਟ੍ਰੇਲੀਆ ਦੀ ਏਕਤਾ ਅਤੇ ਸਾਂਝੀਆਂ ਰੀਤਾਂ ਨੂੰ ਕਮਜ਼ੋਰ ਕੀਤਾ ਹੈ। ਉਹ ਸਭਿਆਚਾਰ, ਮਜ਼ਦੂਰੀ ਰੇਟ, ਟਰੈਫਿਕ, ਘਰਾਂ ਦੀ ਕਮੀ ਅਤੇ ਵਾਤਾਵਰਣ ਨੂੰ ਲੈ ਕੇ ਚਿੰਤਾ ਜ਼ਾਹਿਰ ਕਰ ਰਹੇ ਹਨ। ਇਨ੍ਹਾਂ ਵਿੱਚ ਕਈ ਗੋਰੇ ਨੀਓ-ਨਾਜ਼ੀ ਵਿਚਾਰਧਾਰਾ ਵਾਲੇ ਲੋਕ ਸ਼ਾਮਲ ਹਨ ਜੋ ਹਿਟਲਰ ਨੂੰ ਆਦਰਸ਼ ਮੰਨਦੇ ਹਨ। ਰੈਲੀਆਂ ਵਿੱਚ ਝੜਪਾਂ ਵੀ ਹੋਈਆਂ, ਜਿੱਥੇ ਪੁਲਿਸ ਨੂੰ ਪੈਪਰ ਸਪਰੇ ਵਰਤਣਾ ਪਿਆ।


**CHANGE OF NAME**

I, MISS NUSRATH FATIMA D/O MR SYED WAHEED UDDIN WHOSE PERMANENT ADDRESS IN INDIA IS 19-2-21/23/54/57/B, BASHARATH NAGAR, HGYDERABAD, ANDHRA PRADESH AND NOW LIVING AT FLAT 4 COTTON HOUSE, SHAPHARD BUSH, W12 9LS, U.K. HEREBY GIVE NOTICE OF MY INTENTION TO CHANGE MY NAME TO GIVEN NAME NUSRATH FATIMA ADD SURNAME SYED WAHEED UDDIN. (U)

I, MISS PARTISHTHA D/O MR SINDER KUMAR WHOSE PERMANENT ADDRESS IN INDIA IS VILL: MANGNA, P.O. THANA, TEHSIL PEHOWA, KURUKSHETRA, PIN: 136030, HARYANA AND NOW LIVING AT 32 DOWNHAM AVENUE, LEICESTER, LE4 0DH, U.K. HEREBY GIVE NOTICE OF MY INTENTION TO CHANGE MY NAME TO PARTISHTHA RAJPUT. (U/I/E)

**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

**Account Name: Punjab Times Trust Ltd**
**Account No: 20853011 Sort Code: 20-25-85**


## ਭਾਰਤੀ ਭਾਈਚਾਰੇ ਵਿੱਚ ਕੀ ਮਾਹੌਲ ਹੈ?

ਆਸਟ੍ਰੇਲੀਆ ਵਿੱਚ ਭਾਰਤੀ ਲੋਕ ਦੂਜੇ ਨੰਬਰ ਤੇ ਸਭ ਤੋਂ ਵੱਡਾ ਪਰਵਾਸੀ ਗਰੁੱਪ ਹਨ, ਜਿੱਥੇ 9.16 ਲੱਖ ਭਾਰਤੀ ਰਹਿੰਦੇ ਹਨ। ਰੈਲੀਆਂ ਵਿੱਚ ਭਾਰਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿਸ ਨਾਲ ਭਾਈਚਾਰੇ ਵਿੱਚ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ। ਸਿਡਨੀ ਵਿੱਚ ਰਹਿੰਦੇ ਸਮਾਜਿਕ ਕਾਰਕੁਨ ਅਮਰ ਸਿੰਘ ਨੇ ਕਿਹਾ ਕਿ ਇਹ ਰੈਲੀਆਂ ਨਾਲ ਮਾਹੌਲ ਖਰਾਬ ਹੋ ਰਿਹਾ ਹੈ ਅਤੇ ਨਵੇਂ ਆਏ ਨੌਜਵਾਨਾਂ ਨੂੰ ਹਮਲੇ ਦਾ ਡਰ ਰਹਿੰਦਾ ਹੈ। ਪੰਜਾਬੀ ਪੱਤਰਕਾਰ ਤਰਨਦੀਪ ਦਿਓਲ ਨੇ ਕਿਹਾ ਕਿ ਆਰਥਿਕ ਮੰਦੀ ਕਾਰਨ ਲੋਕ ਪਰਵਾਸੀਆਂ ਨੂੰ ਜ਼ਿੰਮੇਵਾਰ ਮੰਨ ਰਹੇ ਹਨ, ਪਰ ਇਹ ਰੈਲੀਆਂ ਨਾਲ ਥੋੜਾ ਡਰ ਤਾਂ ਬਣਦਾ ਹੈ। ਭਾਰਤੀ ਲੋਕਾਂ ਨੇ ਕਿਹਾ ਕਿ ਉਹ ਪੜ੍ਹੇ-ਲਿਖੇ ਅਤੇ ਹੁਨਰਮੰਦ ਹਨ, ਜੋ ਨੌਕਰੀਆਂ ਨਹੀਂ ਖਾਂਦੇ ਸਗੋਂ ਪੈਦਾ ਕਰਦੇ ਹਨ। ਹਾਲਾਂਕਿ, ਪਿਛਲੇ ਸਮੇਂ ਵਿੱਚ ਕਈ ਹਮਲੇ ਹੋਏ ਹਨ, ਜਿਸ ਨਾਲ ਚਿੰਤਾਵਾਂ ਵਧੀਆਂ ਹਨ। ਆਸਟ੍ਰੇਲੀਆ ਦੇ ਮੂਲ ਨਿਵਾਸੀ ਅਬੋਰੀਜਿਨਲ ਭਾਈਚਾਰੇ ਨੇ ਵੀ ਪਰਵਾਸੀਆਂ ਦੀ ਹਿਮਾਇਤ ਕੀਤੀ ਅਤੇ ਵਿਰੋਧੀ ਰੈਲੀਆਂ ਕੱਢੀਆਂ ਹਨ।

## ਆਸਟ੍ਰੇਲੀਆ ਵਿੱਚ ਸੱਜੇ ਪੱਖੀ ਸਿਆਸਤ ਦਾ ਉਭਾਰ ਕਿਉਂ ਹੋਇਆ?

ਹਾਲੀਆ ਸਾਲਾਂ ਵਿੱਚ ਆਰਥਿਕ ਮੰਦੀ, ਮਹਿੰਗਾਈ ਅਤੇ ਨੌਕਰੀਆਂ ਦੀ ਘਾਟ ਨੇ ਲੋਕਾਂ ਵਿੱਚ ਨਿਰਾਸ਼ਾ ਪੈਦਾ ਕੀਤੀ ਹੈ। ਕੋਵਿਡ-19 ਮਹਾਮਾਰੀ ਨੇ ਇਸ ਨੂੰ ਵਧਾਇਆ, ਜਿੱਥੇ ਲਾਕਡਾਊਨ ਵਿਰੋਧੀ ਗਰੁੱਪਾਂ ਨੇ ਸੱਜੇ ਪੱਖੀ ਵਿਚਾਰਾਂ ਨੂੰ ਅਪਣਾਇਆ ਹੈ। ਵੱਡੇ ਪੈਮਾਨੇ ਤੇ ਪਰਵਾਸ, ਖਾਸ ਕਰਕੇ ਭਾਰਤ ਅਤੇ ਚੀਨ ਤੋਂ, ਨੂੰ 'ਸੱਭਿਆਚਾਰਕ ਬਦਲਾਅ' ਵਜੋਂ ਵੇਖਿਆ ਜਾ ਰਿਹਾ ਹੈ। ਸੱਜੇ ਪੱਖੀ ਗਰੁੱਪਾਂ ਜਿਵੇਂ ਨੈਸ਼ਨਲ ਸੋਸ਼ਲਿਸਟ ਨੈੱਟਵਰਕ ਨੇ ਇਸ ਨੂੰ ਫਾਇਦਾ ਚੁੱਕਿਆ ਹੈ। ਆਸਟ੍ਰੇਲੀਆ ਵਿੱਚ ਫਾਰ-ਰਾਈਟ ਐਕਸਟ੍ਰੀਮਿਜ਼ਮ ਦਾ ਵਧਣਾ ਗਲੋਬਲ ਟ੍ਰੈਂਡ ਦਾ ਹਿੱਸਾ ਹੈ, ਜਿੱਥੇ ਨੌਜਵਾਨ ਪੁਰਸ਼ ਵੱਡੀ ਗਿਣਤੀ ਵਿੱਚ ਸੱਜੇ ਪੱਖ ਵੱਲ ਝੁਕ ਰਹੇ ਹਨ। ਰਾਈਟ-ਵਿੰਗ ਕ੍ਰਿਸ਼ਚੀਅਨ ਪਾਪੂਲਿਜ਼ਮ ਅਤੇ ਕੰਜ਼ਰਵੇਟਿਵ ਗਰੁੱਪਾਂ ਨੇ ਚੋਣਾਂ ਵਿੱਚ ਅਸਰ ਪਾਇਆ ਹੈ।

## ਸਰਕਾਰ ਕੀ ਉਪਾਅ ਕਰ ਰਹੀ ਹੈ?

ਪ੍ਰਧਾਨ ਮੰਤਰੀ ਐਂਥਨੀ ਅਲਬੇਨੀਸ ਦੀ ਲੇਬਰ ਪਾਰਟੀ ਨੇ ਰੈਲੀਆਂ ਨੂੰ 'ਨਫ਼ਰਤ ਫੈਲਾਉਣ ਵਾਲੀਆਂ' ਅਤੇ 'ਨੀਓ-ਨਾਜ਼ੀ ਗਰੁੱਪਾਂ ਨਾਲ ਜੁੜੀਆਂ' ਕਹਿ ਕੇ ਨਿੰਦਾ ਕੀਤੀ ਹੈ। ਘਰੇਲੂ ਮਾਮਲਿਆਂ ਦੇ ਮੰਤਰੀ ਟੋਨੀ ਬਰਕ ਨੇ ਕਿਹਾ ਕਿ ਅਜਿਹੇ ਲੋਕਾਂ ਲਈ ਆਸਟ੍ਰੇਲੀਆ ਵਿੱਚ ਕੋਈ ਥਾਂ ਨਹੀਂ ਜੋ ਵੰਡ ਪਾਉਣਾ ਚਾਹੁੰਦੇ ਹਨ। ਸਰਕਾਰ ਨੇ ਪਰਮੈਨੈਂਟ ਮਾਈਗ੍ਰੇਸ਼ਨ ਨੰਬਰਾਂ ਨੂੰ 1.85 ਲੱਖ ਤੇ ਰੱਖਣ ਦਾ ਐਲਾਨ ਕੀਤਾ ਹੈ ਤਾਂ ਜੋ ਦਬਾਅ ਘੱਟ ਕੀਤਾ ਜਾ ਸਕੇ।

ਪੁਲਿਸ ਨੇ ਰੈਲੀਆਂ ਵਿੱਚ ਝੜਪਾਂ ਨੂੰ ਰੋਕਿਆ ਅਤੇ ਹਿੰਸਾ ਨੂੰ ਕੰਟਰੋਲ ਕੀਤਾ ਹੈ। ਵਿਰੋਧੀ ਧਿਰ ਨੇ ਵੀ ਨਿੰਦਾ ਕੀਤੀ ਪਰ ਲੇਬਰ ਪਾਰਟੀ ਨੂੰ ਆਰਥਿਕ ਨੀਤੀਆਂ ਤੇ ਨਿਸ਼ਾਨਾ ਬਣਾਇਆ ਹੈ। ਮਾਹਿਰਾਂ ਨੇ ਚੇਤਾਵਨੀ ਦਿੱਤੀ ਕਿ ਮੀਡੀਆ ਅਤੇ ਮੇਨਸਟ੍ਰੀਮ ਸਿਆਸਤ ਨੇ ਇਸ ਨੂੰ ਉਭਾਰਿਆ ਹੈ।

ਇਹ ਰੈਲੀਆਂ ਆਸਟ੍ਰੇਲੀਆ ਦੇ ਬਹੁ-ਸੱਭਿਆਚਾਰਕ ਢਾਂਚੇ ਤੇ ਸਵਾਲ ਖੜ੍ਹੇ ਕਰ ਰਹੀਆਂ ਹਨ, ਜਿੱਥੇ 31.5% ਲੋਕ ਵਿਦੇਸ਼ਾਂ ਵਿੱਚ ਪੈਦਾ ਹੋਏ ਹਨ। ਭਾਰਤੀ ਭਾਈਚਾਰੇ ਨੂੰ ਯਕੀਨ ਹੈ ਕਿ ਉਹ ਦੇਸ਼ ਨੂੰ ਮਜ਼ਬੂਤ ਕਰ ਰਹੇ ਹਨ, ਪਰ ਅਜਿਹੀਆਂ ਮੁਹਿੰਮਾਂ ਨਾਲ ਏਕਤਾ ਨੂੰ ਖ਼ਤਰਾ ਹੈ। ਆਉਣ ਵਾਲੇ ਸਮੇਂ ਵਿੱਚ ਚੋਣਾਂ ਉਪਰ ਅਸਰ ਪਾ ਸਕਦੀਆਂ ਹਨ।

# ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰਾਂ ਦੀ ਤਿਆਰੀ

TO BUY OR PRINT YOUR OWN NEW YEAR'S CALANDERS
PLEASE CONTACT US ON: 07966 388 388

## ਨਵੇਂ ਸਾਲ 2026 ਦੇ ਕੈਲੰਡਰਾਂ ਲਈ ਆਰਡਰ ਲਏ ਜਾ ਰਹੇ ਹਨ

ਨਵੇਂ ਸਾਲ ਦੇ ਕੈਲੰਡਰਾਂ ਵਾਸਤੇ ਆਰਡਰ ਦੇਣ ਲਈ ਉੱਪਰ ਦਿੱਤੇ ਨੰਬਰ 'ਤੇ ਸੰਪਰਕ ਕਰੋ ਜੀ

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2026 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

ਵਿਸ਼ੇਸ਼ ਨੋਟ :- ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।

* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

WhatsApp Contact: 07966 388 388




Specialist in Full Colour and all other Commercial Printing.

ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ 'ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ 'ਤੇ ਛਾਪਦੇ ਹਾਂ।


CALL NOW AND SPEAK TO MANINDER SINGH OR HARJINDER SINGH MANDER ON: 01332-372851


# PRAY FOR PUNJAB

I write this article with a heavy heart, explaning the situation in punjab. Punjab is drowning villages are submerged, fields lie in ruins, homes and dreams are washed away, families who fed the nation are now struggling for their own food. And yet silence. Punjabis dont surrender, Gudwara are open, sikh organisations and relief camps, langar feeding the hungry even as water rises. Bridges are open when the system fails , history has shown us that partions, wars and droughts, Punjab always rises again. Punjab pain must not drown in silence, let the world know, stand with our brothers and sisters. Punjab cries today, Punjab stands tommorow, punjab forever inspires. Punjab had always stood on it own, once again in the darkest hour, punjab is saving punjab. Let us not turn away, let us not stay silent, Punjab needs us.The effort investigating the flood vulnerability in the province Punjab, analysing the primary causes key impacts and consequences. Floods in Punjab is often exacerbated by climate change, ineffective land management, and inadequate infrastructure and political challenges. Flooding in Punjab has increasingly frequent and intense over the past two decades, impacting millions of lives and resulting in significant economical damage. Punjab is subject to monsoon climate with intense seasonal rainfall that has significantly impacts Punjab and others states. Heavy rain causes rivers to swell beyond capacity, leading to floods that can devastate regions. The rainfall season is in July to September bringing substantial rain, overflow in riverbanks and intensify floods, particularly in the Punjab. The poor infrastructure and inadequate drainage system with rapid and unplanned urban expansion in flood risk area, amplify flood warnings. This year has been the worst for decade's in Punjab. Agriculture is vital sector for the economy, the punjabs is critical for crops, disrupting planting and harvest cycles. The devastating floods caused by rainfall have unleashed widespread destruction and has brought immense suffering to Punjab, lives properties, lands and livelihoods. Looking into the future there should be enhanced flood forecasting systems implementing early warning signs. Campaign on disaster risk reduction and floods , allowing for more resilient response to flood events. The primary problem must be looked into and strengthening the infrastructure improvements.

Homes, schools, are damaged, health risks also increase due to diseases, inadequate sanatation and limited access to medical care. Many Sikh institutions are on the front line pulling people to saftey. Many famlies are waiting for help and every hand of supoort matters. The challenges are beyond the current relief efforts. Stand with Punjab, every little act of kindness can bring comfort to those in despair.


ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ




From: LAMBARDAR DHARMVEER SINGH CLAIRE COVENTRY

# MANAK SOLICITORS



## Jasdeep Singh Jandu
Conveyancing Director

Jas heads up our Property department and has developed a following of regular clients due to his calm nature, professional attitude and his practical knowledge of the areas in which he specialises.

Gravesend | Orpington | Sevenoaks | London



manaksolicitors.co.uk

**0800 634 9726**

Google ★★★★★ 4.9/5 CUSTOMER REVIEWS

Lexcel Legal Practice Quality Mark Law Society Accredited



**Rajbir Singh Manak MA (Hons)**

**Surinder Singh Manak LLB (Hons)**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਅੰਮ੍ਰਿਤਸਰ ਨੂੰ ਅਧਿਆਤਮਿਕ ਵਿਰਾਸਤ ਦੇ 'ਪ੍ਰਵੇਸ਼ ਦੁਆਰ' ਵਜੋਂ ਸਥਾਪਿਤ ਕਰਨਾ ਬਹੁਤ ਜ਼ਰੂਰੀ

ਡਾਕਟਰ ਅੰਮ੍ਰਿਤ ਸਾਗਰ ਮਿੱਤਲ



ਜਦੋਂ ਮੈਂ 5 ਸਾਲ ਪਹਿਲਾਂ ਸ੍ਰੀ ਦਰਬਾਰ ਸਾਹਿਬ ਵਿਖੇ 'ਅੰਮ੍ਰਿਤ ਵੇਲੇ' ਪਾਲਕੀ ਸਾਹਿਬ ਦੀ ਸੇਵਾ ਵਿਚ ਸ਼ਾਮਿਲ ਹੋਇਆ ਤਾਂ ਉਸ ਪਲ ਮੈਨੂੰ ਲੱਗਿਆ ਜਿਵੇਂ ਮੈਂ ਪਰਮਾਤਮਾ ਦੇ ਘਰ ਵਿਚ ਦਾਖਲ ਹੋ ਗਿਆ ਹੋਵਾਂ। ਸ਼ਬਦ ਕੀਰਤਨ, ਸਰੋਵਰ ਦਾ ਸ਼ਾਂਤ ਜਲ ਅਤੇ ਚਮਕਦੇ ਗੁੰਬਦਾਂ ਨੇ ਮੇਰੇ ਮਨ ਨੂੰ ਸ਼ਾਂਤ ਕਰਦਿਆਂ ਸੱਚੀ ਦੌਲਤ ਨਾਲ ਨਿਹਾਲ ਕਰ ਦਿੱਤਾ ਸੀ। ਦਰਬਾਰ ਸਾਹਿਬ ਵਿਖੇ ਨਿਮਰਤਾ ਇਕ ਅਜਿਹੀ ਪੂੰਜੀ ਹੈ, ਜੋ ਸੇਵਾ ਕਰਨ 'ਤੇ ਇਕ ਸਮੂਹਿਕ ਵਿਸ਼ਵਾਸ ਨਾਲ ਅਨਮੋਲ ਜਨਤਕ ਭਲਾਈ ਬਣ ਜਾਂਦੀ ਹੈ। ਇਹ ਜਨਤਕ ਭਲਾਈ ਸਿਰਫ਼ ਰੋਜ਼ੀ-ਰੋਟੀ ਨੂੰ ਹੀ ਕਾਇਮ ਨਹੀਂ ਰੱਖਦੀ, ਸਗੋਂ ਪੰਜਾਬ ਦੀ ਆਰਥਿਕ ਖੁਸ਼ਹਾਲੀ ਨੂੰ ਵੀ ਹੋਰ ਗਤੀ ਦੇ ਸਕਦੀ ਹੈ।

ਵਿਸ਼ਵ ਪੱਧਰ 'ਤੇ ਗੁਰੂ ਕੀ ਨਗਰੀ (ਅੰਮ੍ਰਿਤਸਰ) ਨੂੰ ਨਿਰਵਿਵਾਦ ਤੌਰ 'ਤੇ 'ਅਧਿਆਤਮਿਕ ਵਿਰਾਸਤ ਦੇ ਪ੍ਰਵੇਸ਼ ਦੁਆਰ' ਵਜੋਂ ਸਥਾਪਿਤ ਕਰਨਾ ਬਹੁਤ ਜ਼ਰੂਰੀ ਹੈ। ਕੈਨੇਡਾ, ਅਮਰੀਕਾ, ਆਸਟ੍ਰੇਲੀਆ ਤੇ ਬਰਤਾਨੀਆ ਵਿਚ ਵਸਦੇ ਭਾਰਤੀ ਪ੍ਰਵਾਸੀਆਂ ਨਾਲ ਰਣਨੀਤਕ ਤੌਰ 'ਤੇ ਸਹਿਯੋਗ ਕਰਕੇ ਪੰਜਾਬ ਸਿੱਖ ਭਾਈਚਾਰੇ ਤੋਂ ਅੱਗੇ ਵਧ ਕੇ ਉੱਚ-ਮੁੱਲ ਵਾਲੇ ਧਾਰਮਿਕ ਸੈਲਾਨੀਆਂ ਦੀ ਇਕ ਨਿਰੰਤਰ ਆਮਦ ਨੂੰ ਆਕਰਸ਼ਿਤ ਕੀਤਾ ਜਾ ਸਕਦਾ ਹੈ। ਯੂਨੈਸਕੋ ਅਤੇ ਹੋਰ ਪ੍ਰਮੁੱਖ ਵਿਸ਼ਵ ਵਿਰਾਸਤ ਸੰਗਠਨਾਂ ਨਾਲ ਗੱਠਜੋੜ ਕਰਨ ਨਾਲ ਸਾਡੀ ਭਰੋਸੇਯੋਗਤਾ ਮਜ਼ਬੂਤ ਹੋਵੇਗੀ। ਦਰਬਾਰ ਸਾਹਿਬ ਦੇ ਦਰਸ਼ਨ ਕਰਨ ਆਉਣ ਵਾਲੇ ਸੈਲਾਨੀਆਂ ਦੇ ਅੰਕੜੇ ਇਸ ਵਿਸ਼ਾਲ ਸੰਭਾਵਨਾ ਨੂੰ ਉਜਾਗਰ ਕਰਦੇ ਹਨ। ਅੰਮ੍ਰਿਤਸਰ ਹਰ ਸਾਲ ਲਗਭਗ 5 ਕਰੋੜ ਸ਼ਰਧਾਲੂਆਂ ਦਾ ਸਵਾਗਤ ਕਰਦਾ ਹੈ ਅਤੇ ਹਜ਼ਾਰਾਂ ਲੋਕਾਂ ਨੂੰ ਰੋਜ਼ੀ-ਰੋਟੀ ਦਿੰਦਾ ਹੈ। ਨੈਸ਼ਨਲ ਕੌਂਸਲ ਆਫ਼ ਅਪਲਾਈਡ ਇਕਨਾਮਿਕ ਰਿਸਰਚ (ਐਨ.ਸੀ.ਏ.ਈ.ਆਰ) ਦੇ ਅਨੁਮਾਨ ਅਨੁਸਾਰ ਤਿਰੁਪਤੀ ਬਾਲਾਜੀ ਮੰਦਰ (ਆਂਧਰਾ ਪ੍ਰਦੇਸ਼) ਹਰ ਸਾਲ 4 ਕਰੋੜ ਤੋਂ ਵੱਧ ਆਉਂਦੇ ਸ਼ਰਧਾਲੂ ਸੂਬੇ ਦੀ ਆਰਥਿਕਤਾ ਵਿਚ 30,000 ਕਰੋੜ ਰੁਪਏ ਤੋਂ ਵੀ ਵੱਧ ਦਾ ਯੋਗਦਾਨ ਪਾਉਂਦੇ ਹਨ। ਇਸ ਦੇ ਸਮਾਨਾਂਤਰ ਸਫਲਤਾ ਸੰਬੰਧੀ ਵਿਚਾਰ ਕਰੋ। ਪੰਜਾਬ ਵਿਚ ਤਾਂ ਇਸ ਤੋਂ ਵੀ ਵੱਡੀਆਂ ਸੰਭਾਵਨਾਵਾਂ ਹਨ, ਜਿੱਥੇ ਇੱਕਲੇ ਦਰਬਾਰ ਸਾਹਿਬ ਵਿਖੇ ਸਾਲਾਨਾ 5 ਕਰੋੜ ਸੈਲਾਨੀ ਆਉਂਦੇ ਹਨ। ਜੇਕਰ ਇਨ੍ਹਾਂ 'ਚੋਂ ਹਰੇਕ ਸ਼ਰਧਾਲੂ ਰਿਹਾਇਸ਼, ਭੋਜਨ, ਆਵਾਜਾਈ, ਸ਼ਿਲਪਕਾਰੀ ਤੇ ਵਿਰਾਸਤੀ ਅਨੁਭਵਾਂ 'ਤੇ ਔਸਤਨ 5,000 ਰੁਪਏ ਖਰਚ ਕਰੇ, ਤਾਂ ਇੱਕਲਾ ਅੰਮ੍ਰਿਤਸਰ ਸਾਲਾਨਾ ਲਗਭਗ 2.5 ਲੱਖ ਕਰੋੜ ਰੁਪਏ ਕਮਾ ਸਕਦਾ ਹੈ। ਜੇਕਰ ਇਨ੍ਹਾਂ ਸੈਲਾਨੀਆਂ 'ਚੋਂ ਸਿਰਫ਼ 1 ਫ਼ੀਸਦੀ (5 ਲੱਖ) ਨੂੰ ਉੱਚ-ਪੱਧਰੀ ਸੈਲਾਨੀਆਂ ਵਿਚ ਬਦਲ ਸਕੀਏ, ਜੋ ਲਗਭਗ 2 ਲੱਖ ਰੁਪਏ ਤੱਕ ਖਰਚ ਕਰਨ ਤਾਂ ਵਾਧੂ ਆਮਦਨ ਦੀ ਸੰਭਾਵਨਾ 1 ਲੱਖ ਕਰੋੜ ਰੁਪਏ ਤੱਕ ਹੋਰ ਵਧ ਸਕਦੀ ਹੈ। ਜੋ ਕੁੱਲ ਮਿਲਾ ਕੇ ਲਗਭਗ 3.5 ਲੱਖ ਕਰੋੜ ਰੁਪਏ ਹੋ ਸਕਦੀ ਹੈ ਅਤੇ ਇਹ ਪੰਜਾਬ ਦੀ ਕੁੱਲ ਜੀ.ਡੀ.ਪੀ. (6.98 ਲੱਖ ਕਰੋੜ, 2023-24) ਦਾ ਲਗਭਗ 50 ਫ਼ੀਸਦੀ ਹੈ। ਅਧਿਆਤਮਿਕ ਸੈਰ-ਸਪਾਟਾ ਖੇਤਰ ਦੀ ਕਿਰਤ-ਆਧਾਰਿਤ ਇਹ ਪ੍ਰਕਿਰਤੀ ਸਿੱਧੇ ਤੇ ਅਸਿੱਧੇ ਤੌਰ 'ਤੇ ਸਥਾਨਕ ਭਾਈਚਾਰਿਆਂ ਲਈ ਰੁਜ਼ਗਾਰ ਦਾ ਇਕ ਮਹੱਤਵਪੂਰਨ ਅਧਾਰ ਬਣਨ ਦੇ ਸਮਰੱਥ ਹੈ। ਜਿਸ ਦਾ ਆਰਥਿਕ ਪ੍ਰਭਾਵ ਸੂਬੇ ਦੀ ਖੇਤੀਬਾੜੀ ਤੇ ਨਿਰਮਾਣ ਦੋਹਾਂ ਦੀਆਂ ਪ੍ਰਾਪਤੀਆਂ ਨੂੰ ਪਾਰ ਕਰ ਸਕਦਾ ਹੈ। ਹੁਣ ਇਸ ਸੰਭਾਵਨਾ ਨੂੰ ਵਰਤ ਕੇ ਪੰਜਾਬ ਦੇ ਭਵਿੱਖ ਨੂੰ ਬਦਲਣ ਦਾ ਸਮਾਂ ਆ ਗਿਆ ਹੈ। ਭਾਰਤ ਦੀ ਅਧਿਆਤਮਿਕ ਤੇ ਸੱਭਿਆਚਾਰਕ ਵਿਰਾਸਤ ਯਾਤਰਾ ਵਿਚ ਤੇਜ਼ੀ ਨਾਲ ਉਭਾਰ ਆਇਆ ਹੈ। ਕੇਂਦਰੀ ਸੈਰ-ਸਪਾਟਾ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਧਾਰਮਿਕ ਸੈਰ-ਸਪਾਟਾ ਯਾਤਰਾਵਾਂ ਤੋਂ ਆਮਦਨ 2021 ਵਿਚ 67.7 ਕਰੋੜ ਰੁਪਏ ਤੋਂ ਵਧ ਕੇ 2024 ਵਿਚ 143.9 ਕਰੋੜ ਰੁਪਏ ਹੋ ਗਈ ਹੈ। ਜਦਕਿ 96 ਲੱਖ ਵਿਦੇਸ਼ੀ ਸੈਲਾਨੀਆਂ ਦੀ ਆਮਦ ਨਾਲ ਵਿਦੇਸ਼ੀ ਮੁਦਰਾ ਵਿਚ 2.7 ਲੱਖ ਕਰੋੜ ਤੋਂ ਵੱਧ ਦੀ ਕਮਾਈ ਹੋਈ ਹੈ। ਰਾਸ਼ਟਰੀ ਪੱਧਰ 'ਤੇ ਧਾਰਮਿਕ ਯਾਤਰਾਵਾਂ ਤੇ ਸੈਰ-ਸਪਾਟਾ ਰੁਜ਼ਗਾਰ ਅਤੇ ਜੀ.ਡੀ.ਪੀ. ਦੇ ਇੰਜਣ ਬਣ ਰਹੇ ਹਨ। ਅਜਿਹੇ ਵਿਚ ਸੁਸ਼ਾਸਿਤ ਅੰਮ੍ਰਿਤਸਰ ਉਸ ਗਤੀ ਦਾ ਵੱਡਾ ਹਿੱਸਾ ਹਾਸਲ ਕਰ ਸਕਦਾ ਹੈ, ਕਿਉਂਕਿ ਪ੍ਰਮੁੱਖ ਧਾਰਮਿਕ ਸਥਾਨਾਂ ਵਿਚ ਦਰਬਾਰ ਸਾਹਿਬ ਵਿਸ਼ੇਸ਼ ਖਿੱਚ ਰੱਖਦਾ ਹੈ।

ਪੰਜਾਬ ਦੀ ਆਰਥਿਕਤਾ ਢਾਂਚਾਗਤ ਤੌਰ 'ਤੇ ਸੰਤੁਲਿਤ ਹੈ, ਪਰ ਆਪਣੀ ਸਮਰੱਥਾ ਤੋਂ ਘੱਟ ਪ੍ਰਦਰਸ਼ਨ ਕਰ ਰਹੀ ਹੈ। 2024-25 ਵਿਚ ਖੇਤੀਬਾੜੀ, ਨਿਰਮਾਣ ਅਤੇ ਸੇਵਾਵਾਂ ਨੇ ਕ੍ਰਮਵਾਰ ਜੀ.ਡੀ.ਪੀ. ਵਿਚ 29 ਫ਼ੀਸਦੀ, 25 ਫ਼ੀਸਦੀ ਤੇ 46 ਫ਼ੀਸਦੀ ਯੋਗਦਾਨ ਪਾਇਆ। ਜੇਕਰ ਪੰਜਾਬ ਤੇਜ਼ੀ ਨਾਲ ਰੁਜ਼ਗਾਰ ਦੀ ਸਿਰਜਣਾ ਕਰਨਾ ਚਾਹੁੰਦਾ ਹੈ ਤਾਂ ਹਰਿਮੰਦਰ ਸਾਹਿਬ ਦੇ ਆਸ-ਪਾਸ ਸੇਵਾਵਾਂ ਤੇ ਅਨੁਭਵਾਂ ਦੀ ਰਣਨੀਤੀ ਅਪਣਾਉਣੀ ਇਕ ਸੌਖਾ ਰਸਤਾ ਹੈ। ਅੰਮ੍ਰਿਤਸਰ ਵਿਚ ਸ਼ਹਿਰੀ ਉੱਨਤੀ (ਅਪਗ੍ਰੇਡ) ਕਰਨ ਦੌਰਾਨ ਵਿਰਾਸਤੀ ਸੜਕਾਂ, ਨਵੀਨਤਾਕਾਰੀ ਸ਼ਹਿਰੀ ਪ੍ਰੋਜੈਕਟ, ਰੇਡੀਅਲ ਸੜਕ ਯੋਜਨਾ ਲਾਗੂ ਕੀਤੀ ਗਈ ਹੈ ਪਰ ਧਾਰਮਿਕ ਸਥਾਨ ਤੱਕ ਪਹੁੰਚਣ ਲਈ ਭੀੜ-ਭੜੱਕਾ ਤੇ ਕੂੜਾ ਕਰਕਟ ਹਟਾਉਣ ਦੀਆਂ ਸਮੱਸਿਆਵਾਂ ਅਜੇ ਵੀ ਬਣੀਆਂ ਹੋਈਆਂ ਹਨ। ਸੈਲਾਨੀਆਂ ਦੀ ਸਹੂਲਤ ਤੇ ਆਉਣ-ਜਾਣ ਨੂੰ ਸੁਚਾਰੂ ਬਣਾਉਣ ਲਈ 'ਪਰਿਵਰਤਨਸ਼ੀਲ ਬੁਨਿਆਦੀ ਢਾਂਚੇ' ਦੀ ਲੋੜ ਹੈ।

1) ਦਰਬਾਰ ਸਾਹਿਬ ਦੇ ਚੌਗਿਰਦੇ ਨੂੰ 'ਪਵਿੱਤਰ ਸੇਵਾ ਖੇਤਰ' ਵਜੋਂ ਦੇਖੋ। ਇਕ ਨਿਸ਼ਚਿਤ ਦਾਇਰੇ ਅੰਦਰ ਪੈਦਲ ਯਾਤਰੀਆਂ ਲਈ ਗਤੀਸ਼ੀਲ ਰਿੰਗ ਬਣਾਉਣ ਤੋਂ ਇਲਾਵਾ ਸ਼ਹਿਰ ਦੇ ਪ੍ਰਵੇਸ਼ ਸਥਾਨਾਂ 'ਤੇ ਬਹੁਪੱਧਰੀ



ਪਾਰਕਿੰਗ ਬਣਾਏ ਜਾਣ, ਧਾਰਮਿਕ ਸਥਾਨ ਤੱਕ ਆਉਣ-ਜਾਣ ਲਈ ਇਕ ਇਲੈਕਟ੍ਰਿਕ ਸ਼ਟਲ ਲੂਪ ਅਤੇ ਇਕ ਭੂਮੀਗਤ ਜਾਂ ਗ੍ਰੇਡ-ਸੇਪਰੇਟਿਡ ਵਾਹਨ ਕੋਰੀਡੋਰ, ਛਾਂਦਾਰ ਪੈਦਲ ਮਾਰਗ, ਪਹੁੰਚਯੋਗ ਰੈਂਪ ਤੇ ਸਾਫ਼ ਜਨਤਕ ਸਹੂਲਤਾਂ ਨੂੰ ਤਰਜੀਹ ਦਿੱਤੀ ਜਾਵੇ। ਸਥਾਨਕ ਨੌਜਵਾਨਾਂ ਲਈ ਹੁਨਰ ਨੂੰ ਇਕ ਪੂੰਜੀ ਬਣਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਪ੍ਰਾਹੁਣਚਾਰੀ ਸਕੂਲਾਂ ਅਤੇ ਛੋਟੀਆਂ ਤੇ ਦਰਮਿਆਨੀਆਂ ਸਨਅਤਾਂ ਦੇ ਕਲੱਸਟਰਾਂ ਨਾਲ ਮਿਲ ਕੇ 'ਗੁਰੂ ਸੇਵਾ ਤੋਂ ਰੋਜ਼ੀ-ਰੋਟੀ ਤੱਕ' ਅਕੈਡਮੀ, ਮਾਰਗਦਰਸ਼ਨ, ਫਰੰਟ-ਆਫਿਸ, ਹਾਊਸ-ਕੀਪਿੰਗ, ਭੋਜਨ ਸੁਰੱਖਿਆ ਅਤੇ ਬੁਨਿਆਦੀ ਵਿਦੇਸ਼ੀ-ਭਾਸ਼ਾ ਹੁਨਰਾਂ ਨੂੰ ਪੇਸ਼ੇਵਰ ਬਣਾ ਸਕਦੀ ਹੈ। ਭਾਰਤ ਵਿਚ ਸੈਰ-ਸਪਾਟਾ ਕਰੋੜਾਂ ਲੋਕਾਂ ਨੂੰ ਰੁਜ਼ਗਾਰ ਦੇ ਸਕਦਾ ਹੈ ਤਾਂ ਅੰਮ੍ਰਿਤਸਰ ਵਿਚ ਬਿਹਤਰ ਵਿਵਸਥਾ ਨਾਲ ਸ਼ਹਿਰ ਦਾ ਇਕ ਛੋਟਾ ਜਿਹਾ ਹਿੱਸਾ ਅਨੇਕਾਂ ਨੌਜਵਾਨਾਂ ਨੂੰ ਪੱਕਾ ਰੁਜ਼ਗਾਰ ਮੁਹੱਈਆ ਕਰਵਾ ਸਕਦਾ ਹੈ।

2) ਸੂਖਮ-ਉੱਦਮੀਆਂ ਨੂੰ ਰਸਮੀ ਬਣਾ ਕੇ ਵਿੱਤੀ ਸਹੂਲਤਾਂ ਦਿੱਤੀਆਂ ਜਾਣ। ਸੈਲਾਨੀਆਂ ਦੁਆਰਾ ਸੰਭਾਵਿਤ ਤੌਰ 'ਤੇ ਖਰੀਦੀਆਂ ਜਾਣ ਵਾਲੀਆਂ ਵਸਤਾਂ ਪਿੱਤਲ ਦਾ ਸਾਮਾਨ, ਫੁਲਕਾਰੀ, ਕੜੇ ਤੇ ਕਿਰਪਾਨਾਂ ਤਿਆਰ ਕਰਨ ਵਾਲੇ ਕਾਰੀਗਰਾਂ ਅਤੇ ਅੰਮ੍ਰਿਤਸਰੀ ਸਨੈਕ ਬ੍ਰਾਂਡਾਂ ਨੂੰ ਸੌਖਾ ਕਰਜ਼ (ਆਨ-ਰੈਂਪ ਕ੍ਰੈਡਿਟ) ਮੁਹੱਈਆ ਕਰਵਾ ਕੇ ਰੁਜ਼ਗਾਰ ਵਧਾਇਆ ਜਾ ਸਕਦਾ ਹੈ। ਸਥਾਨਕ ਭਾਈਚਾਰਿਆਂ ਤੇ ਕਾਰੀਗਰਾਂ ਦੀ ਇਹ ਸ਼ਮੂਲੀਅਤ ਸਿਰਫ਼ ਆਰਥਿਕ ਲਾਭਾਂ ਲਈ ਹੀ ਨਹੀਂ, ਸਗੋਂ ਖੇਤਰ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਅਤੇ ਉਤਸ਼ਾਹਿਤ ਕਰਨ ਲਈ ਵੀ ਹੈ।

3) ਅਧਿਆਤਮਿਕ ਤੌਰ 'ਤੇ ਜੁੜੀ ਇਕ 'ਸਰਬੱਤ ਦਾ ਭਲਾ' ਪਰਿਕਰਮਾ ਡਿਜ਼ਾਈਨ ਕਰੋ, ਜਿਸ ਵਿਚ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਿਰ, ਜਲਿਆਂਵਾਲਾ ਬਾਗ, ਦੇਸ਼ ਦੀ ਵੰਡ ਸੰਬੰਧੀ ਅਜਾਇਬ ਘਰ, ਗੋਬਿੰਦਗੜ੍ਹ ਕਿਲ੍ਹਾ, ਵਾਹਘਾ ਸਰਹੱਦ 'ਤੇ ਬੀ.ਐੱਸ.ਐੱਫ ਅਤੇ ਪਾਕਿਸਤਾਨੀ ਰੇਂਜਰਾਂ ਦੀ ਪ੍ਰੇਡ ਜਿਹੇ ਦਰਸ਼ਨੀ ਸਥਾਨਾਂ ਨੂੰ ਸੈਰ-ਸਪਾਟੇ ਵਜੋਂ ਹੀ ਨਹੀਂ, ਮੌਖਿਕ ਇਤਿਹਾਸ ਤੇ ਖੇਤ ਤੋਂ ਥਾਲੀ ਤੱਕ ਦੇ ਟੂਰ ਵਜੋਂ ਤਿਆਰ ਕੀਤਾ ਜਾਵੇ। ਇਹ ਪਹਿਲਕਦਮੀ ਸੈਰ-ਸਪਾਟਾ ਮੰਤਰਾਲੇ ਦੇ 'ਤੀਰਥ ਯਾਤਰਾ ਪੁਨਰ ਸੁਰਜੀਤੀ ਅਤੇ ਅਧਿਆਤਮਿਕ ਵਿਰਾਸਤ ਵਾਧਾ ਮੁਹਿੰਮ' ਦੇ ਨਾਲ ਤਾਲਮੇਲ ਬਿਠਾਉਂਦੇ ਹੋਏ ਨੇੜਲੇ ਖੇਤਰਾਂ ਵਿਚ ਸੈਲਾਨੀਆਂ ਦੀ ਆਮਦ ਨੂੰ ਵਧਾ ਸਕਦੀ ਹੈ।

4) ਆਕਰਸ਼ਕ ਸ਼ਾਮ ਦੀ ਵਿਵਸਥਾ ਇਸ ਪਹਿਲ ਤਹਿਤ ਸ਼ਾਮ 7 ਤੋਂ 11 ਵਜੇ ਰਾਤ ਤੱਕ ਇਕ ਵਿਸ਼ੇਸ਼ ਵਿੰਡੋ ਮਨਜ਼ੂਰਸ਼ੁਦਾ ਸਟ੍ਰੀਟ ਪ੍ਰਦਰਸ਼ਨਕਾਰੀਆਂ (ਮਿਆਰੀ ਸੰਗੀਤ ਤੇ ਲੋਕ ਕਲਾਵਾਂ), ਅੰਮ੍ਰਿਤਸਰ ਦੇ ਵਿਰਾਸਤੀ ਖਾਣੇ ਅਤੇ ਦਸਤਕਾਰੀ ਆਧਾਰਿਤ ਬਾਜ਼ਾਰਾਂ ਦੇ ਨਾਲ-ਨਾਲ ਹਲਕੀ-ਰੌਸ਼ਨੀ ਵਾਲੀਆਂ ਵਿਰਾਸਤੀ ਸੜਕਾਂ ਦਾ ਸਮਾਂ ਵਧਾਉਣ ਨਾਲ ਛੋਟੇ-ਕਾਰੋਬਾਰਾਂ ਦੀ ਕਮਾਈ ਵਧ ਸਕਦੀ ਹੈ। ਇਸ ਦੇ ਨਾਲ ਹੀ ਪਾਰਦਰਸ਼ੀ ਮੈਟ੍ਰਿਕਸ ਅਤੇ ਭਾਈਚਾਰਕ ਮਾਲਕੀ ਨੂੰ ਉਤਸ਼ਾਹਿਤ ਕਰਨ ਲਈ ਇਕ ਮਹੀਨਾਵਾਰ ਡੈਸ਼ਬੋਰਡ ਪ੍ਰਕਾਸ਼ਿਤ ਕਰੋ, ਜਿਸ ਵਿਚ ਆਉਣ ਜਾਣ ਵਾਲਿਆਂ ਦੀ ਗਿਣਤੀ, ਔਸਤ ਠਹਿਰਾਅ, ਛੋਟੇ ਤੇ ਦਰਮਿਆਨੇ ਉਦਮੀਆਂ ਦੀ ਵਿਕਰੀ, ਪੈਦਾ ਹੋਏ ਰੁਜ਼ਗਾਰ, ਔਰਤਾਂ ਦੀ ਭਾਗੀਦਾਰੀ ਦਾ ਜ਼ਿਕਰ ਹੋਵੇ। ਵਿਕਰੇਤਾ ਲਾਇਸੈਂਸ ਨਵੀਨੀਕਰਨ ਨੂੰ ਪਾਲਣਾ ਤੇ ਸੇਵਾ ਗੁਣਵੱਤਾ ਨਾਲ ਜੋੜਿਆ ਜਾਵੇ। ਅੱਗੇ ਦਾ ਰਸਤਾ, ਸ਼ਾਂਤੀ ਨਾਲ ਖੁਸ਼ਹਾਲੀ ਵਾਲਾ ਹੋ ਸਕਦਾ ਹੈ। 5 ਸਾਲ ਪਹਿਲਾਂ ਅੰਮ੍ਰਿਤ ਵੇਲੇ ਮੈਂ ਹਰਿਮੰਦਰ ਸਾਹਿਬ ਵਿਚ ਜਦੋਂ ਪਾਲਕੀ ਸਾਹਿਬ ਦੇ ਨਾਲ ਚੱਲਿਆ ਤਾਂ ਜੋ ਸ਼ਾਂਤੀ ਮਹਿਸੂਸ ਹੋਈ, ਉਹ ਜੀਵਨ ਵਿਚ ਬਹੁਤ ਘੱਟ ਮਿਲਦੀ ਹੈ। ਹਰਿਮੰਦਰ ਸਾਹਿਬ ਨੇ ਕੋਈ ਪ੍ਰਮਾਣ ਪੱਤਰ ਨਹੀਂ ਮੰਗਿਆ, ਸਿਰਫ਼ ਚੁੱਪ ਰਹਿਣ ਤੇ ਸੇਵਾ ਕਰਨ ਦੀ ਇੱਛਾ ਦੀ ਮੰਗ ਕੀਤੀ। ਪੰਜਾਬ ਉਸ ਨੈਤਿਕਤਾ ਨੂੰ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੀਆਂ ਗਲੀਆਂ ਵਿਚ ਵੀ ਲਾਗੂ ਕਰ ਸਕਦਾ ਹੈ 'ਗੁਰੂ ਦੀ ਨਗਰੀ' ਵਿਸ਼ਵ ਅਧਿਆਤਮਿਕਤਾ ਦੀ ਰਾਜਧਾਨੀ ਜੋ ਪਹਿਲਾਂ ਹੀ ਰੋਜ਼ਾਨਾ ਇਕ ਲੱਖ ਲੋਕਾਂ ਨੂੰ ਭੋਜਨ ਦਿੰਦੀ ਹੈ, ਤਾਂ ਇਹ 10 ਲੱਖ ਲੋਕਾਂ ਨੂੰ ਸਨਮਾਨ ਨਾਲ ਰੋਜ਼ੀ-ਰੋਟੀ ਤੇ ਭੋਜਨ ਵੀ ਦੇ ਸਕਦੀ ਹੈ। ਖੁਸ਼ਹਾਲੀ ਸਿਰਫ਼ ਲੈਣ-ਦੇਣ ਦਾ ਜੋੜ ਨਹੀਂ ਹੁੰਦਾ, ਅੰਮ੍ਰਿਤਸਰ ਵਿਚ ਸੰਕਲਪਾਂ ਦਾ ਇਹ ਜੋੜ 'ਸੇਵਾ' ਹੈ, ਜੋ ਲਾਗਤਾਂ ਨੂੰ ਘਟਾ ਕੇ 'ਸਰਬੱਤ ਦੇ ਭਲੇ' ਦੇ ਮੌਕਿਆਂ ਨੂੰ ਵਧਾਉਂਦਾ ਹੈ ਅਤੇ 'ਗੁਰੂ ਸਾਹਿਬਾਨ' ਸਾਨੂੰ ਯਾਦ ਦਿਵਾਉਂਦੇ ਹਨ ਕਿ ਕਿਰਪਾ ਤੋਂ ਬਿਨਾਂ ਵਿਕਾਸ ਸਿਰਫ਼ ਸ਼ੋਰ ਹੈ। ਦਰਬਾਰ ਸਾਹਿਬ ਸ਼ਾਂਤੀ ਤੇ ਖੁਸ਼ਹਾਲੀ ਦਾ ਇਕ ਦੁਰਲੱਭ ਰਸਤਾ ਪੇਸ਼ ਕਰਦਾ ਹੈ।

-ਲੇਖਕ ਪੰਜਾਬ ਆਰਥਿਕ ਨੀਤੀ ਅਤੇ ਯੋਜਨਾ ਬੋਰਡ ਦੇ ਉਪ-ਚੇਅਰਮੈਨ (ਕੈਬਨਿਟ ਮੰਤਰੀ ਰੈਂਕ) ਵੀ ਹਨ।

-ਵਾਈਸ ਚੇਅਰਮੈਨ, ਸੋਨਾਲੀਕਾ

# ਬ੍ਰਿਟੇਨ ਦੀ ਪਹਿਲੀ ਸਿੱਖ ਮਹਿਲਾ ਮੁੱਕੇਬਾਜ਼: ਚਰਨ ਕੌਰ ਢੇਸੀ ਦਾ ਜੀਵਨ ਸਫਰ

## ✪ ਮੁਸ਼ਕਲਾਂ ਨੂੰ ਮੌਕੇ ਵਿੱਚ ਬਦਲਣ ਵਾਲੀ ਸਿੱਖ ਕੁੜੀ ਦੀ ਘਾਲਣਾ ✪ ਮੁੱਕੇਬਾਜ਼ੀ ਵਿੱਚ ਇਤਿਹਾਸ ਰਚਣ ਵਾਲੀ ਚਰਨ ਦੀਆਂ ਪ੍ਰਾਪਤੀਆਂ

ਕਵਰ ਸਟੋਰੀ

ਚਰਨ ਕੌਰ ਢੇਸੀ ਇੱਕ ਅਜਿਹੀ ਨੌਜਵਾਨ ਕੁੜੀ ਹੈ ਜਿਸ ਨੇ ਬ੍ਰਿਟੇਨ ਵਿੱਚ ਖੇਡ ਜਗਤ ਨੂੰ ਨਵੀਂ ਰੌਸ਼ਨੀ ਦਿੱਤੀ ਹੈ। 21 ਸਾਲ ਦੀ ਉਮਰ ਵਿੱਚ ਉਹ ਬ੍ਰਿਟੇਨ ਵਿੱਚ ਜੰਮੀ ਪਹਿਲੀ ਸਿੱਖ ਕੁੜੀ ਪੇਸ਼ੇਵਰ ਮੁੱਕੇਬਾਜ਼ ਬਣੀ ਹੈ, ਜੋ ਆਪਣੀ ਖੇਡ ਅਤੇ ਭਾਈਚਾਰੇ ਲਈ ਨਵੇਂ ਰਾਹ ਖੋਲ੍ਹ ਰਹੀ ਹੈ। ਉਸ ਦਾ ਜਨਮ ਅਤੇ ਪਾਲਣ ਪੋਸ਼ਣ ਇੰਗਲੈਂਡ ਦੇ ਸ਼ਹਿਰ ਹਲ ਵਿੱਚ ਹੋਇਆ ਹੈ, ਜਿੱਥੇ ਉਹ ਇੱਕ ਖੇਡ ਪ੍ਰੇਮੀ ਪਰਿਵਾਰ ਵਿੱਚ ਵੱਡੀ ਹੋਈ ਹੈ। ਉਸ ਦੇ ਪਰਿਵਾਰ ਵਿੱਚ ਦੋ ਭਰਾ ਅਤੇ ਇੱਕ ਪਿਤਾ ਹਨ ਜੋ ਅਕਾਦਮਿਕ ਪੜ੍ਹਾਈ ਨਾਲੋਂ ਸਰੀਰਕ ਗਤੀਵਿਧੀਆਂ ਨੂੰ ਵਧੇਰੇ ਮਹੱਤਵ ਦਿੰਦੇ ਸਨ। ਚਰਨ ਨੇ ਆਪਣੇ ਇੱਕ ਇੰਟਰਵਿਊ ਵਿੱਚ ਦੱਸਿਆ ਹੈ ਕਿ "ਮੇਰੇ ਮਾਪਿਆਂ ਨੇ ਕਦੇ ਵੀ ਮੇਰੀ ਪੜ੍ਹਾਈ ਵੱਲ ਖ਼ਾਸ ਧਿਆਨ ਨਹੀਂ ਦਿੱਤਾ, ਲੋਕ ਇਸ ਨੂੰ ਪਾਗਲਪਨ ਸਮਝਦੇ ਹਨ। ਉਨ੍ਹਾਂ ਨੇ ਹਮੇਸ਼ਾ ਮੁੱਕੇਬਾਜ਼ੀ ਵੱਲ ਵਧੇਰੇ ਧਿਆਨ ਦਿੱਤਾ। ਮੇਰੇ ਪਿਤਾ ਨੇ ਸਾਨੂੰ ਤਿੰਨਾਂ ਨੂੰ ਖੇਡਾਂ ਵਿੱਚ ਵੱਡਾ ਕੀਤਾ।"

ਚਰਨ ਦਾ ਮੁੱਕੇਬਾਜ਼ੀ ਵੱਲ ਆਉਣਾ ਇੱਕ ਅਚਾਨਕ ਘਟਨਾ ਸੀ। ਉਹ ਅਸਲ ਵਿੱਚ ਕਰਾਟੇ ਵਿੱਚ ਸਿਖਲਾਈ ਲੈ ਰਹੀ ਸੀ ਅਤੇ ਬਰਾਊਨ ਬੈਲਟ ਹਾਸਲ ਕਰ ਚੁੱਕੀ ਸੀ। ਅੱਠ ਸਾਲ ਕਰਾਟੇ ਵਿੱਚ ਬਿਤਾਉਣ ਤੋਂ ਬਾਅਦ, ਉਸ ਨੂੰ ਮੁੱਕੇਬਾਜ਼ੀ ਬਾਰੇ ਉਦੋਂ ਪਤਾ ਲੱਗਾ ਜਦੋਂ ਉਸ ਦਾ ਛੋਟਾ ਭਰਾ ਇੱਕ ਸਥਾਨਕ ਜਿਮ ਵਿੱਚ ਸ਼ਾਮਲ ਹੋਇਆ। 13 ਸਾਲ ਦੀ ਉਮਰ ਵਿੱਚ ਉਹ ਆਪਣੇ ਭਰਾ ਨੂੰ ਜਿਮ ਛੱਡਣ ਗਈ ਅਤੇ ਦਰਵਾਜ਼ੇ ਵਿੱਚ ਖੜ੍ਹੀ ਰਹੀ। ਉਸ ਵੇਲੇ ਉਸ ਕੋਲ ਨਾ ਤਾਂ ਦਸਤਾਨੇ ਸਨ ਅਤੇ ਨਾ ਹੀ ਖੇਡ ਵਿੱਚ ਸ਼ਾਮਲ ਹੋਣ ਦਾ ਇਰਾਦਾ। ਪਰ ਕੋਚ ਨੇ ਉਸ ਨੂੰ ਅਜ਼ਮਾਉਣ ਲਈ ਕਿਹਾ ਅਤੇ ਉਸ ਨੇ ਇੱਕ ਵਾਰ ਅਜ਼ਮਾਇਆ ਤਾਂ ਕੋਚਾਂ ਨੇ ਉਸ ਦੀ ਪ੍ਰਸ਼ੰਸਾ ਕੀਤੀ। ਉਸ ਨੇ ਕਿਹਾ, "ਮੈਂ ਇੱਕ ਦਿਨ ਇਸ ਨੂੰ ਅਜ਼ਮਾਇਆ ਅਤੇ ਸਾਰੇ ਕੋਚ ਕਹਿ ਰਹੇ ਸਨ ਕਿ ਮੈਂ ਕਿੰਨੀ ਚੰਗੀ ਤਰ੍ਹਾਂ ਇਸ ਨੂੰ ਖੇਡ ਰਹੀ ਹਾਂ। ਉਦੋਂ ਤੋਂ ਮੈਂ ਇਸ ਨੂੰ ਜਾਰੀ ਰੱਖਿਆ ਅਤੇ ਫਿਰ ਮੈਨੂੰ ਇੰਗਲੈਂਡ ਦੀ ਟੀਮ ਲਈ ਚੁਣਿਆ ਗਿਆ।"

ਉਸ ਦੇ ਮਾਪਿਆਂ ਨੇ ਖੇਡਾਂ ਨੂੰ ਪਹਿਲ ਦਿੱਤੀ ਹੋਣ ਕਾਰਨ ਉਸ ਨੇ ਰਸਮੀ ਤੌਰ ਤੇ ਉੱਚ ਸਿੱਖਿਆ ਨਹੀਂ ਹਾਸਲ ਕੀਤੀ। ਚਰਨ ਨੂੰ 2012 ਓਲੰਪਿਕ ਵਿੱਚ ਲੂਕ ਕੈਂਪਬੈਲ ਦੇ ਸੋਨੇ ਦੇ ਤਗਮੇ ਨੇ ਪ੍ਰੇਰਿਤ ਕੀਤਾ ਅਤੇ ਉਹ ਵੀ ਓਲੰਪਿਕ ਸੋਨਾ ਜਿੱਤਣ ਦਾ ਸੁਪਨਾ ਵੇਖਦੀ ਸੀ। ਉਸ ਨੇ ਈਸਟ ਹਲ ਅਮੈਚੁਰ ਬਾਕਸਿੰਗ ਕਲੱਬ ਵਿੱਚ ਸਿਖਲਾਈ ਲਈ ਅਤੇ ਉੱਥੇ ਹੀ ਆਪਣੀ ਪ੍ਰਤਿਭਾ ਨੂੰ ਨਿਖਾਰਿਆ। ਇਸ ਤਰ੍ਹਾਂ ਚਰਨ ਨੇ ਆਪਣੇ ਪਿਛੋਕੜ ਨੂੰ ਤਾਕਤ ਬਣਾ ਕੇ ਮੁੱਕੇਬਾਜ਼ੀ ਵਿੱਚ ਕਦਮ ਰੱਖਿਆ ਅਤੇ ਅੱਜ ਉਹ ਇੱਕ ਪਾਇਨੀਅਰ ਵਜੋਂ ਜਾਣੀ ਜਾਂਦੀ ਹੈ। ਚਰਨ ਨੇ ਆਪਣੇ ਸਫਰ ਨੂੰ ਇੱਕ ਇੰਟਰਵਿਊ ਵਿੱਚ ਵਰਣਨ ਕੀਤਾ ਕਿ ਉਹ ਮੁੱਕੇਬਾਜ਼ੀ ਨੂੰ ਆਪਣੀ ਜ਼ਿੰਦਗੀ ਸਮਝਦੀ ਹੈ ਅਤੇ ਇਸ ਤੋਂ ਬਿਨਾਂ ਕੁਝ ਨਹੀਂ। ਉਸ ਨੇ ਕਿਹਾ, "ਮੈਂ ਮੁੱਕੇਬਾਜ਼ੀ ਨਾਲ ਜੀਊਂਦੀ ਹਾਂ ਅਤੇ ਸਾਹ ਲੈਂਦੀ ਹਾਂ। ਇਹੀ ਮੈਂ ਹਮੇਸ਼ਾ ਗੱਲ ਕਰਦੀ ਹਾਂ ਅਤੇ ਇਹੀ ਮੈਂ ਕਰਦੀ ਹਾਂ।" ਉਸ ਨੇ ਆਪਣੇ ਪਰਿਵਾਰ ਨੂੰ ਆਪਣੀ ਸਫਲਤਾ ਦਾ ਅਸਲ ਕਾਰਨ ਮੰਨਿਆ ਅਤੇ ਕਿਹਾ ਕਿ ਉਨ੍ਹਾਂ ਦੇ ਸਮਰਥਨ ਬਿਨਾਂ ਇਹ ਸਭ ਸੰਭਵ ਨਹੀਂ ਸੀ।




ਯਾਹੂ ਸਪੋਰਟਸ ਨੇ ਚਰਨ ਕੌਰ ਢੇਸੀ ਨੂੰ ਪਹਿਲੀ ਬ੍ਰਿਟਿਸ਼ ਜੰਮੀ ਸਿੱਖ ਮਹਿਲਾ ਪੇਸ਼ੇਵਰ ਮੁੱਕੇਬਾਜ਼ ਵਜੋਂ ਉਜਾਗਰ ਕੀਤਾ ਅਤੇ ਉਸ ਨੂੰ ਬੈਰੀਅਰ ਤੋੜਨ ਵਾਲੀ ਕੁੜੀ ਕਿਹਾ। ਫਾਈਟਪੋਸਟ ਨੇ ਉਸ ਨੂੰ ਭਵਿੱਖੀ ਵਿਸ਼ਵ ਚੈਂਪੀਅਨ ਵਜੋਂ ਵੇਖਿਆ ਅਤੇ ਉਸ ਨੂੰ ਉਸ ਦੇ ਡੈਬਿਊ ਨੂੰ ਸਭ ਤੋਂ ਵਧੀਆ ਕਿਹਾ। ਡੈਸੀਬਲਿਟਜ਼ ਨੇ ਉਸ ਨੂੰ ਟ੍ਰੇਲਬਲੇਜ਼ਰ ਵਜੋਂ ਪੇਸ਼ ਕੀਤਾ ਅਤੇ ਉਸ ਨੂੰ ਲੂਕ ਕੈਂਪਬੈਲ ਤੋਂ ਪ੍ਰੇਰਿਤ ਕਿਹਾ। ਬ੍ਰਿਟਿਸ਼ ਸਿੱਖ ਐਸੋਸੀਏਸ਼ਨ ਨੇ ਉਸ ਨੂੰ ਨਵੀਂ ਪੀੜ੍ਹੀ ਦੇ ਅਥਲੀਟ ਵਜੋਂ ਸਰਾਹਿਆ ਅਤੇ ਕਿਹਾ ਕਿ ਉਹ ਆਪਣੇ ਵਿਸ਼ਵਾਸ ਨੂੰ ਖੇਡਾਂ ਰਾਹੀਂ ਪ੍ਰਚਾਰ ਕਰ ਰਹੀ ਹੈ।



### ਸਾਹਮਣੇ ਆਈਆਂ ਚੁਣੌਤੀਆਂ ਅਤੇ ਸਮੱਸਿਆਵਾਂ

ਚਰਨ ਕੌਰ ਢੇਸੀ ਦਾ ਸਫਰ ਆਸਾਨ ਨਹੀਂ ਰਿਹਾ। ਇੱਕ ਦੱਖਣੀ ਏਸ਼ੀਆਈ ਮਹਿਲਾ ਵਜੋਂ ਉਸ ਨੂੰ ਇੱਕ ਪੁਰਸ਼ ਪ੍ਰਧਾਨ ਖੇਡ ਵਿੱਚ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਸੀ। ਉਸ ਨੇ ਸੱਭਿਆਚਾਰਕ ਵਿਰੋਧ, ਨਕਾਰਾਤਮਕ ਟਿੱਪਣੀਆਂ ਅਤੇ ਵਿੱਤੀ ਦਬਾਅ ਨੂੰ ਝੱਲਿਆ ਹੈ। ਉਸ ਨੇ ਦੱਸਿਆ ਕਿ ਉਸ ਨੂੰ ਆਪਣੇ ਭਾਈਚਾਰੇ ਵਿੱਚੋਂ ਅਜਿਹੀਆਂ ਗੱਲਾਂ ਸੁਣਨ ਨੂੰ ਮਿਲੀਆਂ ਜਿਵੇਂ "ਜੇ ਤੁਹਾਨੂੰ ਸੱਟ ਲੱਗੀ ਤਾਂ ਤੁਹਾਡੇ ਨਾਲ ਕੌਣ ਵਿਆਹ ਕਰੇਗਾ?", "ਕੀ ਤੁਹਾਨੂੰ ਰਸੋਈ ਵਿੱਚ ਨਹੀਂ ਹੋਣਾ ਚਾਹੀਦਾ?" ਅਤੇ "ਤੁਹਾਡਾ ਪਲਾਨ ਬੀ ਕੀ ਹੈ?" ਇਹ ਨਕਾਰਾਤਮਕ ਟਿੱਪਣੀਆਂ ਉਸ ਨੂੰ ਰੋਕਣ ਦੀ ਕੋਸ਼ਿਸ਼ ਕਰਦੀਆਂ ਸਨ ਪਰ ਉਸ ਨੇ ਇਨ੍ਹਾਂ ਨੂੰ ਆਪਣੀ ਤਾਕਤ ਬਣਾਇਆ। ਉਸ ਨੇ ਕਿਹਾ, "ਮੇਰੇ ਭਾਈਚਾਰੇ ਤੋਂ ਅਜਿਹਾ ਕਰਨ ਵਾਲੀ ਪਹਿਲੀ ਔਰਤ ਹੋਣਾ ਬਹੁਤ ਦਬਾਅ ਵਾਲਾ ਸੀ ਪਰ ਤੁਸੀਂ ਕੀ ਕਹਿ ਸਕਦੇ ਹੋ? ਦਬਾਅ ਕਾਰਨ ਹੀ ਹੀਰੇ ਬਣਦੇ ਹਨ।"

ਵਿੱਤੀ ਤੌਰ ਤੇ ਵੀ ਉਸ ਨੂੰ ਮੁਸ਼ਕਲਾਂ ਆਈਆਂ। ਬਿਨਾਂ ਸਪਾਂਸਰਸ਼ਿਪ ਦੇ ਉਸ ਦੇ ਮਾਪੇ ਅਜੇ ਵੀ ਉਸ ਦੇ ਕਰੀਅਰ ਨੂੰ ਵਿੱਤੀ ਮਦਦ ਕਰ ਰਹੇ ਹਨ। ਉਹ ਕਹਿੰਦੀ ਹੈ, "ਮੈਂ ਕੰਮ ਨਹੀਂ ਕਰਦੀ ਕਿਉਂਕਿ ਮੈਂ ਸਿਖਲਾਈ ਤੇ ਕੇਂਦ੍ਰਿਤ ਹਾਂ। ਇਸ ਲਈ ਇਹ ਔਖਾ ਹੈ। ਮੈਂ ਸਿਖਲਾਈ ਦੇ ਮੌਕਿਆਂ ਤੋਂ ਖੁੰਝ ਰਹੀ ਹਾਂ, ਬਿਹਤਰ ਕਿੱਟ ਹਾਸਲ ਕਰ ਰਹੀ ਹਾਂ।" ਇਸ ਤੋਂ ਇਲਾਵਾ ਉਸ ਨੂੰ ਸੱਟਾਂ ਵੀ ਲੱਗੀਆਂ ਜਿਵੇਂ ਕਿ ਗੁੱਟ ਦੀ ਸੱਟ ਜਿਸ ਕਾਰਨ ਉਹ ਸੱਤ ਮਹੀਨੇ ਬਾਹਰ ਰਹੀ ਅਤੇ ਇਸ ਨੇ ਉਸ ਨੂੰ ਪੇਸ਼ੇਵਰ ਬਣਨ ਲਈ ਪ੍ਰੇਰਿਤ ਕੀਤਾ। ਮਈ 2025 ਵਿੱਚ ਉਸ ਨੇ ਆਪਣੇ ਪੇਸ਼ੇਵਰ ਡੈਬਿਊ ਵਿੱਚ ਨਾਕਆਊਟ ਨਾਲ ਜਿੱਤ ਹਾਸਲ ਕੀਤੀ ਅਤੇ ਉਸ ਵੀਡੀਓ ਨੇ ਵਾਇਰਲ ਹੋ ਕੇ ਉਸ ਨੂੰ ਨਵੀਂ ਪਛਾਣ ਦਿੱਤੀ। ਚਰਨ ਦੀਆਂ ਚੁਣੌਤੀਆਂ ਨੇ ਉਸ ਨੂੰ ਮਜ਼ਬੂਤ ਬਣਾਇਆ ਅਤੇ ਉਹ ਅੱਜ ਨੌਜਵਾਨ ਕੁੜੀਆਂ ਨੂੰ ਸੰਦੇਸ਼ ਦਿੰਦੀ ਹੈ ਕਿ ਡਰ ਨੂੰ ਦੂਰ ਕਰ ਕੇ ਅੱਗੇ ਵਧੋ। ਉਸ ਨੇ ਸਿੱਖ ਧਰਮ ਨੂੰ ਆਪਣੀ ਤਾਕਤ ਬਣਾਇਆ ਅਤੇ ਕਿਹਾ ਕਿ ਇਹ ਉਸ ਨੂੰ ਸ਼ਾਂਤ ਚੜ੍ਹਦੀਕਲਾ ਅਤੇ ਨਿਸ਼ਾਨੇ ਪ੍ਰਤੀ ਕੇਂਦ੍ਰਿਤ ਰੱਖਦੀ ਹੈ। ਉਸ ਨੇ ਵਿੱਤੀ ਮੁਸ਼ਕਲਾਂ ਨੂੰ ਵੀ ਝੱਲਿਆ ਕਿਉਂਕਿ ਉਸ ਨੂੰ ਅਜੇ ਵੀ ਸਪਾਂਸਰ ਨਹੀਂ ਮਿਲੇ ਅਤੇ ਮਾਪੇ ਉਸ ਨੂੰ ਫੰਡ ਕਰ ਰਹੇ ਹਨ। ਇਹ ਚੁਣੌਤੀਆਂ ਉਸ ਨੂੰ ਰੋਕ ਨਹੀਂ ਸਕੀਆਂ ਅਤੇ ਉਹ ਅੱਗੇ ਵਧਦੀ ਰਹੀ। ਚਰਨ ਨੇ ਆਪਣੇ ਸਫਰ ਵਿੱਚ ਸਿੱਖਿਆ ਕਿ ਨਕਾਰਾਤਮਕਤਾ ਨੂੰ ਮੋਟੀਵੇਸ਼ਨ ਵਜੋਂ ਵਰਤੋ ਅਤੇ ਆਪਣੇ ਟੀਚੇ ਤੇ ਕੇਂਦ੍ਰਿਤ ਰਹੋ। ਉਸ ਨੇ ਆਪਣੀ ਸੱਟਾਂ ਤੋਂ ਵੀ ਸਿੱਖ ਕੇ ਵਾਪਸੀ ਕੀਤੀ ਅਤੇ ਪੇਸ਼ੇਵਰ ਬਣਨ ਦਾ ਫੈਸਲਾ ਕੀਤਾ। ਇਹ ਸਭ ਉਸ ਨੂੰ ਇੱਕ ਮਜ਼ਬੂਤ ਵਿਅਕਤੀ ਬਣਾਉਂਦਾ ਹੈ ਅਤੇ ਉਹ ਨੌਜਵਾਨਾਂ ਨੂੰ ਪ੍ਰੇਰਿਤ ਕਰਦੀ ਹੈ।

### ਪ੍ਰਾਪਤੀਆਂ ਅਤੇ ਕਾਮਯਾਬੀਆਂ

ਚਰਨ ਕੌਰ ਢੇਸੀ ਨੇ ਆਪਣੇ ਕਰੀਅਰ ਵਿੱਚ ਬਹੁਤ ਸਾਰੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ ਜੋ ਉਸ ਨੂੰ ਇੱਕ ਪਾਇਨੀਅਰ ਬਣਾਉਂਦੀਆਂ ਹਨ। ਉਸ ਨੇ ਅਮੈਚੁਰ ਵਜੋਂ ਤਿੰਨ ਰਾਸ਼ਟਰੀ ਖਿਤਾਬ, ਇੱਕ ਯੂਰਪੀਅਨ ਚਾਂਦੀ ਦਾ ਤਗਮਾ ਤੇ ਤਿੰਨ ਅੰਤਰਰਾਸ਼ਟਰੀ ਖਿਤਾਬ ਜਿੱਤੇ ਹਨ। ਉਹ ਵਿੰਟਰ ਬਾਕਸ ਕੱਪ ਚੈਂਪੀਅਨ ਵੀ ਰਹੀ ਅਤੇ ਪੰਜ ਸਾਲ ਇੰਗਲੈਂਡ ਦੀ ਅੰਤਰਰਾਸ਼ਟਰੀ ਟੀਮ ਦਾ ਹਿੱਸਾ ਰਹੀ। ਉਸ ਨੇ ਆਪਣੀ ਪਹਿਲੀ ਨੈਸ਼ਨਲ ਚੈਂਪੀਅਨਸ਼ਿਪ ਆਪਣੇ ਪੰਜਵੇਂ ਫਾਈਟ ਵਿੱਚ ਜਿੱਤੀ ਸੀ। ਮਈ 2025 ਵਿੱਚ ਉਸ ਨੇ ਆਪਣੇ ਪੇਸ਼ੇਵਰ ਡੈਬਿਊ ਵਿੱਚ ਐਮੀ ਗ੍ਰੀਟੋਰੈਕਸ ਨੂੰ ਚੌਥੇ ਰਾਊਂਡ ਵਿੱਚ ਸਟਾਪ ਕਰ ਕੇ ਜਿੱਤ ਹਾਸਲ ਕੀਤੀ, ਜੋ ਉਸ ਨੂੰ ਬ੍ਰਿਟੇਨ ਵਿੱਚ ਜੰਮੀ ਪਹਿਲੀ ਸਿੱਖ ਮਹਿਲਾ ਪੇਸ਼ੇਵਰ ਮੁੱਕੇਬਾਜ਼ ਬਣਾਉਂਦੀ ਹੈ। ਇਹ ਜਿੱਤ ਵਾਇਰਲ ਹੋਈ ਅਤੇ ਉਸ ਨੂੰ ਵੱਡੀ ਪਛਾਣ ਮਿਲੀ। ਉਸ ਨੇ 2024 ਵਿੱਚ ਏਸ਼ੀਅਨ ਵੂਮੈਨ ਆਫ ਅਚੀਵਮੈਂਟ ਅਵਾਰਡ ਵਿੱਚ ਸਪੋਰਟ ਕੈਟੇਗਰੀ ਜਿੱਤੀ ਹੈ।

ਚਰਨ ਨੂੰ ਆਪਣੇ ਮੈਨੇਜਰ ਈਸ਼ਮ ਪਿਕਰਿੰਗ ਨੇ ਵਿਸ਼ਵ ਚੈਂਪੀਅਨ ਬਣਨ ਦੀ ਸੰਭਾਵਨਾ ਵਾਲੀ ਕੁੜੀ ਕਿਹਾ ਹੈ ਅਤੇ ਕਿਹਾ ਕਿ ਉਹ 2027 ਤੱਕ ਵਿਸ਼ਵ ਚੈਂਪੀਅਨ ਬਣ ਸਕਦੀ ਹੈ। ਉਸ ਨੇ ਆਪਣੀਆਂ ਪ੍ਰਾਪਤੀਆਂ ਨੂੰ ਸਿੱਖ ਪੰਥ ਤੇ ਪੰਜਾਬੀ ਭਾਈਚਾਰੇ ਲਈ ਮਾਣ ਵਜੋਂ ਵੇਖਿਆ ਅਤੇ ਕਿਹਾ ਕਿ ਉਹ ਪਹਿਲੀ ਸਿੱਖ ਮਹਿਲਾ ਵਿਸ਼ਵ ਚੈਂਪੀਅਨ ਬਣੇਗੀ। ਉਸ ਨੇ ਅਮੈਚੁਰ ਵਿੱਚ ਸਭ ਕੁਝ ਜਿੱਤਿਆ ਅਤੇ ਪੇਸ਼ੇਵਰ ਬਣਨ ਤੋਂ ਬਾਅਦ ਉਸ ਨੂੰ ਨਵੀਂ ਊਰਜਾ ਮਿਲੀ। ਉਸ ਨੇ ਆਪਣੀ ਅਗਲੀ ਫਾਈਟ ਨਵੰਬਰ 2025 ਵਿੱਚ ਕਰਨ ਦੀ ਯੋਜਨਾ ਬਣਾਈ ਹੈ ਅਤੇ ਉਹ ਧੀਰੇ ਧੀਰੇ ਅੱਗੇ ਵਧਣਾ ਚਾਹੁੰਦੀ ਹੈ। ਚਰਨ ਨੇ ਆਪਣੀਆਂ ਕਾਮਯਾਬੀਆਂ ਨੂੰ ਨੌਜਵਾਨ ਸਿੱਖ ਕੁੜੀਆਂ ਲਈ ਪ੍ਰੇਰਨਾ ਵਜੋਂ ਵਰਤਿਆ ਅਤੇ ਕਿਹਾ ਕਿ ਉਹ ਉਨ੍ਹਾਂ ਨੂੰ ਮਦਦ ਕਰੇਗੀ। ਉਸ ਨੇ ਆਪਣੀਆਂ ਪ੍ਰਾਪਤੀਆਂ ਨੂੰ ਆਪਣੀ ਸਿੱਖੀ ਨਾਲ ਜੋੜਿਆ ਅਤੇ ਕਿਹਾ ਕਿ ਇਹ ਉਸ ਨੂੰ ਯੋਧੇ ਵਾਂਗ ਬਣਾਉਂਦੀ ਹੈ। ਉਸ ਨੇ ਆਪਣੇ ਕੋਚ ਅਤੇ ਪਰਿਵਾਰ ਨੂੰ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੇ ਸਮਰਥਨ ਨਾਲ ਉਹ ਅੱਗੇ ਵਧ ਰਹੀ ਹੈ। ਚਰਨ ਦੀਆਂ ਕਾਮਯਾਬੀਆਂ ਨੇ ਉਸ ਨੂੰ ਇੱਕ ਰੋਲ ਮਾਡਲ ਬਣਾਇਆ ਅਤੇ ਉਹ ਅੱਜ ਵਿਸ਼ਵ ਪੱਧਰ ਤੇ ਪਛਾਣੀ ਜਾਂਦੀ ਹੈ। ਉਸ ਨੇ ਆਪਣੇ ਸਫਰ ਨੂੰ ਇੱਕ ਉਦਾਹਰਣ ਵਜੋਂ ਪੇਸ਼ ਕੀਤਾ ਕਿ ਕਿਵੇਂ ਮਿਹਨਤ ਨਾਲ ਵੱਡੇ ਟੀਚੇ ਹਾਸਲ ਕੀਤੇ ਜਾ ਸਕਦੇ ਹਨ। ਉਸ ਨੇ ਆਪਣੀ ਅਗਲੀ ਪੀੜ੍ਹੀ ਲਈ ਇੱਕ ਜਿਮ ਖੋਲ੍ਹਣ ਦੀ ਯੋਜਨਾ ਵੀ ਬਣਾਈ ਹੈ ਜਿੱਥੇ ਨੌਜਵਾਨਾਂ ਨੂੰ ਸਿਖਲਾਈ ਦਿੱਤੀ ਜਾਵੇਗੀ।

# ਗਲੋਬਲ ਪੀਸ ਇੰਡੈਕਸ 2025: ਸੁਰੱਖਿਅਤ ਅਤੇ ਅਸੁਰੱਖਿਅਤ ਦੇਸ਼ਾਂ ਦੀ ਸੂਚੀ ਜਾਰੀ

## ✪ ਆਈਸਲੈਂਡ ਸਭ ਤੋਂ ਸੁਰੱਖਿਅਤ, ਰੂਸ ਸਭ ਤੋਂ ਅਸੁਰੱਖਿਅਤ ✪ ਕੀ ਭਾਰਤ ਅਤੇ ਪਾਕਿਸਤਾਨ ਦੀ ਸਥਿਤੀ ਸੁਧਰੀ, ਦੋਹਾਂ ਦੇਸਾਂ ਵਿਚ ਕੀ ਚੁਣੌਤੀਆਂ ਹਨ ? ✪ ਮਨੁੱਖੀ ਅਧਿਕਾਰ ਤੇ ਪ੍ਰੈੱਸ ਅਜ਼ਾਦੀ ਦੇ ਸਬੰਧ ਵਿਚ ਭਾਰਤ-ਪਾਕਿ ਬਾਰੇ ਅੰਤਰਰਾਸ਼ਟਰੀ ਰਿਪੋਰਟਾਂ ਦਾ ਵਿਸ਼ਲੇਸ਼ਣ




ਇੰਸਟੀਚਿਊਟ ਫਾਰ ਇਕਨਾਮਿਕਸ ਐਂਡ ਪੀਸ (ਆਈਈਪੀ) ਵੱਲੋਂ ਜਾਰੀ ਕੀਤੇ ਗਲੋਬਲ ਪੀਸ ਇੰਡੈਕਸ (ਜੀਪੀਆਈ) 2025 ਨੇ ਵਿਸ਼ਵਵਿਆਪੀ ਸ਼ਾਂਤੀ ਦੀ ਸਥਿਤੀ ਨੂੰ ਮਾਪਣ ਲਈ 23 ਗੁਣਾਤਮਕ ਅਤੇ ਅੰਕੜਾ ਸੂਚੀਆਂ ਨੂੰ ਵਰਤਿਆ ਹੈ। ਇਹ ਰਿਪੋਰਟ 163 ਦੇਸ਼ਾਂ ਨੂੰ ਕਵਰ ਕਰਦੀ ਹੈ, ਜੋ ਵਿਸ਼ਵ ਦੀ 99.7% ਆਬਾਦੀ ਦੀ ਪ੍ਰਤੀਨਿਧਤਾ ਕਰਦੇ ਹਨ। ਜੀਪੀਆਈ ਨੂੰ ਤਿੰਨ ਮੁੱਖ ਡੋਮੇਨਾਂ ਵਿੱਚ ਵੰਡਿਆ ਗਿਆ ਹੈ: ਸਮਾਜਿਕ ਸੁਰੱਖਿਆ ਅਤੇ ਸੁਰੱਖਿਆ (ਸੋਸ਼ਲ ਸੇਫਟੀ ਐਂਡ ਸੈਕਿਊਰਿਟੀ), ਚੱਲ ਰਹੇ ਘਰੇਲੂ ਅਤੇ ਅੰਤਰਰਾਸ਼ਟਰੀ ਟਕਰਾਅ (ਓਨਗੋਇੰਗ ਡੋਮੈਸਟਿਕ ਐਂਡ ਇੰਟਰਨੈਸ਼ਨਲ ਕਨਫਲਿਕਟ), ਅਤੇ ਮਿਲਟਰਾਈਜ਼ੇਸ਼ਨ ਦੀ ਡਿਗਰੀ (ਡਿਗਰੀ ਆਫ਼ ਮਿਲਟਰਾਈਜ਼ੇਸ਼ਨ)। ਇਹ ਸੂਚਕ ਅਪਰਾਧ ਦਰ, ਅੰਦਰੂਨੀ ਯੁੱਧਾਂ ਦੀ ਗਿਣਤੀ, ਅੱਤਵਾਦੀ ਹਮਲਿਆਂ ਦੇ ਪ੍ਰਭਾਵ, ਸੈਨਿਕ ਖਰਚੇ ਅਤੇ ਹਥਿਆਰਾਂ ਦੇ ਆਯਾਤ ਨੂੰ ਸ਼ਾਮਲ ਕਰਦੇ ਹਨ।

ਸਕੋਰ 1 ਤੋਂ 5 ਵਿਚਕਾਰ ਹੈ, ਜਿੱਥੇ ਘੱਟ ਸਕੋਰ ਵਧੀਆ ਸ਼ਾਂਤੀ ਨੂੰ ਦਰਸਾਉਂਦਾ ਹੈ। ਆਈਈਪੀ ਨੇ ਇਸ ਨੂੰ ਬਣਾਉਣ ਲਈ ਇੱਕ ਵਿਸ਼ਵ ਪੱਧਰੀ ਐਕਸਪਰਟ ਪੈਨਲ ਨਾਲ ਸਲਾਹ-ਮਸ਼ਵਰਾ ਕੀਤਾ ਗਿਆ ਹੈ ਅਤੇ ਡਾਟਾ ਇਕਨਾਮਿਸਟ ਇੰਟੈਲੀਜੈਂਸ ਯੂਨਿਟ ਤੋਂ ਲਿਆ ਗਿਆ ਹੈ। ਰਿਪੋਰਟ ਵਿੱਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਵਿਸ਼ਵ ਸ਼ਾਂਤੀ ਵਿੱਚ 0.36% ਦੀ ਕਮੀ ਆਈ ਹੈ, ਜੋ ਦੂਜੀ ਵਿਸ਼ਵ ਯੁੱਧ ਤੋਂ ਬਾਅਦ ਸਭ ਤੋਂ ਵੱਡੀ ਹੈ। ਇਹ ਰਿਪੋਰਟ ਵਰਤਮਾਨ ਸਥਿਤੀ ਨੂੰ ਦਰਸਾਉਂਦੀ ਹੈ ਕਿ ਭਵਿੱਖ ਵਿਚ ਟਕਰਾਆਂ ਦੇ ਖਤਰੇ ਵਧ ਰਹੇ ਹਨ । ਇਸ ਵਿੱਚ ਆਰਥਿਕ ਪ੍ਰਭਾਵ ਵੀ ਸ਼ਾਮਲ ਹੈ, ਜਿਸ ਅਨੁਸਾਰ ਹਿੰਸਾ ਨੇ 2024 ਵਿੱਚ ਵਿਸ਼ਵ ਜੀਡੀਪੀ ਦੇ 13.5% ਨੂੰ ਪ੍ਰਭਾਵਿਤ ਕੀਤਾ ਹੈ।

ਗਲੋਬਲ ਪੀਸ ਇੰਡੈਕਸ 2025 ਅਨੁਸਾਰ, ਆਈਸਲੈਂਡ ਨੇ 2008 ਤੋਂ ਲਗਾਤਾਰ 17ਵੇਂ ਵਾਰ ਸਭ ਤੋਂ ਸ਼ਾਂਤੀਪੂਰਨ ਅਤੇ ਸੁਰੱਖਿਅਤ ਦੇਸ਼ ਦਾ ਤਾਜ ਪਹਿਨਿਆ ਹੈ। ਇਸ ਨੂੰ ਘੱਟ ਅਪਰਾਧ ਦਰ, ਮਜ਼ਬੂਤ ਸਮਾਜਿਕ ਵਿਵਸਥਾ ਅਤੇ ਕੋਈ ਸੈਨਿਕ ਨਾ ਹੋਣ ਕਾਰਨ ਇਹ ਸਥਾਨ ਮਿਲਿਆ ਹੈ। ਟਾਪ 10 ਸੁਰੱਖਿਅਤ ਦੇਸ਼ਾਂ ਵਿੱਚ ਜ਼ਿਆਦਾਤਰ ਯੂਰਪੀਅਨ ਦੇਸ਼ ਹਨ: ਆਈਸਲੈਂਡ (1), ਆਇਰਲੈਂਡ (2), ਨਿਊਜ਼ੀਲੈਂਡ (3), ਫਿਨਲੈਂਡ (4), ਆਸਟਰੀਆ (5), ਸਵਿਟਜ਼ਰਲੈਂਡ (6), ਸਿੰਗਾਪੁਰ (7), ਪੁਰਤਗਾਲ (8), ਡੈਨਮਾਰਕ (9) ਅਤੇ ਸਲੋਵੇਨੀਆ (10)। ਇਹ ਦੇਸ਼ ਘੱਟ ਟਕਰਾਅ, ਮਜ਼ਬੂਤ ਸੰਸਥਾਵਾਂ ਅਤੇ ਘੱਟ ਮਿਲਟਰੀ ਖਰਚੇ ਕਾਰਨ ਅਗਾਂਹਵਧੂ ਹਨ। ਯੂਰਪ ਨੂੰ ਸਭ ਤੋਂ ਸ਼ਾਂਤੀਪੂਰਨ ਖੇਤਰ ਮੰਨਿਆ ਗਿਆ ਹੈ, ਜਿੱਥੇ 10 ਵਿੱਚੋਂ 8 ਸਭ ਤੋਂ ਸੁਰੱਖਿਅਤ ਦੇਸ਼ ਹਨ।

ਵਿਸ਼ਵ ਦੇ ਸਭ ਤੋਂ ਅਸੁਰੱਖਿਅਤ ਦੇਸ਼ਾਂ ਵਿੱਚ ਰੂਸ (163), ਯੂਕਰੇਨ (162), ਸੂਡਾਨ (161), ਡੈਮੋਕਰੈਟਿਕ ਰਿਪਬਲਿਕ ਆਫ਼ ਕਾਂਗੋ (160), ਯਮਨ (159), ਅਫਗਾਨਿਸਤਾਨ (158), ਸੀਰੀਆ (157), ਦੱਖਣੀ ਸੂਡਾਨ (156), ਇਜ਼ਰਾਈਲ (155) ਅਤੇ ਮਾਲੀ (154) ਸ਼ਾਮਲ ਹਨ। ਇਹ ਦੇਸ਼ ਲਗਾਤਾਰ ਟਕਰਾਆਂ, ਅੱਤਵਾਦ ਅਤੇ ਮਿਲਟਰੀ ਅਸਥਿਰਤਾ ਕਾਰਨ ਪਿੱਛੇ ਹਨ। ਮਿੱਡਲ ਈਸਟ ਐਂਡ ਨੌਰਥ ਅਫਰੀਕਾ ਖੇਤਰ 10ਵੀਂ ਵਾਰ ਸਭ ਤੋਂ ਅਸੁਰੱਖਿਅਤ ਖੇਤਰ ਬਣਿਆ ਹੋਇਆ ਹੈ। ਅਫਰੀਕਾ ਵੀ ਚੁਣੌਤੀਆਂ ਨਾਲ ਘਿਰਿਆ ਹੋਇਆ ਹੈ, ਜਿੱਥੇ ਸੂਡਾਨ ਅਤੇ ਕਾਂਗੋ ਵਰਗੇ ਦੇਸ਼ਾਂ ਵਿੱਚ ਲਗਾਤਾਰ ਯੁੱਧ ਚਲ ਰਹੇ ਹਨ। ਰਿਪੋਰਟ ਅਨੁਸਾਰ, 2024 ਵਿੱਚ 59 ਸਟੇਟ-ਬੇਸਡ ਟਕਰਾਅ ਹੋਏ, ਜੋ ਦੂਜੀ ਵਿਸ਼ਵ ਯੁੱਧ ਤੋਂ ਬਾਅਦ ਸਭ ਤੋਂ ਵੱਧ ਹਨ, ਜਿਸ ਨਾਲ 1,52,000 ਤੋਂ ਵੱਧ ਲੋਕ ਮਾਰੇ ਗਏ। ਇਹ ਰੁਝਾਨ ਵਿਸ਼ਵ ਨੂੰ ਵਧੇਰੇ ਅਸਥਿਰ ਬਣਾ ਰਿਹਾ ਹੈ।




ਗਲੋਬਲ ਪੀਸ ਇੰਡੈਕਸ 2025 ਅਨੁਸਾਰ, ਭਾਰਤ ਨੂੰ 163 ਦੇਸ਼ਾਂ ਵਿੱਚੋਂ 115ਵਾਂ ਸਥਾਨ ਮਿਲਿਆ ਹੈ, ਜੋ ਪਿਛਲੇ ਸਾਲ ਦੇ 116ਵੇਂ ਤੋਂ ਇੱਕ ਸਥਾਨ ਅੱਗੇ ਹੈ। ਭਾਰਤ ਦਾ ਜੀਪੀਆਈ ਸਕੋਰ 2.229 ਹੈ, ਜੋ ਪਿਛਲੇ ਸਾਲ ਨਾਲੋਂ 0.58% ਵਧਿਆ ਹੈ। ਇਹ ਸੁਧਾਰ ਅੰਦਰੂਨੀ ਅਪਰਾਧਾਂ ਵਿੱਚ ਕਮੀ, ਆਤੰਕਵਾਦੀ ਪ੍ਰਭਾਵ ਵਿੱਚ ਘਟਾਅ ਅਤੇ ਰਾਜਨੀਤਿਕ ਅਸਥਿਰਤਾ ਵਿੱਚ ਸੁਧਾਰ ਕਾਰਨ ਹੈ। ਪਰ ਭਾਰਤ ਅਜੇ ਵੀ ਟਾਪ 100 ਵਿੱਚ ਨਹੀਂ ਆ ਸਕਿਆ ਅਤੇ ਦੱਖਣੀ ਏਸ਼ੀਆ, ਜੋ ਦੂਜਾ ਸਭ ਤੋਂ ਅਸੁਰੱਖਿਅਤ ਖੇਤਰ ਹੈ, ਵਿੱਚ ਚੁਣੌਤੀਆਂ ਨਾਲ ਘਿਰਿਆ ਹੋਇਆ ਹੈ। ਭਾਰਤ ਨੇ ਨੌਂ ਸੂਚਕਾਂ ਵਿੱਚ ਸੁਧਾਰ ਕੀਤਾ ਹੈ, ਜਿਵੇਂ ਅਪਰਾਧਾਂ ਦੀ ਧਾਰਨਾ ਅਤੇ ਆਤੰਕਵਾਦੀ ਪ੍ਰਭਾਵ। ਇਹ ਸੁਧਾਰ ਚੀਨ ਅਤੇ ਪਾਕਿਸਤਾਨ ਨਾਲ ਸਰਹੱਦੀ ਤਣਾਅ ਵਿੱਚ ਕਮੀ ਅਤੇ ਅੰਦਰੂਨੀ ਅਸਥਿਰਤਾ ਵਿੱਚ ਘਟਾਅ ਕਾਰਨ ਹੈ।

ਪਾਕਿਸਤਾਨ ਨੂੰ 144ਵਾਂ ਸਥਾਨ ਮਿਲਿਆ ਹੈ, ਜੋ ਭਾਰਤ ਨਾਲੋਂ ਘੱਟ ਹੈ ਅਤੇ ਪਿਛਲੇ ਸਾਲਾਂ ਨਾਲੋਂ ਵਿਗਾੜ ਆਇਆ ਹੈ। ਪਾਕਿਸਤਾਨ ਵਿੱਚ ਅੰਦਰੂਨੀ ਅਸ਼ਾਂਤੀ, ਕ੍ਰਾਸ-ਬਾਰਡਰ ਤਣਾਅ ਅਤੇ ਅੱਤਵਾਦੀ ਗਤੀਵਿਧੀਆਂ ਵਧੀਆਂ ਹਨ, ਜਿਸ ਨਾਲ ਇਸ ਨੂੰ ਨੁਕਸਾਨ ਹੋਇਆ ਹੈ। ਬਲੋਚਿਸਤਾਨ ਅਤੇ ਖੈਬਰ ਪਖਤੂਨਖਵਾ ਵਿੱਚ ਵਧਦੀ ਹਿੰਸਾ ਅਤੇ ਰਾਜਨੀਤਿਕ ਅਸਥਿਰਤਾ ਨੇ ਇਸ ਨੂੰ ਪਿੱਛੇ ਧੱਕਿਆ ਹੈ। ਭਾਰਤ ਅਤੇ ਪਾਕਿਸਤਾਨ ਵਿਚਕਾਰ ਸਰਹੱਦੀ ਟਕਰਾਅ ਅਤੇ ਅੱਤਵਾਦ ਨੇ ਦੋਹਾਂ ਨੂੰ ਪ੍ਰਭਾਵਿਤ ਕੀਤਾ ਹੈ, ਪਰ ਭਾਰਤ ਨੇ ਵਧੇਰੇ ਸੁਧਾਰ ਵਿਖਾਇਆ ਹੈ।

ਰਿਪੋਰਟ ਅਨੁਸਾਰ, ਦੱਖਣੀ ਏਸ਼ੀਆ ਵਿੱਚ ਸ਼ਾਂਤੀ ਵਿੱਚ ਵਿਗਾੜ ਆਇਆ ਹੈ, ਜਿੱਥੇ ਬੰਗਲਾਦੇਸ਼ (123) ਅਤੇ ਅਫਗਾਨਿਸਤਾਨ (158) ਵੀ ਚੁਣੌਤੀਆਂ ਨਾਲ ਘਿਰੇ ਹਨ। ਇਹ ਰੈਂਕਿੰਗ ਨੂੰ ਬੁੱਧੀਜੀਵੀਆਂ ਨੇ ਭਾਰਤ ਲਈ ਇੱਕ ਸਕਾਰਾਤਮਕ ਚਿੰਨ੍ਹ ਮੰਨਿਆ ਹੈ, ਪਰ ਅਜੇ ਵੀ ਵਧੇਰੇ ਕੋਸ਼ਿਸ਼ਾਂ ਦੀ ਲੋੜ ਹੈ।

ਇਥੇ ਜ਼ਿਕਰਯੋਗ ਹੈ ਕਿ ਭਾਰਤ ਅਤੇ ਪਾਕਿਸਤਾਨ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਚਿੰਤਾਜਨਕ ਹੈ, ਜਿਵੇਂ ਕਿ ਹਿਊਮਨ ਰਾਈਟਸ ਵਾਚ ਅਤੇ ਐਮਨੈਸਟੀ ਇੰਟਰਨੈਸ਼ਨਲ ਦੀਆਂ 2025 ਰਿਪੋਰਟਾਂ ਵਿੱਚ ਜ਼ਿਕਰ ਕੀਤਾ ਗਿਆ ਹੈ। ਭਾਰਤ ਵਿੱਚ ਧਾਰਮਿਕ ਘੱਟ ਗਿਣਤੀਆਂ, ਖਾਸ ਕਰਕੇ ਮੁਸਲਿਮਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਨੀਤੀਆਂ ਅਤੇ ਹਿੰਸਾ ਵਧੀ ਹੈ। ਨਰਿੰਦਰ ਮੋਦੀ ਸਰਕਾਰ ਨੇ ਹਿੰਦੂ ਨੈਸ਼ਨਲਿਜ਼ਮ ਨੂੰ ਉਤਸ਼ਾਹਿਤ ਕੀਤਾ ਹੈ, ਜਿਸ ਨਾਲ ਮੁਸਲਿਮਾਂ ਵਿਰੁੱਧ ਨਫ਼ਰਤ ਭਾਸ਼ਣ ਅਤੇ ਹਿੰਸਾ ਵਧੀ ਹੈ। 2024 ਵਿੱਚ ਮਨੀਪੁਰ ਵਿੱਚ ਐੱਲਬੀਟੀ ਕਮਿਊਨਿਟੀਆਂ ਵਿਚਕਾਰ ਟਕਰਾਅ ਨੇ 200 ਤੋਂ ਵੱਧ ਲੋਕਾਂ ਨੂੰ ਮਾਰਿਆ ਅਤੇ ਹਜ਼ਾਰਾਂ ਨੂੰ ਉਜਾੜਿਆ। ਹਿਊਮਨ ਰਾਈਟਸ ਵਾਚ ਨੇ ਇਸ ਨੂੰ ਧਾਰਮਿਕ ਅਤੇ ਨਸਲੀ ਵਿਤਕਰੇ ਵਜੋਂ ਵਰਣਨ ਕੀਤਾ ਹੈ। ਪ੍ਰੈੱਸ ਅਜ਼ਾਦੀ ਵਿੱਚ ਭਾਰਤ 151ਵੇਂ ਸਥਾਨ 'ਤੇ ਹੈ, ਜਿੱਥੇ ਪੱਤਰਕਾਰਾਂ ਨੂੰ ਹਰਾਸ਼ਮੈਂਟ ਅਤੇ ਕਾਨੂੰਨੀ ਕੇਸਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਘੱਟ ਗਿਣਤੀਆਂ ਨੂੰ ਵਿਤਕਰੇ ਵਾਲੇ ਕਾਨੂੰਨ ਜਿਵੇਂ ਸਿਟੀਜ਼ਨਸ਼ਿਪ ਅਮੈਂਡਮੈਂਟ ਐਕਟ ਨੇ ਮੁਸਲਿਮਾਂ ਨੂੰ ਨਿਸ਼ਾਨਾ ਬਣਾਇਆ ਹੈ। ਅੰਤਰਰਾਸ਼ਟਰੀ ਮੀਡੀਆ ਜਿਵੇਂ ਬੀਬੀਸੀ ਅਤੇ ਨਿਊਯਾਰਕ ਟਾਈਮਜ਼ ਨੇ ਇਸ ਨੂੰ 'ਧਾਰਮਿਕ ਵਿਤਕਰੇ' ਵਜੋਂ ਚਿੱਤਰਿਆ ਹੈ।

ਪਾਕਿਸਤਾਨ ਵਿੱਚ ਵੀ ਘੱਟ ਗਿਣਤੀਆਂ ਦੀ ਸਥਿਤੀ ਨਿਘਰੀ ਹੋਈ ਹੈ। ਐਮਨੈਸਟੀ ਇੰਟਰਨੈਸ਼ਨਲ ਦੀ ਰਿਪੋਰਟ ਅਨੁਸਾਰ, ਬਲਾਸਫਮੀ ਕਾਨੂੰਨਾਂ ਨੇ ਈਸਾਈਆਂ, ਹਿੰਦੂਆਂ ਅਤੇ ਅਹਿਮਦੀਆਂ ਨੂੰ ਨਿਸ਼ਾਨਾ ਬਣਾਇਆ ਹੈ, ਜਿਸ ਨਾਲ ਲਿੰਚਿੰਗ ਅਤੇ ਹਿੰਸਾ ਵਧੀ ਹੈ। 2024 ਵਿੱਚ ਘੱਟੋ-ਘੱਟ 531 'ਆਨਰ ਕਿਲਿੰਗਜ਼' ਹੋਈਆਂ, ਜਿਨ੍ਹਾਂ ਵਿੱਚ ਘੱਟ ਗਿਣਤੀਆਂ ਦੀਆਂ ਔਰਤਾਂ ਸ਼ਾਮਲ ਸਨ। ਪ੍ਰੈੱਸ ਅਜ਼ਾਦੀ ਵਿੱਚ ਪਾਕਿਸਤਾਨ 158ਵੇਂ 'ਤੇ ਹੈ, ਜਿੱਥੇ ਪੱਤਰਕਾਰਾਂ ਨੂੰ ਅੱਤਵਾਦੀ ਕਾਨੂੰਨਾਂ ਅਧੀਨ ਗ੍ਰਿਫ਼ਤਾਰ ਕੀਤਾ ਜਾਂਦਾ ਹੈ। ਹਿਊਮਨ ਰਾਈਟਸ ਵਾਚ ਨੇ ਬਲੋਚ ਅਤੇ ਪਾਸ਼ਤੂਨ ਘੱਟ ਗਿਣਤੀਆਂ ਵਿਰੁੱਧ ਹਿੰਸਾ ਨੂੰ ਚਿੰਤਾਜਨਕ ਗਿਣਿਆ ਹੈ। ਅੰਤਰਰਾਸ਼ਟਰੀ ਅਖ਼ਬਾਰਾਂ ਜਿਵੇਂ ਰਾਇਟਰਜ਼ ਅਤੇ ਗਾਰਡੀਅਨ ਨੇ ਇਸ ਨੂੰ 'ਧਾਰਮਿਕ ਅੱਤਵਾਦ' ਵਜੋਂ ਵਰਣਨ ਕੀਤਾ ਹੈ। ਦੋਹਾਂ ਦੇਸ਼ਾਂ ਵਿੱਚ ਘੱਟ ਗਿਣਤੀਆਂ ਨੂੰ ਸੁਰੱਖਿਆ ਦੇਣ ਵਾਲੀਆਂ ਨੀਤੀਆਂ ਕਮਜ਼ੋਰ ਹਨ, ਜਿਸ ਨਾਲ ਅੰਤਰਰਾਸ਼ਟਰੀ ਰਿਪੋਰਟਾਂ ਵਿੱਚ ਚਿੰਤਾ ਵਧੀ ਹੈ। ਭਾਰਤ ਅਤੇ ਪਾਕਿਸਤਾਨ ਨੂੰ ਆਪਣੇ ਅੰਦਰੂਨੀ ਮੁੱਦਿਆਂ ਨੂੰ ਹੱਲ ਕਰਨ ਅਤੇ ਅੰਤਰਰਾਸ਼ਟਰੀ ਮਾਪਦੰਡਾਂ ਨੂੰ ਅਪਣਾਉਣ ਦੀ ਲੋੜ ਹੈ।

# ਮੁੰਬਈ, ਦਿੱਲੀ-ਐੱਨ ਸੀ ਆਰ, ਬੈਂਗਲੁਰੂ ਤੇ ਗੋਆ ਵਿਚ ਕਈ ਨਕਲੀ ਵਿਆਹ ਸਮਾਗਮ ਹੋਣ ਲੱਗੇ

## ✪ ਨਾ ਲਾੜਾ, ਨਾ ਲਾੜੀ ਸਿਰਫ਼ ਸਜਾਵਟ, ਮਹਿੰਦੀ, ਸੰਗੀਤ ਤੇ ਮਸਤੀ ਭਰੇ ਡਾਂਸ ਤੇ ਬਫੇ ਦਾ ਆਨੰਦ ਮਾਣੋ ! ✪ ਵੱਡੇ ਸ਼ਹਿਰਾਂ ਵਿਚ ਵੱਧ ਰਹੀ ਹੈ ਨਕਲੀ ਵਿਆਹ ਸਮਾਗਮਾਂ ਦੀ ਦੀਵਾਨਗੀ





ਨਵੀਂ ਦਿੱਲੀ-ਸਜਾਵਟ, ਮਹਿੰਦੀ, ਸੰਗੀਤ ਤੇ ਮਸਤੀ ਭਰਿਆ ਡਾਂਸ। ਲਜ਼ੀਜ਼ ਵਿਅੰਜਨਾਂ ਨਾਲ ਭਰਪੂਰ ਬਫੇ ਵੀ ਹੈ। ਬਰਾਤੀ ਵੀ ਹਨ ਪਰ ਲਾੜਾ-ਲਾੜੀ ਹੀ ਨਹੀਂ। ਇਸ ਵਿਆਹ ਵਿਚ ਲਾੜੇ-ਲਾੜੀ ਦੀ ਕੋਈ ਲੋੜ ਨਹੀਂ। ਸ਼ਹਿਰਾਂ ਦੇ ਨਕਲੀ ਵਿਆਹ ਸਮਾਗਮ ਵਿਚ ਤੁਹਾਡਾ ਸਵਾਗਤ ਹੈ। ਇਹ ਵਿਆਹ ਭਾਵੇਂ ਨਕਲੀ ਹੋਵੇ ਪਰ ਬੈਂਡ, ਬਾਜਾ, ਬਰਾਤ ਦੇ ਨਾਲ 'ਵਿਆਹ' ਸਮਾਰੋਹ ਦਾ ਜਸ਼ਨ ਇੰਨਾ ਆਨੰਦਦਾਇਕ ਹੈ ਜਿੰਨਾ ਕੋਈ ਅਸਲੀ ਵਿਆਹ। ਫ਼ਰਕ ਸਿਰਫ਼ ਇਹ ਹੈ ਕਿ ਇਸ ਨਕਲੀ ਵਿਆਹ ਵਿਚ ਲਾੜੇ-ਲਾੜੀ ਦੀ ਲੋੜ ਨਹੀਂ। ਇਨ੍ਹੀਂ ਦਿਨੀਂ ਅਜਿਹੇ ਨਕਲੀ ਵਿਆਹਾਂ ਦੀ ਦੀਵਾਨਗੀ ਕਾਫ਼ੀ ਵੱਧ ਰਹੀ ਹੈ। ਪਿਛਲੇ ਮਹੀਨੇ ਮੁੰਬਈ, ਦਿੱਲੀ-ਐੱਨਸੀਆਰ, ਬੈਂਗਲੁਰੂ ਤੇ ਗੋਆ ਵਿਚ ਕਈ ਨਕਲੀ ਵਿਆਹ ਸਮਾਗਮ ਕਰਵਾਏ ਗਏ। ਇਹ ਰੁਝਾਨ ਭਵਿੱਖ ਵਿਚ ਹੋਰ ਵਧਣ ਦੀ ਸੰਭਾਵਨਾ ਹੈ।

ਨੋਇਡਾ ਦੇ ਰੂਫਟੌਪ ਰੈਸਟੋਰੈਂਟ ਤਾਹੀਆ ਦੇ ਸਥਾਪਕ ਨਿਸ਼ਾਂਤ ਕੁਮਾਰ ਨੇ ਹਾਲ ਹੀ ਵਿਚ ਇਕ ਨਕਲੀ ਵਿਆਹ ਸਮਾਗਮ ਕਰਵਾਇਆ ਸੀ। ਨਿਸ਼ਾਂਤ ਨੇ ਕਿਹਾ ਕਿ ਅਜਿਹੇ ਸਮਾਗਮਾਂ ਵਿਚ ਮਹਿਮਾਨਾਂ ਨੂੰ ਵਿਆਹ ਵਿਚ ਨੱਚਣ, ਖਾਣ-ਪੀਣ ਤੇ ਆਨੰਦ ਮਾਨਣ ਦਾ ਪੂਰਾ ਮੌਕਾ ਮਿਲਦਾ ਹੈ। ਇਹ ਇਕ ਅਨੋਖਾ ਵਿਚਾਰ ਹੈ ਜੋ ਪੁਰਾਣੀਆਂ ਯਾਦਾਂ ਤੇ ਭਾਰਤੀ ਸਮਾਗਮਾਂ ਪ੍ਰਤੀ ਪਿਆਰ ਤੋਂ ਪ੍ਰੇਰਿਤ ਹੈ। ਵਿਆਹ ਸੰਸਕ੍ਰਿਤੀ, ਭੋਜਨ, ਸੰਗੀਤ ਤੇ ਭਾਵਨਾਵਾਂ ਦੇ ਸਭ ਤੋਂ ਜੀਵੰਤ ਪ੍ਰਗਟਾਵਿਆਂ ਵਿਚੋਂ ਇਕ ਹੈ ਪਰ ਇਹ ਨਿੱਜੀ ਵੀ ਹੁੰਦੇ ਹਨ। ਅਸੀਂ ਸੋਚਿਆ ਕਿ ਕਿਉਂ ਨਾ ਅਸੀਂ ਲੋਕਾਂ ਨੂੰ ਬਿਨਾਂ ਅਸਲੀ ਵਿਆਹ ਦੇ ਸ਼ਾਨਦਾਰ ਭਾਰਤੀ ਵਿਆਹ ਸਮਾਗਮ ਦਾ ਸਾਰਾ ਮਜ਼ਾ ਤੇ ਆਨੰਦ ਦੇਈਏ। ਇਹ ਆਈਡੀਆ ਲੋਕਾਂ ਨੇ ਖ਼ੂਬ ਪਸੰਦ ਕੀਤਾ।

### 1500 ਰੁਪਏ ਤੋਂ 10 ਹਜ਼ਾਰ ਰੁਪਏ ਤੱਕ ਹੈ ਟਿਕਟ

ਇਸ ਵਿਆਹ ਵਿਚ ਸ਼ਾਮਲ ਹੋਣ ਲਈ ਅਸਲੀ ਵਿਆਹ ਦੇ ਸੀਜ਼ਨ ਦੀ ਉਡੀਕ ਕਰਨ ਦੀ ਕੋਈ ਲੋੜ ਨਹੀਂ। 1500 ਰੁਪਏ ਤੋਂ 10 ਹਜ਼ਾਰ ਰੁਪਏ ਤੋਂ ਵੀ ਜ਼ਿਆਦਾ ਦੀਆਂ ਟਿਕਟਾਂ ਵਾਲੇ ਇਨ੍ਹਾਂ ਸਮਾਗਮਾਂ 'ਚ ਤੁਸੀਂ ਨਾਨ-ਵੈਡਿੰਗ ਸੀਜ਼ਨ ਵਿਚ ਵੀ ਸ਼ਾਮਲ ਹੋ ਸਕਦੇ ਹਨ। ਕੁੜੀਆਂ ਮਹਿੰਦੀ ਲਗਵਾਉਂਦੀਆਂ ਹਨ ਅਤੇ ਲਹਿੰਗੇ ਵਿਚ ਸਜਦੀਆਂ ਹਨ ਜਦਕਿ ਮੁੰਡੇ ਕਢਾਈ ਵਾਲੇ ਕੁੜਤਿਆਂ ਵਿਚ ਆਉਂਦੇ ਹਨ। ਅਜਨਬੀ ਦੋਸਤ ਬਣ ਜਾਂਦੇ ਹਨ ਤੇ ਅਜਿਹੇ ਨਕਲੀ ਵਿਆਹ ਦਾ ਜਸ਼ਨ ਮਨਾਉਣ ਲਈ ਡਾਂਸ ਕਰਦੇ ਹਨ।

### ਬਿਨਾਂ ਕਿਸੇ ਚਿੰਤਾ ਦੇ ਢੋਲ ਦੀ ਡਗੇ 'ਤੇ ਥਿਰਕਣ ਦਾ ਮੌਕਾ

ਕਾਲਜ ਦੀ ਵਿਦਿਆਰਥਣ ਨਤਾਸ਼ਾ ਘਈ ਨੇ ਕਿਹਾ ਕਿ ਅਸੀਂ ਸਿਰਫ਼ ਆਪਣੇ ਦੋਸਤਾਂ ਦੇ ਨਾਲ ਸੀ, ਢੋਲ ਦੀ ਥਾਪ 'ਤੇ ਨੱਚਦੇ ਹੋਏ, ਬਿਨਾਂ ਕਿਸੇ ਚਿੰਤਾ ਦੇ ਆਨੰਦ ਮਾਣਦੇ ਹੋਏ। ਨਤਾਸ਼ਾ ਨੇ ਹਾਲ ਹੀ ਵਿਚ ਗੁਰੂਗ੍ਰਾਮ ਵਿਚ ਇਕ ਅਜਿਹੀ ਨਕਲੀ ਵਿਆਹ ਥੀਮ ਪਾਰਟੀ ਬਾਰੇ ਉਤਸ਼ਾਹ ਨਾਲ ਦੱਸਿਆ ਕਿ ਇਹ ਆਜ਼ਾਦੀ ਦਾ ਅਨੁਭਵ ਸੀ ਅਤੇ ਵਿਆਹ ਦਾ ਮਾਹੌਲ ਬਹੁਤ ਆਨੰਦਦਾਇਕ ਸੀ।

### ਰਿਸ਼ਤੇਦਾਰ ਕੀ ਕਹਿਣਗੇ, ਇਸ ਦੀ ਕੋਈ ਟੈਂਸ਼ਨ ਨਹੀਂ

ਦਿੱਲੀ ਵਿਚ ਰਹਿਣ ਵਾਲੀ ਅਪੂਰਵਾ ਗੁਪਤਾ ਆਪਣੇ ਦੋਸਤ ਤੇ ਉਸ ਦੀ ਮਾਂ ਨਾਲ ਦੱਖਣੀ ਦਿੱਲੀ ਵਿਚ ਇਕ ਨਕਲੀ ਵਿਆਹ ਵਿਚ ਸ਼ਾਮਲ ਹੋਈ। ਉਨ੍ਹਾਂ ਨੂੰ ਇਸ ਨਕਲੀ ਵਿਆਹ ਸਮਾਗਮ ਵਿਚ ਬਹੁਤ ਆਨੰਦ ਆਇਆ। ਉਨ੍ਹਾਂ ਕਿਹਾ ਕਿ ਮੈਂ ਕਦੇ ਨਹੀਂ ਸੋਚਿਆ ਸੀ ਕਿ ਨਕਲੀ ਵਿਆਹ ਵਿਚ ਇੰਨਾ ਆਨੰਦ ਆਵੇਗਾ। ਮੈਂ ਪੂਰੀ ਰਾਤ ਵਿਆਹ ਦੇ ਗਾਣਿਆਂ 'ਤੇ ਇੰਜ ਨੱਚਦੀ ਰਹੀ ਜਿਵੇਂ ਕੋਈ ਵੇਖ ਹੀ ਨਹੀਂ ਰਿਹਾ ਅਤੇ ਸੱਚ ਕਹਾਂ ਤਾਂ ਕੋਈ ਵੇਖ ਵੀ ਨਹੀਂ ਰਿਹਾ ਸੀ। ਹਰ ਕੋਈ ਆਪਣੀ-ਆਪਣੀ ਮੌਜ ਵਿਚ ਰੁੱਝਿਆ ਹੋਇਆ ਸੀ। ਦੂਰ ਦੇ ਰਿਸ਼ਤੇਦਾਰ ਕੀ ਕਹਿਣਗੇ, ਇਸ ਦੀ ਕੋਈ ਟੈਂਸ਼ਨ ਨਹੀਂ ਸੀ, ਨਾ ਹੀ ਲਾੜੇ-ਲਾੜੀ ਨਾਲ ਤਸਵੀਰਾਂ ਖਿਚਵਾਉਣ ਦਾ ਕੋਈ ਦਬਾਅ ਸੀ।

# ਕਾਬੁਲ ਤੋਂ ਦਿੱਲੀ ਤੱਕ ਆਇਆ ਭੂਚਾਲ

## ✪ ਅਫਗਾਨਿਸਤਾਨ ਵਿਚ 622 ਲੋਕਾਂ ਦੀ ਹੋਈ ਮੌਤ

ਨਵੀਂ ਦਿੱਲੀ-ਭੂਚਾਲ ਨੇ ਅਫਗਾਨਿਸਤਾਨ ਵਿੱਚ ਭਾਰੀ ਤਬਾਹੀ ਮਚਾਈ ਹੈ। ਅਫਗਾਨਿਸਤਾਨ ਦੇ ਦੱਖਣ-ਪੂਰਬੀ ਹਿੱਸੇ ਵਿੱਚ ਝਟਕੇ ਮਹਿਸੂਸ ਕੀਤੇ ਗਏ। ਭੂਚਾਲ ਦੀ ਤੀਬਰਤਾ ਇੰਨੀ ਜ਼ਿਆਦਾ ਸੀ ਕਿ ਕਈ ਘਰ ਮਲਬੇ ਵਿੱਚ ਬਦਲ ਗਏ। ਇਸ ਦੌਰਾਨ 622 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਲੋਕ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਇਸ ਦੇ ਨਾਲ ਹੀ ਭੂਚਾਲ ਦਾ ਪ੍ਰਭਾਵ ਪਾਕਿਸਤਾਨ ਅਤੇ ਭਾਰਤ ਵਿੱਚ ਵੀ ਦੇਖਿਆ ਗਿਆ ਹੈ। ਅਫਗਾਨ ਨੰਗਰਹਾਰ ਜਨ ਸਿਹਤ ਵਿਭਾਗ ਦੇ ਬੁਲਾਰੇ ਨਕੀਬੁੱਲਾ ਰਹੀਮੀ ਨੇ ਵੀ ਭੂਚਾਲ ਦੀ ਪੁਸ਼ਟੀ ਕੀਤੀ ਹੈ। ਭੂਚਾਲ ਦਾ ਪ੍ਰਭਾਵ ਦਿੱਲੀ ਤੱਕ ਮਹਿਸੂਸ ਕੀਤਾ ਗਿਆ। ਅੱਧੀ ਰਾਤ ਨੂੰ ਧਰਤੀ ਦੇ ਅਚਾਨਕ ਹਿੱਲਣ ਕਾਰਨ ਬਹੁਤ ਸਾਰੇ ਲੋਕ ਆਪਣੇ ਘਰਾਂ ਤੋਂ ਬਾਹਰ ਭੱਜ ਗਏ। ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਸੀ। ਹਾਲਾਂਕਿ, ਦਿੱਲੀ ਵਿੱਚ ਭੂਚਾਲ ਦੇ ਝਟਕੇ ਅਫਗਾਨਿਸਤਾਨ ਦੇ ਮੁਕਾਬਲੇ ਹਲਕੇ ਸਨ, ਜਿਸ ਕਾਰਨ ਕੋਈ ਜਾਨੀ-ਮਾਲੀ ਨੁਕਸਾਨ ਨਹੀਂ ਹੋਇਆ।

# ਲੁਟੇਰੇ ਤੋਂ ਮੋਬਾਈਲ ਬਚਾਉਂਣ ਲਈ ਝੜਪ ਕਰਦਾ ਟਰੇਨ ਦੀ ਲਪੇਟ ਵਿਚ ਆਇਆ ਫੌਜੀ, ਗੁਆਏ ਪੈਰ

## ✪ ਹਾਲਤ ਗੰਭੀਰ, ਹਸਪਤਾਲ ਦਾਖਲ, ਭਰਾ ਨਾਲ ਸ਼ਾਨੇ-ਪੰਜਾਬ 'ਤੇ ਆ ਰਿਹਾ ਸੀ ਜਲੰਧਰ

ਲੁਧਿਆਣਾ-ਬੀਤੇ ਦਿਨੀਂ ਬੀਐੱਸਐੱਫ ਦੇ ਇੱਕ ਜਵਾਨ ਨੂੰ ਲੁਟੇਰੇ ਨਾਲ ਝੜਪ ਲੈਂਦਿਆਂ ਆਪਣੇ ਦੋਨੋਂ ਪੈਰ ਗਵਾਉਣੇ ਪੈ ਗਏ, ਜਦੋਂ ਇਹ ਜਵਾਨ ਉਸ ਦਾ ਮੋਬਾਈਲ ਫੋਨ ਲੁੱਟਣ ਦੇ ਕੋਸ਼ਿਸ਼ ਕਰ ਰਹੇ ਬਦਮਾਸ਼ ਨਾਲ ਮੋਬਾਈਲ ਬਚਾਉਣ ਲਈ ਜੱਦੋ-ਜਹਿਦ ਕਰ ਰਿਹਾ ਸੀ। ਇਹ ਜਵਾਨ ਬਦਮਾਸ਼ ਨਾਲ ਹੋਈ ਖਿੱਚ-ਧੂਹ ਦੌਰਾਨ ਚੱਲਦੀ ਰੇਲ ਤੋਂ ਡਿੱਗਾ ਤੇ ਟਰੇਨ ਦੇ ਪਹੀਏ ਉਸ ਦੀਆਂ ਦੋਨੋਂ ਲੱਤਾਂ ਉੱਪਰੋਂ ਲੰਘ ਗਏ। ਫੱਟੜ ਹੋਏ ਜਵਾਨ ਨੂੰ ਬੇਹੱਦ ਗੰਭੀਰ ਹਾਲਤ 'ਚ ਹਸਪਤਾਲ ਭਰਤੀ ਕਰਵਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਸ ਘਟਨਾ ਦੀ ਜਾਣਕਾਰੀ ਮਿਲਣ ਮਗਰੋਂ ਥਾਣਾ ਜੀਆਰਪੀ ਲੁਧਿਆਣਾ ਵੱਲੋਂ ਪੜਤਾਲ ਸ਼ੁਰੂ ਕਰ ਦਿੱਤੀ ਗਈ ਹੈ। ਫੱਟੜ ਹੋਏ ਬੀਐੱਸਐੱਫ ਜਵਾਨ ਦੀ ਪਛਾਣ ਅਮਨ ਜੈਸਵਾਲ ਦੇ ਰੂਪ ਵਿਚ ਹੋਈ ਹੈ। ਅਮਨ ਜੈਸਵਾਲ ਦੇ ਭਰਾ ਸੰਦੀਪ ਮੁਤਾਬਕ ਉਹ ਮੂਲ ਰੂਪ 'ਚ ਬਰੇਲੀ ਦੇ ਰਹਿਣ ਵਾਲੇ ਹਨ। ਉਹ ਦੋਨੋਂ ਜਲੰਧਰ ਤੋਂ ਆਪਣਾ ਕੁਝ ਸਾਮਾਨ ਲੈਣ ਲਈ ਜਲੰਧਰ ਆ ਰਹੇ ਸਨ। ਇਸ ਦੌਰਾਨ ਦਮੋਰੀਆ ਪੁਲ ਆਊਟਰ 'ਤੇ



ਗੱਡੀ ਹੌਲੀ ਹੋਈ ਤਾਂ ਕਿਸੇ ਬਦਮਾਸ਼ ਨੇ ਅਮਨ ਕੋਲੋਂ ਮੋਬਾਈਲ ਖੋਹਣ ਦੀ ਕੋਸ਼ਿਸ਼ ਕੀਤੀ ਤੇ ਇਸ ਹੱਥੋਪਾਈ ਵਿਚ ਅਮਨ ਹੇਠਾਂ ਡਿੱਗ ਕੇ ਟਰੇਨ ਦੀ ਲਪੇਟ ਵਿਚ ਆ ਗਿਆ। ਇੱਕ ਨਿੱਜੀ ਹਸਪਤਾਲ 'ਚ ਡਾਕਟਰਾਂ ਨੇ ਉਸ ਦੀ ਜਾਨ ਬਚਾਉਣ ਲਈ ਆਪ੍ਰੇਸ਼ਨ ਕਰਦਿਆਂ ਜੱਦੋ-ਜਹਿਦ ਸ਼ੁਰੂ ਕਰ ਦਿੱਤੀ। ਜੀਆਰਪੀ ਲੁਧਿਆਣਾ ਨੇ ਉਕਤ ਬਦਮਾਸ਼ ਦੀ ਭਾਲ ਲਈ ਘਟਨਾ ਵਾਲੀ ਥਾਂ ਤੋਂ ਸੁਰਾਗ ਇਕੱਠੇ ਕਰ ਕੇ ਆਸ-ਪਾਸ ਦੇ ਸੀਸੀਟੀਵੀ ਕੈਮਰੇ ਖੰਘਾਲਣੇ ਸ਼ੁਰੂ ਕਰ ਦਿੱਤੇ ਹਨ।

# ਕਲਗੀਧਰ ਟਰੱਸਟ ਬੜੂ ਸਾਹਿਬ ਦੀ ਸੇਵਾ: ਹੜ੍ਹ ਪੀੜਤਾਂ ਨੂੰ ਰਾਹਤ ਅਤੇ ਬਚਾਅ ਲਈ ਉਦਮ ਕੀਤਾ

## ✪ ਕਿਸਾਨਾਂ ਦੀਆਂ ਫਸਲਾਂ ਤਬਾਹ, ਸਰਕਾਰ ਤੁਰੰਤ ਕਦਮ ਚੁੱਕੇ-ਖਾਲਸਾ ✪ ਮੈਡੀਕਲ ਕੈਂਪ ਲੱਗਣਗੇ ਸਿਖ ਸੇਵਕ ਸੁਸਾਇਟੀ ਤੇ ਕਲਗੀਧਰ ਟਰਸਟ ਵਲੋਂ



ਪਿਛਲੇ ਕੁੱਝ ਦਿਨਾਂ ਤੋਂ ਰਾਵੀ ਅਤੇ ਸਤਲੁਜ ਨਦੀਆਂ ਦੇ ਬੰਨ੍ਹ ਟੁੱਟਣ ਕਰਕੇ ਸੂਬੇ ਦੇ ਸਰਹੱਦੀ ਇਲਾਕਿਆਂ ਵਿੱਚ ਵੱਡੀ ਤਬਾਹੀ ਮਚੀ ਹੋਈ ਹੈ। ਮਾਝਾ ਅਤੇ ਦੋਆਬਾ ਖੇਤਰਾਂ ਵਿੱਚ ਹੜ੍ਹ ਵਾਲੀ ਸਥਿਤੀ ਬਣੀ ਹੋਈ ਹੈ। ਭਾਰੀ ਬਾਰਿਸ਼ ਨੇ ਹਿਮਾਚਲ ਤੋਂ ਆਉਂਦੇ ਪਾਣੀ ਨੂੰ ਹੋਰ ਵਧਾ ਦਿੱਤਾ ਹੈ, ਜਿਸ ਨਾਲ ਨਦੀਆਂ ਦੇ ਪੱਧਰ ਖਤਰੇ ਦੀ ਹੱਦ ਨੂੰ ਪਾਰ ਕਰ ਚੁੱਕੇ ਹਨ। ਲੋਕ ਆਪਣੇ ਘਰਾਂ ਨੂੰ ਛੱਡ ਕੇ ਉੱਚੀਆਂ ਥਾਵਾਂ ਵੱਲ ਭੱਜ ਰਹੇ ਹਨ। ਪਸ਼ੂਆਂ ਲਈ ਚਾਰਾ ਨਹੀਂ ਮਿਲ ਰਿਹਾ, ਬੱਚੇ ਸਕੂਲ ਨਹੀਂ ਜਾ ਸਕਦੇ ਅਤੇ ਕਿਸਾਨਾਂ ਦੀਆਂ ਫਸਲਾਂ ਪਾਣੀ ਵਿੱਚ ਡੁੱਬ ਕੇ ਤਬਾਹ ਹੋ ਚੁੱਕੀਆਂ ਹਨ। ਤਰਨਤਾਰਨ ਅਤੇ ਫਿਰੋਜ਼ਪੁਰ ਵਿੱਚ ਹਜ਼ਾਰਾਂ ਏਕੜ ਝੋਨੇ ਦੀ ਫਸਲ ਤਬਾਹ ਹੋ ਗਈ ਹੈ, ਜੋ ਨਾ ਸਿਰਫ਼ ਖੇਤੀ ਨੂੰ ਮਾਰ ਰਹੀ ਹੈ ਬਲਕਿ ਸੂਬੇ ਦੀ ਆਰਥਿਕਤਾ ਨੂੰ ਵੀ ਡੋਬ ਰਹੀ ਹੈ।

ਬੀਤੇ ਸਮੇਂ ਵਿੱਚ ਹੜ੍ਹ ਦੀ ਚਪੇਟ ਵਿੱਚ ਆਏ ਪਿੰਡਾਂ ਜਿਵੇਂ ਬਰਾਮਪੁਰ, ਬਾਮਨੀ, ਝਬਕਰਾ, ਮਰਾੜਾ, ਚੱਕ ਮਕੌੜਾ, ਨਵਾਂ ਚੰਡੀਗੜ੍ਹ, ਦਬੋਰਜੀ, ਜੋਗਰ, ਭੂਤਨਾ ਜੋਗਰ, ਦੌਲਤਗੜ੍ਹ, ਕੋਠੇ ਐਵੇ, ਚਿਟੀ, ਚੱਕ ਰਾਮ ਸਹਾਏ, ਨਵਾਂ ਤਕਲਾ, ਧੀਰਾ ਘਾਰਾ, ਮਲਕਪੁਰ ਅਤੇ ਹੋਰ ਟਾਣੀਆਂ ਵਿੱਚ ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਹੜ੍ਹ ਪੀੜਤਾਂ ਨੂੰ ਘਰੋਂ-ਘਰੀ ਲੰਗਰ, ਦੁੱਧ, ਪਾਣੀ, ਰਾਹਤ ਕਿੱਟਾਂ ਅਤੇ ਪਸ਼ੂਆਂ ਲਈ ਚਾਰਾ ਆਦਿ ਬੇੜੀਆਂ ਰਾਹੀਂ ਵੰਡਿਆ ਜਾ ਰਿਹਾ ਹੈ। ਇਹਨਾਂ ਪਿੰਡਾਂ ਵਿੱਚੋਂ ਹੁਣ ਤੱਕ 128 ਤੋਂ ਵੱਧ ਵਿਅਕਤੀਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਜਗ੍ਹਾ ਤੇ ਪਹੁੰਚਾਇਆ ਗਿਆ ਹੈ। ਇਹ ਟੀਮ ਸਥਾਨਕ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਨੂੰ ਪੁੱਜੀ ਪਹਿਲੀ ਟੀਮ ਹੈ, ਜੋ ਲੰਗਰ ਦੇ ਨਾਲ-ਨਾਲ ਹੋਰ ਵੀ ਜ਼ਰੂਰੀ ਵਸਤਾਂ ਨੂੰ ਪੂਰੀਆਂ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।

ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਪ੍ਰਧਾਨ ਡਾ: ਦਵਿੰਦਰ ਸਿੰਘ ਜੀ ਅਤੇ ਉੱਪ-ਪ੍ਰਧਾਨ ਭਾਈ ਜਗਜੀਤ ਸਿੰਘ ਕਾਕਾ ਵੀਰ ਜੀ ਨੇ ਭਰੋਸਾ ਦਿੱਤਾ ਕਿ ਜਿਹੜੇ ਖੇਤਰਾਂ ਵਿੱਚ ਪਾਣੀ ਭਰ ਜਾਣ ਨਾਲ ਹੜ੍ਹ ਵਰਗੀ ਸਥਿਤੀ ਬਣੀ ਹੋਈ ਹੈ, ਉਹਨਾਂ ਲੋਕਾਂ ਨੂੰ ਬਾਹਰ ਕੱਢਣ ਲਈ ਟਰੱਸਟ ਵੱਲੋਂ ਰਾਹਤ ਕਿੱਟਾਂ ਪੀੜਤ ਲੋਕਾਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ ਅਤੇ ਇਹਨਾਂ ਹੜ੍ਹ ਪੀੜਤਾਂ ਦੀ ਹਰ ਸੰਭਵ ਮੱਦਦ ਕੀਤੀ ਜਾਵੇਗੀ ਅਤੇ ਲੋੜੀਦਾ ਸਮਾਨ ਮੁਹੱਈਆ ਕਰਵਾਇਆ ਜਾਵੇਗਾ। ਇਸ ਨਾਲ ਹੀ ਘੱਗਰ ਨਦੀ ਅਤੇ ਸਤਲੁਜ ਨਦੀ ਵਿੱਚ ਵੱਧ ਰਹੇ ਪਾਣੀ ਦੇ ਪੱਧਰ ਕਰਕੇ ਅੰਮ੍ਰਿਤਸਰ, ਫਿਰੋਜ਼ਪੁਰ, ਫਾਜ਼ਿਲਕਾ, ਤਰਨਤਾਰਨ, ਪਟਿਆਲਾ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਵੀ ਹੜ੍ਹ ਆਉਣ ਦੀ ਸੰਭਾਵਨਾ ਬਣੀ ਹੋਈ ਹੈ। ਇਥੇ ਜ਼ਿਕਰਯੋਗ ਹੈ ਕਿ ਕਲਗੀਧਰ ਟਰੱਸਟ ਬੜੂ ਸਾਹਿਬ ਵਿੱਦਿਅਕ ਖੇਤਰ ਵਿੱਚ ਤਾਂ ਕੰਮ ਕਰਦਾ ਹੀ ਹੈ ਪਰ ਜਦੋਂ ਵੀ ਦੇਸ਼ ਵਿੱਚ ਕਿਸੇ ਤਰ੍ਹਾਂ ਦੀ ਕੁਦਰਤੀ ਆਫ਼ਤ ਆਈ ਹੈ ਤਾਂ ਟਰੱਸਟ ਦੇ ਸੇਵਾਦਾਰਾਂ ਨੇ ਮੱਦਦ ਲਈ ਅੱਗੇ ਹੋ ਕੇ ਆਪਣੀ ਜਿੰਮੇਵਾਰੀ ਨਿਭਾਈ ਹੈ। ਟਰੱਸਟ ਵੱਲੋਂ ਸਭ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ ਜਾਂਦੀ ਹੈ।


ਪਰਮਿੰਦਰ ਪਾਲ ਸਿੰਘ ਖਾਲਸਾ ਨੇ ਅੱਗੇ ਦੱਸਿਆ ਕਿ ਹੜ੍ਹ ਠੱਲ੍ਹਣ ਬਾਅਦ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਤੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਵੱਲੋਂ ਦੋਆਬੇ ਦੇ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਏ ਜਾਣਗੇ ਤਾਂ ਜੋ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਇਆ ਜਾ ਸਕੇ। ਉਹਨਾਂ ਨੇ ਮੰਗ ਕੀਤੀ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਸਾਂਝੇ ਉਪਰਾਲੇ ਕਰਨੇ ਚਾਹੀਦੇ ਹਨ।

ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਤੇ ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਅਪੀਲ ਕੀਤੀ ਜਾਂਦੀ ਹੈ ਕਿ ਸਮੂਹ ਪੰਜਾਬ ਵਾਸੀ ਅਤੇ ਵਿਦੇਸ਼ ਵਸਦੇ ਪੰਜਾਬੀ ਭਾਈਚਾਰੇ ਨੂੰ ਇਸ ਮੁਸੀਬਤ ਵਿੱਚ ਅੱਗੇ ਆ ਕੇ ਮੱਦਦ ਕਰਨੀ ਚਾਹੀਦੀ ਹੈ। ਰਾਹਤ ਸਮੱਗਰੀ ਭੇਜਣ ਲਈ ਸੰਪਰਕ ਕੀਤਾ ਜਾ ਸਕਦਾ ਹੈ। ਇਸ ਵੱਡੀ ਆਫ਼ਤ ਵਿੱਚ ਇੱਕਜੁੱਟ ਹੋ ਕੇ ਖੜ੍ਹਨ ਨਾਲ ਹੀ ਅਸੀਂ ਇਸ ਨੂੰ ਪਾਰ ਕਰ ਸਕਾਂਗੇ। ਇਸ ਮੌਕੇ ਦਵਿੰਦਰ ਸਿੰਘ ਅਨੰਦ, ਸੰਤੋਖ ਸਿੰਘ ਦਿਲੀ ਪੇਂਟ, ਸੰਦੀਪ ਸਿੰਘ ਚਾਵਲਾ, ਕੰਵਲਜੀਤ ਸਿੰਘ ਟੋਨੀ ਐਕਟਿੰਗ ਪ੍ਰਧਾਨ, ਮਨਜੀਤ ਸਿੰਘ ਠੁਕਰਾਲ, ਹਰਦੇਵ ਸਿੰਘ ਗਰਚਾ, ਅਰਿੰਦਰਜੀਤ ਸਿੰਘ ਚੜਾ ਆਦਿ ਹਾਜਰ ਸਨ।

# ਭਾਰਤ ਸਰਕਾਰ ਵਲੋ ਇਟਲੀ ਦੇ ਕੰਪੋਰਦੋਨਦੋ ਵਿਖੇ ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਮੂਰਤੀ ਸਥਾਪਿਤ ਕਰਵਾਉਣ ਤੇ ਭਾਰਤੀ ਭਾਈਚਾਰੇ ਵਲੋ ਕੀਤਾ ਧੰਨਵਾਦ

## * ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋ ਮੰਨ ਕੀ ਬਾਤ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ ਤੇ ਕੀਤਾ ਇਸ ਮੂਰਤੀ ਸਥਾਪਨਾ ਦਾ ਜਿਕਰ *







ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) ਬੀਤੇ ਮਹੀਨੇ ਦੀ 28 ਜੁਲਾਈ ਦਾ ਦਿਨ ਤੇ ਤਰੀਕ ਇਟਲੀ ਵਿੱਚ ਵੱਸਦੇ ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਦੇ ਪੈਰੋਕਾਰਾਂ ਹਮੇਸ਼ਾ ਲਈ ਬਹੁਤ ਹੀ ਇਤਿਹਾਸਿਕ ਤੇ ਯਾਦਗਾਰੀ ਰਹੇਗਾ । ਕਿਉਂਕਿ ਇਸ ਤਰੀਕ ਨੂੰ ਭਾਰਤ ਸਰਕਾਰ ਵੱਲੋਂ ਇਟਲੀ ਦੇ ਜਿਲ੍ਹਾ ਮਾਰਕੇ ਅਧੀਨ ਪੈਂਦੇ ਪਿੰਡ ਕੰਪੋਰਦੋਨਦੋ ਵਿਖੇ ਇਟਲੀ ਸਰਕਾਰ ਤੇ ਇੱਥੋਂ ਦੇ ਨਗਰ ਕੌਂਸਲ ਦੀ ਮਦਦ ਨਾਲ ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਦੀ ਮੂਰਤੀ ਦੀ ਸਥਾਪਨਾ ਕੀਤੀ ਗਈ ਸੀ ਇਸ ਦਾ ਉਦਘਾਟਨ ਰੋਮ ਦੂਤਾਵਾਸ ਦੇ ਰਾਜਦੂਤ ਮੈਡਮ ਵਾਣੀ ਰਾਓ, ਉਸ ਸਮੇ ਦੇ ਉਪ ਰਾਜਦੂਤ ਸ਼੍ਰੀ ਅਮਰਾਰਾਮ ਗੁੱਜਰ ਤੇ ਨਗਰ ਕੌਂਸਲ ਦੇ ਮੇਅਰ ਮਾਸੀ ਮਲੀਆਨੋ ਮੀਉਚੀ ਵਲੋ ਅਪਣੇ ਕਰ ਕਮਲਾ ਨਾਲ ਕੀਤਾ ਗਿਆ ਸੀ । ਬੀਤੇ ਦਿਨ ਰੋਮ ਤੋ ਇੰਡੋ ਇਟਾਲੀਅਨ ਵੈਲਫੇਅਰ ਤੇ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਵਿਸ਼ਨੂੰ ਕੁਮਾਰ ਤੇ ਮਹਾਰਿਸ਼ੀ ਭਗਵਾਨ ਵਾਲਮੀਕਿ ਸਭਾ ਯੂਰਪ ਦੇ ਪ੍ਰਧਾਨ ਦਲਵੀਰ ਭੱਟੀ ਤੇ ਸਮਾਜ ਸੇਵੀ ਤੇ ਕਾਰੋਬਾਰੀ ਕਮਲਜੀਤ ਸਿੰਘ ਸਾਗੀ ਵਲੋ ਇੱਕ ਵਫ਼ਦ ਭਾਰਤੀ ਭਾਈਚਾਰੇ ਦੇ ਨਾਲ ਮੂਰਤੀ ਸਥਾਪਨਾ ਵਾਲੀ ਜਗ੍ਹਾ ਤੇ ਪਹੁੰਚ ਕੇ ਜਿੱਥੇ ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਨੂੰ ਨਤਮਸਤਕ ਹੋਏ ਉੱਥੇ ਉਨ੍ਹਾਂ ਵਲੋ ਭਾਰਤ ਸਰਕਾਰ, ਇਟਲੀ ਸਰਕਾਰ, ਨਗਰ ਕੌਂਸਲ ਕੰਪੋਰਦੋਨਦੋ ਦੇ ਮੇਅਰ ਤੇ ਖਾਸ ਕਰਕੇ ਭਾਰਤੀ ਦੂਤਾਵਾਸ ਰੋਮ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਇਸ ਮੌਕੇ ਉਨ੍ਹਾਂ ਵਲੋ ਭਾਰਤ ਦੇ ਪ੍ਰਧਾਨ ਮੰਤਰੀ ਵਲੋ ਇਸ ਕੀਤੇ ਗਏ ਕਾਰਜ ਦੀ ਵਿਸ਼ੇਸ਼ ਪ੍ਰੋਗਰਾਮ ਮਨ ਦੀ ਬਾਤ ਵਿੱਚ ਉਚੇਚੇ ਤੌਰ ਤੇ ਸੰਬੋਧਨ ਕੀਤਾ ਤੇ ਇਟਲੀ ਦੇ ਭਾਰਤੀ ਭਾਈਚਾਰੇ ਨੂੰ ਵਧਾਈ ਵੀ ਦਿੱਤੀ । ਦੱਸਣਯੋਗ ਹੈ ਕਿ ਇਸ ਮੂਰਤੀ ਦੀ ਸਥਾਪਨਾ ਲਈ ਉਸ ਮੌਕੇ ਦੇ ਉਪ ਰਾਜਦੂਤ ਸ਼੍ਰੀ ਅਮਰਾਰਾਮ ਗੁੱਜਰ ਦਾ ਵਿਸ਼ੇਸ਼ ਯੋਗਦਾਨ ਰਿਹਾ ਸੀ ਕਿਉਂਕਿ ਉਨ੍ਹਾਂ ਦੇ ਉੱਦਮ ਸਦਕਾ ਹੀ ਇਹ ਸਾਰਾ ਕਾਰਜ ਪੂਰਾ ਹੋਇਆ ਤੇ ਕਿਉਂਕਿ ਉਨ੍ਹਾਂ ਦੀ ਦਿੱਲੀ ਤਮੰਨਾ ਸੀਨਕਿ ਮੇਰੇ ਰੋਮ ਦੇ ਕਾਰਜਕਾਲ ਦੌਰਾਨ ਇਸ ਮੂਰਤੀ ਦੀ ਸਥਾਪਨਾ ਹੋ ਜਾਵੇ । ਜਿਕਰਯੋਗ ਹੈ ਕਿ ਇਟਲੀ ਵਿੱਚ ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਨੂੰ ਪੂਜਨ ਵਾਲੀਆਂ ਸੰਗਤਾਂ ਵਿੱਚ ਇਸ ਮੂਰਤੀ ਦੀ ਸਥਾਪਨਾ ਹੋਣ ਕਰਕੇ ਬਹੁਤ ਹੀ ਉਤਸ਼ਾਹ ਦੇਖਣ ਨੂੰ ਮਿਲਿਆ ਸੀ ।

# ਕਾਲਸਨਾ ਦੇ ਸਰਪੰਚ ਵਾਂਗ ਹੋਰਾਂ ਨਾਲ ਹੁੰਦੇ ਆ ਰਹੇ ਧੱਕੇ ਬੰਦ ਕਦੋਂ ਹੋਣਗੇ ?

**ਮੇਜਰ ਸਿੰਘ ਨਾਭਾ**



ਲੋਕਤੰਤਰ ਰਾਜ ਲਈ ਸੰਵਿਧਾਨ ਦਾ ਹੋਣਾ ਅਤਿ ਜਰੂਰੀ ਹੈ। ਸੰਵਿਧਾਨ ਹੀ ਲੋਕਾਂ ਨੂੰ ਸਰਕਾਰੀ ਨਿਯਮਾਂ, ਨਿਰਦੇਸ਼ਾਂ ਆਦਿ ਦੀ ਪਾਲਣਾ ਕਰਨ, ਹੱਕਾਂ ਦੀ ਪ੍ਰਾਪਤੀ ਲਈ ਜਾਗਰੂਕ ਹੋਣ ਲਈ ਦਿਸ਼ਾ ਨਿਰਦੇਸ਼ ਅਤੇ ਅਧਿਕਾਰ ਵੀ ਦਿੰਦਾ ਹੈ। ਪਰ ਸਰਕਾਰਾਂ ਸਿੱਖਾਂ ਨੂੰ ਉਨ੍ਹਾਂ ਦੇ ਧਾਰਮਿਕ ਆਜ਼ਾਦੀ ਦੇ ਅਧਿਕਾਰ ਨੂੰ ਮਤਰੇਈ ਮਾਂ ਵਾਲਾ ਸਲੂਕ ਕਰ ਕੇ ਮਧੋਲਦੀ ਆ ਰਹੀ ਜਿਵੇਂ ਕਿਤੇ ਉਹ ਬੇਗਾਨੇ ਦੇਸ਼ ਦੇ ਨਾਗਰਿਕ ਹੋਣ। ਬਾਹਰਲੇ ਦੇਸ਼ਾਂ ਵਿੱਚ ਅੰਮ੍ਰਿਤਧਾਰੀ ਲੋਕ ਉਥੋਂ ਦੇ ਸਰਕਾਰੀ ਤੰਤਰ, ਰਾਜਨੀਤਕ ਲੋਕਾਂ ਨੂੰ ਕਕਾਰਾਂ ਸਮੇਤ ਮਿਲ ਸਕਦੇ ਹਨ ਤਾਂ ਆਪਣੇ ਹੀ ਸਾਡੇ ਆਪਣਿਆਂ ਤੋਂ ਕਿਉਂ ਡਰ ਕੇ ਪਾਬੰਦੀਆਂ ਲਾਉਂਦੇ ਹਨ, ਇਹ ਬੜਾ ਗੰਭੀਰ ਮਸਲਾ ਹੈ। ਸਾਡੇ ਸਿੱਖ ਭਾਈਚਾਰੇ ਦੀ ਤਰਜ਼ਮਾਨੀ ਕਰਨ ਵਾਲੇ ਨੇਤਾਵਾਂ, ਧਾਰਮਿਕ ਆਗੂਆਂ ਆਦਿ ਨੂੰ ਪਹਿਲ ਦੇ ਆਧਾਰ ਤੇ ਸਰਕਾਰ ਨਾਲ ਰਾਬਤਾ ਕਰਕੇ ਨਿੱਤ ਦਿਨ ਵਾਪਰਦੀਆਂ ਇਨ੍ਹਾਂ ਮੰਦਭਾਗੀਆਂ ਘਟਨਾਵਾਂ ਨੂੰ ਅੱਗੇ ਤੋਂ ਰੋਕਣ ਲਈ ਉਪਰਾਲਾ ਕਰਨਾ ਚਾਹੀਦਾ ਹੈ, ਸਿਰਫ ਬਿਆਨਬਾਜ਼ੀ, ਨਿੰਦਾ ਕਰਨ ਨਾਲ ਕੁਝ ਨਹੀਂ ਸੰਵਰਦਾ। ਤਾਜ਼ਾ ਘਟਨਾਵਾਂ ਵਿੱਚ ਇੱਕ ਤਰਨਤਾਰਨ ਜਿਲ੍ਹੇ ਦੇ ਪਿੰਡ ਦੀ ਗੁਰਸਿੱਖ ਬੱਚੀ ਗੁਰਪ੍ਰੀਤ ਕੌਰ ਨੂੰ ਰਾਜਸਥਾਨ ਪ੍ਰਸ਼ਾਸ਼ਨ ਨੇ ਜੈਪੁਰ ਵਿੱਚ ਰਾਜਸਥਾਨ ਜੁਡੀਸ਼ਲ ਸਰਵਿਸਜ਼ ਦੀ ਪ੍ਰੀਖਿਆ ਵਿੱਚ ਕਕਾਰ ਪਹਿਨ ਕੇ ਜਾਣ ਤੋਂ ਰੋਕਣ ਦਾ ਮਾਮਲਾ ਮੀਡੀਏ ਵਿੱਚ ਆਇਆ। ਸਰਕਾਰ ਵਲੋਂ ਬਾਅਦ ਵਿੱਚ ਗਲਤੀ ਦਾ ਅਹਿਸਾਸ ਕਰਕੇ ਮੁੜ ਅੱਗੇ ਅਜਿਹਾ ਨਾ ਕਰਨ ਲਈ ਨਿਰਦੇਸ਼ ਜਾਰੀ ਕਰਕੇ ਮਾਲਾ ਸਮੇਟਿਆ ਹੈ।ਉਸ ਬੱਚੀ ਦੇ ਭਵਿੱਖ ਨੂੰ ਜਰੂਰ ਸੱਟ ਵੱਜੀ ਹੈ,ਉਸ ਦੇ ਜੱਜ ਬਣਨ ਦਾ ਇੱਕ ਮੌਕਾ ਖੁੰਝ ਗਿਆ ਹੈ, ਜਿਸ ਦੀ ਭਰਪਾਈ ਲਈ ਸਰਕਾਰ ਜ਼ਿੰਮੇਵਾਰ ਹੈ ਜਦੋਂ ਕਿ ਪਹਿਲਾਂ ਵੀ ਇਹੋ ਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਉਨ੍ਹਾਂ ਤੋਂ ਸਰਕਾਰਾਂ ਕਿਉਂ ਨਹੀਂ ਸਿੱਖਦੀਆਂ ?




ਇਸੇ ਸੰਦਰਭ ਵਿੱਚ ਪੰਦਰਾਂ ਅਗਸਤ ਨੂੰ ਰਾਜਧਾਨੀ ਦਿੱਲੀ ਵਿਖੇ ਪਟਿਆਲਾ ਜਿਲ੍ਹੇ ਦੇ ਪਿੰਡ ਕਾਲਸਨਾ ਦੇ ਸਰਪੰਚ ਨੂੰ ਪਿੰਡ ਦੇ ਸਮੁੱਚੇ ਵਿਕਾਸ ਅਤੇ ਨੁਹਾਰ ਬਦਲਣ ਸਦਕਾ ਕੇਂਦਰੀ ਵਿਭਾਗ ਦੇ ਜਲ ਸ਼ਕਤੀ ਮੰਤਰਾਲੇ ਵਲੋਂ ਵਿਸ਼ੇਸ਼ ਸਨਮਾਨ ਲਈ ਆਜ਼ਾਦੀ ਦਿਵਸ਼ ਮੌਕੇ ਲਾਲ ਕਿਲ੍ਹੇ ਵਿੱਚ ਪੁੱਜਣ ਲਈ ਸਬੰਧਤ ਮੰਤਰਾਲੇ ਵਲੋਂ ਸੱਦਾ ਦਿੱਤਾ ਗਿਆ ਸੀ। ਜਦੋਂ ਪਿੰਡ ਦਾ ਅੰਮ੍ਰਿਤਧਾਰੀ ਸਰਪੰਚ ਸ੍ਰ. ਗੁਰਧਿਆਨ ਸਿੰਘ ਨਿਸਚਿਤ ਸਮੇਂ ਅਨੁਸਾਰ ਲਾਲ ਕਿਲ੍ਹੇ ਅੰਦਰ ਜਾਣ ਲਈ ਸੁਰੱਖਿਆ ਗੇਟਾਂ ਰਾਹੀਂ ਜਾਣ ਲਈ ਅੱਗੇ ਵੱਧਿਆ ਤਾਂ ਸਕਿਉਰਟੀ ਅਫਸਰ ਨੇ ਸ੍ਰੀ ਸਾਹਿਬ (ਛੋਟੀ ਕਿਰਪਾਨ) ਗੇਟ ਉੱਪਰ ਜਮ੍ਹਾਂ ਕਰਵਾ ਕੇ ਜਾਣ ਲਈ ਕਹਿਆ। ਸਰਪੰਚ ਨੇ ਅੰਦਰ ਜਾਣ ਤੋਂ ਇਸ ਤਰ੍ਹਾਂ ਅਫਸਰਸ਼ਾਹੀ ਦੇ ਰੋਕਣ ਵਾਲੇ ਧੱਕੇ ਨੂੰ ਕਕਾਰਾਂ ਦਾ ਅਪਮਾਨ ਸਮਝਦੇ ਹੋਏ ਆਪਣਾ ਸਨਮਾਨ ਲੈਣ ਤੋਂ ਹੀ ਇਨਕਾਰ ਕਰ ਦਿੱਤਾ ਅਤੇ ਵਾਪਿਸ ਪਿੰਡ ਖਾਲੀ ਹੱਥ ਇੱਕ ਤਰ੍ਹਾਂ ਦਾ ਜ਼ਲੀਲ ਹੋ ਕੇ ਆ ਗਿਆ। ਪਿੰਡ ਨਿਵਾਸੀਆਂ, ਇਲਾਕਾ ਨਿਵਾਸੀਆਂ ਆਦਿ ਨੇ ਇਸ ਘਟਨਾ ਦੀ ਨਿੰਦਾ ਕੀਤੀ। ਸਿੱਖ ਸੰਸਥਾ ਦੇ ਮੁੱਖੀ ਅਤੇ ਹੋ ਨੇਤਾਵਾਂ ਨੇ ਵੀ ਨਿੰਦਾ ਤਾਂ ਜਰੂਰ ਕੀਤੀ, ਪਰ ਕੇਂਦਰ ਸਰਕਾਰ ਨੂੰ ਅੱਗੇ ਤੋਂ ਅਜਿਹਾ ਨਾ ਹੋਣ ਦੇਣ ਲਈ ਕੋਈ ਮੌਕੇ ਤੇ ਕਦਮ ਚੁੱਕਣ ਲਈ ਦਿਲਾਸਾ ਨਹੀਂ ਦਿੱਤਾ। ਹੁਣ ਪਿੰਡ ਕਾਲਸਨਾ ਦੇ ਸਮੁੱਚੇ ਗਰਾਮ ਇਜਲਾਸ ਵਲੋਂ ਸਾਂਝੇ ਤੌਰ ਤੇ ਮਤਾ ਪਾਸ ਕਰਕੇ ਪਿੰਡ ਨੂੰ ਦਿੱਤੇ ਗਏ ਸਨਮਾਨ ਨੂੰ ਵਾਪਸ ਦਿੱਤੇ ਜਾਣ ਦਾ ਫੈਸ਼ਲਾ ਲਿਆ ਹੈ। ਇਸ ਸਬੰਧ ਵਿੱਚ ਪੰਜਾਬ ਸਰਕਾਰ ਨੂੰ ਕੇਂਦਰ ਦੇ ਵਤੀਰੇ ਦੀ ਲਿਖਤੀ ਤੌਰ ਤੇ ਨਿੰਦਾ ਕਰਕੇ, ਅੱਗੇ ਤੋਂ ਅਜਿਹੀ ਘਟਨਾ ਨਾ ਹੋਣ ਦੇਣ ਲਈ ਲਿਖਤੀ ਕਾਰਵਾਈ ਕਰਨੀ ਚਾਹੀਦੀ ਹੈ। ਪਿੰਡ ਵਿੱਚ ਵਧੀਆ ਕੰਮ ਕਰਨ ਵਾਲੇ ਇਸ ਸਰਪੰਚ ਨੂੰ ਰਾਜ ਸਰਕਾਰ ਵਲੋਂ ਆਪ ਸਨਮਾਨ ਦੇ ਕੇ ਘੱਟੋ ਘੱਟ ਉਸ ਦੀ ਮਾਨਸਿਕ ਪੀੜਾ ਨੂੰ ਘੱਟ ਕਰਨਾ ਚਾਹੀਦਾ ਹੈ ਕਿਉਂ ਕਿ ਸਰਪੰਚ ਸਰਕਾਰ ਦਾ ਹੀ ਅੰਗ ਹੈ। ਇਥੇ ਕਿਸੇ ਪਾਰਟੀ ਦਾ ਸਬੰਧ ਨਹੀਂ ਹੋਣਾ ਚਾਹੀਦਾ।

ਸੁਪਰੀਮ ਕੋਰਟ ਦੇ ਫੈਸ਼ਲੇ ਜਿਸ ਵਿੱਚ ਜੋ ਮੁਲਜ਼ਮ ਸ਼ਜਾ ਭੁਗਤ ਚੁੱਕੇ ਹਨ ਉਨ੍ਹਾਂ ਦੀ ਰਿਹਾਈ ਲਈ ਨਿਰਦੇਸ਼ ਦਿੱਤੇ ਹਨ। ਪੰਜਾਬ ਦੀਆਂ ਜੇਲ੍ਹਾਂ ਅੰਦਰ ਦੀ ਜੇ ਗੱਲ ਕਰੀਏ ਤਾਂ ਬਹੁਤ ਸਾਰੇ ਨੌਜਵਾਨ ਵੱਖ -ਵੱਖ ਕੇਸਾਂ ਵਿੱਚ ਆਪਣੀ ਸ਼ਜ਼ਾ ਪੂਰੀ ਕਰ ਚੁੱਕੇ ਹਨ। ਕੇਂਦਰ ਸਰਕਾਰ ਕਿਸੇ ਵੀ ਪਾਰਟੀ ਦੀ ਆਈ ਹੋਵੇ ਇਨ੍ਹਾਂ ਨੂੰ ਰਿਹਾਅ ਕਰਨ ਲਈ ਅੱਗੇ ਨਹੀਂ ਆਈ। ਇੱਕ ਸ਼ਜਾਯਾਫਤਾ ਵਿਅਕਤੀ ਨੂੰ ਸਮਾਜ ਵਿੱਚ ਆ ਕੇ ਆਪਣੀ ਬਚਦੀ ਜ਼ਿੰਦਗੀ ਨੂੰ ਨਵੇਂ ਅੰਦਾਜ਼ ਵਿੱਚ ਜ਼ਿਊਣ ਲਈ ਉਸ ਨੂੰ ਸਨਮਾਨ ਨਾਲ ਰਿਹਾਅ ਕਰਕੇ ਹੋਰਾਂ ਲਈ ਮਿਸਾਲ ਬਣਨ ਦਾ ਮੌਕਾ ਦੇ ਕੇ ਸਮਾਜ ਵਿਰੋਧੀ ਅਨਸਰਾਂ ਨੂੰ ਸੁਧਰ ਜਾਣ ਦਾ ਸੁਨੇਹਾ ਦਿੱਤਾ ਜਾ ਸਕਦਾ ਹੈ। ਇੱਕਾ ਦੁੱਕਾ ਬੰਦੀ ਸਿੰਘ ਜੋ ਲੰਬਾ ਸਮਾਂ ਸ਼ਜਾ ਪੂਰੀ ਹੋਣ ਤੋਂ ਬਾਅਦ ਪਿਛਲੇ ਸਾਲਾਂ 'ਚ ਛੱਡੇ ਗਏ ਹਨ, ਉਹ ਆਮ ਜ਼ਿੰਦਗੀ ਵਿਚਰ ਰਹੇ ਹਨ। ਐਵੇਂ ਕਿਸੇ ਉੱਪਰ ਸ਼ੱਕ ਕਰੀ ਜਾਣਾ ਉਹ ਵੀ ਸਿਰਫ ਸਿੱਖ ਨੌਜਵਾਨਾਂ ਉੱਪਰ ਇਹ ਸਰਕਾਰ ਦੀ ਇੱਕ ਧਰਮ ਦੇ ਬੰਦਿਆਂ ਨਾਲ ਧੱਕੇਸ਼ਾਹੀ ਹੀ ਹੋਵੇਗੀ, ਸਰਕਾਰ ਦੀ ਪ੍ਰਸ਼ਾਸ਼ਨਿਕ ਕਮਜ਼ੋਰੀ ਦੀ ਵੀ ਨਿਸ਼ਾਨੀ ਹੈ। ਪੰਜਾਬ ਦਾ ਇੱਕ ਸੰਸਦ ਮੈਂਬਰ ਜੋ ਜੇਲ੍ਹ ਵਿੱਚ ਬੈਠਾ ਲੋਕ ਸਭਾ ਚੋਣ ਜਿੱਤ ਗਿਆ ਸੀ, ਉਸ ਦੀ ਲੋਕਪ੍ਰਿਆ ਨੂੰ ਦੇਖ ਸਰਕਾਰ ਬੁਖਲਾ ਗਈ। ਜਿਸ ਢੰਗ ਨਾਲ ਉਸ ਨੂੰ ਪੰਜਾਬ ਤੋਂ ਬਾਹਰਲੇ ਰਾਜ ਵਿੱਚ ਵੱਖ-ਵੱਖ ਧਾਰਾਵਾਂ ਤਹਿਤ ਦੇਸ਼ ਨੂੰ ਖਤਰਾ ਦੱਸ ਨਜ਼ਰਬੰਦ ਕੀਤਾ ਹੋਇਆ ਇਹ ਸਾਡੇ ਦੇਸ਼ ਦੇ ਲੋਕਤੰਤਰੀ ਢਾਂਚੇ ਉੱਪਰ ਵੱਡਾ ਧੱਬਾ ਹੈ। ਇਸ ਸਬੰਧ ਵਿੱਚ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਕੋਈ ਠੋਸ ਕਾਰਨ ਦੱਸਣ ਤੋਂ ਆਨਾ ਕਰਨੀ ਕਰਦੇ ਨਜ਼ਰ ਆ ਰਹੇ ਹਨ। ਉੱਚ ਅਦਾਲਤ ਵਿੱਚ ਕੇਸਾਂ ਨੂੰ ਵੀ ਪਹਿਲ ਦੇ ਆਧਾਰ ਉੱਪਰ ਸੁਣਿਆ ਨਹੀਂ ਜਾ ਰਿਹਾ। ਜਿਸ ਹਲਕੇ ਦੇ ਲੋਕਾਂ ਨੇ ਉਸ ਸੰਸਦ ਮੈਂਬਰ ਨੂੰ ਹਲਕੇ ਦੇ ਵਿਕਾਸ ਲਈ ਚੁਣਿਆ ਸੀ ਉਹ ਲੋਕਾਂ ਲਈ ਸੁਪਨਾ ਬਣ ਗਿਆ ਜਾਪਦਾ ਹੈ।

ਜੋ ਹਰੇਕ ਸਾਲ ਐਮ.ਪੀ. ਕੋਟੇ ਦੀ ਗ੍ਰਾਂਟ ਆਉਂਦੀ ਹੈ ਉਸ ਤੋਂ ਹਲਕੇ ਦਾ ਵਾਂਝਾ ਹੋਣਾ ਸੰਵਿਧਾਨਕ ਤੌਰ ਤੇ ਹਲਕੇ ਦੇ ਲੋਕਾਂ ਨਾਲ ਧੱਕਾ ਹੀ ਤਾਂ ਹੈ। ਬਹੁਤ ਸਾਰੇ ਸੰਸਦ / ਵਿਧਾਨ ਸਭਾ ਮੈਂਬਰ ਵੱਖ-ਵੱਖ ਗੰਭੀਰ ਅਪਰਾਧਾਂ ਵਿੱਚ ਕੇਸਾਂ ਦਾ ਸਾਹਮਣਾ ਕਰਦੇ ਹੋਏ ਆਜ਼ਾਦ ਫਿਰ ਰਹੇ ਹਨ। ਪਰ ਦੇਸ਼ ਨੂੰ ਖਤਰਾ ਦੱਸ ਕੇ ਪੰਜਾਬ ਦੇ ਨੌਜਵਾਨਾਂ ਨੂੰ ਨਜ਼ਰਬੰਦ ਰੱਖਣਾ ਸੰਵਿਧਾਨਿਕ ਆਜ਼ਾਦੀ ਦੇ ਹੱਕ ਤੋਂ ਵਾਂਝਾ ਰੱਖਣਾ ਹੀ ਹੈ।

## ਸੂਰਜਾਂ ਤੋਂ ਪ੍ਰੇਰਨਾਂ ਲੈ ਕੇ ਮੋਮਬੱਤੀ ਤਾਂ ਬਣੀਏਂ !



ਗੁਆਂਢੀ ਪਿੰਡ ਸ਼ੇਖੂ ਪੁਰ ਤੋਂ ਸਾਡੇ ਪਿੰਡ ਨੂੰ ਆਉਂਦੀ ਸੜ੍ਹਕ ਦੇ ਵਿਚਕਾਰ ਇੱਕ ਚੌਰਸ 'ਹੋਲ' ਹੈ। ਜੋ ਕਿ ਸੜ੍ਹਕ ਦੇ ਇੱਕ ਪਾਸਿਉਂ ਨਾਲ਼ੀ ਰਾਹੀਂ ਆਉਂਦਾ ਗੰਦਾ ਪਾਣੀ, ਦੂਜੇ ਪਾਸੇ ਬਣੇ ਖਾਲ਼ੇ ਵਿਚ ਸੁੱਟਣ ਲਈ ਬਣਾਈ ਨਾਲ਼ੀ ਵਿਚ ਡੰਡਾ ਆਦਿਕ ਫੇਰ ਕੇ ਸਫਾਈ ਕਰਨ ਲਈ ਰੱਖਿਆ ਹੋਇਆ ਹੈ। ਸੰਨ 2022 ਦੀ ਗੱਲ ਹੈ, ਸਿਆਲ਼ ਵਿਚ ਮੈਨੂੰ ਅਮਰੀਕਾ ਤੋਂ ਪਿੰਡ ਆਏ ਨੂੰ ਸਾਡੇ ਘਰ ਦਿਆਂ ਨੇ ਦੱਸਿਆ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ, ਇਸ ਸੜ੍ਹਕ 'ਤੇ ਪ੍ਰਭਾਤ ਫੇਰੀ ਵਿਚ ਸ਼ਾਮਲ ਸੰਗਤ ਸ਼ਬਦ ਪੜ੍ਹਦੀ ਜਾ ਰਹੀ ਸੀ। ਗੂੜ੍ਹੀ ਧੁੰਦ ਪਈ ਹੋਈ ਹੋਣ ਕਰਕੇ ਇੱਕ ਮਾਈ ਦਾ ਪੈਰ ਇਸ ਖੁੱਲ੍ਹੇ ਹੋਲ ਵਿਚ ਜਾ ਪਿਆ। ਮੰਦੇ ਭਾਗਾਂ ਨੂੰ ਨਾਲ਼ੀ ਵਿਚ ਕਿਸੇ ਬੇਵਕੂਫ ਨੇ ਬੋਤਲ ਭੰਨ ਕੇ ਸੁੱਟੀ ਹੋਈ ਸੀ। ਕੱਚ ਵੱਜਣ ਨਾਲ ਮਾਈ ਦਾ ਪੈਰ ਲਹੂ ਲੁਹਾਨ ਹੋ ਗਿਆ !

ਵਿਚਾਰੀ ਲੰਗੜਾ ਕੇ ਤੁਰਦੀ ਹੋਈ ਲੰਮਾਂ ਸਮਾਂ ਜ਼ਖਮਾਂ ਦਾ ਇਲਾਜ ਕਰਾਉਂਦੀ ਰਹੀ। ਇਹ ਦੁਖਦਾਈ ਗੱਲ ਸੁਣ ਕੇ ਮੈਂ ਲੋਹੇ ਦਾ ਕੰਮ ਕਰਦੇ ਆਪਣੇ ਪਿੰਡ ਵਾਲ਼ੇ ਮੁੰਡੇ ਨੂੰ ਕਿਹਾ ਕਿ ਇਹ ਹੋਲ ਕਵਰ ਕਰਨ ਲਈ ਮਜ਼ਬੂਤ ਜਿਹਾ ਕੁੱਝ ਬਣਾ। ਕਾਰੀਗਰ ਮੁੰਡਾ ਹੱਸ ਕੇ ਕਹਿੰਦਾ ਚਾਚਾ ਜੀ ਕਿਸੇ ਨਸ਼ੇੜੀ ਨੇ ਲੋਹਾ ਚੁੱਕ ਕੇ ਵੇਚ ਦੇਣਾ ਐਂ ! ਉਹਨੂੰ ਜ਼ੋਰ ਪਾ ਕੇ ਮੈਂ ਕਿਹਾ ਕਿ ਤੂੰ ਇਕ ਵਾਰੀ ਬਣਾ ਕੇ ਫਿੱਟ ਕਰਦੇ, ਜੇ ਕੋਈ ਲੈ ਗਿਆ ਤਾਂ ਉਦੇ ਈ ਇਕ ਹੋਰ ਬਣਾ ਕੇ ਰੱਖ ਦਿਆਂ ਗੇ। ਸ਼ਾਇਦ ਚੋਰ ਨੂੰ ਸ਼ਰਮ ਆ ਜਾਵੇ !

ਚਲੋ ਜੀ, ਮੁੰਡੇ ਨੇ ਲੋਹੇ ਦਾ ਮਜ਼ਬੂਤ ਸ਼ਿਕੰਜਾ ਜਿਹਾ ਬਣਾ ਕੇ ਹੋਲ ਉੱਤੇ ਫਿੱਟ ਕਰ ਦਿੱਤਾ। ਹੁਣ 2025 ਦਾ ਵਰ੍ਹਾ ਜਾ ਰਿਹਾ ਐ, ਜਦ ਕਦੇ ਵੀ ਮੈਂ ਇਸ ਹੋਲ ਕੋਲ਼ੋਂ ਲੰਘਦਾ ਹਾਂ ਤਦ ਮੈਂ ਹਜਾਰਾਂ ਲੱਖਾਂ ਰੁਪਏ ਲਾ ਕੇ ਰਾਹ-ਰਸਤੇ ਸੜ੍ਹਕਾਂ ਸਵਾਰਨ ਵਾਲ਼ੇ ਲੋਕਾਈ-ਸੇਵਕਾਂ ਨੂੰ ਯਾਦ ਕਰਕੇ, ਸਿਰ ਝੁਕਾਉਂਦਾ ਸੋਚਿਆ ਕਰਦਾ ਹਾਂ ਕਿ ਮੈਨੂੰ ਨੌਂ ਸੌ ਰੁਪਏ ਲਾ ਕੇ ਵੱਡੀ ਪ੍ਰਸੰਨਤਾ ਹਾਂਸਲ ਹੋਈ ਹੈ, ਉਨ੍ਹਾਂ ਦਾਨੀ ਸੱਜਣਾ ਵਲੋਂ ਕੀਤੀ ਹੋਈ ਸੇਵਾ ਤੋਂ ਉਹ ਕਿੰਨੇ ਅਨੰਦਿਤ ਹੁੰਦੇ ਹੋਣਗੇ !

'ਸੂਰਜ ਨਾ ਬਨ ਸਕੋ ਤੋ ਸ਼ਮਾਂ ਰਾਹ-ਗੁਜ਼ਰ ਸਹੀ ਦੁਨੀਆਂ ਮੇਂ ਜੀਨੇ ਕਾ ਕੋਈ ਮੁੱਦਾ ਤੋ ਹੋ !'

ਤਰਲੋਚਨ ਸਿੰਘ ਦੁਪਾਲ ਪੁਰ, 78146-92724 tsdupalpuri@yahoo.com

# ਕਲਮ ਦੀ ਮੈਰਾਥਨ ਦੇ ਦੌੜਾਕ ਪ੍ਰਿੰਸੀਪਲ ਸਰਵਣ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਯਾਦਗਾਰੀ ਲਾਈਫ ਟਾਈਮ ਅਚੀਵਮੈਂਟ ਅਵਾਰਡ

**ਪੂਰਨ ਸਿੰਘ ਪਾਂਧੀ**

ਪ੍ਰਿੰਸੀਪਲ ਸਰਵਣ ਸਿੰਘ ਪੰਜਾਬੀ ਖੇਡ-ਸਾਹਿਤ ਦਾ ਮੋਢੀ ਲੇਖਕ ਹੈ। ਕੋਈ ਉਸ ਨੂੰ ਪੰਜਾਬੀ ਖੇਡ ਪੱਤਰਕਾਰੀ ਦਾ ਕੌਮਾਂਤਰੀ ਪੱਤਰਕਾਰ ਕਹਿੰਦਾ ਹੈ ਤੇ ਕੋਈ ਖੇਡ ਸਾਹਿਤ ਦਾ ਬਾਬਾ ਬੋਹੜ। ਜਸਵੰਤ ਸਿੰਘ ਕੰਵਲ ਨੇ ਉਸ ਨੂੰ 'ਖੇਡਾਂ ਦਾ ਵਣਜਾਰਾ' ਕਹਿੰਦਿਆਂ ਲਿਖਿਆ ਸੀ: ਬੁਨਿਆਦੀ ਪੱਖੋਂ ਉਸ ਨੇ ਖੇਡ ਸਾਹਿਤ ਦਾ ਪਿੜ ਬੰਨ੍ਹ ਦਿੱਤਾ ਹੈ। ਖਿਡਾਰੀਆਂ ਦੇ ਉਤਸ਼ਾਹ ਨੂੰ ਜ਼ਰਬਾਂ ਦਿੱਤੀਆਂ ਹਨ। ਨਵੇਂ ਪੋਚ ਦੇ ਲਹੂ ਵਿੱਚ ਅੰਗੜਾਈਆਂ ਛੇੜੀਆਂ ਹਨ ਅਤੇ ਸੈਂਕੜੇ ਹਜ਼ਾਰਾਂ ਪਾਠਕਾਂ ਨੂੰ ਖੇਡਾਂ ਵੱਲ ਮੋੜਿਆ ਹੈ। ਡਾ. ਹਰਿਭਜਨ ਸਿੰਘ ਨੇ ਲਿਖਿਆ: ਸਰਵਣ ਸਿੰਘ 'ਸ਼ਬਦਾਂ ਦਾ ਓਲੰਪੀਅਨ' ਹੈ। ਵੇਖਣ ਨੂੰ ਉਹਦੀ ਲਿਖਤ ਸਿਧੀ ਸਾਦੀ ਜਾਪਦੀ ਹੈ, ਪਰ ਉਹਦੀ ਸ਼ਬਦ-ਘਾੜਤ ਪਿੱਛੇ ਬੜੀ ਕਰੜੀ ਘਾਲਣਾ ਦਾ ਝਾਉਲਾ ਪੈਂਦਾ ਹੈ। ਹਰ ਵਾਕ ਤਿੱਖੀ ਝੁੱਟੀ ਮਾਰ ਕੇ ਨੱਸਦਾ ਹੈ। ਉਹਦੇ ਵੇਗ ਤੋਂ ਤਾਂ ਇਹੋ ਜਾਪਦਾ ਹੈ ਕਿ ਉਹਨੇ ਜੱਗ ਜਿੱਤਣ ਦੇ ਮਨੋਰਥ ਨਾਲ ਕਰੜੀ ਮਸ਼ਕ ਕੀਤੀ ਹੈ। ਉਹਦੀ ਲਿਖਤ ਆਪਣੀ ਫ਼ਾਰਮ ਨਾਲ ਹੀ ਚਕਾਚੌਂਧ ਕਰ ਦੇਂਦੀ ਹੈ!

ਵਰਿਆਮ ਸਿੰਘ ਸੰਧੂ ਨੇ 'ਪੰਜਾਬੀ ਵਾਰਤਕ ਦਾ ਉੱਚਾ ਬੁਰਜ ਸਰਵਣ ਸਿੰਘ' ਪੁਸਤਕ ਵਿੱਚ ਲਿਖਿਆ: ਸਰਵਣ ਸਿੰਘ ਦੀਆਂ ਲਿਖਤਾਂ ਵਿੱਚ ਵੱਖਰਾ ਹੀ ਜਨੂੰਨ ਹੈ। ਪਾਠਕ ਉਸ ਦੀਆਂ ਰਚਨਾਵਾਂ ਦੀ ਟਿਕ-ਟਿਕੀ ਲਾ ਕੇ ਉਡੀਕ ਕਰਦੇ ਹਨ। ਉਸ ਦੀਆਂ ਰਚਨਾਵਾਂ ਨੇ ਪਾਠਕਾਂ ਅੰਦਰਲਾ ਖਿਡਾਰੀ ਜੋ ਅਲੋਪ ਹੋ ਚੁੱਕਾ ਸੀ ਉਸ ਨੂੰ ਮੁੜ ਕੇ ਸੁਰਜੀਤ ਕਰ ਦਿੱਤਾ ਹੈ। ਸਰਵਣ ਸਿੰਘ ਦੀਆਂ 'ਆਰਸੀ' ਵਿਚ ਛਪ ਰਹੀਆਂ ਪਹਿਲੀਆਂ ਰਚਨਾਵਾਂ ਹੀ ਮਾਊਂਟ ਐਵਰੈਸਟੀ ਬੁਲੰਦੀ ਤੋਂ ਬੋਲਦੀਆਂ ਸਨ। ਉਸ ਕੋਲ ਸ਼ਬਦਾਂ ਦੇ ਹੁਸਨ ਨੂੰ ਪਛਾਨਣ, ਤਰਤੀਬਣ ਤੇ ਵਿਉਂਤਣ ਦੀ ਅਲੋਕਾਰੀ ਸਮਰੱਥਾ ਸੀ। ਕਵੀ ਗੁਰਚਰਨ ਰਾਮਪੁਰੀ ਨੇ ਉਹਦਾ 'ਤੁਰੋ ਤੇ ਤੰਦਰੁਸਤ ਰਹੋ' ਲੇਖ ਪੜ੍ਹ ਕੇ ਚਿੱਠੀ ਲਿਖੀ: ਅਜਿਹੀ ਸੋਹਣੀ ਵਾਰਤਕ ਪੜ੍ਹ ਕੇ ਪੰਜਾਬੀ ਬੋਲੀ ਦੀ ਸਮਰੱਥਾ ਉਤੇ ਮੇਰਾ ਭਰੋਸਾ ਹੋਰ ਪੱਕਾ ਹੋ ਗਿਆ। ਤੁਹਾਡੀ ਵਾਰਤਕ ਅਜਿਹੀ ਸੰਜਮ ਭਰੀ ਹੁੰਦੀ ਹੈ ਕਿ ਤੁਹਾਡੇ ਉਤੇ ਰਸ਼ਕ ਆਉਂਦਾ ਹੈ। ਨਾਟਕਕਾਰ ਆਤਮਜੀਤ ਦੇ ਲਿਖਣ ਅਨੁਸਾਰ: ਸਰਵਣ ਸਿੰਘ ਦੀ ਸਵੈਜੀਵਨੀ 'ਹਸੰਦਿਆਂ ਖੇਲੰਦਿਆਂ' ਪੜ੍ਹਨ ਤੋਂ ਬਾਅਦ ਇਸ ਗੱਲ ਵਿਚ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਉਹ ਪੰਜਾਬੀ ਵਿੱਚ ਸਰਵੋਤਮ ਵਾਰਤਕ ਰਚ ਰਹੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਲੇਖਕਾਂ ਵਿੱਚੋਂ ਇੱਕ ਹੈ।

ਕੋਈ ਕਲਮਕਾਰ ਉਸ ਨੂੰ ਪੰਜਾਬੀ ਦਾ ਇੰਟਰਨੈਸ਼ਨਲ ਖੇਡ ਲੇਖਕ ਕਹਿੰਦਾ ਹੈ, ਕੋਈ ਪੰਜਾਬੀ ਖੇਡ ਸਭਿਆਚਾਰ ਦਾ ਖੇਡ ਰਤਨ ਤੇ ਕੋਈ ਗਿਆਨੀ ਗੁਰਦਿੱਤ ਸਿੰਘ ਵਰਗਾ ਪੇਂਡੂ ਰਹਿਤਲ ਦਾ ਦਿਲਚਸਪ ਲੇਖਕ। ਵਰਿਆਮ ਸਿੰਘ ਸੰਧੂ ਨੇ ਇਹ ਵੀ ਲਿਖਿਆ: ਪਿਛਲੇ ਪੰਜਾਹ-ਸੱਠਾਂ ਸਾਲਾਂ ਵਿੱਚ ਪੰਜਾਬ ਦਾ ਪਿੰਡ ਕਿਵੇਂ ਜੀਵਿਆ, ਵਿਚਰਿਆ ਤੇ ਬਦਲਿਆ, ਇਸ ਦੀ ਸਭ ਤੋਂ ਵੱਡੀ ਯਾਦ-ਜੋਗ ਝਾਕੀ ਸਰਵਣ ਸਿੰਘ ਦੀਆਂ ਲਿਖਤਾਂ ਵਿਚੋਂ ਹੀ ਮਿਲੇਗੀ। ਇਹਨਾਂ ਲਿਖਤਾਂ ਵਿੱਚ ਬਦਲ ਰਹੇ ਪੰਜਾਬ ਦੀ ਆਤਮਾ ਦੇ ਬਹੁਰੰਗੇ ਝਲਕਾਰੇ ਦ੍ਰਿਸ਼ਟਮਾਨ ਹੁੰਦੇ ਹਨ। ਉਸ ਨੇ ਗਿਆਨੀ ਗੁਰਦਿੱਤ ਸਿੰਘ ਦੇ ਬੁਲੰਦ ਝੰਡੇ ਦੇ ਨਾਲ ਆਪਣਾ ਝੰਡਾ ਵੀ ਬਰਾਬਰ ਗੱਡ ਦਿੱਤਾ ਹੈ। ਜੇ ਇਹ ਝੰਡਾ ਗਿਆਨੀ ਹੁਰਾਂ ਦੇ ਝੰਡੇ ਤੋਂ ਉੱਚਾ ਨਹੀਂ ਤਾਂ ਨੀਵਾਂ ਤਾਂ ਕਿਸੇ ਸੂਰਤ ਵਿਚ ਵੀ ਨਹੀਂ।

ਗੁਰਬਚਨ ਸਿੰਘ ਭੁੱਲਰ ਨੇ ਲਿਖਿਆ: ਯੂਨੀਵਰਸਿਟੀਆਂ ਬੇਸ਼ਕ ਅੱਖਾਂ ਬੰਦ ਕਰੀ ਰੱਖਣ, ਜਿਥੋਂ ਤੱਕ ਪੰਜਾਬੀ ਖੇਡ-ਸਾਹਿਤ ਨੂੰ ਪਿਆਰ ਕਰਨ ਵਾਲਿਆਂ ਦਾ ਤੇ ਉਸ ਵਿੱਚ ਪਾਏ ਸਰਵਣ ਸਿੰਘ ਦੇ ਹਿੱਸੇ ਦੇ ਕਦਰਦਾਨਾਂ ਦਾ ਸੰਬੰਧ ਹੈ, ਉਹ ਪੰਜਾਬੀ ਖੇਡ-ਸਾਹਿਤ ਦਾ ਪੀਐੱਚ.ਡਾਕਟਰ ਹੀ ਨਹੀਂ, ਡੀ.ਲਿਟ ਹੈ! ਸਗੋਂ ਮੇਰੀ ਚਾਹ ਅਤੇ ਕਲਪਨਾ ਤਾਂ ਇਸ ਤੋਂ ਵੀ ਅੱਗੇ ਜਾਂਦੀ ਹੈ। ਪੰਜਾਬ ਦੀ ਕੋਈ ਦੂਰਦਰਸ਼ੀ ਸਰਕਾਰ ਹੋਵੇ ਤੇ ਖੇਡ-ਯੂਨੀਵਰਸਿਟੀ ਕਾਇਮ ਕਰ ਕੇ ਸਾਰੀਆਂ ਖੇਡਾਂ ਦੇ ਕਣ-ਕਣ ਦੇ ਗਿਆਤਾ ਸਰਵਣ ਸਿੰਘ ਨੂੰ ਉਹਦਾ ਵਾਈਸ-ਚਾਂਸਲਰ ਬਣਾਵੇ। ਸਰਕਾਰ ਬਣਾਵੇ, ਨਾ ਬਣਾਵੇ, ਸਰਵਣ ਸਿੰਘ ਖੇਡ-ਸਾਹਿਤ ਦੇ ਵਿਕਾਸ ਦਾ ਨਿਰਵਿਵਾਦ ਵਾਈਸ-ਚਾਂਸਲਰ ਹੈ।

ਸੱਠ-ਪੈਂਠ ਸਾਲਾਂ ਤੋਂ ਉਸ ਦੀ ਕਲਮ ਲਗਾਤਾਰ ਚੱਲ ਰਹੀ ਹੈ। ਪੱਚੀ ਛੱਬੀ ਕਿਤਾਬਾਂ ਤਾਂ ਉਸ ਨੇ ਖੇਡਾਂ ਖਿਡਾਰੀਆਂ ਬਾਰੇ ਹੀ ਲਿਖ ਧਰੀਆਂ ਹਨ ਤੇ ਪੱਚੀ ਤੀਹ ਹੋਰਨਾਂ ਸਾਹਿਤ ਵਿਧਾਵਾਂ ਵਿਚ ਲਿਖੀਆਂ ਹਨ। ਨਾਵਲ ਤੇ ਨਾਟਕ ਤੋਂ ਬਿਨਾਂ ਸ਼ਾਇਦ ਹੀ ਕੋਈ ਸਾਹਿਤਕ ਰੂਪ ਹੋਵੇ ਜਿਸ ਵਿਚ ਉਸ ਨੇ ਨਾ ਲਿਖਿਆ ਹੋਵੇ। ਨਾਲੇ ਅਜੇ ਕਿਹੜਾ ਬੱਸ ਹੈ! ਅੱਜਕੱਲ੍ਹ ਬਾਬਾ ਫੌਜਾ ਸਿੰਘ ਦੀ ਜੀਵਨੀ ਲਿਖ ਰਿਹੈ ਤੇ ਨਾਲ ਹੀ ਦੋਹਾਂ ਦਾਰਿਆਂ ਦੀ ਦਾਸਤਾਨ। ਉਹਦੀ ਕਲਮ ਦੀ ਮੈਰਾਥਨ ਅਜੇ ਜਾਰੀ ਹੈ। ਵੇਖਦੇ ਹਾਂ ਕਦੋਂ ਬੱਸ ਕਰਦੈ?

ਉਸ ਨੇ ਨਾਮੀ ਖਿਡਾਰੀਆਂ ਦੀ ਲਗਨ, ਮਿਹਨਤ, ਸਿਦਕ ਤੇ ਸਿਰੜ, ਉਨ੍ਹਾਂ ਦੀ ਖਾਧ-ਖੁਰਾਕ ਤੇ ਉਨ੍ਹਾਂ ਦੀਆਂ ਖੇਡਾਂ ਨੂੰ ਬਹੁਤ ਬਰੀਕੀ ਨਾਲ਼ ਦੇਖਿਆ ਤੇ ਆਪਣੀ ਵਿਲੱਖਣ ਲਿਖਣ-ਸ਼ੈਲੀ 'ਚ ਉਨ੍ਹਾਂ ਦਾ ਵਰਨਣ ਕੀਤਾ ਹੈ। ਕੇਵਲ ਅਜੋਕੇ ਸਮੇ ਦੀਆਂ ਖੇਡਾਂ ਬਾਰੇ ਹੀ ਨਹੀਂ; ਸਗੋਂ ਬਹੁਤ ਸਾਰੀਆਂ ਅਲੋਪ ਹੋ ਰਹੀਆਂ ਖੇਡਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਕਲਮ ਦੀ ਰਫਤਾਰ ਅਜੇ ਵੀ ਮੈਰਾਥਨ ਦੀ ਚਾਲ ਚੱਲ ਰਹੀ ਹੈ। ਹਰ ਸਾਲ ਇੱਕ ਦੋ ਕਿਤਾਬਾਂ ਛਪੀ ਜਾ ਰਹੀਆਂ ਹਨ।

ਸਰਵਣ ਸਿੰਘ ਦਾ ਜਨਮ ਸ. ਬਾਬੂ ਸਿੰਘ ਸੰਧੂ ਦੇ ਘਰ ਮਾਤਾ ਕਰਤਾਰ ਕੌਰ ਦੀ ਕੁਖੋਂ 8 ਜੁਲਾਈ 1940 ਨੂੰ ਪਿੰਡ ਚਕਰ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ। ਮੁੱਢਲੀ ਪੜ੍ਹਾਈ ਚਕਰ, ਹਾਈ ਮੱਲ੍ਹਾ, ਕਾਲਜ ਦੀ ਫਾਜ਼ਿਲਕਾ, ਬੀ.ਐੱਡ ਮੁਕਤਸਰ ਤੇ ਐਮ.ਏ




ਦੀ ਦਿੱਲੀ ਯੂਨੀਵਰਸਿਟੀ ਤੋਂ ਕਰ ਕੇ 1965 'ਚ ਦਿੱਲੀ ਦੇ ਖਾਲਸਾ ਕਾਲਜ ਵਿੱਚ ਲੈਕਚਰਾਰ ਲੱਗ ਗਿਆ ਸੀ। 1967 ਵਿੱਚ ਢੁੱਡੀਕੇ ਕਾਲਜ ਬਣਿਆ ਤਾਂ ਜਸਵੰਤ ਸਿੰਘ ਕੰਵਲ ਨੇ ਦਿੱਲੀ ਤੋਂ ਪੁੱਟ ਕੇ ਢੁੱਡੀਕੇ ਲੈ ਆਂਦਾ। ਤੀਹ ਸਾਲ ਢੁੱਡੀਕੇ ਕਾਲਜ ਵਿਚ ਪੇਂਡੂ ਵਿਦਿਆਰਥੀਆਂ ਨੂੰ ਪੜ੍ਹਾਇਆ ਤੇ ਖਿਡਾਇਆ। ਪੜ੍ਹਾਈ ਨਾਲ ਖੇਡਾਂ ਵਿਚ ਵੀ ਯੂਨੀਵਰਸਿਟੀ ਦੀਆਂ ਟਰਾਫ਼ੀਆਂ ਜਿੱਤੀਆਂ ਜਿਸ ਨਾਲ ਢੁੱਡੀਕੇ ਕਾਲਜ ਦੀ ਬੱਲੇ-ਬੱਲੇ ਹੋਈ।

1996 ਤੋਂ 2000 ਤਕ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਦਾ ਪ੍ਰਿੰਸੀਪਲ ਬਣ ਕੇ ਖੇਡ ਟਰਾਫੀਆਂ ਉਸ ਕਾਲਜ ਨੂੰ ਵੀ ਜਿੱਤਵਾਈਆਂ ਤੇ ਪੇਂਡੂ ਕਾਲਜ ਵਿਚ ਵਿਦਿਆਰਥੀਆਂ ਦੀ ਗਿਣਤੀ ਸਵਾ ਤਿੰਨ ਸੌ ਤੋਂ ਸਾਢੇ ਗਿਆਰਾਂ ਸੌ ਤਕ ਪੁਚਾਈ। ਉਹ ਕਾਲਜ ਸ. ਗੁਰਚਰਨ ਸਿੰਘ ਸ਼ੇਰਗਿੱਲ ਨੇ ਆਪਣੇ ਇਕਲੌਤੇ ਪੁੱਤਰ ਅਮਰਦੀਪ ਦੀ ਯਾਦ ਵਿਚ ਸਥਾਪਿਤ ਕੀਤਾ ਸੀ। ਡਾ. ਸਰਦਾਰਾ ਸਿੰਘ ਜੌਹਲ ਜੋ ਮੁਕੰਦਪੁਰ ਵਿਆਹੇ ਹਨ, ਉਨ੍ਹਾਂ ਨੂੰ ਉਮਰ ਭਰ ਲਈ ਕਾਲਜ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ ਸੀ। ਜੌਹਲ ਸਾਹਿਬ ਹੀ ਕੰਵਲ ਸਾਹਿਬ ਦੀ ਸਲਾਹ ਨਾਲ ਪ੍ਰੋ. ਸਰਵਣ ਸਿੰਘ ਨੂੰ ਢੁੱਡੀਕੇ ਦੇ ਪੇਂਡੂ ਕਾਲਜ ਤੋਂ ਮੁਕੰਦਪੁਰ ਦੇ ਪੇਂਡੂ ਕਾਲਜ ਵਿਚ ਲੈ ਗਏ ਸਨ।

ਮੈਂ ਆਪਣੀ ਕਿਤਾਬ 'ਮੇਰੇ ਸਜਣ ਮੀਤ ਮੁਰਾਰੇ ਜੀਓ' ਵਿੱਚ ਇਨ੍ਹਾਂ ਦੇ ਸ਼ਬਦ ਚਿੱਤਰ ਦਾ ਸਿਰਲੇਖ ਦਿੱਤਾ ਸੀ: ਸੁਰੀਲੀਆਂ ਸੁਰਾਂ ਦਾ ਸੰਗੀਤ ਸਰਵਣ ਸਿੰਘ। ਕਾਵਿਕ ਸੰਸਾਰ ਅਨੁਸਾਰ ਜੇ ਕਿਸੇ ਵਾਕ ਜਾਂ ਸਤਰ ਵਿਚ, ਇੱਕ ਤੋਂ ਵਧੇਰੇ ਅੱਖਰ ਜਾਂ ਸ਼ਬਦ ਬਾਰ ਬਾਰ ਆਉਣ ਅਤੇ ਲੈਅ ਪੈਦਾ ਕਰਨ ਉਸ ਅਲੰਕਾਰ ਨੂੰ ਅਨੁਪ੍ਰਾਸ ਅਲੰਕਾਰ ਆਖਿਆ ਜਾਂਦੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਅਲੰਕਾਰ ਦੀਆਂ ਬਹੁਤ ਖੂਬਸੂਰਤ ਮਿਸਾਲਾਂ ਹਨ।

ਪ੍ਰਿੰ. ਸਰਵਣ ਸਿੰਘ ਦੀ ਵਾਰਤਕ-ਸ਼ੈਲੀ ਕਿਸੇ ਹੋਰ ਦੀ ਨਕਲ ਨਹੀਂ, ਉਸ ਨੇ ਕਿਸੇ ਦੀ ਵੱਟ 'ਤੇ ਖਲੋਅ ਕੇ ਹਾਕਾਂ ਨਹੀਂ ਮਾਰੀਆਂ, ਆਪਣੇ ਆਪ ਸਿੱਧੇ ਬਨੇਰਿਆਂ ਨੂੰ ਹੱਥ ਪਾਏ ਹਨ ਅਤੇ ਮਮਟੀਆਂ 'ਤੇ ਚੜ੍ਹ ਕੇ ਆਪਣੀ ਚਮਕ ਬਿਖੇਰੀ ਹੈ। ਆਪਣੇ ਨਗਮੇ ਦੀ ਸਰਗਮ ਉਸ ਨੇ ਆਪ ਤਿਆਰ ਕੀਤੀ ਹੈ। ਇਹ ਉਸ ਦਾ ਮੌਲਕ ਨਗਮਾ ਹੈ। ਉਸ ਦੀ ਵਾਰਤਕ ਨਾਲ਼ ਖੇਡਾਂ ਬਾਰੇ ਇੱਕ ਨਵੀਂ ਤੇ ਨਿਵੇਕਲੀ ਖੇਡ-ਸ਼ੈਲੀ ਹੋਂਦ ਵਿਚ ਆਈ ਹੈ। ਖੇਡ ਖੇਤਰ ਵਿਚ ਸਾਦੇ ਤੇ ਸੌਖੇ ਸ਼ਬਦ ਅਤੇ ਚੁਸਤ ਛੋਟੀ ਵਾਕ ਬਣਤਰ ਦਾ ਹੋਣਾ ਜ਼ ਹੈ। ਇਸੇ ਗੁਣ ਕਰ ਕੇ ਉਸ ਦੀ ਵਾਰਤਕ ਲੰਮੇ, ਭਾਰੇ ਤੇ ਔਖੇ ਫਿਕਰਿਆਂ ਦਾ ਜਾਲ਼ ਜੰਜਾਲ ਨਹੀਂ। ਉਹ ਵਿਸ਼ੇਸ਼ਣਾਂ, ਕਿਰਿਆ ਵਿਸ਼ੇਸ਼ਣਾ ਦੀ ਸੁਰਖੀ ਬਿੰਦੀ ਨਹੀਂ ਲਾਉਂਦਾ, ਅਲੰਕਾਰਾਂ, ਕੁਟੇਸ਼ਨਾਂ ਜਾਂ ਕਾਵਿ-ਟੋਟਿਆਂ ਨਾਲ਼ ਵਾਰਤਕ ਦਾ ਹਾਰ ਸ਼ਿੰਗਾਰ ਨਹੀਂ ਕਰਦਾ।

ਉਹਦੀ ਵਾਰਤਕ ਸਹਿਜ ਸੁਭਾਅ ਤੇ ਸਿੱਧੀਆਂ ਸਪੱਸ਼ਟ ਗੱਲਾਂ ਹੁੰਦੀਆਂ ਹਨ। ਫਿਰ ਵੀ ਉਸ ਦੀ ਵਾਰਤਕ-ਸ਼ੈਲੀ ਵਿਚ ਪੇਂਡੂ ਮੁਟਿਆਰ ਦੀ ਸਾਦਗੀ ਵਰਗਾ ਲੋਹੜਿਆਂ ਦਾ ਹੁਸਨ ਤੇ ਅੰਤਾਂ ਦੀ ਖੂਬਸੂਰਤੀ ਹੁੰਦੀ ਹੈ। ਵਾਕ-ਬਣਤਰ ਵਿਚ ਇਨ੍ਹਾਂ ਤੇਜ਼ ਤੇ ਤਿੱਖਾ ਪ੍ਰਭਾਵ ਹੁੰਦਾ ਹੈ ਅਤੇ ਬਿਆਨ ਵਿਚ ਇੰਨਾ ਵੇਗ ਤੇ ਵਹਾਅ ਹੁੰਦਾ ਹੈ ਕਿ ਨਗਮੇ ਦੀ ਧੁਨ ਵਾਂਗ ਹਰ ਵਾਕ ਵਿਚ, ਇੱਕ ਇੱਕ ਸ਼ਬਦ ਤਾਲ ਦਿੰਦਾ ਤੇ ਅੱਖਰ ਨਿਰਤ ਕਰਦੇ ਜਾਪਦੇ ਹਨ। ਦ੍ਰਿਸ਼ ਵਰਨਣ ਇੰਨਾ ਤੀਬਰ ਤੇ ਰੌਚਕ ਹੁੰਦਾ ਹੈ ਕਿ ਪਾਠਕ ਪੱਬਾਂ ਭਾਰ ਹੁੰਦਾ, ਖਿਡਾਰੀ ਦੇ ਸਾਹਾਂ ਨਾਲ ਸਾਹੋ ਸਾਹ ਹੋਇਆ ਮਹਿਸੂਸ ਕਰਦਾ ਹੈ। ਉਹਦੀ ਵਾਰਤਕ ਦੀ ਫਲਸਫਾਨਾ ਵੰਨਗੀ ਵੀ ਵੇਖੋ: ਸ੍ਰਿਸ਼ਟੀ ਅਲੌਕਿਕ ਖੇਡ ਮੇਲਾ ਹੈ ਤੇ ਬ੍ਰਹਿਮੰਡ ਉਸ ਦਾ ਵਿਸ਼ਾਲ ਖੇਡ ਮੈਦਾਨ। ਧਰਤੀ, ਸੂਰਜ, ਚੰਦ, ਤਾਰੇ ਤੇ ਉਪਗ੍ਰਹਿ ਉਸ ਦੇ ਖਿਡਾਰੀ ਹਨ। ਦਿਨ-ਰਾਤ ਤੇ ਰੁੱਤਾਂ ਦੇ ਗੇੜ ਮੈਚਾਂ ਦਾ ਸਮਾਂ ਹਨ। ਜੀਵਨ ਇੱਕ ਖੇਡ ਹੀ ਤਾਂ ਹੈ। ਜੀਵ ਆਉਂਦੇ ਹਨ ਤੇ ਤੁਰੇ ਜਾਂਦੇ ਹਨ। ਕੋਈ ਜਿੱਤ ਰਿਹੈ, ਕੋਈ ਹਾਰ ਰਿਹੈ। ਜਿਹੜੇ ਜਿੱਤ ਜਾਂਦੇ ਨੇ ਉਹ ਬੱਲੇ-ਬੱਲੇ ਕਰਾ ਜਾਂਦੇ ਨੇ ਤੇ ਜਿਹੜੇ ਹਾਰ ਜਾਂਦੇ ਨੇ ਉਹ ਭੁੱਲ-ਭੁਲਾ ਜਾਂਦੇ ਨੇ। ਕੁਦਰਤ ਦੇ ਕਾਦਰ ਨੇ ਅਲੌਕਿਕ ਮੇਲਾ ਰਚਾ ਰੱਖਿਐ ਤੇ ਬਾਜ਼ੀ ਪਾ ਰੱਖੀ ਹੈ: ਬਾਜੀਗਰ ਡੰਕ ਬਜਾਈ। ਸਭ ਖਲਕ ਤਮਾਸ਼ੇ ਆਈ।

ਪ੍ਰਿੰ. ਸਰਵਣ ਸਿੰਘ ਦੀ ਲਿਖਣ-ਸ਼ੈਲੀ ਹੋਵੇ, ਬੋਲਣ-ਸ਼ੈਲੀ ਜਾਂ ਉਸ ਦੀ ਸਮੁੱਚੀ ਜੀਵਨ-ਸ਼ੈ ਉਸ ਨੂੰ ਜਿਸ ਕੋਣ ਤੋਂ ਮਰਜੀ ਦੇਖ ਲਵੋ, ਜਿੱਥੋਂ ਮਰਜੀ ਫਰੋਲ਼ ਲਵੋ; ਹਰ ਥਾਂ ਸਹਿਜ ਤੇ ਸੁਰੀਲੀਆਂ ਸੁਰਾਂ ਦਾ ਸੰਗੀਤ ਸੁਣਾਈ ਦੇਵੇਗਾ। ਗੱਲ ਕਰੇਗਾ ਠਰੰਮੇ ਤੇ ਧੀਮੇ ਅੰਦਾਜ਼ ਵਿਚ, ਜਿਵੇਂ ਮੰਦਰ ਸਪਤਕ ਦੀਆਂ ਸੁਰਾਂ ਵਿਚ ਸਹਿਗਲ ਗੀਤ ਗਾ ਰਿਹਾ ਹੋਵੇ। ਚੋਣਵੇਂ ਸ਼ਬਦ, ਢੁਕਵੇਂ ਬੋਲ ਤੇ ਉਚਾਰਣ ਵਿਚ ਕਿਸੇ ਮੁਟਿਆਰ ਦੀ ਫੁਲਕਾਰੀ ਦੇ ਉੱਭਰਦੇ ਰੰਗਾਂ ਵਰਗਾ ਹੁਸਨ। ਸਾਦਾ ਰਹਿਣ ਸਹਿਣ, ਸਾਦਾ ਪਹਿਨਣ-ਪੱਚਰਣ ਤੇ ਸਾਦਾ ਖਾਣ-ਪੀਣ। ਕਿਸੇ ਥਾਂ ਉਚੇਚ ਜਾਂ ਬਨਾਵਟ ਨਹੀਂ, ਕੋਈ ਓਪਰਾਪਣ ਜਾਂ ਦਿਖਾਵਾ ਨਹੀਂ। ਨਿੰਦਾ, ਚੁਗਲੀ ਜਾਂ ਈਰਖਾ ਕਰਨੀ ਉਹਦੇ ਜ਼ਮੀਰ ਵਿਚ ਹੀ ਨਹੀਂ।

**ਬਾਕੀ ਹਿਸਾ ਸਫਾ 56 ਤੇ ਪੜ੍ਹੋ**

55 ਸਫ਼ੇ ਦੀ ਬਾਕੀ

ਬੁਰਾ ਕਰਨਾ ਜਾਂ ਬੇਵਫ਼ਾਈ ਕਰਨੀ ਉਸ ਦੀ ਜ਼ਮੀਰ ਵਿਚ ਨਹੀਂ। ਉੱਚੀ ਬੋਲ ਕੇ ਜਾਂ ਧੱਕੇ ਨਾਲ਼ ਗੱਲ ਕਰਨ ਦਾ ਉਸ ਦਾ ਸੁਭਾਅ ਨਹੀਂ, ਕਿਸੇ ਦੀ ਗੱਲ ਰੋਕਣ-ਟੋਕਣ ਦੀ ਵੀ ਉਸ ਦੀ ਆਦਤ ਨਹੀਂ। ਗੱਲ ਸੁਣੇਗਾ ਧੀਰਜ ਤੇ ਠਰੰਮੇ ਨਾਲ਼, ਉੱਤਰ ਦੇਵੇਗਾ ਦਲੀਲ ਤੇ ਵਿਸਥਾਰ ਨਾਲ਼। ਦਲੀਲ ਨੂੰ ਜ਼ੋਰ ਨਾਲ਼ ਪ੍ਰਗਟਾਉਣ ਦੀ ਥਾਂ ਜੋਰਦਾਰ ਦਲੀਲ ਨੂੰ ਧੀਰਜ ਤੇ ਸਹਿਜ ਨਾਲ਼ ਪ੍ਰਗਟਾਉਣ ਗੁਰ ਸਰਵਣ ਸਿੰਘ ਦੀ ਬੋਲ ਚਾਲ ’ਚੋਂ ਵੇਖਿਆ ਜਾ ਸਕਦਾ ਹੈ।

ਪ੍ਰਿੰ. ਸਰਵਣ ਸਿੰਘ ਨੂੰ ਅਨੇਕਾਂ ਮਾਨ ਸਨਮਾਨਾਂ ਨਾਲ ਨਿਵਾਜਿਆ ਜਾ ਚੁੱਕਾ ਹੈ। ਜਿਵੇਂ ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਲੇਖਕ ਪੁਰਸਕਾਰ, ਪੰਜਾਬੀ ਸਾਹਿਤ ਅਕਾਡਮੀ ਦਾ ਕਰਤਾਰ ਸਿੰਘ ਧਾਲੀਵਾਲ ਅਵਾਰਡ, ਪੰਜਾਬੀ ਸੱਥ ਲਾਂਬੜਾਂ ਦਾ ਵਾਰਸ ਸ਼ਾਹ ਅਵਾਰਡ, ਸਾਹਿਤ ਟ੍ਰਸਟ ਢੁੱਡੀਕੇ ਦਾ ਅਵਾਰਡ, ਸਪੋਰਟਸ ਅਥਾਰਟੀ ਆਫ ਇੰਡੀਆ ਵੱਲੋਂ ਖੇਡ-ਸਾਹਿਤ ਦਾ ਨੈਸ਼ਨਲ ਅਵਾਰਡ, ਪਰਵਾਸੀ ਅਦਾਰੇ ਦਾ ਪਰਵਾਸੀ ਸਾਹਿਤਕਾਰ ਅਵਾਰਡ, ਗਲੋਬਲ ਪੰਜਾਬੀ ਗੌਰਵ ਅਵਾਰਡ। ਇਨ੍ਹਾਂ ਤੋਂ ਇਲਾਵਾ ਸਾਹਿਤ ਸਭਾਵਾਂ ਤੇ ਖੇਡ ਮੇਲਿਆਂ ਦੇ ਅਨੇਕਾਂ ਮਾਨ ਸਨਮਾਲ ਮਿਲੇ ਹਨ।

ਪ੍ਰਿੰਸੀਪਲ ਸਰਵਣ ਸਿੰਘ ਨੂੰ ਹੁਣ ‘ਕਲਮਾਂ ਦੀ ਸਾਂਝ ਸਾਹਿਤ ਸਭਾ’ ਦੇ ਸੁਘੜ ਸੁਜਾਨ ਪ੍ਰਧਾਨ ਸ. ਹਰਦਿਆਲ ਸਿੰਘ ਝੀਤਾ ਅਤੇ ਨਾਮਧਾਰੀ ਸਭਾ ਦੇ ਉੱਦਮੀ ਤੇ ਉਤਸ਼ਾਹੀ ਪ੍ਰਧਾਨ ਸ. ਕਰਨੈਲ ਸਿੰਘ ਮਰਵਾਹਾ ਹੋਰਾਂ ਵੱਲੋਂ ਤੀਸਰਾ ‘ਸਤਿਗੁਰੂ ਰਾਮ ਸਿੰਘ ਯਾਦਗਾਰੀ ਲਾਈਫ ਟਾਈਮ ਅਚੀਵਮੈਂਟ ਅਵਾਰਡ’ ਦਿੱਤਾ ਜਾ ਰਿਹੈ। ਸਮਾਰੋਹ 14 ਸਤੰਬਰ ਐਤਵਾਰ ਨੂੰ 11-00 ਵਜੇ, ਵਿਸ਼ਵ ਪੰਜਾਬੀ ਭਵਨ ਬਰੈਂਪਟਨ, 114 ਕਨੇਡੀ ਰੋਡ ਵਿਖੇ ਹੋਵੇਗਾ। ਸਾਹਿਤ ਪ੍ਰੇਮੀਆਂ, ਖਿਡਾਰੀਆਂ ਤੇ ਪ੍ਰਿੰ. ਸਰਵਣ ਸਿੰਘ ਦੇ ਸ਼ੁਭਚਿੰਤਕਾਂ ਨੂੰ ਸਮਾਗਮ ਵਿਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਹੈ।

## ਸਤਿਗੁਰੂ ਰਾਮ ਸਿੰਘ ਯਾਦਗਾਰੀ ਲਾਈਫ ਟਾਈਮ ਅਚੀਵਮੈਂਟ ਅਵਾਰਡ

ਪ੍ਰਿੰਸੀਪਲ ਸਰਵਣ ਸਿੰਘ ਖੇਡ ਜਗਤ ਦੀ ਨਾਮਵਰ ਸ਼ਖ਼ਸੀਅਤ ਹਨ ਜਿਨ੍ਹਾਂ ਨੂੰ ਪੰਜਾਬੀ ਖੇਡ ਸਾਹਿਤ ਦਾ ਬਾਬਾ ਬੋਹੜ ਕਿਹਾ ਜਾਂਦਾ ਹੈ। ਉਨ੍ਹਾਂ ਦੀਆਂ ਪਚਵੰਜਾ ਪੁਸਤਕਾਂ ਵਿੱਚੋਂ ਪੱਚੀ ਪੁਸਤਕਾਂ ਖੇਡਾਂ ਤੇ ਖਿਡਾਰੀਆਂ ਬਾਰੇ ਹੀ ਹਨ। ਉਹ ਖ਼ੁਦ ਖਿਡਾਰੀ, ਕੋਚ, ਰੈਫਰੀ, ਖੇਡ ਪ੍ਰਬੰਧਕ, ਖੇਡ ਪ੍ਰਮੋਟਰ, ਖੇਡ ਬੁਲਾਰੇ, ਖੇਡ ਪੱਤਰਕਾਰ, ਸ਼੍ਰੋਮਣੀ ਪੰਜਾਬੀ ਲੇਖਕ, ਪੰਜਾਬੀ ਦੇ ਪ੍ਰੋਫ਼ੈਸਰ, ਅਮਰਦੀਪ ਕਾਲਜ ਮੁਕੰਦਪੁਰ ਦੇ ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟਰ, ਸਿੰਡੀਕੇਟ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੈਂਬਰ ਰਹੇ ਹਨ। ਉਨ੍ਹਾਂ ਨੇ ਵਿਸ਼ਵ ਕਬੱਡੀ ਕੱਪ ਪੰਜਾਬ ਵਿੱਚ ਅਹਿਮ ਰੋਲ ਨਿਭਾਇਆ ਅਤੇ ਖਿਡਾਰੀਆਂ ਤੇ ਖੇਡ ਪ੍ਰਮੋਟਰਾਂ ਦੇ ਕਦਰਦਾਨ ਹਨ। ਉਨ੍ਹਾਂ ਨੇ ਦੇਸ਼ ਵਿਦੇਸ਼ ਦੇ ਸੈਂਕੜੇ ਖਿਡਾਰੀਆਂ ਤੇ ਖੇਡ ਮੇਲਿਆਂ ਬਾਰੇ ਲਿਖਿਆ ਅਤੇ ਖਿਡਾਰੀਆਂ ਦੀਆਂ ਜੀਵਨੀਆਂ ਲਿਖੀਆਂ। ਪਿੰਡਾਂ ਦੇ ਖੇਡ ਮੇਲਿਆਂ ਤੋਂ ਲੈ ਕੇ ਨੈਸ਼ਨਲ, ਏਸ਼ਿਆਈ, ਕਾਮਨਵੈਲਥ, ਓਲੰਪਿਕ ਖੇਡਾਂ ਤੇ ਵਿਸ਼ਵ ਕੱਪਾਂ ਬਾਰੇ ਲਿਖਦਿਆਂ ਉਨ੍ਹਾਂ ਦਾ ਇਤਿਹਾਸ ਵੀ ਲਿਖਿਆ। ਉਨ੍ਹਾਂ ਨੇ ਪੰਜਾਬੀ ਖੇਡ ਸਾਹਿਤ ਨੂੰ ਭਾਰਤੀ ਤੇ ਕੌਮਾਂਤਰੀ ਭਾਸ਼ਾਵਾਂ ਦੇ ਮੰਚ ’ਤੇ ਸਨਮਾਨਯੋਗ ਸਥਾਨ ਦਿਵਾਇਆ। ਉਹ ਛੇ ਦਹਾਕਿਆਂ ਤੋਂ ਲਗਾਤਾਰ ਲਿਖਦੇ ਆ ਰਹੇ ਹਨ। ਪੰਜਾਬੀ ਜਗਤ ਦਾ ਸ਼ਾਇਦ ਹੀ ਕੋਈ ਮੈਗਜ਼ੀਨ ਜਾਂ ਅਖ਼ਬਾਰ ਹੋਵੇ ਜਿਸ ਵਿਚ ਉਨ੍ਹਾਂ ਦੀਆਂ ਲਿਖਤਾਂ ਨਾ ਛਪੀਆਂ ਹੋਣ। ਉਨ੍ਹਾਂ ਨੇ ਪੰਜਾਬੀ ਖੇਡ ਸਾਹਿਤ ਦਾ ਇਤਿਹਾਸ ਚਾਰ ਜਿਲਦਾਂ, ਸ਼ਬਦਾਂ ਦੇ ਖਿਡਾਰੀ, ਖੇਡ ਸਾਹਿਤ ਦੀਆਂ ਬਾਤਾਂ, ਖੇਡ ਸਾਹਿਤ ਦੇ ਮੋਤੀ ਤੇ ਖੇਡ ਸਾਹਿਤ ਦੇ ਹੀਰੇ, ਵਿਚ ਕਲਮਬੱਧ ਕੀਤਾ ਹੈ। ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਪੁਸਤਕ ‘ਪੰਜਾਬ ਦੀਆਂ ਦੇਸੀ ਖੇਡਾਂ’ ਵਿੱਚ ਸਤਾਸੀ ਖੇਡਾਂ ਦਾ ਵੇਰਵਾ ਦਿੱਤਾ ਹੈ ਅਤੇ ਨੈਸ਼ਨਲ ਬੁੱਕ ਟਰੱਸਟ ਦਿੱਲੀ ਵੱਲੋਂ ਪ੍ਰਕਾਸ਼ਿਤ ਪੁਸਤਕ ‘ਪੰਜਾਬ ਦੇ ਚੋਣਵੇਂ ਖਿਡਾਰੀ’ ਵਿਚ ਪੰਜਾਸੀ ਖਿਡਾਰੀਆਂ ਦੇ ਸ਼ਬਦ ਚਿੱਤਰ ਉਲੀਕੇ ਹਨ। ‘ਪੰਜਾਬ ਦੇ ਕੋਹੇਨੂਰ’ ਪੁਸਤਕ ਦੇ ਤਿੰਨ ਭਾਗਾਂ ਵਿੱਚ ਤੇਈ ਹੀਰਿਆਂ ਦੀਆਂ ਲੰਮੀਆਂ ਬਾਤਾਂ ਪਾਈਆਂ ਹਨ। ਮੌਲਿਕ ਪੁਸਤਕਾਂ ਰਚਣ ਨਾਲ ਉਨ੍ਹਾਂ ਨੇ ਕੁਝ ਪੁਸਤਕਾਂ ਦਾ ਸੰਪਾਦਨ ਤੇ ਅਨੁਵਾਦ ਵੀ ਕੀਤਾ ਹੈ। ਉਹ ਅਨੇਕਾਂ ਨਵੇਂ ਪੰਜਾਬੀ ਖੇਡ ਲੇਖਕਾਂ ਦੇ ਪ੍ਰੇਰਨਾਸ੍ਰੋਤ ਹਨ ਜਿਨ੍ਹਾਂ ਨੇ ਦੋ ਸੌ ਤੋਂ ਵੱਧ ਖੇਡ ਪੁਸਤਕਾਂ ਲਿਖੀਆਂ ਹਨ। ਉਨ੍ਹਾਂ ਨੂੰ ਦੇਸ਼ ਵਿਦੇਸ਼ ਦੇ ਖੇਡ ਮੇਲੇ ਕਵਰ ਕਰਦਿਆਂ ਅਨੇਕਾਂ ਮਾਣ ਸਨਮਾਨ ਮਿਲੇ। ਜਸਵੰਤ ਸਿੰਘ ਕੰਵਲ ਨੇ ਉਨ੍ਹਾਂ ਨੂੰ ‘ਖੇਡਾਂ ਦਾ ਵਣਜਾਰਾ’, ਡਾ. ਹਰਿਭਜਨ ਸਿੰਘ ਨੇ ‘ਸ਼ਬਦਾਂ ਦਾ ਓਲੰਪੀਅਨ’ ਤੇ ਵਰਿਆਮ ਸਿੰਘ ਸੰਧੂ ਨੇ ‘ਪੰਜਾਬੀ ਵਾਰਤਕ ਦਾ ਉੱਚਾ ਬੁਰਜ’ ਕਿਹਾ ਅਤੇ ਹੋਰ ਬਹੁਤ ਸਾਰੇ ਲੇਖਕਾਂ ਤੇ ਪਾਠਕਾਂ ਨੇ ਉਨ੍ਹਾਂ ਦੀਆਂ ਲਿਖਤਾਂ ਨੂੰ ਸਲਾਹਿਆ ਤੇ ਵਡਿਆਇਆ। ਉਨ੍ਹਾਂ ਦੀ ਕਲਮ ਦੀ ਮੈਰਾਥਨ ਦੌੜ 1960ਵਿਆਂ ਤੋਂ ਜਾਰੀ ਹੈ। ਅਸੀਂ ਪ੍ਰਿੰਸੀਪਲ ਸਰਵਣ ਸਿੰਘ ਜੀ ਦੀਆਂ ਉਮਰ ਭਰ ਦੀਆਂ ਖੇਡ ਸੇਵਾਵਾਂ ਲਈ ਉਨ੍ਹਾਂ ਨੂੰ ਸਤਿਗੁਰੂ ਰਾਮ ਸਿੰਘ ਯਾਦਗਾਰੀ ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕਰਨ ਦੀ ਖੁਸ਼ੀ ਲੈ ਰਹੇ ਹਾਂ।

## ਵੱਡੀ ਕਮਾਈ

ਅੱਜ ਕੰਮ ’ਤੇ ਤੁਰਦਿਆਂ ਮਾਂ ਦੇ ਪੈਰੀਂ ਹੱਥ ਲਗਾਉਣ ਲੱਗਿਆ ਤਾਂ ਮੰਜੇ ’ਤੇ ਬੈਠੀ ਮਾਂ ਨੇ ਪੁੱਛਿਆ, ‘ਐਡੀ ਦੂਰ ਜਾਂਦੈਂ, ਐਨੇ ਘੱਟ ਪੈਸਿਆਂ ’ਚ ਕੁਝ ਬਚ ਵੀ ਜਾਂਦਾ ਤੈਨੂੰ ?, ਮੈਂ ਹੱਸ ਕੇ ਕਹਿ ਛੱਡਿਆ ਸਬਰ ਹੀ ਬਚਦੈ। ਮਾਂ ਮੋਢੇ ’ਤੇ ਹੱਥ ਰੱਖਦੀ ਕਹਿਣ ਲੱਗੀ, ‘ਇਹ ਵੀ ਵੱਡੀ ਕਮਾਈ ਐ ਪੁੱਤ।’ -ਰਛਪਾਲ ਸਿੰਘ ਰੈਸਲ ਨਾਭਾ, ਮੋਬਾਇਲ : 94178-97576

# ਯੂਨਾਈਟਿਡ ਸਿੱਖ ਵੱਲੋਂ ਪੰਜਾਬ ਦੇ ਹੜ੍ਹ ਪੀੜਤ ਇਲਾਕਿਆਂ ਵਿੱਚ ਰਾਹਤ ਕਾਰਜ ਜ਼ੋਰਾਂ ਤੇ







ਚੰਡੀਗੜ੍ਹ- ਯੂਨਾਈਟਿਡ ਸਿੱਖ, ਜੋ ਕਿ ਸੰਯੁਕਤ ਰਾਸ਼ਟਰ (UN) ਨਾਲ ਸੰਬੰਧਤ ਅਮਰੀਕਾ ਅਧਾਰਿਤ ਐਡਵੋਕੇਸੀ ਗਰੁੱਪ ਹੈ, 13 ਅਗਸਤ ਤੋਂ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਹੜ੍ਹ ਰਾਹਤ ਕਾਰਜ ਚਲਾ ਰਿਹਾ ਹੈ, ਜਦੋਂ ਸਭ ਤੋਂ ਪਹਿਲਾਂ ਫਿਰੋਜ਼ਪੁਰ ਜ਼ਿਲ੍ਹੇ ਦੇ ਖੇਤਰਾਂ ਵਿੱਚ ਪਾਣੀ ਦਾਖਲ ਹੋਇਆ ਸੀ। "ਸਾਡੇ ਸੰਗਠਨ ਵੱਲੋਂ ਇਸ ਵੇਲੇ ਅਜਨਾਲਾ, ਡੇਰਾ ਬਾਬਾ ਨਾਨਕ, ਰਮਦਾਸ, ਗੁਰਦਾਸਪੁਰ ਅਤੇ ਫਿਰੋਜ਼ਪੁਰ ਵਿੱਚ ਰਾਹਤ ਕੈਂਪ ਚਲਾਏ ਜਾ ਰਹੇ ਹਨ," ਪੰਜਾਬ ਵਿੱਚ ਯੂਨਾਈਟਿਡ ਸਿੱਖਸ ਦੀ ਪ੍ਰਤੀਨਿਧਤਾ ਕਰਦੇ ਅਤੇ ਰਾਹਤ ਕਾਰਜਾਂ ਦਾ ਚਲਾ ਰਹੇ ਅਮ੍ਰਿਤਪਾਲ ਸਿੰਘ ਨੇ ਕਿਹਾ।

ਉਨ੍ਹਾਂ ਕਿਹਾ ਕਿ, "ਅਸੀਂ ਹਜ਼ਾਰਾਂ ਪਰਿਵਾਰਾਂ ਨੂੰ ਹੜ ਦੇ ਪਾਣੀ ਵਿੱਚ ਡੁੱਬੇ ਪਿੰਡਾਂ ਤੋਂ ਸੁਰੱਖਿਅਤ ਥਾਵਾਂ ‘ਤੇ ਲਿਜਾਇਆ ਗਿਆ ਹੈ, ਖ਼ਾਸ ਕਰਕੇ ਗੁਰਦੁਆਰਿਆਂ, ਧਰਮਸ਼ਾਲਾ ਅਤੇ ਕਮਿਊਨਿਟੀ ਸੈਂਟਰਾਂ ਵਿੱਚ ਅਤੇ ਨਾਲ ਹੀ ਲੰਗਰ ਦੀ ਸੇਵਾ ਵੀ ਕਰ ਰਹੇ ਹਾਂ। ਦਿਨ-ਰਾਤ ਕਰੀਬ ਇੱਕ ਦਰਜਨ ਕਿਸ਼ਤੀਆਂ ਚਲ ਰਹੀਆਂ ਹਨ, ਜੋ ਹੜ੍ਹ ਪੀੜਤਾਂ ਨੂੰ 15 ਫੁੱਟ ਤੱਕ ਡੁੱਬੇ ਇਲਾਕਿਆਂ ਤੋਂ ਕੱਢ ਰਹੀਆਂ ਹਨ। ਪਿੰਡ ਵਾਸੀ ਕਹਿ ਰਹੇ ਹਨ ਕਿ ਇਹ ਸਥਿਤੀ 1988 ਦੇ ਹੜ੍ਹ ਨਾਲੋਂ ਵੀ ਭਿਆਨਕ ਹੈ।" ਫਿਰੋਜ਼ਪੁਰ ਵਿੱਚ ਸੇਵਾ ਨਿਭਾ ਰਹੇ ਯੂਨਾਈਟਿਡ ਸਿੱਖਸ ਦੇ ਸੇਵਾਦਾਰ ਸਰਦਾਰ ਦੇਵਿੰਦਰ ਸਿੰਘ ਨੇ ਕਿਹਾ, "ਅਸੀਂ ਇਸ ਵੇਲੇ ਬਚਾਅ ਕਾਰਜਾਂ ਵਿੱਚ ਰੁਝੇ ਹੋਏ ਹਾ, ਅਤੇ ਹੜ ਪ੍ਰਭਾਵਿਤ ਇਲਾਕਿਆਂ ਵਿੱਚ ਜ਼ਰੂਰੀ ਦਵਾਈਆਂ ਅਤੇ ਤਾਜ਼ਾ ਬਣਿਆ ਹੋਇਆ ਖਾਣੇ ਲੋਕਾਂ ਤਕ ਪਹੁੰਚ ਰਹੇ ਹਾਂ ਅਮ੍ਰਿਤਪਾਲ ਸਿੰਘ ਨੇ ਦੱਸਿਆ ਕਿ, "ਜਦੋਂ ਹੜ ਦੇ ਪਾਣੀ ਦਾ ਪੱਧਰ ਘਟੇਗਾ ਤਾਂ ਸਾਡਾ ਧਿਆਨ ਸਾਬਣ, ਡਿਟਰਜੈਂਟ, ਮੱਛਰ ਭਜਾਉਣ ਵਾਲੀਆਂ ਦਵਾਈਆਂ ਅਤੇ ਮੱਛਰਦਾਨੀਆਂ ਪ੍ਰਦਾਨ ਕਰਨ ‘ਤੇ ਹੋਵੇਗਾ, ਕਿਉਂਕਿ ਪਾਣੀ ਘੱਟਣ ਤੋਂ ਬਾਅਦ ਮਹਾਂਮਾਰੀਆਂ ਦੇ ਫੈਲਣ ਦਾ ਖ਼ਤਰਾ



ਬਣਦਾ ਹੈ ਜੋ ਹੜ੍ਹ ਨਾਲੋਂ ਵੀ ਗੰਭੀਰ ਹੋ ਸਕਦਾ ਹੈ।" ਡੇਰਾ ਬਾਬਾ ਨਾਨਕ ਵਿੱਚ ਸੇਵਾਦਾਰਾਂ ਦੇ ਅਨੁਸਾਰ, ਯੂਨਾਈਟਿਡ ਸਿੱਖ ਵੱਲੋਂ ਡੀਫਾਗਿੰਗ ਮਸ਼ੀਨਾਂ ਦੀ ਵੀ ਵਿਵਸਥਾ ਕੀਤੀ ਗਈ ਹੈ ਤਾਂ ਜੋ ਮੱਛਰਾਂ ਅਤੇ ਹੋਰ ਕੀੜਿਆਂ ਦੇ ਪੈਦਾ ਹੋਣ ਨੂੰ ਰੋਕਣ ਲਈ ਛਿੜਕਾਅ ਕੀਤਾ ਜਾ ਸਕੇ। ਸ: ਅਮ੍ਰਿਤਪਾਲ ਸਿੰਘ ਅਨੁਸਾਰ, ਯੂਨਾਈਟਿਡ ਸਿੱਖਸ ਦੇ ਸੰਸਾਰ ਭਰ ਵਿੱਚ ਕੰਮ ਕਰ ਰਹੇ ਸਾਰੇ ਗਰੁੱਪ ਪੰਜਾਬ ਅਤੇ ਪੰਜਾਬੀਆਂ ਦੀ ਸਹਾਇਤਾ ਲਈ ਸਰਗਰਮ ਹਨ। ਉਹ ਕਹਿੰਦੇ ਹਨ, "ਸਾਡੇ ਜ਼ਿਆਦਾਤਰ ਸੇਵਾਦਾਰ ਸਿੱਖ ਅਤੇ ਪੰਜਾਬੀ ਹਨ ਜੋ ਦੁਨੀਆ ਵਿੱਚ ਕਿਸੇ ਵੀ ਕੁਦਰਤੀ ਆਫ਼ਤ ਦੇ ਸਮੇਂ ਮਨੁੱਖਤਾ ਦੀ ਸਹਾਇਤਾ ਲਈ ਤਤਪਰ ਰਹਿੰਦੇ ਹਨ ਅਤੇ ਪੰਜਾਬ ਉਨ੍ਹਾਂ ਵਾਸਤੇ ਹਮੇਸ਼ਾਂ ਹੀ ਸਿਰਮੌਰ ਰਹਿੰਦਾ ਹੈ।" ਸ: ਅਮ੍ਰਿਤਪਾਲ ਸਿੰਘ ਨੇ ਹੋਰ ਜਾਣਕਾਰੀ ਦਿੰਦਿਆਂ ਕਿਹਾ, "ਸਾਡੇ ਕੋਲ ਕਿਸਾਨਾਂ ਦੀ ਸਹਾਇਤਾ ਲਈ ਯੋਜਨਾ ਅਤੇ ਸਮੱਗਰੀ ਤਿਆਰ ਹੈ। ਪਾਣੀ ਪੂਰੀ ਤਰ੍ਹਾਂ ਘਟਣ ਤੋਂ ਬਾਅਦ ਅਸੀਂ ਖੇਤਾਂ ਦੀ ਸਫ਼ਾਈ (ਡੀ-ਸਿਲਟਿੰਗ) ਲਈ ਡੀਜ਼ਲ ਅਤੇ ਰੱਬੀ ਫ਼ਸਲਾਂ ਦੇ ਬੀਜ ਪ੍ਰਦਾਨ ਕਰਾਂਗੇ।"


# ਸੁਖਿੰਦਰ ਦਾ 'ਗਿਰਗਟਾਂ ਦਾ ਮੌਸਮ' ਕਾਵਿ-ਸੰਗ੍ਰਹਿ ਸਮਾਜਿਕ ਕੁਰੀਤੀਆਂ ਦਾ ਸ਼ੀਸ਼ਾ

ਉਜਾਗਰ ਸਿੰਘ



ਪੰਜਾਬੀ ਸਾਹਿਤ ਦੇ ਸਾਰੇ ਰੂਪਾਂ ਵਿੱਚੋਂ ਕਵਿਤਾ ਸਭ ਤੋਂ ਵਧੇਰੇ ਮਾਤਰਾ ਵਿੱਚ ਲਿਖੀ ਜਾ ਰਹੀ ਹੈ। ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਨਿਗਾਹ ਮਾਰੀਏ ਤਾਂ ਅਧਿਆਤਮਿਕ ਕਾਵਿ ਨੂੰ ਛੱਡਕੇ ਪੰਜਾਬੀ ਦੀ ਬਹੁਤੀ ਕਵਿਤਾ ਰੁਮਾਂਸਵਾਦ ਦੇ ਆਲੇ ਦੁਆਲੇ ਹੀ ਘੁੰਮਦੀ ਰਹੀ ਹੈ। ਇਸ ਸਮੇਂ ਵੀ ਕਵਿਤਾ ਸਭ ਤੋਂ ਵੱਧ ਲਿਖੀ ਜਾ ਰਹੀ ਹੈ। ਰੁਮਾਂਸਵਾਦੀ ਕਵਿਤਾ ਦਾ ਆਪਣਾ ਸਥਾਨ ਹੈ, ਪ੍ਰੰਤੂ ਜਿਹੜਾ ਸਾਹਿਤ ਲੋਕਾਈ ਦੇ ਹਿੱਤਾਂ 'ਤੇ ਪਹਿਰਾ ਨਾ ਦੇ ਸਕੇ ਤਾਂ ਉਹ ਸਿਰਫ ਮਨਪ੍ਰਚਾਵੇ ਦਾ ਸਾਧਨ ਬਣਕੇ ਰਹਿ ਜਾਂਦਾ ਹੈ। ਸੁਖਿੰਦਰ ਦਾ ਇੱਕ ਨਵਾਂ ਕਾਵਿ ਸੰਗ੍ਰਹਿ 'ਗਿਰਗਟਾਂ ਦਾ ਮੌਸਮ' 2025 ਵਿੱਚ ਹੀ ਪ੍ਰਕਾਸ਼ਤ ਹੋਇਆ ਹੈ। ਇਹ ਕਾਵਿ ਸੰਗ੍ਰਹਿ ਵਿਲੱਖਣ ਕਿਸਮ ਦੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਦੀਆਂ ਸਮੁੱਚੀਆਂ ਕਵਿਤਾਵਾਂ ਲੋਕਾਈ ਦੇ ਦੁੱਖ ਦਰਦ ਬਿਆਨ ਕਰਦੀਆਂ, ਜਨਤਾ ਦੇ ਹੱਕਾਂ ਦੀ ਗੱਲ ਕਰਦੀਆਂ ਹਨ। ਇਨਸਾਫ਼ ਦੀ ਪ੍ਰਤੀਨਿਧਤਾ ਕਰਦੀਆਂ ਹਨ। ਪੰਜਾਬੀ ਵਿੱਚ ਜਿਹੜੀ ਵਰਤਮਾਨ ਸਮਕਾਲੀ ਕਵਿਤਾ ਲਿਖੀ ਅਤੇ ਪ੍ਰਕਾਸ਼ਤ ਹੋ ਰਹੀ ਹੈ, ਉਹ ਬਹੁਤੀ ਪਿਆਰ ਮੁਹੱਬਤ ਦੇ ਗੀਤ ਗਾਉਂਦੀ ਹੈ। ਸੁਖਿੰਦਰ ਨੇ ਰੁਮਾਂਸਵਾਦ ਦੀ ਥਾਂ ਸਮਾਜ ਵਿੱਚ ਫ਼ੈਲੀਆਂ ਕੁਰੀਤੀਆਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ। ਦੁੱਖ ਅਤੇ ਸੰਤਾਪ ਦੀ ਗੱਲ ਹੈ ਕਿ ਸਾਡੇ ਕਵੀ ਵਰਤਮਾਨ ਸਮੇਂ ਆਪਣੀਆਂ ਕਵਿਤਾਵਾਂ ਇਨਾਮ ਪ੍ਰਾਪਤ ਕਰਨ ਦੇ ਇਰਾਦੇ ਨਾਲ ਲਿਖ ਰਹੇ ਹਨ। ਮਾਨ ਸਨਮਾਨ ਲੈਣੇ ਹੀ ਉਨ੍ਹਾਂ ਦਾ ਮੁੱਖ ਮਕਸਦ ਹੈ। ਸੁਖਿੰਦਰ ਪੰਜਾਬੀ ਦਾ ਸਥਾਪਤ ਸਾਹਿਤਕਾਰ ਤੇ ਸੰਪਾਦਕ ਹੈ। ਉਹ ਬਹੁ-ਵਿਧਾਵੀ, ਬਹੁ-ਰੰਗੀ ਅਤੇ ਬਹੁ-ਪੱਖੀ ਸਾਹਿਤਕਾਰ ਹੈ। 'ਗਿਰਗਟਾਂ ਦਾ ਮੌਸਮ' ਉਸਦੀ 50ਵੀਂ ਪੁਸਤਕ ਹੈ। ਇਸ ਕਾਵਿ-ਸੰਗ੍ਰਹਿ ਵਿੱਚ ਉਸਦੀਆਂ 83 ਰੰਗ-ਬਿਰੰਗੀਆਂ ਕਵਿਤਾਵਾਂ ਹਨ, ਜਿਨ੍ਹਾਂ ਦੇ ਰੰਗ ਬਹੁਤ ਹੀ ਗੂੜ੍ਹੇ ਤੇ ਸ਼ੋਖ਼ ਹਨ, ਪ੍ਰੰਤੂ ਗੂੜ੍ਹੇ ਰੰਗਾਂ ਵਿੱਚੋਂ ਗੰਭੀਰ ਕਿਸਮ ਦੀਆਂ ਕਿਰਨਾ ਦੇ ਤਿੱਖੇ ਤੀਰ ਸਮਾਜਿਕ ਤਾਣੇ-ਬਾਣੇ ਨੂੰ ਝੰਜੋੜਦੇ ਹਨ। ਇਨ੍ਹਾਂ ਕਵਿਤਾਵਾਂ ਦੇ ਤੀਰ ਢੀਠ ਸਿਆਸਤਦਾਨਾਂ ਦੇ ਕੰਨ ਕੁਤਰਨ ਦਾ ਹਥਿਆਰ ਬਣ ਸਕਦੇ ਹਨ। ਕਵੀ ਨੇ ਇਸ ਕਾਵਿ-ਸੰਗ੍ਰਹਿ ਵਿੱਚ ਭਾਰਤੀ ਜਨਤਾ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦੀ ਆਪੋ ਆਪਣੇ ਰਾਜ ਪ੍ਰਬੰਧ ਦੌਰਾਨ ਕੁਸ਼ਾਸ਼ਣ ਦੇ ਕੱਚੇ ਚਿੱਠੇ ਖੋਲ੍ਹ ਦਿੱਤੇ ਹਨ। 'ਰਾਜਨੀਤਕ ਗਿਰਗਟਾਂ ਦਾ ਮੌਸਮ' ਕਵਿਤਾ ਵਿੱਚ ਸੁਖਿੰਦਰ ਲਿਖਦਾ ਹੈ:

ਰਾਜਨੀਤਕ ਗਿਰਗਟਾਂ ਦੀ
ਨ, ਤਾਂ ਕੋਈ,
ਵਿਚਾਰਧਾਰਾ ਹੀ ਹੁੰਦੀ ਹੈ
ਨ, ਹੀ ਕੋਈ, ਸਿਧਾਂਤਕ ਪ੍ਰਤੀਬੱਧਤਾ




ਉਨ੍ਹਾਂ ਦਾ, ਤਾਂ ਇੱਕੋ ਹੀ
ਵਿਸ਼ਵਾਸ ਹੁੰਦਾ ਹੈ-
ਜਿੱਥੇ, ਦੇਖੀ ਤਵਾ-ਪਰਾਤ
ਉੱਥੇ, ਕੱਟੀ ਸਾਰੀ ਰਾਤ
ਇੱਕ, ਰਾਜਨੀਤਕ ਖੁੱਡ 'ਚੋਂ
ਦੂਜੀ, ਕਿਸੀ, ਰਾਜਨੀਤਕ ਖੁੱਡ ਵਿੱਚ
ਵੜਦਿਆਂ ਹੀ-
ਗਿਰਗਟਾਂ ਦੀ
ਰਾਜਨੀਤਕ ਵਿਚਾਰਧਾਰਾ
ਉਨ੍ਹਾਂ ਦੀ, ਚਮੜੀ ਦੇ
ਬਦਲੇ ਰੰਗ ਵਾਂਗ ਹੀ
ਫੌਰਨ, ਬਦਲ ਜਾਂਦੀ ਹੈ।

ਇਨ੍ਹਾਂ ਕਵਿਤਾਵਾਂ ਨੂੰ ਪੜ੍ਹਕੇ ਮਹਿਸੂਸ ਹੋ ਰਿਹਾ ਹੈ ਕਿ ਭਾਰਤ ਦੇ ਸਿਆਸਤਦਾਨ ਪਰਜਾ ਦੀ ਭਲਾਈ ਬਾਰੇ ਸੋਚਣ ਦੀ ਥਾਂ ਆਪਣੇ ਢਿੱਡ ਭਰਨ ਵਿੱਚ ਲੱਗੇ ਰਹਿੰਦੇ ਹਨ। ਇਸ ਪ੍ਰਕਾਰ ਭਾਰਤ ਦੇ ਲੋਕਾਂ ਦਾ ਭਵਿਖ ਖ਼ਤਰੇ ਵਿੱਚ ਹੀ ਰਹੇਗਾ। ਸ਼ਾਇਰ ਇਕੱਲੇ ਭਾਰਤ ਤੱਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਸਮੁੱਚੇ ਸੰਸਾਰ ਵਿੱਚ ਵਾਪਰ ਰਹੀਆਂ ਘਟਨਾਵਾਂ ਦੇ ਨਤੀਜਿਆਂ ਤੇ ਵੀ ਚਿੰਤਾ ਪ੍ਰਗਟ ਕਰਦਾ ਹੈ, ਪ੍ਰੰਤੂ ਇਸਦੇ ਨਾਲ ਹੀ ਇਹ ਵੀ ਲਿਖਦਾ ਹੈ ਕਿ ਜੇਕਰ ਲੋਕ ਇੱਕਮੁੱਠ ਹੋ ਕੇ ਲਾਮਬੰਦ ਢੰਗ ਨਾਲ ਆਪਣੇ ਹੱਕਾਂ ਦੀ ਮੰਗ ਕਰਕੇ ਆਪਣੇ ਹੱਕਾਂ 'ਤੇ ਪਹਿਰਾ ਦੇਣ ਦੀ ਕਸਮ ਖਾ ਲੈਣ ਤਾਂ ਸਫ਼ਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਸੰਬੰਧੀ ਉਹ ਉਦਾਹਰਨਾਂ ਵੀ ਦਿੰਦਾ ਹੈ ਕਿ ਕਿਹੜੇ ਦੇਸ਼ਾਂ ਵਿੱਚ ਲੋਕ ਜਦੋਜਹਿਦ ਕਰਕੇ ਸਫਲ ਹੋਏ ਹਨ। ਇਸਦੇ ਨਾਲ ਹੀ ਕੁਝ ਦੇਸ਼ਾਂ ਦੀ ਆਪਸੀ ਖਹਿਬਾਜ਼ੀ ਨਾਲ ਜੰਗ ਲੱਗੀ ਹੋਈ ਹੈ ਤੇ ਆਮ ਲੋਕ ਮਰ ਰਹੇ ਹਨ। ਮੇਰਾ ਕਹਿਣ ਦਾ ਭਾਵ ਹੈ ਕਿ ਸੁਖਿੰਦਰ ਦੂਰ ਅੰਦੇਸ਼ੀ ਨਾਲ ਸੰਸਾਰ ਦੀ ਲੋਕਾਈ ਦੇ ਹਿੱਤਾਂ ਦੀ ਪਹਿਰੇਦਾਰੀ ਕਰਦਾ ਹੈ। ਇੱਕ-ਇੱਕ ਕਵਿਤਾ ਵਿੱਚ ਕਿਤਨੇ ਹੀ ਵਿਸ਼ਿਆਂ ਬਾਰੇ ਆਪਣੀ ਗੱਲ ਕਰ ਜਾਂਦਾ ਹੈ। ਸ਼ਾਇਰ ਦੀਆਂ ਕਵਿਤਾਵਾਂ ਭਾਰਤੀ ਜਨਤਾ ਪਾਰਟੀ ਦੇ ਅੰਧ ਭਗਤਾਂ ਦੀਆਂ ਕਰਤੂਤਾਂ 'ਤੇ ਤਿੱਖੇ ਤੀਰ ਮਾਰਦੀਆਂ ਹਨ। 'ਚਮਚੇ, ਕੜਛੀਆਂ, ਅੰਧਭਗਤ' ਕਵਿਤਾ ਵਿੱਚ ਸ਼ਾਇਰ ਲਿਖਦਾ ਹੈ:

ਇਹ-
ਚਮਚਿਆਂ, ਕੜਛੀਆਂ,
ਅੰਧਭਗਤਾਂ, ਦਾ ਯੁਗ ਹੈ
ਕਦ, ਕਿਸੀ, ਅਦਾਰੇ ਦੀ
ਕੰਧ ਪਿਛੇ ਲੁਕੇ, ਮਖੌਟਾਧਾਰੀ
ਕਿਸੀ, ਘੜੰਮ ਚੌਧਰੀ ਦੇ ਗੜਵੱਈਏ
ਤੇਰੀ, ਪਿੱਠ 'ਚ ਖੰਜਰ ਖੋਭ ਦੇਣ
ਜ਼ਰਾ ਸੰਭਲ ਕੇ ਚੱਲ!

ਇਸੇ ਤਰ੍ਹਾਂ ਆਮ ਆਦਮੀ ਪਾਰਟੀ ਦੇ ਬਦਲਾਅ ਨੂੰ ਵੀ ਆੜੇ ਹੱਥੀਂ ਲੈ ਕੇ ਸਾਫ਼ ਸੁਥਰਾ ਪ੍ਰਸ਼ਾਸ਼ਨ ਦੇਣ ਦੇ ਜੁਮਲਿਆਂ ਤੇ ਕਿੰਤੂ ਪ੍ਰੰਤੂ ਕਰਦਾ ਕਹਿੰਦਾ ਹੈ ਕਿ ਉਹ ਐਸ਼ ਪ੍ਰਸਤੀ ਵਿੱਚ ਗ੍ਰਸਤ ਹੋ ਗਏ ਹਨ। ਉਨ੍ਹਾਂ ਦੇ ਵਾਅਦੇ ਵਫ਼ਾ ਨਹੀਂ ਹੋਏ। ਮੁਫ਼ਤਖ਼ੋਰੀ ਭਾਰੂ ਹੋ ਗਈ ਹੈ। 'ਨੀਂਹ ਪੱਥਰ ਕ੍ਰਾਂਤੀ' ਸਿਰਲੇਖ ਵਾਲੀ ਕਵਿਤਾ ਆਮ ਆਦਮੀ ਪਾਰਟੀ ਦੀ ਪੋਲ ਖੋਲ੍ਹਦੀ ਹੈ।

ਪੰਜਾਬ ਵਿੱਚ, ਜੇਕਰ
ਨੀਂਹ ਪੱਥਰ ਕ੍ਰਾਂਤੀ ਦੀ ਹਨੇਰੀ
ਇੰਜ ਹੀ ਵਗਦੀ ਰਹੀ, ਤਾਂ
ਇੱਕ ਦਿਨ,
ਪੰਜਾਬ ਵਿੱਚ ਜੇਹਲਾਂ ਦੀਆਂ
ਉਨ੍ਹਾਂ, ਕਾਲ ਕੋਠੜੀਆਂ ਦੀਆਂ
ਕੰਧਾਂ ਉੱਤੇ ਵੀ
ਅਜਿਹੇ, ਨੀਂਹ ਪੱਥਰ ਲੱਗੇ
ਹੋਏ ਮਿਲਣਗੇ
ਜਿਨ੍ਹਾਂ ਉਤੇ ਲਿਖਿਆ ਹੋਵੇਗਾ-
'ਇਸ ਕਾਲ ਕੋਠੜੀ ਵਿੱਚ
ਕਰੈਕ, ਕੁਕੇਨ, ਅਫ਼ੀਮ,
ਚਰਸ, ਦੀ ਸਮਗੱਲਿੰਗ ਕਰਨ ਵਾਲੇ
ਪੰਜਾਬ ਪੁਲਿਸ ਦੇ ਸਿਪਾਹੀਆਂ ਨੇ
ਕੈਦ ਕੱਟੀ'

ਸ਼੍ਰੋਮਣੀ ਅਕਾਲੀ ਦਲ ਵਿੱਚ ਧਾਰਮਿਕ ਦਖ਼ਲਅੰਦਾਜ਼ੀ 'ਤੇ ਵਿਅੰਗ ਕਰਦਾ ਸੁਖਿੰਦਰ ਉਨ੍ਹਾਂ ਨੂੰ ਵੀ ਧਰਮ ਦੀ ਆੜ ਵਿੱਚ ਠੱਗੀ-ਠੋਰੀ ਕਰਨ ਦੇ ਮਾਹਿਰ ਗਿਣਦਾ ਹੈ। ਧਾਰਮਿਕ ਸੰਸਥਾਵਾਂ ਦਾ ਵਕਾਰ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਗਿਆ ਹੈ। ਸੁਖਿੰਦਰ ਨੇ ਇਹ ਕਵਿਤਾਵਾਂ ਸਮਾਜ ਵਿੱਚ ਵਾਪਰਨ ਵਾਲੀ ਹਰ ਘਟਨਾ ਬਾਰੇ ਤੁਰੰਤ ਉਸੇ ਦਿਨ ਕਵਿਤਾ ਲਿਖਕੇ ਆਪਣਾ ਦ੍ਰਿਸ਼ਟੀਕੋਣ ਲਿਖ ਦਿੱਤਾ ਹੈ। ਇਸ ਲਈ ਉਸਨੇ ਹਰ ਕਵਿਤਾ ਦੇ ਅਖ਼ੀਰ ਵਿੱਚ ਤਾਰੀਕ ਲਿਖੀ ਹੈ। ਕੈਨੇਡਾ ਅਤੇ ਪੰਜਾਬ ਵਿੱਚ ਸਮਾਜ ਦੇ ਹਰ ਖੇਤਰ ਵਿੱਚ ਫ਼ੈਲੀਆਂ ਸਮਾਜਿਕ ਕੁਰੀਤੀਆਂ ਨੂੰ ਆਪਣੀਆਂ ਕਵਿਤਾਵਾਂ ਵਿੱਚ ਆੜੇ ਹੱਥੀਂ ਲਿਆ ਹੈ। ਸਮਾਜ ਵਿੱਚ ਹਰ ਕਿਸਮ, ਜਿਨ੍ਹਾਂ ਵਿੱਚ ਰਾਜਨੀਤਕ, ਸਮਾਜਿਕ, ਆਰਥਿਕ, ਸਭਿਆਚਾਰਕ, ਸਾਹਿਤਕ, ਇੰਮਗ੍ਰੇਸ਼ਨ, ਸੈਕਸ, ਨਸ਼ਿਆਂ, ਗੈਂਗਸਟਰਵਾਦ, ਸੰਗੀਤਕ, ਧਾਰਮਿਕ, ਮੀਡੀਆ, ਸਾਹਿਤਕਾਰਾਂ ਦੇ ਮਾਨ ਸਨਮਾਨ, ਆਦਿ ਸ਼ਾਮਲ ਹਨ, ਦੇ ਮਾਫ਼ੀਏ ਨੂੰ ਬੜੇ ਹੀ ਸਲੀਕੇ ਨਾਲ ਬੇਪਰਦ ਕੀਤਾ ਹੈ। ਸੁਖਿੰਦਰ ਨੇ ਆਪਣੇ ਸਾਹਿਤਕ ਭਾਈਚਾਰੇ ਨੂੰ ਵੀ ਨਹੀਂ ਬਖ਼ਸ਼ਿਆ, ਕਿਉਂਕਿ ਪੰਜਾਬੀ ਭਾਸ਼ਾ ਦੀ ਪ੍ਰਫ਼ੁੱਲਤਾ ਦੇ ਨਾਮ 'ਤੇ ਖੁੰਬਾਂ ਦੀ ਤਰ੍ਹਾਂ ਸਾਹਿਤਕ ਧਰਤੀ 'ਤੇ ਉਪਜੇ ਨਵੇਂ ਤੇ ਪੁਰਾਣੇ ਸਾਹਿਤਕਾਰ ਬੇਤੁਕੀਆਂ ਹਰਕਤਾਂ ਕਰਕੇ ਸੱਚੇ-ਸੁੱਚੇ ਪੰਜਾਬੀ ਦੇ ਸਾਹਿਤਕਾਰਾਂ ਤੇ ਅਦਾਰਿਆਂ ਦਾ ਅਕਸ ਮਿੱਟੀ ਵਿੱਚ ਮਿਲਾ ਰਹੇ ਹਨ। 'ਦਰਬਾਰੀ ਕਵੀ' ਤੇ 'ਕਵਿਤਾ' ਸਿਰਲੇਖ ਵਾਲੀਆਂ ਕਵਿਤਾਵਾਂ ਸਰਕਾਰੀ ਰਹਿਨੁਮਾਈ ਵਿੱਚ ਵਿਕਸਤ ਹੋਣ ਵਾਲੇ ਕਵੀਆਂ ਦੀ ਫ਼ਿਤਰਤ ਬਹੁਤ ਹੀ ਸੁਚੱਜੇ ਢੰਗ ਨਾਲ ਦਰਸਾਈ ਗਈ ਹੈ ਕਿ ਉਹ ਕਵੀ ਤੋਹਫ਼ੇ, ਥੈਲੀਆਂ, ਪ੍ਰੀਤੀ ਭੋਜਾਂ, ਮਹਿੰਗੀਆਂ ਸ਼ਰਾਬਾਂ ਆਦਿ ਦੀਆਂ ਸਹੂਲਤਾਂ ਲਈ ਚਾਪਲੂਸੀ ਦੀਆਂ ਹੱਦਾਂ ਟੱਪ ਜਾਂਦੇ ਹਨ। ਸੁਖਿੰਦਰ ਦੀਆਂ ਕਵਿਤਾਵਾਂ ਖੁਲ੍ਹੀਆਂ ਤੇ ਵਿਚਾਰ ਪ੍ਰਧਾਨ ਹਨ, ਉਨ੍ਹਾਂ ਦੀ ਸ਼ਬਦਾਵਲੀ ਹੀ ਬਹੁਤ ਸਖ਼ਤ 'ਤੇ ਕਰਾਰੀ ਚੋਟ ਮਾਰਨ ਵਾਲੀ ਹੈ। 'ਦਰਬਾਰੀ ਕਵੀ' ਕਵਿਤਾ ਵਿੱਚ ਲਿਖਦਾ ਹੈ:

ਉਹ, ਮੌਕੇ ਢੂੰਡਦੇ ਰਹਿੰਦੇ ਹਨ
ਹਕੂਮਤ ਦੀਆਂ, ਕਾਰਗੁਜ਼ਾਰੀਆਂ ਨੂੰ
ਚਾਪਲੂਸੀ ਦੀ, ਚਾਸ਼ਨੀ ਵਿੱਚ ਡੁੱਬੇ
ਕਾਵਿਕ ਸ਼ਬਦਾਂ ਵਿੱਚ ਬਿਆਨ ਕਰ
ਸਰਕਾਰੀ, ਕੈਮਰਿਆਂ ਦੀ,
ਕਲਿੱਕ ਕਲਿੱਕ ਸਾਹਮਣੇ
ਹਕੂਮਤ ਦੇ, ਅਹਿਲਕਾਰਾਂ ਕੋਲੋਂ
ਤੋਹਫ਼ਿਆਂ ਦੇ ਰੂਪ ਵਿੱਚ
ਨੋਟਾਂ ਦੀਆਂ ਥੈਲੀਆਂ, ਹਕੂਮਤ ਦੀਆਂ
ਤਸਵੀਰਾਂ ਵਾਲੀਆਂ, ਤਖ਼ਤੀਆਂ
ਪ੍ਰਾਪਤ ਕਰਨ ਲਈ

ਇਸ ਕਾਵਿ -ਸੰਗ੍ਰਹਿ ਵਿੱਚ ਲਗਪਗ 30 ਕਵਿਤਾਵਾਂ ਵਿੱਚ ਸਾਹਿਤਕਾਰਾਂ ਦੀ ਹਨ੍ਹੇਰਗਰਦੀ ਦਾ ਜ਼ਿਕਰ ਕੀਤਾ ਹੈ। ਲੜਕੀਆਂ ਦਾ ਸਾਹਿਤਕ ਸ਼ੋਸ਼ਣ ਅਤੇ ਮਾਨ ਸਨਮਾਨਾ ਦੇ ਨਾਮ 'ਤੇ ਸਾਹਿਤਕ ਸੋਚ ਦਾ ਨੁਕਸਾਨ ਹੋ ਰਿਹਾ ਹੈ। ਸੁਖਿੰਦਰ ਨੇ ਆਪਣੀਆਂ ਕਵਿਤਾਵਾਂ ਵਿੱਚ ਅਖੌਤੀ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਰਾਹੀਂ ਇਮੀਗ੍ਰੇਸ਼ਨ ਘਪਲਿਆਂ 'ਤੇ ਵੀ ਚਿੰਤਾ ਪ੍ਰਗਟ ਕੀਤੀ ਹੈ।

**ਬਾਕੀ ਹਿਸਾ ਸਫਾ 58 ਤੇ ਪੜ੍ਹੋ**

ਡਾ. ਅਮਨਪ੍ਰੀਤ ਸਿੰਘ ਬਰਾੜ
9653790000

# ਅਮਰੀਕੀ ਟੈਰਿਫ ਅਤੇ ਭਾਰਤ

**ਅਮਰੀਕਾ ਨੇ ਭਾਰਤ ਨੂੰ ਆਪਣੇ ਨਾਲ ਦੁੱਵਲੇ ਵਪਾਰ ਲਈ ਨਿਯਮ ਸੁਖਾਲੇ ਕਰਨ ਦੀ ਗੱਲ ਕੀਤੀ ਹੈ। ਇਹ ਗੱਲਬਾਤ ਚੱਲ ਹੀ ਰਹੀ ਸੀ ਕਿ ਅਮਰੀਕਾ ਨੇ ਭਾਰਤ ਨੂੰ ਰੂਸ ਤੋਂ ਕੱਚੇ ਤੇਲ ਦੀ ਬਰਾਮਦ ਤੇ ਰੋਕ ਲਗਾਉਣ ਨੂੰ ਕਹਿ ਦਿੱਤਾ ਇਸ ਤੋਂ ਭਾਰਤ ਨੇ ਨਾਂਹ ਕਰ ਦਿੱਤੀ। ਅਮਰੀਕਾ ਨੇ ਤਲਖੀ ਵਿੱਚ ਆ ਕਿ ਪਹਿਲਾਂ 25 ਫੀਸਦੀ ਟੈਰਿਫ ਲਾਉਣਾ ਸੀ ਉਸ ਨੂੰ 50 ਫੀਸਦੀ ਕਰ ਦਿੱਤਾ ਜੋ 27 ਅਗਸਤ 2025 ਤੋਂ ਚਾਲੂ ਕਰ ਦਿੱਤਾ ਹੈ। ਇਹ ਟੈਰਿਫ ਅਜੇ ਚਾਲੂ ਨਹੀ ਸੀ ਹੋਇਆ ਜਦੋਂ ਸਾਡੇ ਉਦਯੋਗ ਪਤੀਆਂ ਨੇ ਚਿੰਤਾ ਜ਼ਾਹਿਰ ਕੀਤੀ ਕਿ ਅਸੀਂ ਤਾਂ ਕੰਗਾਲ ਹੋ ਜਾਵਾਂਗੇ।**





ਜਦੋਂ ਤੋਂ ਅਮਰੀਕਾ ਵਿੱਚ ਸਰਕਾਰ ਬਦਲੀ ਹੈ ਉਸੇ ਸਮੇਂ ਤੋਂ ਉਸਨੇ ਦੂਜੇ ਦੇਸ਼ਾ ਨਾਲ ਵਪਾਰ ਵਿੱਚ ਅਮਰੀਕਾ ਨੂੰ ਮੁੱਖ ਰੱਖਣ ਦੀ ਗੱਲ ਛੇੜ ਦਿੱਤੀ ਹੈ। ਇਸ ਵਿੱਚ ਜਿਹੜੇ ਦੇਸ਼ ਅਮਰੀਕਾ ਨਾਲ ਵਪਾਰ ਚਾਹੁੰਦੇ ਹਨ ਉਹ ਆਪਣੇ ਨਿਯਮ ਸੁਖਾਲੇ ਕਰਨ ਅਤੇ ਅਮਰੀਕਾ ਨੂੰ ਆਪਣੇ ਦੇਸ਼ ਵਿੱਚ ਵਪਾਰ ਕਰਨ ਦੀ ਖੁੱਲ ਦੇਣ ਨਹੀਂ ਤਾਂ ਉਹਨਾਂ ਤੇ ਵੱਡੀ ਟੈਰਿਫ ਲਗਾਈ ਜਾਂਦੀ ਹੈ। ਅਮਰੀਕਾ ਨੇ ਭਾਰਤ ਨੂੰ ਆਪਣੇ ਨਾਲ ਦੁੱਵਲੇ ਵਪਾਰ ਲਈ ਨਿਯਮ ਸੁਖਾਲੇ ਕਰਨ ਦੀ ਗੱਲ ਕੀਤੀ ਹੈ। ਇਹ ਗੱਲਬਾਤ ਚੱਲ ਹੀ ਰਹੀ ਸੀ ਕਿ ਅਮਰੀਕਾ ਨੇ ਭਾਰਤ ਨੂੰ ਰੂਸ ਤੋਂ ਕੱਚੇ ਤੇਲ ਦੀ ਬਰਾਮਦ ਤੇ ਰੋਕ ਲਗਾਉਣ ਨੂੰ ਕਹਿ ਦਿੱਤਾ ਇਸ ਤੋਂ ਭਾਰਤ ਨੇ ਨਾਂਹ ਕਰ ਦਿੱਤੀ। ਅਮਰੀਕਾ ਨੇ ਤਲਖੀ ਵਿੱਚ ਆ ਕਿ ਪਹਿਲਾਂ 25 ਫੀਸਦੀ ਟੈਰਿਫ ਲਾਉਣਾ ਸੀ ਉਸ ਨੂੰ 50 ਫੀਸਦੀ ਕਰ ਦਿੱਤਾ ਜੋ 27 ਅਗਸਤ 2025 ਤੋਂ ਚਾਲੂ ਕਰ ਦਿੱਤਾ ਹੈ। ਇਹ ਟੈਰਿਫ ਅਜੇ ਚਾਲੂ ਨਹੀ ਸੀ ਹੋਇਆ ਜਦੋਂ ਸਾਡੇ ਉਦਯੋਗ ਪਤੀਆਂ ਨੇ ਚਿੰਤਾ ਜ਼ਾਹਿਰ ਕੀਤੀ ਕਿ ਅਸੀਂ ਤਾਂ ਕੰਗਾਲ ਹੋ ਜਾਵਾਂਗੇ। ਉਸੇ ਸਮੇਂ ਕੇਂਦਰ ਸਰਕਾਰ ਦਾ ਬਿਆਨ ਆਇਆ ਕੇ ਜੋ ਵੀ ਬਰਾਮਦ (ਣਪੋਰਟ) ਵਿੱਚ ਘਾਟਾ ਪਿਆ ਉਹ ਸਰਕਾਰ ਪੂਰਾ ਕਰੇਗੀ। ਇਸੇ ਦੌਰਾਨ ਜਦੋਂ ਅਮੀਰਾ ਨੇ 50 ਫੀਸਦੀ ਟੈਰਿਫ ਦਾ ਐਲਾਨ ਕੀਤਾ ਤੇ ਸਰਕਾਰ ਝੁਕਦੀ ਨਜ਼ਰ ਨਹੀ ਆਈ। ਉਸ ਵੇਲੇ ਲਿਬਾਸ ਨਿਰਯਾਤ ਪ੍ਰਮੋਸ਼ਨ ਕੌਂਸਲ (Apparel export promotion council) ਦੇ ਚੈਅਰਮੈਨ ਨੇ ਮਾਨਯੋਗ ਪ੍ਰਧਾਨ ਮੰਤਰੀ ਜੀ ਨੂੰ ਚਿੱਠੀ ਲਿਖੀ ਅਤੇ ਆਪਣੀਆਂ ਸਮੱਸਿਆਵਾਂ ਬਾਰੇ ਦੱਸਿਆ। ਉਸ ਤੇ ਐਕਸ਼ਨ ਲੈਂਦੇ ਹੋਏ ਭਾਰਤ ਸਰਕਾਰ ਨੇ ਜੋ 11 ਫੀਸਦੀ ਡਿਊਟੀ ਰੂੰ ਦੀ ਦਰਆਮਦ ਤੇ ਲਗਾਈ ਸੀ ਉਹ ਹਟਾ ਦਿੱਤੀ। ਪਹਿਲਾਂ ਇਸ ਨੂੰ 30 ਸਤੰਬਰ ਤੱਕ ਹਟਾਇਆ ਗਿਆ ਫਿਰ ਜਦੋਂ ਵਪਾਰੀਆਂ ਨੇ ਕਿਹਾ ਕਿ ਇਹ ਸਮਾਂ ਘੱਟ ਹੈ ਕਿ ਉਹਨਾਂ ਤੋਂ ਤਾਂ ਇਹਨੇ ਸਮੇਂ ਵਿੱਚ ਆਰਡਰ ਹੀ ਨਹੀਂ ਕੀਤੇ ਜਾਣੇ ਇਸ ਦੀ ਮਿਆਦ ਵਧਾ ਕੇ 31 ਦਸੰਬਰ ਤੱਕ ਕਰ ਦਿੱਤੀ ਹੈ।

ਅੱਜ ਇਸ ਦਾ ਸਿੱਧਾ ਅਸਰ ਕਿਸਾਨੀ ਤੇ ਪੈਂਦਾ ਹੈ। ਸਰਕਾਰ ਨੇ ਜੋ ਕਾਟਨ ਦੀ ਦਰਆਮਦ ਤੇ ਡਿਊਟੀ ਲਾਈ ਸੀ 11 ਫੀਸਦੀ ਤਾਂ ਜੋ ਛੋਟੇ ਕਿਸਾਨਾਂ ਨੂੰ ਬਚਾਇਆ ਜਾ ਸਕੇ। ਪਰ ਹੁਣ ਸਰਕਾਰ ਨੇ ਇਹਨਾਂ ਨੂੰ ਅੱਖੋਂ ਪਰੋਖੇ ਕਰ ਦਿੱਤਾ। ਅੱਜ ਜਦੋਂ ਅਕਤੂਬਰ ਵਿੱਚ ਆਪਣੀ ਫ਼ਸਲ ਆਉਣੀ ਹੈ ਉਸਨੂੰ ਵਪਾਰੀ ਖਰੀਦ ਕਿ ਜ਼ਰੂਰਤ ਪੂਰੀ ਕਰ ਸਕਦੇ ਸੀ। ਇਸ ਪਿੱਛੇ ਵਪਾਰੀਆਂ ਨੇ ਆਪਣਾ ਫਾਇਦਾ ਦੇਖਿਆ ਹੈ। ਕਿਸਾਨਾਂ ਦਾ ਨੁਕਸਾਨ ਕਰਕੇ। ਇਸ ਵਾਰ ਕਾਟਨ ਉਹਨਾਂ ਚਾਰ ਫਸਲਾਂ ਵਿੱਚ ਸੀ ਜਿਹਨਾਂ ਦੀ ਐਮ ਐਸ ਪੀ ਸਭ ਤੋਂ ਵੱਧ ਵਧਾਈ ਸੀ। ਪਰ ਵਪਾਰੀਆਂ ਨੇ ਇਹ ਅਮਰੀਕੀ ਕਾਟਨ 5201 ਨੂੰ ਖੁੱਲਵਾ ਕੇ ਘਰੇਲੂ ਕਾਟਨ ਦੀਆਂ ਕੀਮਤਾਂ ਘਟਾ ਦੇਣੀਆਂ ਹਨ ਕਿਉਂਕਿ ਉਹਨਾਂ ਨੂੰ ਇਸਦੀ ਲੋੜ ਨਹੀਂ ਆਖਿਰ ਕਿਸਾਨ ਆਪੇ ਘੱਟੇ ਰੇਟ ਤੇ ਵੇਚਣਗੇ ਇਸੇ ਕਰਕੇ ਵਪਾਰੀ ਐਮ ਐਸ ਪੀ ਦਾ ਕਾਨੂੰਨ ਨਹੀਂ ਬਣਨ ਦਿੰਦੇ। ਉੱਦਰ ਅਮਰੀਕਾ ਦੀ ਖੇਤੀ ਜੋ ਹੁਣ ਤਕਰੀਬਨ ਕਾਰਪੋਰੇਟ ਦੇ ਕੰਟਰੋਲ ਵਿੱਚ ਉਹ ਹੋਲੀ-ਹੋਲੀ ਸਾਡੀ ਪੈਦਾਵਾਰ ਨੂੰ ਖ਼ਤਮ ਕਰਕੇ ਆਪਣੀ ਮੰਡੀ ਪੱਕੀ ਕਰਨ ਦੀ ਫਰਾਕ ਵਿੱਚ ਹਨ। ਜਦੋਂ ਸਾਡੀ ਪੈਦਾਵਾਰ ਘੱਟ ਗਈ ਤਾਂ ਉਹਨਾਂ ਦੀ ਮਨੋਪਲੀ ਹੋਊਗੀ ਉਹ ਜੋ ਮਰਜ਼ੀ ਭਾਅ ਮੰਗ ਸਕਣਗੇ। ਇਸ ਵਿੱਚ ਕਾਰਪੋਰੇਟ ਦੀ ਦੂਜੀ ਚਾਲ ਵੀ ਹੈ ਕਿ ਇਸ ਤਰ੍ਹਾਂ ਕਿਸਾਨਾਂ ਨੂੰ ਕੰਮਜ਼ੋਰ ਕਰਕੇ ਜ਼ਮੀਨ ਛੱਡ ਕਿ ਭੱਜਣ ਲਈ ਮਜ਼ਬੂਰ ਕਰਨਾ ਤਾਂ ਜੋ ਖੇਤੀ ਪੈਦਾਵਾਰ ਤੇ ਕਾਰਪੋਰਟ ਭਾਰਤ ਵਿੱਚ ਵੀ ਕਾਬਜ ਹੋ ਸਕੇ।

ਦੂਜੀ ਵਿਸ਼ਵ ਜੰਗ ਤੋਂ ਬਾਅਦ ਦੇਸ਼ਾ ਦਾ ਆਪਸ ਵਿੱਚ ਵਪਾਰ 1948 ਵਿੱਚ ਗੇਟ (GATT, General Agreement on Trade & Tariffs) ਬਣਾ ਕਿ ਹੋਇਆ ਸੀ। ਇਸ ਵਿੱਚ ਕਾਫੀ ਕਮੀਆਂ ਸਨ ਜਿਸ ਤਰ੍ਹਾਂ ਪੱਕੇ ਮੈਂਬਰ ਨਾ ਹੋਣਾ ਫੇਰ ਜੇ ਆਪਸ ਵਿੱਚ ਵਿਵਾਦ ਹੋ ਜਾਦਾਂ ਹੈ ਤਾਂ ਕਿਸ ਦੀ ਜਿੰਮੇਵਾਰੀ ਹੋਊਗੀ। ਇਸ ਲਈ 1995 ਵਿੱਚ ਡੰਨਕਲ ਕਾਨਫਰੈਂਸ ਵਿੱਚ ਗੇਟ ਨੂੰ ਬਦਲ ਕਿ ਵਿਸ਼ਵ ਵਪਾਰ ਸੰਗਠਨ (WTO) ਬਣਾਇਆ ਗਿਆ। ਉਸ ਵੇਲੇ ਤਕਰੀਬਨ 123 ਦੇਸ਼ ਡਬਲਿਊ ਟੀ ਓ ਦੇ ਮੈਂਬਰ ਸਨ, ਜੋ ਹੁਣ ਵਧ ਕੇ 166 ਹੋ ਗਏ। ਇਸ ਵਿੱਚ 14 ਸਮਝੋਤੇ ਵਸਤੂਆਂ ਨਾਲ ਜੁੜੇ ਸੀ ਅਤੇ ਇੱਕ ਸਮਝੋਤਾ ਸਰਵਿਸ਼ਿਜ ਨਾਲ ਸੀ। 14 ਸਮਝੋਤੇ ਜੋ ਵਸਤੂਆਂ ਦੇ ਸਨ ਉਹਨਾਂ ਨੂੰ ਵਸਤੂ ਵਪਾਰ (Trade in Goods) ਦਾ ਨਾਮ ਦਿੱਤਾ ਸੀ ਇਸ ਵਿੱਚ ਖੇਤੀ ਅਤੇ ਸਹਾਇਕ ਧੰਦਿਆ ਨੂੰ ਵੀ ਜੋੜ ਲਿਆ ਗਿਆ ਸੀ। ਉਸ ਸਮੇਂ ਵਿਕਾਸਸ਼ੀਲ ਅਤੇ ਪਛੜੇ ਦੇਸ਼ਾ ਨੇ ਰੌਲਾ ਪਾਇਆ ਤਾਂ ਖੇਤੀ ਅਤੇ ਸਹਾਇਕ ਧੰਦਿਆਂ ਦੇ ਵਪਾਰ ਨੂੰ ਇੱਕ ਦਮ ਖੋਲਣ ਤੇ ਰੋਕ ਲਗਾ ਦਿੱਤੀ ਅਤੇ ਵਿਕਸਤ ਦੇਸ਼ਾਂ ਨੂੰ 6 ਸਾਲ ਅਤੇ ਵਿਕਾਸਸ਼ੀਲ ਨੂੰ 10 ਸਾਲ ਦਾ ਸਮਾਂ ਦਿੱਤਾ ਗਿਆ ਕਿ ਹੋਲੀ ਹੋਲੀ ਤੁਸੀਂ ਆਪਣੇ ਖੇਤੀ ਖੇਤਰਾਂ ਨੂੰ ਠੀਕ ਕਰ ਲਉ। ਪਿਛਲੇ ਸਮੇਂ ਵਿੱਚ ਐਮ ਐਸ ਪੀ ਅਤੇ ਸਰਕਾਰੀ ਖਰੀਦ ਨੂੰ ਲੈ ਕੇ ਭਾਰਤ ਤੇ ਦਬਾ ਦੇ ਪ੍ਰਤੀਕਰਣ ਬਣਦੇ ਰਹੇ ਹਨ ਖਾਸ ਕਰਕੇ ਅਮਰੀਕਾ ਵੱਲੋਂ ਪਰ ਜਦੋਂ ਤੋ ਚੀਨ ਅਤੇ ਪਾਕਿਸਤਾਨ ਵਿਚਕਾਰ ਸਮਝੋਤੇ ਹੋਏ ਤਾਂ ਅਮਰੀਕਾ ਦਾ ਰੁਖ਼ ਭਾਰਤ ਲਈ ਕੁੱਝ ਨਰਮ ਹੋਇਆ। ਕਈ ਦੇਸ਼ਾ ਨੇ ਰਲ ਕੇ ਖੇਤਰੀ ਬਲਾਕ ਵੀ ਬਣਾਏ ਯਾਨੀ ਕਹਿ ਲਓ ਕਿ ਜੋ ਨਾਲ ਨਾਲ ਲੱਗਦੇ ਦੇਸ਼ ਸਨ ਉਹਨਾਂ ਨੇ ਇਕੱਠੇ ਹੋ ਕਿ ਆਪਣੇ ਨਿਯਮ ਬਣਾ ਲਏ ਕਿ ਉਹ ਦੇਸ਼ ਬਾਕੀ ਦੇਸ਼ਾਂ ਨਾਲ ਵਪਾਰਕ ਮਾਮਲਿਆਂ ਵਿੱਚ ਕਿਸ ਤਰ੍ਹਾਂ ਨਜਿੱਠਣਗੇ। ਇਸ ਵਿੱਚ ਪ੍ਰਮੁੱਖ ਸੀ ਨਾਫਟਾ (NAFTA North America Free Trade Agreement) ਇਸ ਵਿੱਚ ਉੱਤਰੀ ਅਮਰੀਕਾ, ਕਨੇਡਾ ਅਤੇ ਦੱਖਣੀ ਅਮਰੀਕਾ ਦੇ ਦੇਸ਼ ਸ਼ਾਮਲ ਸਨ। ਇਸ ਤਰ੍ਹਾਂ ਯੂਰਪੀਅਨ ਯੂਨੀਆਨ, ਸਾਰਕ, ਅਤੇ ਹੁਣ ਬਹੁ ਚਰਚਿਤ ਬਰਿਕਸ (ਬਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ) ਹਨ ਹੁਣ ਚਾਰ ਨਵੇਂ ਦੇਸ਼ ਹੋਰ ਜੁੜੇ ਹਨ ਮਿਸਰ, ਇਥੋਪੀਆ, ਇਰਾਨ ਅਤੇ ਯੂ ਏ ਈ (Egypt, Ethiopia, Iran Aqy UAE)[ ਇਥੇ ਇੱਕ ਗੱਲ ਸਪਸ਼ਟ ਹੈ ਕਿ ਜਿਥੇ ਜਿਆਦਾ ਦੇਸ਼ ਇਕੱਠੇ ਹੋਣਗੇ ਉੱਥੇ ਵਿਕਾਸਸ਼ੀਲ ਦੇਸ਼ ਵਿਕਸਤ ਦੇਸ਼ਾ ਦੀਆਂ ਨੀਤੀਆਂ ਦਾ ਝੁਕਾਅ ਆਪਣੇ ਵੱਲ ਕਰ ਸਕਦੇ ਹਨ। ਜਦੋਂ ਭਾਰਤ ਦੀ ਨਿੰਮ, ਹਲਦੀ ਅਤੇ ਬਾਸਮਤੀ ਨੂੰ ਅਮਰੀਕਾ ਨੇ ਆਪਣਾ ਦੱਸ ਕੇ ਪੇਟੈਂਟ ਕਰਵਾ ਲਿਆ ਤਾਂ ਭਾਰਤ ਨੇ ਵਿਸ਼ਵ ਵਪਾਰ ਸੰਗਠਨ ਦੀ ਕਚਿਹਰੀ ਡਿਸਪਿਊਟ ਸੈਟਲਮੈਂਟ ਸੰਸਥਾ ਵਿੱਚ ਪਹੁੰਚਿਆ ਤਾਂ ਕੁੱਝ ਸਫਲਤਾ ਜ਼ਰੂਰ ਮਿਲੀ ਗੱਲ ਹੈ ਕਿ ਸ਼ਿਕਾਇਤ ਨਿਵਾਰਨ ਲਈ ਸਾਂਝੀ ਸੰਸਥਾ ਤਾਂ ਹੈ।

ਇਕ ਗੱਲ ਹੋਰ ਵੀ ਧਿਆਨ ਦੇਣ ਵਾਲੀ ਹੈ ਵਿਕਸਤ ਦੇਸ਼ ਵਿਕਾਸਸ਼ੀਲ ਦੇਸ਼ਾਂ ਤੋਂ ਆਉਣ ਵਾਲੇ ਸਮਾਨ ਤੇ ਵਾਤਾਵਰਨ ਟੈਕਸ ਲਗਾਉਣ ਦੀਆ ਯੋਜਨਾਂਵਾ ਵੀ ਬਣਾ ਰਹੇ ਹਨ। ਅੱਜ ਹਾਲਾਤ ਇਹ ਹਨ ਕਿ ਹਰ ਵਿਕਸਤ ਦੇਸ਼ ਆਪਣਾ ਪਾਣੀ ਬਚਾਉਣ ਲਈ ਉਦਯੋਗ ਵਿਕਾਸਸ਼ੀਲ ਦੇਸ਼ਾ ਵਿੱਚ ਭੇਜ ਰਹੇ ਹਨ ਅਤੇ ਖੇਤੀ ਲਈ ਪਾਣੀ ਵਧਾ ਕਿ ਉਸ ਦੀ ਨਿਰਭਰਤਾ ਦੂਜਿਆਂ ਤੇ ਘਟਾਈ ਜਾ ਰਹੀ ਹੈ ਉੱਧਰ ਵਿਕਾਸਸ਼ੀਲ ਦੇਸ਼ਾ ਵੱਲੋਂ ਬਣਾਈਆਂ ਵਸਤੂਆਂ ਤੇ ਡਿਊਟੀ ਘਟਾ ਕੇ ਵਾਤਾਵਰਨ ਟੈਕਸ ਲਗਾਉਣ ਦੀ ਫਰਾਕ ਵਿੱਚ ਹਨ।

**ਖੁੱਲ੍ਹਾ ਵਪਾਰ ਸਮਝੌਤਾ (ਫਰੀ ਟਰੇਡ ਐਗਰੀਮੈਂਟ):-** ਕਈ ਦੇਸ਼ ਆਪਸ ਵਿੱਚ ਖੁਲ੍ਹਾ ਵਪਾਰ ਸਮਝੋਤਾ ਕਰਕੇ ਵਿਸ਼ਵ ਵਪਾਰ ਦੀਆਂ ਹੱਦਾਂ ਬਦਲ ਰਹੇ ਹਨ। ਭਾਰਤ ਨੇ ਵੀ ਪਿਛਲੇ ਸਮੇਂ ਵਿੱਚ ਕਈ ਦੇਸ਼ਾਂ ਨਾਲ ਖੁੱਲ੍ਹੇ ਵਪਾਰ ਸਮਝੌਤੇ ਕੀਤੇ, ਜਿਵੇਂ ਕਿ ਨਿਊਜ਼ੀਲੈਂਡ, ਆਸਟਰੇਲੀਆ, ਮੋਰੀਸ਼ੀਅਸ। ਇਥੇ ਗੱਲ ਇਹ ਹੈ ਕਿ ਜੇ ਇਕ ਦੇਸ਼ ਯਾਨੀ ਭਾਰਤ ਦਾ ਕੁੱਝ ਵਸਤੂਆਂ ਲਈ ਆਸਟਰੇਲੀਆ ਨਾਲ ਫਰੀ ਟਰੇਡ ਹੈ ਤਾ ਹੋਰ ਕਿਸੇ ਦੇਸ਼ ਦਾ ਵੀ ਆਸਟਰੇਲੀਆ ਨਾਲ ਇਹੋ ਜਿਹਾ ਸਮਝੋਤਾ ਹੈ। ਉਸ ਦੇਸ਼ ਦਾ ਭਾਰਤ ਨਾਲ ਸਮਝੋਤਾ ਨਹੀਂ ਅਤੇ ਭਾਰਤ ਵਿੱਚ ਉਸ ਦੀਆਂ ਵਸਤੂਆਂ ਤੇ ਡਿਊਟੀ ਲੱਗਦੀ ਹੈ ਤਾਂ ਉਹ ਆਪਣੀਆਂ ਵਸਤੂਆਂ ਅਸਟਰੇਲੀਆ ਜ਼ਰੀਏ ਭਾਰਤ ਬਿਨਾ ਡਿਊਟੀ ਭੇਜ ਸਕਦਾ ਹੈ। ਭਾਰਤ ਅਤੇ ਯੂਰੋਪ ਦੀ ਦੁੱਵਲੇ ਵਪਾਰ ਦੀ ਗੱਲਬਾਤ 2007 ਵਿੱਚ ਸ਼ੁਰੂ ਹੋਈ ਸੀ ਪਰ ਸਹਿਮਤੀ ਨਾਂ ਬਣਨ ਕਰਕੇ 2022 ਤੱਕ ਸਥਾਗਿਤ ਰਹੀ। ਇਸ ਨੂੰ ਜੁਲਾਈ 2022 ਵਿੱਚ ਮੁੜ ਸ਼ੁਰੂ ਕੀਤਾ ਗਿਆ ਅਤੇ 2023 ਤੱਕ ਇਸ ਨੂੰ ਪੂਰਾ ਕਰਨ ਦਾ ਟੀਚਾ ਰੱਖਿਆ ਗਿਆ ਸੀ। ਜਦੋਂ ਤੋਂ ਅਮਰੀਕਾ ਨੇ ਰੈਸੀਪਰੋਕਲ ਟੈਕਸ ਦੀ ਗੱਲ ਛੇੜੀ ਹੈ ਭਾਰਤ ਈ ਯੂ ਨਾਲ ਸਮਝੌਤੇ ਦੀ ਕਾਹਲੀ ਵਿੱਚ ਹੈ। ਇਹ ਸਮਝੋਤਾ ਅਜੇ ਤੱਕ ਸਿਰੇ ਨਾਂ ਚੜ੍ਹ ਸਕਿਆ ਅਸਲ ਵਿੱਚ ਮੁੱਖ ਮੁੱਦਾ ਫਿਰ ਖੇਤੀ ਤੇ ਸਹਾਇਕ ਧੰਦੇ ਹੀ ਹਨ। ਯੋਰਪੀਆਨ ਯੂਨੀਅਨ ਖੇਤੀ ਨੂੰ ਖੁਲਵਾਉਣਾ ਚਾਹੁੰਦਾ ਹੈ। ਖਾਸ ਕਰਕੇ ਡੇਅਰੀ ਖੇਤਰ ਨੂੰ ਉੱਧਰ ਸਾਡੀਆਂ ਵਸਤੂਆਂ ਲਈ ਉਸਨੇ ਮਿਆਰ ਉੱਚੇ ਕਰ ਦਿੱਤੇ ਹਨ। ਗੱਲ ਇਹ ਹੈ ਕਿ ਜਰਮਨੀ ਦੇ ਅਰਥਵਿਵਸਥਾ ਮੰਤਰੀ ਰੋਬਰਟ ਹਾਬੇੜੇ (Robert Habede) ਨੇ ਕਿਹਾ ਕਿ ਭਾਰਤ ਤੇ ਜਰਮਨੀ ਦੀ ਤੁਲਨਾ ਬਰਾਬਰ ਨਹੀਂ ਕੀਤੀ ਜਾ ਸਕਦੀ ਕਿਉਂਕਿ ਜਰਮਨੀ ਦੀ ਸਿਰਫ 2% ਅਬਾਦੀ ਖੇਤੀ ਤੇ ਨਿਰਭਰ ਹੈ ਜਦਕਿ ਭਾਰਤ ਦੀ 60 ਫੀਸਦੀ। ਭਾਰਤ ਲਈ ਖੇਤੀ ਤੇ ਸਹਾਇਕ ਧੰਦੇ ਦਾ ਖੇਤਰ ਖੋਲ੍ਹਣਾ ਸੌਖਾ ਨਹੀਂ ਹੋਵੇਗਾ। 2023 ਵਿੱਚ ਯੂਰਪੀਅਨ ਯੂਨੀਅਨ ਭਾਰਤ ਦਾ ਤਕਰੀਬਨ ਸਭ ਤੋਂ ਵੱਡਾ ਵਪਾਰਕ ਹਿੱਸੇਦਾਰ ਸੀ ਦੋਨਾਂ ਦੇਸ਼ਾਂ ਦਰਮਿਅਨ 124 ਬਿਲੀਅਨ ਯੂਰੋ ਦਾ ਵਪਾਰ ਹੋਇਆ ਸੀ। ਈ ਯੂ ਦੀ ਅੱਖ ਆਪਣਾ ਦੁੱਧ ਅਤੇ ਸੰਮੁਦਰੀ ਖਾਣੇ ਦੇ ਕਾਰੋਬਾਰ ਨੂੰ ਵਿਕਸਤ ਕਰਨ ਲਈ ਨਵੀਂ ਮੰਡੀ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ। ਇਸ ਨਾਲ ਸਿੱਧਾ ਸਾਡੇ ਡੇਅਰੀ ਅਤੇ ਸੀਅ ਫੂਡ (Sea food) ਦੇ ਵਪਾਰ ਤੇ ਫਰਕ ਪੈਣਾ ਹੈ। ਦੋਨੋਂ ਹੀ ਸਾਡੀ ਖੇਤੀ ਤੇ ਕਿਸਾਨਾਂ ਨੂੰ ਸਹਾਰਾ ਲਾਉਂਦੇ ਹਨ। ਇਹਨਾਂ ਤੋਂ ਬਿਨਾਂ ਸਾਡੀ 60% ਅਬਾਦੀ ਦਾ ਜਿਉਣਾ ਮੁਹਾਲ ਹੋ ਜਾਵੇਗਾ। ਉੱਧਰ ਐਨੀ ਵੱਡੀ ਆਬਾਦੀ ਨੂੰ ਸਾਂਭਣ ਲਈ ਸਾਡੇ ਉਦਯੋਗ ਵਿੱਚ ਵੀ ਨੋਕਰੀਆਂ ਨਹੀਂ ਹਨ।

ਕੁੱਲ ਮਿਲਾਕਿ ਜਿਸ ਤਰ੍ਹਾਂ ਅਮਰੀਕਾ ਨੇ ਇਕ ਦਮ ਆਮਦ ਵਾਲੀਆ ਵਸਤੂਆਂ ਤੇ ਟੈਕਸ ਵਧਾ ਕਿ ਸਾਰੀ ਦੁਨੀਆ ਨੂੰ ਸ਼ਸ਼ੋਪੰਜ ਵਿੱਚ ਪਾ ਦਿੱਤਾ ਹੈ। ਇਸ ਵਕਤ ਬਹੁਤ ਸੋਚ ਸਮਝ ਕੇ ਬਿਨਾਂ ਕਿਸੇ ਦਬਾਅ ਦੇ ਦੇਸ਼ ਦੇ ਹਿੱਤ ਅੱਗੇ ਰੱਖਕੇ ਫੈਸਲੇ ਲੈਣ ਦੀ ਲੋੜ ਹੈ ਤਾਂ ਕਿ ਦੇਸ਼ ਦੀ ਆਰਥਿਕਤਾ ਨੂੰ ਸੱਟ ਨਾ ਵੱਜੇ। ਖਾਸ ਕਰਕੇ ਹੁਣ ਜੋ ਹਾਲਾਤ ਸਾਡੇ ਪਾਕਿਸਤਾਨ ਨਾਲ ਬਣੇ ਹਨ ਉਹਨ੍ਹਾਂ ਦੇ ਮੱਦੇ ਨਜ਼ਰ ਦਬਾਸ਼ ਵੱਧ ਸਕਦਾ ਹੈ।

# ਆਰਟੀਫ਼ੀਸ਼ੀਅਲ ਇੰਟੈਲੀਜੈਂਸ ਚਾਰੇ ਪਾਸੇ ਹੋ ਰਹੀ ਹੈ ਮਸਨੂਈ ਬੁੱਧੀ ਦੀ ਚਰਚਾ

ਪ੍ਰੋ: ਕੁਲਬੀਰ ਸਿੰਘ
9417153513



ਮਸਨੂਈ ਬੁੱਧੀ ਦਾ ਅਰਥ ਮਸ਼ੀਨਾਂ ਅੰਦਰ ਮਨੁੱਖ ਵਰਗੀ ਬੁੱਧੀ, ਸਮਝ ਜਾਂ ਬੋਧਿਕਤਾ ਦਾ ਵਿਕਾਸ ਕਰਨਾ ਹੈ। ਅਰਥਾਤ ਕੰਪਿਊਟਰ ਵਰਗੀਆਂ ਮਸ਼ੀਨਾਂ ਨੂੰ ਇਸ ਯੋਗ ਬਨਾਉਣਾ ਕਿ ਉਹ ਸਿੱਖ ਸਕਣ, ਸਮਝ ਸਕਣ, ਵਿਵੇਕ ਦੀ ਵਰਤੋਂ ਕਰ ਸਕਣ, ਸਮੱਸਿਆਵਾਂ ਨੂੰ ਸੁਲਝਾ ਸਕਣ, ਸਹਾਇਤਾ ਕਰ ਸਕਣ ਅਤੇ ਮਨੁੱਖਾਂ ਵਾਂਗ ਕੰਮ ਕਰ ਸਕਣ।

ਏ ਆਈ (ਆਰਟੀਫ਼ਸ਼ੀਅਲ ਇੰਟੈਲੀਜੈਂਸ) ਨੂੰ ਪੰਜਾਬੀ ਵਿਚ 'ਮਸਨੂਈ ਬੁੱਧੀ' ਨਾਂ ਦਿੱਤਾ ਗਿਆ ਹੈ। ਇਸਦਾ ਅਰਥ ਹੈ ਮਨੁੱਖ ਦੁਆਰਾ ਬਣਾਈ ਗਈ, ਸਿਰਜੀ ਗਈ, ਵਿਕਸਤ ਕੀਤੀ ਗਈ ਮਸ਼ੀਨੀ ਬੁੱਧੀ।

ਇਸਦੀ ਸਿਰਜਣਾ ਵੇਲੇ ਇਸ ਵਿਚ ਅਨੇਕਾਂ ਖੂਬੀਆਂ ਵਿਕਸਤ ਕੀਤੀਆਂ ਗਈਆਂ ਹਨ। ਇਹ ਡੇਟਾ ਤੋਂ ਸਿੱਖ ਸਕਦੇ ਹਨ ਅਤੇ ਆਪਣੇ ਪ੍ਰਦਰਸ਼ਨ, ਆਪਣੀ ਕਾਰਗੁਜ਼ਾਰੀ ਨੂੰ ਬਿਹਤਰ ਬਣਾ ਸਕਦੇ ਹਨ। ਇਹ ਸਮੱਸਿਆਵਾਂ ਨੂੰ ਸਮਝ ਸਕਦੇ ਹਨ, ਉਨ੍ਹਾਂ ਦਾ ਵਿਸ਼ਲੇਸ਼ਣ ਕਰ ਸਕਦੇ ਹਨ, ਪ੍ਰਤੀਕਰਮ ਦੇ ਸਕਦੇ ਹਨ ਅਤੇ ਉਨ੍ਹਾਂ ਦਾ ਹੱਲ ਕਰ ਸਕਦੇ ਹਨ। ਇਹ ਮਨੁੱਖ ਦੀ ਬੋਲੀ ਨੂੰ, ਭਾਸ਼ਾ ਨੂੰ ਸਮਝ ਕੇ ਉਸਦਾ ਜਵਾਬ ਦੇ ਸਕਦੇ ਹਨ। ਸਰੀਰਕ ਹਾਵ ਭਾਵ ਪ੍ਰਗਟਾ ਸਕਦੇ ਹਨ। ਮਸਨੂਈ ਬੁੱਧੀ ਵਿਚ ਇਹ ਸਮਰੱਥਾ ਹੁੰਦੀ ਹੈ ਕਿ ਇਹ ਆਮ, ਖ਼ਾਸ ਅਤੇ ਛੋਟੀਆਂ ਵੱਡੀਆਂ ਸਮੱਸਿਆਵਾਂ ਨੂੰ ਸਮਝ ਕੇ ਉਨ੍ਹਾਂ ਦਾ ਹੱਲ ਕਰ ਸਕੇ।

ਇਹ ਡੇਟਾ ਅਤੇ ਜਾਣਕਾਰੀ ਦੇ ਆਧਾਰ 'ਤੇ ਫ਼ੈਸਲਾ ਲੈਣ ਦੇ ਵੀ ਸਮਰੱਥ ਹੁੰਦੀ ਹੈ। ਇਸਦੇ ਫ਼ਾਇਦਿਆਂ ਅਤੇ ਵਰਤੋਂ ਦੀ ਲੰਮੀ ਸੂਚੀ ਹੈ। ਇਹ ਬਿਨ੍ਹਾਂ ਡਰਾਈਵਰ ਤੋਂ ਕਾਰ ਚਲਾ ਸਕਦੀ ਹੈ। ਇਹ ਡਾਕਟਰ ਦੀ ਥਾਂ ਮਰੀਜ਼ਾਂ ਦਾ ਇਲਾਜ ਕਰ ਸਕਦੀ ਹੈ। ਆਰਥਿਕਤਾ ਦੇ ਖੇਤਰ ਵਿਚ ਵਿਵੇਕ ਦੇ ਆਧਾਰ 'ਤੇ ਇਹ ਧੋਖਾਧੜੀ ਤੋਂ ਬਚਾ ਸਕਦੀ ਹੈ। ਸਹੀ ਜਗ੍ਹਾ ਨਿਵੇਸ਼ ਕਰਨ ਵਿਚ ਸਹਾਇਤਾ ਕਰ ਸਕਦੀ ਹੈ। ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕੀਤੀ ਜਾ ਸਕਦੀ ਹੈ। ਤਸਵੀਰਾਂ ਬਣਾਈਆਂ ਜਾ ਸਕਦੀਆਂ ਹਨ। ਮਨੋਰੰਜਨ ਸਮੱਗਰੀ ਤਿਆਰ ਕੀਤੀ ਜਾ ਸਕਦੀ ਹੈ।

ਏ ਆਈ ਇਕ ਪਰਿਵਰਤਨਕਾਰੀ ਤਕਨੀਕ ਹੈ ਜਿਹੜੀ ਮਸ਼ੀਨਾਂ ਨੂੰ ਮਨੁੱਖ ਵਾਂਗ ਸਮੱਸਿਆਵਾਂ ਦੇ ਹੱਲ ਕਰਨ ਦੇ ਸਮਰੱਥ ਬਣਾਉਂਦੀ ਹੈ। ਤਸਵੀਰਾਂ ਨੂੰ ਪਛਾਨਣ ਅਤੇ ਸਿਰਜਣਾਤਮਕ ਸਮੱਗਰੀ ਤਿਆਰ ਕਰਨ ਦੇ ਨਾਲ ਨਾਲ ਡੇਟਾ ਅਧਾਰਿਤ ਭਵਿੱਖਬਾਣਾਂ ਕਰਨ ਅਤੇ ਵਿਸ਼ਾਲ ਪੱਧਰ 'ਤੇ ਬਿਹਤਰ ਫ਼ੈਸਲੇ ਲੈਣ ਦੇ ਕਾਬਲ ਬਣਾਉਂਦੀ ਹੈ।

ਇਸਨੂੰ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੀ ਸੰਕੀਰਨ ਅਰਥਾਤ ਕਮਜ਼ੋਰ ਏ ਆਈ। ਇਸਨੂੰ ਕੇਵਲ ਇਕ ਜਾਂ ਕੁਝ ਇਕ ਕੰਮ ਕਰਨ ਲਈ ਹੀ ਡਿਜ਼ਾਈਨ ਕੀਤਾ ਜਾਂਦਾ ਹੈ। ਉਸ ਕੰਮ ਤੋਂ ਇਲਾਵਾ ਇਹ ਕੋਈ ਹੋਰ ਕੰਮ ਨਹੀਂ ਕਰ ਸਕਦੀ। ਦੂਸਰੀ ਕਿਸਮ ਜਨਰਲ ਏ ਆਈ। ਇਸ ਵਿਚ ਮਨੁੱਖੀ ਬੁੱਧੀ ਵਾਂਗ ਪ੍ਰਦਰਸ਼ਨ ਕਰਨ ਦੀ ਸਮਰੱਥਾ ਹੁੰਦੀ ਹੈ। ਇਹ ਉਹ ਬੌਧਿਕ ਕੰਮ ਕਰ ਸਕਦੀ ਹੈ ਜਿਹੜਾ ਮਨੁੱਖ ਕਰ ਸਕਦਾ ਹੈ। ਇਸਨੂੰ ਮਜਬੂਤ ਏ ਆਈ ਵੀ ਕਿਹਾ ਜਾਂਦਾ ਹੈ। ਤੀਸਰੀ ਕਿਸਮ ਸੁਪਰ ਏ ਆਈ ਹੈ। ਇਹ ਮਨੁੱਖੀ ਬੁੱਧੀ ਤੋਂ ਵੀ ਸਿਹਤਰ ਹੈ ਅਤੇ ਕਿਸੇ ਵੀ ਬੌਧਿਕ ਕਾਰਜ ਨੂੰ ਕਰਨ ਦੇ ਕਾਬਲ ਹੈ ਜਿਨ੍ਹਾਂ ਵਿਚ ਸਮੱਸਿਆ ਦਾ ਹੱਲ, ਫੈਸਲੇ ਲੈਣਾ ਅਤੇ ਸਿਰਜਣਾਤਮਿਕਤਾ ਸ਼ਾਮਲ ਹਨ।

ਬੇਸ਼ੱਕ ਏ ਆਈ ਦਾ ਬੋਲ ਬਾਲਾ ਬੜੀ ਦੇਰ ਬਾਅਦ ਆਰੰਭ ਹੋਇਆ ਪਰ ਇਸਦੀ ਸ਼ੁਰੂਆਤ 1950 ਦੇ ਦਹਾਕੇ ਵਿਚ ਹੀ ਹੋ ਗਈ ਸੀ। ਜਦੋਂ ਵਿਗਿਆਨੀਆਂ ਨੇ ਇਹ ਸੋਚਣਾ ਸ਼ੁਰੂ ਕੀਤਾ ਕਿ ਕੀ ਮਸ਼ੀਨਾਂ ਮਨੁੱਖ ਵਾਂਗ ਸੋਚ ਸਕਦੀਆਂ ਹਨ, ਮਨੁੱਖ ਵਾਂਗ ਕੰਮ ਕਰ ਸਕਦੀਆਂ ਹਨ? ਏ ਆਈ ਸ਼ਬਦ ਦਾ ਪ੍ਰਯੋਗ ਪਹਿਲੀ ਵਾਰ 1956 ਵਿਚ ਕੀਤਾ ਗਿਆ।

1980 ਦੇ ਦਹਾਕੇ ਵਿਚ ਏ ਆਈ ਨੇ ਵਿੱਤ ਸੇਵਾ ਉਦਯੋਗ ਵਿਚ ਆਪਣੀ ਮੌਜੂਦਗੀ ਦਰਜ ਕਰਵਾਈ। ਜਦ 1990 ਦੇ ਦਹਾਕੇ ਦੇ ਅਖ਼ੀਰ ਵਿਚ ਇੰਟਰਨੈਟ ਤਹਿਤ ਡੇਟਾ ਦਾ ਵਿਸਫੋਟ ਹੋਇਆ ਤਾਂ ਇਸਨੇ ਏ ਆਈ ਕਾਰਜ-ਪ੍ਰਣਾਲੀ ਨੂੰ ਵੱਡਾ ਹੁਲਾਰਾ ਦਿੱਤਾ। ਸਾਲ 2000 ਦੇ ਦਹਾਕੇ ਦੌਰਾਨ ਡੀਪ ਲਰਨਿੰਗ ਜਿਹਾ ਗੁੰਝਲਦਾਰ ਏ ਆਈ ਮਾਡਲ ਹੋਂਦ ਵਿਚ ਆਇਆ।

2000 ਤੋਂ ਬਾਅਦ ਵੱਖ ਵੱਖ ਮੁਲਕਾਂ ਨੇ ਇਸ ਖੇਤਰ ਵਿਚ ਤੇਜ਼ੀ ਨਾਲ ਕੰਮ ਕੀਤਾ ਅਤੇ ਆਪਸ ਵਿਚ ਇਕ ਮੁਕਾਬਲਾ ਆਰੰਭ ਹੋ ਗਿਆ। ਅੰਤਰਰਾਸ਼ਟਰੀ ਕਾਨਫਰੰਸਾਂ ਵਿਚ ਚੀਨ? ਜਪਾਨ, ਅਮਰੀਕਾ, ਇੰਗਲੈਂਡ, ਕੈਨੇਡਾ, ਜਰਮਨੀ, ਫ਼ਰਾਂਸ, ਸਵੀਡਨ, ਇਜ਼ਰਾਈਲ, ਆਸਟਰੇਲੀਆ, ਸਾਊਥ ਕੋਰੀਆ ਜਿਹੇ ਮੁਲਕ ਏ ਆਈ ਖੇਤਰ ਵਿਚ ਆਪਣੀਆਂ ਲੱਭਤਾਂ ਤੇ ਪ੍ਰਾਪਤੀਆਂ ਦਾ ਪ੍ਰਦਰਸ਼ਨ ਕਰਕੇ ਦੁਨੀਆਂ ਦਾ ਧਿਆਨ ਖਿੱਚਣ ਲੱਗੇ।

ਜਦ ਚੀਨ ਨੇ ਨਕਲੀ ਨਿਊਜ਼ ਰੀਡਰ ਟੈਲੀਵਿਜ਼ਨ ਸਕਰੀਨ 'ਤੇ ਖ਼ਬਰਾਂ ਪੜ੍ਹਨ ਲਈ ਪੇਸ਼ ਕਰ ਦਿੱਤੇ ਜਿਹੜੇ ਨਾ ਅੱਕਦੇ ਸਨ ਨਾ ਥੱਕਦੇ ਸਨ ਅਤੇ ਬਿਲਕੁਲ ਅਸਲੀ ਦਾ ਭੁਲੇਖਾ ਪਾਉਂਦੇ ਸਨ ਤਾਂ ਦੁਨੀਆਂ ਹੱਕੀ ਬੱਕੀ ਰਹਿ ਗਈ। ਇਸ ਖੇਤਰ ਵਿਚ ਜਿਵੇਂ ਭੂਚਾਲ ਆ ਗਿਆ। ਤਦ ਤੋਂ ਮਸਨੂਈ ਬੁੱਧੀ (ਏ ਆਈ) ਸੰਸਾਰ ਪੱਧਰ 'ਤੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸਦੇ ਨਫ਼ੇ ਨੁਕਸਾਨ ਵਿਚਾਰੇ ਜਾ ਰਹੇ ਹਨ। ਆਪੋ ਆਪਣੀ ਭਾਸ਼ਾ ਵਿਚ ਇਸਦੇ ਪ੍ਰਯੋਗ 'ਤੇ ਸੱਭ ਦਾ ਧਿਆਨ ਲੱਗਾ ਹੋਇਆ ਹੈ। ਪੰਜਾਬੀ ਭਾਸ਼ਾ ਵਿਚ ਇਸਦੀ ਵਰਤੋਂ 'ਤੇ ਵੀ ਲਗਾਤਾਰ ਵਿਚਾਰ-ਵਿਟਾਂਦਰਾ ਜਾਰੀ ਹੈ। ਏ ਆਈ ਨਾਲ ਅੱਖਰਾਂ ਨੂੰ, ਤਸਵੀਰਾਂ ਨੂੰ, ਡਿਜ਼ਾਇਨਾਂ ਨੂੰ ਨਵੀਂ ਨਵੀਂ ਦਿੱਖ, ਨਵੇਂ ਨਵੇਂ ਆਕਾਰ, ਨਵੀਂ ਨਵੀਂ ਗਹਿਰਾਈ ਦਿੱਤੀ ਜਾ ਰਹੀ ਹੈ।

ਇਸਦੀ ਕਿਸਮ ਅਤੇ ਵੰਨਗੀ ਤੁਹਾਡੀਆਂ ਲੋੜਾਂ ਅਤੇ ਵਰਤੋਂ 'ਤੇ ਨਿਰਭਰ ਕਰਦੀ ਹੈ। ਵੱਖ ਵੱਖ ਮਾਡਲ ਵੱਖ ਵੱਖ ਕਾਰਜਾਂ ਲਈ ਢੁੱਕਵੇਂ ਹੁੰਦੇ ਹਨ। ਜਿਵੇਂ ਚਰਚਿਤ ਅਤੇ ਸ਼ਕਤੀਸ਼ਾਲੀ ਮਾਡਲਾਂ ਵਿਚ Chat GPT, Geimin, Grok, Coiplot Aqy Prepleixty ਆਦਿ ਆਉਂਦੇ ਹਨ।

Chat GPT ਸ਼ਕਤੀਸ਼ਾਲੀ ਭਾਸ਼ਾ ਮਾਡਲ ਹੈ। ਇਹ ਵਿਸ਼ਾ-ਸਮੱਗਰੀ ਤਿਆਰ ਕਰਨ, ਪ੍ਰਸ਼ਨਾਂ ਦੇ ਉਤਰ ਦੇਣ ਅਤੇ ਜੁਦਾ ਜੁਦਾ ਸਿਰਜਣਾਤਮਕ ਕਾਰਜਾਂ ਵਿਚ ਸਹਾਇਤਾ ਕਰ ਸਕਦਾ ਹੈ। ਗੂਗਲ ਦੁਆਰਾ ਵਿਕਸਤ ਕੀਤਾ ਗਿਆ ਏ ਆਈ ਮਾਡਲ ਘਇਮਿਨਿ ਬਹੁਪੱਖੀ ਹੈ। ਇਹ ਸਮੱਗਰੀ, ਤਸਵੀਰ ਅਤੇ ਆਡੀਓ ਸਮੇਤ ਵੱਖ ਵੱਖ ਭਾਂਤ ਦੇ ਡੇਟਾ ਨੂੰ ਸਮਝ ਸਕਦਾ ਹੈ।

ਮਾਈਕਰੋਸਾਫ਼ਟ ਦੁਆਰਾ ਵਿਕਸਤ Coiplotey ਆਈ ਦਾ ਅਜਿਹਾ ਮਾਡਲ ਹੈ ਜਿਹੜਾ ਕੋਡਿੰਗ ਅਤੇ ਲੇਖਨ ਸਮੇਤ ਕਈ ਹੋਰ ਕਾਰਜਾਂ ਵਿਚ ਸਹਾਇਕ ਹੋ ਸਕਦਾ ਹੈ।

ਐਕਸ ਏ ਆਈ ਦੁਆਰਾ ਬਣਾਇਆ ਘਰੋਕ ਇਕ ਅਜਿਹਾ ਮਾਡਲ ਹੈ ਜਿਹੜਾ ਵਿਵੇਕ, ਵਿਸ਼ਾ-ਸਮੱਗਰੀ ਨਿਰਮਾਣ ਅਤੇ ਪ੍ਰਸੰਗਿਕ ਸੂਝ-ਸਮਝ 'ਤੇ ਕੇਂਦਰਿਤ ਹੈ।

Perpleixty ਇਕ ਖੋਜ ਅਧਾਰਿਤ ਮਾਡਲ ਹੈ। ਇਹ ਗੂਗਲ, ਬਿੰਗ ਆਦਿ ਸਰੋਤਾਂ ਤੋਂ ਜਾਣਕਾਰੀ ਹਾਸਲ ਕਰਕੇ, ਉਸਨੂੰ ਇਕੱਠਾ ਕਰਕੇ ਪੇਸ਼ ਕਰਨ ਦੇ ਸਮਰੱਥ ਹੈ।

ਇਸੇ ਤਰ੍ਹਾਂ Syntheisa, Deep Seek, Contant Shake,Wisper Flow, Winston, Cleo ਕੁਝ ਹੋਰ ਏ ਆਈ ਮਾਡਲ ਹਨ ਜਿਹੜੇ ਵੱਖ ਵੱਖ ਵਿਸ਼ੇਸ਼ਤਾਵਾਂ ਨਾਲ ਲੈਸ ਹਨ। ਜਿਵੇਂ ਪਹਿਲਾ ਵੀਡੀਓ ਨਿਰਮਾਣ ਲਈ, ਦੂਸਰਾ ਬਹੁਭਾਸ਼ੀ ਅਤੇ ਸਸਤਾ, ਚੌਥਾ ਆਵਾਜ਼ ਡਿਕਟੇਸ਼ਨ ਟੂਲ, ਪੰਜਵਾਂ ਜਨਰੇਟਡ ਸਮੱਗਰੀ ਦਾ ਪਤਾ ਲਗਾਉਣ ਲਈ ਅਤੇ ਛੇਵਾਂ ਵਿੱਤੀ ਪ੍ਰਬੰਧ ਅਤੇ ਬੱਜਟ ਲਈ ਸਹਾਇਤ ਹੈ।

ਸਮਝਣ ਵਾਲੀ ਗੱਲ ਇਹ ਹੈ ਕਿ ਏ ਆਈ ਜਗਤ ਵਿਚ ਨਿੱਤ ਖੋਜ-ਕਾਰਜ ਹੋ ਰਹੇ ਹਨ। ਨਵੇਂ ਨਵੇਂ ਮਾਡਲ ਆ ਰਹੇ ਹਨ ਪਰੰਤੂ ਸੱਭ ਤੋਂ ਬਿਹਤਰ, ਸੱਭ ਤੋਂ ਚੰਗਾ, ਸੱਭ ਤੋਂ ਕਾਰਗਰ ਏ ਆਈ ਉਹ ਹੈ ਜਿਹੜਾ ਤੁਹਾਡੀਆਂ ਲੋੜਾਂ ਅਨੁਸਾਰ ਹੋਵੇ।

ਏ ਆਈ ਦੇ ਵੱਖ ਵੱਖ ਲਾਭਦਾਇਕ ਨੁਕਸਾਨਦਾਇਕ ਪਹਿਲੂ ਹਨ। ਇਸ ਨਾਲ ਕੰਮ ਸਪੀਡ ਨਾਲ ਹੁੰਦਾ ਹੈ। ਕੰਮ ਵਿਚ ਸਟੀਕਤਾ ਆਉਂਦੀ ਹੈ। ਇਹ ਲਗਾਤਾਰ ਬਿਨ੍ਹਾਂ ਰੁਕੇ, ਬਿਨ੍ਹਾਂ ਅੱਕੇ ਥੱਕੇ ਕੰਮ ਕਰ ਸਕਦਾ ਹੈ ਪਰ ਇਸ ਨਾਲ ਰੋਜ਼ਗਾਰ ਵਿਚ ਕਮੀ ਆਏਗੀ। ਤਕਨੀਕ ਅਤੇ ਮਸ਼ੀਨ 'ਤੇ ਨਿਰਭਰਤਾ ਵਧੇਗੀ। ਨੈਤਿਕ ਸਮੱਸਿਆਵਾਂ ਆਉਣਗੀਆਂ।

ਏ ਆਈ ਦਾ ਮੁਖ ਉਦੇਸ਼ ਕੰਪਿਊਟਰ ਨੂੰ ਵੱਧ ਤੋਂ ਵੱਧ ਬੌਧਿ ਕਾਰਜ ਕਰਨ ਦੇ ਸਮਰੱਥ ਬਨਾਉਣਾ ਹੈ। ਇਸਨੂੰ ਸਭ ਤੋਂ ਪਹਿਲਾਂ ਅਮਰੀਕਾ ਦੀ ਕੰਪਨੀ OPEN AI ਨੇ ਬਣਾਇਆ। ਇਸ ਕੰਪਨੀ ਦੇ ਮਾਲਕ ਸਾਮ ਐਲਟਮਨ ਹਨ।

ਸਟੈਨਫੋਰਡ ਯੂਨੀਵਰਸਿਟੀ ਦੇ ਕੰਪਿਊਟਰ ਵਿਗਿਆਨੀ ਜਾਨ ਮੈਕਾਰਥੀ ਨੂੰ ਅਮਰੀਕਾ ਵਿਚ ਏ ਆਈ ਦਾ ਪਿਤਾਮਾ ਮੰਨਿਆ ਜਾਂਦਾ ਹੈ।

ਏ ਆਈ ਐਪ ਇਕ ਅਜਿਹੀ ਐਪਲੀਕੇਸ਼ਨ ਹੈ ਜੋ ਮਸਨੂਈ ਬੁੱਧੀ ਦਾ ਉਪਯੋਗ ਕਰਕੇ ਵੱਖ ਵੱਖ ਕਾਰਜਾਂ ਨੂੰ ਕਰਨ ਦੇ ਸਮਰੱਥ ਹੁੰਦੀ ਹੈ। ਇਹ ਐਪ ਮਨੁੱਖੀ ਬੁੱਧੀ ਦੀ ਨਕਲ ਕਰਨ ਲਈ ਡਿਜ਼ਾਈਨ ਕੀਤੇ ਗਏ ਹਨ। ਇਨ੍ਹਾਂ ਦੀ ਵਰਤੋਂ ਲਗਾਤਾਰ ਵਧ ਰਹੀ ਹੈ ਜਿਸ ਨਾਲ ਤਰ੍ਹਾਂ ਤਰ੍ਹਾਂ ਦੀਆਂ ਸਹੂਲਤਾਂ ਮਿਲਣ ਦੇ ਨਾਲ ਮਨੁੱਖੀ ਜੀਵਨ ਪ੍ਰਭਾਵਤ ਹੋ ਰਿਹਾ ਹੈ।

ਮੋਬਾਈਲ ਫੋਨ ਵਿਚ ਇਨ੍ਹਾਂ ਦੀ ਮੌਜੂਦਗੀ ਦਾ ਅਰਥ ਹੈ ਕਿ ਇਹ ਏ ਆਈ ਤਕਨੀਕ ਦੀ ਵਰਤੋਂ ਕਰਕੇ ਫੋਨ ਦਾ ਪ੍ਰਯੋਗ ਕਰਨ ਵਾਲੇ ਦੇ ਅਨੁਭਵ ਨੂੰ ਬਿਹਤਰ ਬਣਾਉਂਦੇ ਹਨ। ਫੋਨ ਨੂੰ ਸਿੱਖਣ, ਏ ਆਈ ਤਕਨੀਕ ਨੂੰ ਵਰਤਣ ਦੇ ਸਮਰੱਥ ਬਣਾਉਂਦੇ ਹਨ।

ਏ ਆਈ ਤਕਨੀਕ ਨਾਲ ਫੋਨ ਕੈਮਰੇ ਦੀ ਬਿਹਤਰ ਵਰਤੋਂ ਕਰ ਸਕਦਾ ਹੈ। ਤਸਵੀਰ ਦੀ ਗੁਣਵਤਾ ਵਧਾ ਸਕਦਾ ਹੈ। ਸਿਰੀ, ਗੂਗਲ ਅਤੇ ਅਲੈਕਸਾ ਜਿਹੇ ਆਵਾਜ਼ ਅਸਿਸਟੈਂਟ ਦੀ ਵਰਤੋਂ ਕਰਕੇ ਸਹਾਇਕ ਹੋ ਸਕਦਾ ਹੈ।

ਤੁਰੰਤ ਭਾਸ਼ਾ ਅਨੁਵਾਦ ਦੀ ਸਹੂਲਤ ਮੁਹੱਈਆ ਕਰਦਾ ਹੈ। ਤੁਹਾਡੀਆਂ ਲੋੜਾਂ ਅਨੁਸਾਰ, ਵਰਤੋਂ ਅਨੁਸਾਰ ਪ੍ਰਸੰਗਿਕ ਸਮੱਗਰੀ, ਐਪ ਅਤੇ ਹੋਰ ਸਿਫਾਰਸ਼ਾਂ ਕਰਦਾ ਹੈ। ਸਰੱਖਿਆ ਲਈ ਬਿਹਤਰ ਡਿਵਾਈਸ ਦਾ ਸੁਝਾ ਦਿੰਦਾ ਹੈ। ਤੁਹਾਡੀ ਇਨਪੁਟ ਦੇ ਆਧਾਰ 'ਤੇ ਸਮਾਰਟ ਪ੍ਰਤੀਕਿਰਿਆਵਾਂ ਪ੍ਰਦਾਨ ਕਰ ਸਕਦਾ ਹੈ। ਦੂਸਰੇ ਪਾਸੇ ਰੋਜ਼ਗਾਰ, ਨਿੱਜਤਾ, ਦੁਰਵਰਤੋਂ, ਸਮਾਜਕ ਅਸਮਾਨਤਾ ਅਤੇ ਨੈਤਿਕਤਾ ਜਿਹੀਆਂ ਚਿੰਤਾਵਾਂ ਵੀ ਏ ਆਈ ਦੀ ਵੱਧਦੀ ਵਰਤੋਂ ਨਾਲ ਜੁੜੀਆਂ ਹੋਈਆਂ ਹਨ।

ਇਸ ਸਮੇਂ ਸੰਸਾਰ ਵਿਚ 78 ਤੋਂ ਵਧੇਰੇ ਕੰਪਨੀਆਂ ਏ ਆਈ 'ਤੇ ਕੰਮ ਕਰ ਰਹੀਆਂ ਹਨ ਤਾਂ ਜੋ ਵੱਖ ਵੱਖ ਉਦਯੋਗਾਂ ਦੀ ਕਾਰਜ-ਪ੍ਰਣਾਲੀ ਵਿਚ ਤਬਦੀਲੀਆਂ ਨੂੰ ਸੰਭਵ ਬਣਾਇਆ ਜਾ ਸਕੇ। ਇਨ੍ਹਾਂ ਵਿਚੋਂ ਗੂਗਲ, ਅਮੇਜਨ, ਐਪਲ, ਮਾਈਕਰੋਸਾਫ਼ਟ ਜਿਹੀਆਂ ਕੰਪਨੀਆਂ ਪ੍ਰਮੁੱਖ ਹਨ। ਵੱਖ ਵੱਖ ਮੁਲਕਾਂ ਦੀਆਂ ਇਹ ਕੰਪਨੀਆਂ ਅਤੇ ਵੱਖ ਵੱਖ ਮੁਲਕ ਇਕ ਦੂਸਰੇ ਤੋਂ ਅੱਗੇ ਲੰਘਣ ਲਈ ਯਤਨਸ਼ੀਲ ਹਨ।

------ 0 ------